7-May-Sunday.qxd 5/6/2023 10:00 PM Page 1



ਜਸਲੀਨ ਕੌਰ ਦੀਆਂ ਨਵੀਆਂ ਕਾਵਿ ਵੰਨਗੀਆਂ ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਅੱਵਲਿ ਅੱਲ੍ਹਾ ਨੂਰੁ ਉਪਾਇਆ
ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗੁ ਉਪਜਿਆ
ਕਉਨ ਭਲੇ ਕੋ ਮੰਦੇ।
- ਸੰਤ ਕਬੀਰ


Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 7 ਮਈ 2023 www.nawanzamana.in ਕੀਮਤ 5.00 ਰੁਪਏ


ਅਜੋਕੇ ਸਰੋਕਾਰ


ਕਾਮਰੇਡ ਜਗਰੂਪ


# ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-7

## ਨੀਮ ਹਕੀਮ ਖਤਰਾ ਏ ਜਾਨ

(ਲੜੀ-9)

ਜਦੋਂ ਅਸੀਂ ਮੰਨਦੇ ਹਾਂ ਕਿ ਫਾਸ਼ੀਵਾਦ; 'ਸਰਮਾਏ ਦੇ ਵਿਗਿਆਨ' ਦਾ ਨਤੀਜਾ ਹੈ। ਇਹ ਇਕਪਾਸੜ ਵਿਕਾਸ ਹੈ। ਇਹ ਸਰਮਾਏ ਦਾ ਢੇਰ, ਚੰਦ ਹੱਥਾਂ ਵਿਚ ਇਕੱਠਾ ਹੋਣਾ ਅਤੇ ਕਿਰਤੀ ਵਸੋਂ ਨੂੰ ਕੰਗਾਲੀ ਵਿਚ ਪਲਟ ਦੇਣ ਨਾਲ ਸਮਾਜ ਨੂੰ ਕਾਬੂ ਕਰਨ ਲਈ ਰਾਜ ਦਾ ਦਹਿਸ਼ਤੀ ਰੂਪ ਹੈ। ਇਹ ਸਰਮਾਏ ਅਤੇ ਕਿਰਤ ਵਿਚਕਾਰ ਪਾੜਾ ਵਧ ਜਾਣਾ, ਲੱਗਭੱਗ ਧਰੁਵੀਕਰਨ ਹੋ ਜਾਣਾ ਹੈ।

# ਸਰਮਾਏ ਦਾ ਵਿਗਿਆਨ (ਇਕ ਪਾਸੜ ਰੂਪ ਵਿਚ) ਉਦੋਂ ਹੀ ਕੰਮ ਕਰਦਾ ਹੈ ਜਦੋਂ ਜਮਾਤੀ ਘੋਲ ਮੱਠਾ ਜਾਂ ਸੁੱਤਾ ਹੋਵੇ।

# 'ਜਮਾਤੀ ਘੋਲ' ਦਾ ਕਾਰਜ ਕੀ ਹੈ?

ਜਮਾਤੀ ਘੋਲ ਸਰਮਾਏ ਦੇ ਵਿਗਿਆਨ ਨੂੰ ਸਮਾਜਿਕ-ਵਿਗਿਆਨ ਦਾ ਰੂਪ ਦਿੰਦਾ ਹੈ। ਸਮਾਜਿਕ ਵਿਗਿਆਨ ਦਾ ਅਮਲ, ਸਮਾਜਿਕ-ਸਾਵਾਂਪਣ (ਸੰਤੁਲਤ-ਸਮਾਜ) ਦੀ ਸਥਾਪਨਾ ਕਰਦਾ ਹੈ। ਇਹ ਸਮਾਜ ਦੀ ਵਿਗਿਆਨਕ ਵਿਉਂਤਬੰਦੀ ਬਗੈਰ ਸੰਭਵ ਨਹੀਂ ਹੈ। ਸਰਮਾਏਦਾਰਾ ਸਮਾਜ ਤੋਂ ਉਚੇਰੇ ਸਮਾਜ ਦੀ ਚੇਤਨ ਵਿਉਂਤਬੰਦੀ, ਸਮਾਜਵਾਦ (ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ ਕੰਮ ਅਤੇ ਕੰਮ ਅਨੁਸਾਰ ਉਜਰਤ) ਅਤੇ ਸਾਮਵਾਦ (ਹਰ ਇਕ ਤੋਂ ਯੋਗਤਾ ਅਨੁਸਾਰ, ਹਰ ਲੋੜ ਦੀ ਪੂਰਤੀ) ਉਸਾਰਨ ਲਈ ਇਸ ਦੇ ਵਿਗਿਆਨਕ ਆਧਾਰ ਦੀ ਸਮਝਦਾਰੀ ਜ਼ਰੂਰੀ ਹੈ, ਜਿਸ ਨੂੰ ਇਹ ਸਮਝ ਨਹੀਂ, ਉਹ ਇਹਨਾਂ ਉੱਚੇ ਆਦਰਸ਼ਾਂ ਨੂੰ ਸਮਝਣ ਵਿਚ ਹੀ ਨਾਕਾਮ ਹੁੰਦਾ ਹੈ, ਉਸਾਰਨ ਵਿੱਚ ਹਿੱਸਾ ਪਾਉਣਾ ਤਾਂ ਦੂਰ ਦੀ ਗੱਲ ਹੈ। ਆਓ ਬੁਨਿਆਦ 'ਤੇ ਝਾਤ ਪਾਈਏ :

1) ਮੁੱਲ ਦੇ ਸਿਧਾਂਤਕ-ਗਿਆਨ ਦੀ ਜ਼ਰੂਰਤ ਹੈ।

"ਮੁੱਲ" (Value ਕਦਰ) ਕੀ ਹੈ ?

ਇਸ ਤੋਂ ਇਧਰ-ਉਧਰ ਨਹੀਂ ਹੋਇਆ ਜਾ ਸਕਦਾ, ਇਸ ਸੂਝ ਵਿਚ ਰਲਿਆ/ਰਲਾਇਆ ਖੋਟ ਖਤਰਨਾਕ ਹੈ। ਸੂਝ ਦਾ ਨਿਖਾਰ ਜ਼ਰੂਰੀ ਹੈ।

# ਜੋ ਵੀ ਮੁੱਲ ਦੇ ਦੋਹਰੇ ਖਾਸੇ (ਵਰਤੋਂ ਮੁੱਲ ਅਤੇ ਮੁੱਲ) ਨੂੰ ਸਿਧਾਂਤਕ ਰੂਪ ਵਿਚ ਨਹੀਂ ਸਮਝਦਾ, ਉਹ ਸਮਾਜਵਾਦ ਅਤੇ ਸਾਮਵਾਦ ਉਸਾਰਨ ਦਾ ਥੋਥਾ ਉਪਾਸ਼ਕ ਹੀ ਹੋ ਸਕਦਾ ਹੈ, ਇਸ ਤੋਂ ਵੱਧ ਕੁਝ ਨਹੀਂ।

"ਉਪਜਾਂ", "ਵਸਤਾਂ" ਅਤੇ "ਜਿਣਸਾਂ" ਵਿਚ ਕੀ ਅੰਤਰ ਹੁੰਦਾ ਹੈ?

'ਕੁਦਰਤ' ਸਭ ਤੋਂ ਵੱਡੀ ਉਪਜਾਊ ਸ਼ਕਤੀ ਹੈ। ਇਸ ਦੀਆਂ ਉਪਜਾਂ, (ਜੀਵ ਵੀ ਇਸ ਦੀ ਉਪਜ ਹੈ) ਲਾਭਕਾਰੀ ਹਨ। ਮਨੁੱਖ (ਜੀਵ ਵਜੋਂ) ਕੁਦਰਤੀ ਉਪਜਾਂ ਦੀ ਵਰਤੋਂ ਕਰਦਾ ਹੈ। ਮਨੁੱਖ ਜਿਨ੍ਹਾ ਕੁਦਰਤੀ ਉਪਜਾਂ ਦੀ ਵਰਤੋਂ ਕਰਦਾ ਹੈ, ਉਹ ਵਸਤਾਂ (Good) ਸੱਦੀਆਂ ਜਾਂਦੀਆਂ ਹਨ। ਇਹ ਵਸਤਾਂ, ਵਰਤੋਂ ਹੋਣ ਕਰਕੇ "ਵਰਤੋਂ-ਮੁੱਲ" ਦਾ ਗੁਣ ਰੱਖਦੀਆਂ ਹਨ। 'ਵਰਤੋਂ-ਮੁੱਲ' ਵਸਤਾਂ ਦਾ ਇਕਹਿਰਾ ਗੁਣ ਹੈ।

ਕੁਦਰਤ ਪਿੱਛੋਂ ਕਿਰਤ-ਸ਼ਕਤੀ (Labour power) ਉਪਜਾਊ ਹੈ। ਕਿਰਤ-ਸ਼ਕਤੀ ਦੀਆਂ ਉਪਜਾਂ ਨੂੰ "ਜਿਣਸਾਂ" (Commodities) ਸੱਦਿਆ ਜਾਂਦਾ ਹੈ।

ਇਸ ਵੱਖਰੇ ਨਾਂਅ ਦਾ ਖਾਸ ਕਾਰਨ ਹੈ। ਇਹ "ਵਸਤਾਂ" (Goods) ਨਾਲੋਂ ਭਿੰਨ ਹੈ, ਵਸਤਾਂ ਦਾ ਇਕਹਿਰਾ ਗੁਣ, ਵਰਤੋਂ-ਮੁੱਲ ਹੈ, ਉਸ ਦੀ ਵਰਤੋਂ ਕਰਨ ਲਈ ਭੁਗਤਾਣ ਨਹੀਂ ਕਰਨਾ ਪੈਂਦਾ।

"ਜਿਣਸ" ਦੋਹਰੇ ਗੁਣ ਵਾਲੀ ਹੈ, ਇਸ ਦੀ ਵਰਤੋਂ ਕਰਨ ਲਈ ਭੁਗਤਾਣ ਕਰਨਾ ਪੈਂਦਾ ਹੈ। ਭੁਗਤਾਣ ਹੀ "ਮੁੱਲ" ਹੈ। ਇਸ ਲਈ ਜਿਣਸਾਂ : 'ਵਰਤੋਂ ਮੁੱਲ' ਵਜੋਂ ਵਸਤ ਹੈ ਅਤੇ 'ਮੁੱਲ' ਵਜੋਂ ਜਿਣਸ ਹੈ, ਇਹ ਦੋਹਰਾ ਗੁਣ ਰੱਖਦੀਆਂ ਹਨ।

ਇਸ ਦਾ ਕਾਰਨ ਕੀ ਹੈ?

ਕਾਰਨ, ਕਿਰਤ ਦਾ ਦੋਹਰਾ ਖਾਸਾ, ਦੋ ਰੂਪ ਹੈ।

ਕਿਰਤ ਸ਼ਕਤੀ ਦੋਹਰੇ ਖਾਸੇ ਦੀ ਹੈ, ਕਿਰਤੀ ਦੇ ਰੂਪ ਵਿਚ ਉਹ ਠੋਸ (concrete) ਕਿਰਤ ਹੈ।

ਕਿਰਤ ਸ਼ਕਤੀ ਦੇ ਰੂਪ ਵਿਚ ਇਹ ਅਮੂਰਤ (Abstrect) ਕਿਰਤ ਹੈ।

ਉਪਜਾਈ ਜਿਣਸ ਵੀ ਠੋਸ ਹੈ, ਜਿਸ ਦੀ ਵਰਤੋਂ ਹੁੰਦੀ ਹੈ। ਇਸ ਲਈ "ਠੋਸ ਕਿਰਤ" ਵਸਤਾਂ ਸਿਰਜਦੀ ਹੈ ਜਾਂ ਜਿਣਸ ਵਿਚ "ਵਰਤੋਂ-ਮੁੱਲ" ਦੀ ਸਿਰਜਣਾ ਕਰਦੀ ਹੈ ਅਤੇ "ਅਮੂਰਤ ਕਿਰਤ" ਜਿਣਸ ਵਿਚ "ਮੁੱਲ" ਜੋੜਦੀ ਹੈ। "ਮੁੱਲ", ਜਮ੍ਹਾਂ ਹੋਈ "ਅਮੂਰਤ ਕਿਰਤ" ਦਾ ਜੋੜ ਹੈ।

ਕਿਰਤ ਸਮੇਂ ਵਿਚ ਨੇਪਰੇ ਚੜ੍ਹਦੀ ਹੈ, ਇਸ ਲਈ ਮੁੱਲ ਨੂੰ ਜਿਣਸ ਉਪਜਾਣ 'ਤੇ ਖਰਚ ਹੋਏ ਸਮੇਂ ਨਾਲ ਮਾਪਿਆ ਜਾਂਦਾ ਹੈ। ਇਹ ਵਟਾਂਦਰੇ ਸਮੇਂ ਹੀ ਪਰਗਟ ਹੁੰਦੀ ਹੈ, ਵਟਾਂਦਰਾ ਹੀ ਭੁਗਤਾਣ (ਮੁੱਲ) ਹੈ। ਵੱਖ-ਵੱਖ ਜਿਣਸਾਂ ਨੂੰ ਉਪਜਾਣ 'ਤੇ ਖਰਚ ਹੋਏ ਸਮੇਂ ਦੇ ਜੋੜ ਹਿਸਾਬ/ਅਨੁਪਾਤ ਨਾਲ ਮਾਪਿਆ/ਨਜਿੱਠਿਆ ਜਾਂਦਾ ਹੈ।

"ਕਿਰਤ-ਸ਼ਕਤੀ" ਜਿਣਸਾਂ ਦੀ ਜਿਣਸ, ਮਾਂ (Mother) ਜਿਣਸ ਹੈ।

ਕਿਰਤ ਸ਼ਕਤੀ ਹੀ ਅਜਿਹੀ ਇਕਲੌਤੀ ਜਿਣਸ ਹੈ, ਜੋ ਵਰਤੋਂ ਕਰਨ (ਖਪਤ) ਨਾਲ ਆਪਣੇ ਮੁੱਲ ਤੋਂ ਵਧੇਰੇ ਮੁੱਲ ਦੀ ਸਿਰਜਣਾ ਕਰਦੀ ਹੈ। (Labour power creates value greater than its own) ਕਿਰਤ ਸ਼ਕਤੀ ਮੁੱਲ ਸਿਰਜਕ ਹੈ, ਇਸ ਦੀ ਲੁੱਟ ਕਰਕੇ ਸਰਮਾਇਆ ਵਧਦਾ ਹੈ।

ਮਾਰਕਸ ਪਹਿਲਾ ਦਾਰਸ਼ਨਿਕ ਸੀ, ਜਿਸ ਨੇ 'ਮੁੱਲ ਦਾ ਸਿਧਾਂਤ' ਖੋਜਿਆ, ਨਿਖਾਰਿਆ ਅਤੇ "ਵਾਧੂ-ਮੁੱਲ ਦਾ ਸਿਧਾਂਤ" ਪੂਰੀ ਸਾਫਗੋਈ ਨਾਲ ਪੇਸ਼ ਕੀਤਾ।

ਜਿਸ ਦਾ ਮਨਤਕੀ (Logical) ਨਤੀਜਾ ਹੈ ਕਿ ਸਰਮਾਏਦਾਰੀ "ਸੰਕਟਾਂ" ਨੂੰ ਜਨਮ ਦਿੰਦੀ ਹੈ। ਇਹ ਉਪਜਾਊ ਸ਼ਕਤੀਆਂ ਦੇ ਪੈਰੀਂ ਸੰਗਲ (ਬੇੜੀਆਂ) ਪਾਉਂਦੀ ਹੈ। ਇਕ ਸਮੇਂ 'ਤੇ ਇਹ ਬੇੜੀਆਂ ਮੁਕਤ (Free) ਕਰਨ ਦੀ ਲੋੜ ਪੈਂਦੀ ਹੈ।

ਮਾਰਕਸ ਨੇ ਵਾਧੂ-ਮੁੱਲ ਦੇ ਵਿਖਿਆਨ ਵਿਚ ਕਿਹਾ
ਕਿਰਤ-ਸਮਾਂ, ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

ਸੂਤਰ ਹੈ; ਕਿਰਤ ਮੁੱਲ ਸਿਰਜਦੀ ਹੈ। ਇਹ ਸਮੇਂ ਵਿਚ ਨੇਪਰੇ ਚੜ੍ਹਦੀ ਹੈ। 'ਕਿਰਤ-ਦਿਨ' ਵਿਚ, ਕਿਰਤ-ਸਮੇਂ ਦਾ ਉਹ ਭਾਗ ਜਦੋਂ ਉਜਰਤ (ਮਜ਼ਦੂਰੀ) ਬਰਾਬਰ ਮੁੱਲ ਦੀ ਸਿਰਜਣਾ ਹੋਈ ਹੈ, ਉਹ "ਜ਼ਰੂਰੀ ਕਿਰਤ ਸਮਾਂ" ਹੈ ਅਤੇ ਬਾਕੀ ਕਿਰਤ ਸਮਾਂ, "ਵਾਧੂ ਕਿਰਤ ਸਮਾਂ" ਹੈ, ਜਿਸ ਵਿਚ ਕੀਤੀ ਕਿਰਤ ਮਾਲਕ ਦਾ ਮੁਨਾਫਾ ਹੈ।

# ਮੁਨਾਫਾ ਵਧਾਉਣਾ ਮਾਲਕ ਦਾ ਲਕਸ਼ ਹੈ।

ਇਸ ਵਾਧੇ ਦਾ ਸੂਤਰ ਹੈ; "ਜ਼ਰੂਰੀ ਕਿਰਤ ਸਮਾਂ" ਛੋਟਾ ਕਰੋ ਅਤੇ "ਵਾਧੂ ਕਿਰਤ ਸਮਾਂ" ਵੱਡਾ ਕਰੋ ! ਮੁਨਾਫਾ ਵਧੇਗਾ।

# ਜਦੋਂ "ਕਿਰਤ ਦਿਨ" (Labour day) ਦੀ ਕਾਨੂੰਨੀ ਸੀਮਾਂ ਨਿਸ਼ਚਿਤ ਹੋਈ (ਕਿਰਤੀ ਲਹਿਰ ਦੀ ਮੰਗ ਉਤੇ ਅਮਲ ਨਾਲ) ਤਾਂ ਮਾਰਕਸ ਨੇ ਆਪਣੀ ਪ੍ਰਸਿੱਧ ਪੁਸਤਕ "ਇਹ ਸਰਮਾਇਆ" (Das Capital) ਵਿਚ ਬਿਆਨਿਆ ਤੇ ਸੁਝਾਅ ਦਿੱਤਾ, 'ਹੁਣ ਸਰਮਾਇਆ ਮੁਨਾਫਾ ਵਧਾਉਣ ਲਈ "ਕਿਰਤ-ਉਤਪਾਦਕਤਾ" (Labour-productivity) ਵਧਾਉਣ 'ਤੇ ਕੇਂਦਰਤ ਕਰਨ ਨਾਲ ਅਨੁਪਾਤਕ ਤੌਰ 'ਤੇ "ਜ਼ਰੂਰੀ ਕਿਰਤ ਸਮਾਂ" ਨੂੰ ਛੋਟਾ ਕਰਕੇ, "ਵਾਧੂ ਕਿਰਤ ਸਮਾਂ" ਵੱਡਾ ਕਰਨਾ (relative surplus) ਮੁਨਾਫਾ ਵਧਾਉਣ ਦਾ ਰਾਹ ਬਣ ਗਿਆ ਹੈ।

ਜਦੋਂ ਅਨੁਪਾਤਕ ਤੌਰ 'ਤੇ "ਜ਼ਰੂਰੀ ਕਿਰਤ ਸਮਾਂ" ਘਟਦਾ ਹੈ ਤਾਂ ਸਮਾਜਿਕ ਰੂਪ ਵਿਚ ਕਿਰਤ ਦਾ ਸਮੁੱਚਾ ਹਿੱਸਾ ਘਟਦਾ ਹੈ, ਜਿਸ ਨਾਲ ਸਮਾਜ ਦੀ ਕੁਲ ਖਰੀਦ ਸ਼ਕਤੀ ਦੀ (ਵਰਤੋਂ) ਘਟਦੀ ਹੈ, ਜਿਸ ਨਾਲ "ਵਾਧੂ ਉਤਪਾਦਨ" (Over production) ਦੀ ਸਥਿਤੀ ਬਣ ਜਾਂਦੀ ਹੈ। (ਜੋ ਅਸਲ ਵਿਚ ਘਟੀ ਖਰੀਦ ਸ਼ਕਤੀ ਦੇ ਮੁੱਲ ਬਰਾਬਰ ਹੀ ਹੁੰਦੀ ਹੈ।) ਜਿਸ ਨਾਲ ਸਰਮਾਏਦਾਰੀ ਸੰਕਟਾਂ ਦਾ ਦੌਰ ਚੱਲਦਾ ਹੈ। ਕੁਝ ਸੰਕਟਾਂ ਨੂੰ ਸਰਮਾਏਦਾਰੀ ਸਹਿਣ ਕਰਦੀ ਹੈ, ਪਰ ਛੋਟੇ ਅਤੇ ਵੱਧ ਉਤਪਾਦਕ ਖਰਚ ਵਾਲੇ ਉਤਪਾਦਕ ਉੱਜੜ ਜਾਂਦੇ ਹਨ ਅਤੇ ਨਵੇਂ ਉਭਾਰ ਵਿਚ ਵੱਡੇ ਹੋਰ ਵੱਡੇ ਪਰ ਗਿਣਤੀ ਵਿਚ ਘਟਦੇ ਜਾਂਦੇ ਹਨ, ਦਾ ਅਮਲ ਵਾਪਰਦਾ ਹੈ। ਸਰਮਾਇਆ ਘੱਟ ਹੱਥਾਂ ਵਿਚ ਸਿਮਟ ਜਾਣਾ ਤੇਜ਼ ਹੁੰਦਾ ਹੈ।

# ਬੇਰੁਜ਼ਗਾਰੀ ਪੱਕਾ ਸਮਾਜਿਕ ਵਰਤਾਰਾ ਬਣ ਜਾਂਦਾ ਹੈ। ਮਾਰਕਸੀ ਸੂਤਰ ਸਮਝ ਦਿੰਦਾ ਹੈ :

[cc : vc ]

ਸਮਾਜ ਦਾ ਕੁਲ ਸਰਮਾਇਆ ਦੋ ਅਨੁਪਾਤਕ ਭਾਗਾਂ, "ਅਬਦਲ- ਸਰਮਾਇਆ" (Constant Capital=CC) : "ਬਦਲਦਾ-ਸਰਮਾਇਆ"

(Variable Capital=VC) ਵਿਚ ਵੰਡਿਆ ਜਾਂਦਾ ਹੈ। ਅਨੁਪਾਤਕ ਰੂਪ ਵਿਚ ਇਕ ਦਾ ਵੱਡਾ ਹੋਣਾ, ਦੂਜੇ ਦਾ ਓਨਾ ਹੀ ਛੋਟਾ ਹੋਣਾ ਹੈ। 33 ਜਿੰਨਾ ਵੱਡਾ ਹੁੰਦਾ ਜਾਵੇਗਾ, VC ਉਵੇਂ ਛੋਟਾ ਹੁੰਦਾ ਜਾਵੇਗਾ।

VC ਸਰਮਾਏ ਦਾ ਉਹ ਭਾਗ ਹੈ, ਜੋ ਉਜਰਤ ਰੂਪ ਵਿਚ ਵਰਤਿਆ ਜਾਂਦਾ ਹੈ। ੭3 ਦਾ ਛੋਟਾ ਹੋਣਾ, ਕੇਵਲ ਉਜਰਤਾਂ ਦੀ ਰਾਸ਼ੀ ਘਟਣਾ ਹੀ ਨਹੀਂ, ਰੁਜ਼ਗਾਰ ਦਾ ਘਟਣਾ ਵੀ ਹੈ। (ਇਹ ਬੇਰੁਜ਼ਗਾਰੀ ਦੇ ਨੇਮ ਦਾ ਸਰੋਤ ਹੈ) ਇਸ ਦੀ ਪੂਰਤੀ ਲਈ ਮਾਰਕਸ ਦਾ ਦਾਸ ਕੈਪੀਟਲ ਵਿਚ, ਲਿਖਿਆ ਪੜ੍ਹਦੇ ਹਾਂ :

"ਕਿਰਤ ਦਾ ਉਪਜਾਊ-ਪੁਣਾ ਜਿੰਨਾ ਵਧਦਾ ਹੈ, ਕੰਮ ਦਾ ਦਿਨ ਓਨਾ ਹੀ ਬਹੁਤਾ ਛੋਟਾ ਕੀਤਾ ਜਾ ਸਕਦਾ ਹੈ ਅਤੇ ਕੰਮ ਦਾ ਦਿਨ ਜਿੰਨਾ ਬਹੁਤਾ ਛੋਟਾ ਕੀਤਾ ਜਾ ਸਕਦਾ ਹੈ, ਕਿਰਤ ਦੀ ਤੀਬਰਤਾ ਓਨਾ ਹੀ ਬਹੁਤੀ ਵਧ ਸਕਦੀ ਹੈ।" (ਪੰਨਾ-570 ਸਰਮਾਇਆ) ਉਤਪਾਦਕਤਾ ਦੇ ਵਾਧੇ ਕਾਰਨ "ਕੰਮ ਦਿਨ" ਦੇ ਦੋ ਭਾਗਾਂ ਵਿੱਚੋਂ "ਜ਼ਰੂਰੀ ਕਿਰਤ ਸਮਾਂ" ਛੋਟਾ ਹੁੰਦਾ ਹੈ, ਨਤੀਜਾ ਮੁਨਾਫਾ ਵਧਦਾ ਹੈ। ਇਹ ਸਰਮਾਏ ਦਾ ਵਾਧਾ, ਬੇਰੁਜ਼ਗਾਰੀ ਪੈਦਾ ਕਰਦਾ ਹੈ। ਸਮਾਜ ਵਿਚ ਆਰਥਿਕ ਪਾੜਾ ਵਧਦਾ ਹੈ। ਸਰਮਾਇਆ ਜ਼ੋਰਾਵਰ ਹੁੰਦਾ ਹੈ।

# ਸਰਮਾਏ ਦਾ ਇਕੱਤਰੀਕਰਨ ਅਤੇ ਕੇਂਦਰੀਕਰਨ ਸੀ,ਸੀ ਅਨੁਪਾਤ ਵੀ,ਸੀ, ਨੂੰ ਹੋਰ ਅਸਾਵਾਂ ਕਰਦਾ ਹੈ। ਸਰਮਾਇਆ, ਇਜਾਰੇਦਾਰੀ ਰੂਪ ਧਾਰਨਾ ਹੈ।

# ਸਰਮਾਇਆ ਮੁਨਾਫੇ ਲਈ, ਮੂਲ ਦੇਸ਼ ਤੋਂ ਬਾਹਰ ਜਾ ਕੇ ਨਿਵੇਸ਼ (Invest) ਕਰਨ ਦਾ ਰਾਹ ਫੜਦਾ ਹੈ।

# ਉਸ ਨੂੰ ਬਾਹਰ ਜਾਣ (Export of Capital) ਲਈ ਵਧੇਰੇ ਸਰਮਾਏ ਦੀ ਲੋੜ ਪੂਰਤੀ 'ਚੋਂ, ਬੈਂਕਾਂ ਦੇ ਸਰਮਾਏ (Finance Capital =FC) ਦਾ ਮਹੱਤਵ ਵਧ ਜਾਂਦਾ ਹੈ, ਦੋਵੇਂ ਮਿਲ ਜਾਂਦੇ ਹਨ।

# ਸਮਾਂ ਪਾ ਕੇ (FC) ਮਾਲੀ ਸਰਮਾਏ ਦਾ ਦਬਦਬਾ ਬਣ ਗਿਆ।

ਲੈਨਿਨ ਨੇ "ਸਾਮਰਾਜਵਾਦ ਸਰਮਾਏਦਾਰੀ ਦੀ ਅੰਤਮ ਅਵਸਥਾ" ਨਾਮੀ ਪ੍ਰਸਿੱਧ ਪੁਸਤਕ ਵਿਚ ਪ੍ਰਭਾਸ਼ਤ ਕੀਤਾ :

"ਵੀਹਵੀਂ ਸਦੀ ਦਾ ਅਰੰਭ ਉਸ ਮੋੜ ਦਾ ਸੂਚਕ ਹੈ, ਜਿਸ ਤੋਂ ਪੁਰਾਣੀ ਸਰਮਾਏਦਾਰੀ ਨਵੀਂ ਸਰਮਾਏਦਾਰੀ ਦੀ ਸੇਧ ਵਿੱਚ, ਆਮ ਤੌਰ 'ਤੇ ਸਰਮਾਏ ਦਾ ਦਾਬਾ ਮਾਲੀ ਸਰਮਾਏ ਦੇ ਦਾਬੇ ਦੀ ਸੇਧ ਵਿੱਚ ਮੁੜ ਗਿਆ।" [ਸਫਾ 504]

"ਸਾਮਰਾਜਵਾਦ, ਅਥਵਾ ਮਾਲੀ ਪੂੰਜੀ ਦਾ ਦਾਬਾ, ਸਰਮਾਏਦਾਰੀ ਦੀ ਉਹ ਅੰਤਲੀ ਅਵਸਥਾ ਹੈ ਜਿੱਥੇ ਪਹੁੰਚ ਕੇ ਇਹ ਵਖਰੇਵਾਂ ਬਹੁਤ ਵਿਸ਼ਾਲ ਹੱਦ ਤੱਕ ਪਸਰ ਜਾਂਦਾ ਹੈ।" [ਸਫਾ 520]

# ਸਾਮਰਾਜਵਾਦ ਮਾਲੀ ਸਰਮਾਏ ਦਾ ਰਾਜ ਹੈ।

"ਸਾਮਰਾਜਵਾਦ ਦਾ ਵਿਰੋਧ ਕਰੋ", ਲੈਨਿਨ ਦਾ ਇਹ ਹੋਕਾ, ਸਮਾਜਿਕ-ਇਨਕਲਾਬ ਦੀ ਕੁੰਜੀ ਸੀ। ਉਸ ਕਿਹਾ : ਇਜਾਰੇਦਾਰੀ ਦੇ ਦੇਸ਼ਾਂ ਨੇ "ਸਾਮਰਾਜਵਾਦ ਜਾਂ ਸਮਾਜਵਾਦ" ਵਿਚ ਬਦਲਣਾ ਹੈ।

"ਜੇ ਯੂਰਪ ਇਨਕਲਾਬ ਆਉਣ ਵਿਚ ਪੱਛੜ ਗਿਆ ਹੈ, ਸਾਡੇ ਪੱਲੇ ਅਤਿਅੰਤ ਹਾਰਾਂ ਪੈਣਗੀਆਂ..."।

ਉਸ ਨੇ ਅਗਵਾਈ ਕੀਤੀ, ਰੂਸ ਵਿਚ ਪਹਿਲਾ ਸਮਾਜਵਾਦੀ ਇਨਕਲਾਬ ਸਫਲ ਕਰ ਵਿਖਾਇਆ।

ਉਸ ਨੇ ਜਰਮਨੀ ਨੂੰ ਇਨਕਲਾਬ ਅਰੰਭ ਕਰਨ ਦਾ ਹੋਕਾ ਦਿੱਤਾ, "ਇਹ ਬੜੀ ਚੰਗੀ ਗੱਲ ਹੋਵੇ ਜੇ ਜਰਮਨ ਪਰੋਲਤਾਰੀ ਅਮਲ ਕਰਨ ਦੇ ਸਮਰੱਥ ਬਣੇ"। (ਲੈਨਿਨ-7 ਮਾਰਚ 1918-ਰਾਜਨੀਤਕ ਰਿਪੋਰਟ ਵਿੱਚੋਂ)

ਲੈਨਿਨ ਜੋ "ਚੇਤਨ ਵਿਰੋਧਵਿਕਾਸ" ਦਾ ਸਰਵੋਤਮ ਮਾਹਰ ਆਗੂ ਸੀ, ਇਸ ਦੀ ਪੁਸ਼ਟੀ ਲਈ, ਉਸ ਦਾ 1916 (ਪਹਿਲੀ ਸੰਸਾਰ ਜੰਗ 1914-18 ਸਮੇਂ) ਦਾ ਇਨਕਲਾਬ ਦੀ ਜ਼ਰੂਰਤ ਦਾ ਕਥਨ ਪੜ੍ਹੋ :

"ਕਿਉਂ ਜੋ ਅਸੀਂ ਇਸ ਗਮਨਾਕ ਸੰਭਾਵਨਾ-ਜੇ ਅਤਿ ਦੀ ਮਾੜੀ ਗੱਲ ਵੀ ਵਾਪਰ ਜਾਵੇ, ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੁੰਦੇ ਕਿ ਮਨੁੱਖ ਜਾਤੀ ਨੂੰ ਦੂਜੀ ਸਾਮਰਾਜੀ ਜੰਗ ਵਿੱਚੋਂ ਲੰਘਣਾ ਪੈ ਸਕਦਾ ਹੈ, ਜੇਕਰ ਅਸੀਂ ਅਜੋਕੀ ਜੰਗ ਨੇ, ਜਨਤਕ ਬੇਚੈਨੀ ਤੇ ਜਨਤਕ ਅਸੰਤੁਸ਼ਟਤਾ ਦੇ ਅਨੇਕ ਭਬੂਕਿਆਂ ਦੇ, ਅਤੇ ਸਾਡੇ ਯਤਨਾਂ ਦੇ ਹੁੰਦਿਆਂ ਹੋਇਆਂ ਇਨਕਲਾਬ ਨੂੰ ਜਨਮ ਨਾ ਦਿੱਤਾ।"

ਸੋ ਯੂਰਪ ਇਨਕਲਾਬ ਕਰਨ ਦੀ ਥਾਂ ਸਾਮਰਾਜਵਾਦੀ ਬਣ ਕੇ ਵਿਚਰਿਆ ਸੀ/ਹੈ, ਤਾਂ ਸੰਸਾਰ ਨੇ "ਦੂਜੀ ਸਾਮਰਾਜੀ ਜੰਗ" (1939-45) ਵੀ ਝੇਲੀ ਹੈ। ਦੋ ਦਹਾਕੇ ਪਿੱਛੋਂ ਉਸ ਦੀ ਵਿਗਿਆਨਕ ਭਵਿੱਖਬਾਣੀ ਸਹੀ ਸਿੱਧ ਹੋਈ ਹੈ।

# ਲੈਨਿਨ ਦੀ 1924 ਵਿਚ ਮੌਤ ਹੋ ਗਈ, ਸੰਸਾਰ ਪਰੋਲਤਾਰੀ, ਸਿਧਾਂਤਕ ਅਗਵਾਈ ਦੀ ਘਾਟ ਹੇਠ ਆ ਗਿਆ।

ਮਾਰਕਸ ਦੇ ਅਨੁਆਈਆਂ ਤੋਂ ਸਿਧਾਂਤਕ ਗਲਤੀ ਕਿੱਥੇ ਹੋਈ ਹੈ ?

ਲੈਨਿਨ ਦੀ ਮੌਤ ਪਿੱਛੋਂ ਅਨੁਆਈਆਂ ਨੇ ਉਹਨਾਂ (ਮਾਰਕਸ-ਲੈਨਿਨ) ਦੀ ਦਿੱਤੀ "ਛੁਟੇਰੀ ਕੰਮ ਦਿਹਾੜੀ" ਦੀ ਸਿਧਾਂਤਕ-ਸੇਧ, ਜੋ ਜਮਾਤੀ-ਘੋਲ ਦੀ ਜਿੰਦਜਾਨ ਹੈ, ਦੀ ਅਣਦੇਖੀ ਕੀਤੀ ਹੈ। ਇਸ ਦੀ ਸਮਝਦਾਰ ਵਰਤੋਂ ਦੇ ਝੰਡਾ-ਬਰਦਾਰ ਲੈਨਿਨ ਨੇ, ਪਹਿਲੀ ਸੋਵੀਅਤ ਇਕੱਤਰਤਾ ਵਿਚ ਕਿਹਾ :

"ਅਸੀਂ ਕਿਰਤ ਉਤਪਾਦਕਤਾ ਵਧਾਵਾਂਗੇ, ਕਿਰਤ ਸਰਫਾ ਲਾਗੂ ਕਰਕੇ ਕਿਰਤ ਦਿਨ ਨੂੰ ਸੱਤ, ਛੇ ਇੱਥੋਂ ਤੱਕ ਕਿ ਕੁਝ ਘੰਟਿਆਂ ਤੱਕ ਕਰਾਂਗੇ।"

ਕਿਰਤ ਉਤਪਾਦਕਤਾ ਦੇ ਵਾਧੇ ਅਤੇ ਕਿਰਤ ਦੇ ਸਰਫੇ ਨਾਲ ਸਮਾਜ ਕੋਲ ਜਮ੍ਹਾਂ "ਵਾਧੂ ਸਮਾਂ", (Free time) ਵੰਡਣ ਦਾ ਵਿਗਿਆਨਕ ਢੰਗ ਹੋਰ ਕੋਈ ਨਹੀਂ, ਸਿਵਾਏ "ਛੁਟੇਰੀ ਕੰਮ ਦਿਹਾੜੀ" ਲਾਗੂ ਕਰਨ ਦੇ। ਸਰਮਾਏਦਾਰੀ ਅਧੀਨ ਕਰੋੜਾਂ ਬੇਰੁਜ਼ਗਾਰ ਦੇ ਰੂਪ ਵਿਚ, ਕਰੋੜਾਂ ਕੰਮ ਦਿਨ, ਰੋਜ਼ਾਨਾ ਨਸ਼ਟ ਹੋ ਰਹੇ ਹਨ। (ਕਿਰਤ ਸ਼ਕਤੀ ਨਾਸ਼ਵਾਨ ਹੈ) ਦੂਜੇ ਪਾਸੇ ਕਿਰਤੀ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ, ਉਹ ਕੰਮ ਬੋਝ ਹੇਠ ਮਰ ਰਿਹਾ ਹੈ।

ਸਮਾਜਿਕ ਲੋੜ ਪੂਰਤੀ ਲਈ ਬੇਰੁਜ਼ਗਾਰਾਂ (ਵਿਹਲੇ ਸਮੇਂ ਦੇ ਭੰਡਾਰ ਪਰ ਨਾਸ਼ਵਾਨ) ਤੋਂ ਕੰਮ ਦੇ ਕੇ, ਵਟਾਂਦਰੇ ਵਿੱਚ ਕੰਮ ਬੋਝ ਵਾਲਿਆਂ ਨੂੰ ਆਰਾਮ (ਵਿਹਲਾ ਸਮਾਂ) ਦੇਣ ਦਾ ਨੇਮ ਲਾਗੂ ਕਰ ਦਿਓ।

ਸਮਾਜ, ਅਨੁਆਈਆਂ ਵੱਲੋਂ ਇਸ ਨੇਮ ਦੀ ਅਣਦੇਖੀ ਦੀ ਸਜ਼ਾ ਭੁਗਤ ਰਿਹਾ ਹੈ।

ਜਦੋਂ ਉਤਪਾਦਕਤਾ ਵਧਦੀ ਹੈ ਤਾਂ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ (ਜਿੰਦਾ) ਕਿਰਤ ਦੀ ਲੋੜ ਘਟ ਜਾਂਦੀ ਹੈ। ਨਤੀਜਾ; "ਬੇਰੁਜ਼ਗਾਰੀ" ਜਾਂ "ਛੁਟੇਰੀ ਕੰਮ ਦਿਹਾੜੀ" ਵਿੱਚੋਂ ਇਕ ਦੀ ਚੋਣ ਸਮਾਜਿਕ ਵਰਤਾਰਾ ਬਣਦੀ ਹੈ। ਇਹ "ਸਰਮਾਏ ਦਾ ਵਿਗਿਆਨ" ਅਤੇ "ਸਮਾਜਿਕ ਵਿਗਿਆਨ" ਵਿੱਚੋਂ ਇਕ ਦੀ ਚੋਣ, ਸਮਾਜਿਕ ਹੋਣੀ ਹੈ!

ਇੱਥੇ ਪਰੋਲਤਾਰੀ ਚੌਕਸੀ ਛੁੱਟ ਗਈ!
ਮੁੜ 'ਸਰਮਾਏ ਦੇ ਵਿਗਿਆਨ' ਦੇ ਰਾਹ ਪੈ ਗਏ
ਸਰਮਾਏ ਦੇ ਵਿਗਿਆਨ ਦੀ ਜੜ੍ਹ: ਕਿਰਤ ਦੀ ਲੁੱਟ ਵਿਚ ਹੈ।


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



ਡਾ. ਲਾਭ ਸਿੰਘ ਖੀਵਾ


# 'ਠੋਕੇ ਰਾਮਗੜ੍ਹੀਏ ਭਏ...' ਦੇ ਤਤਕਾਲੀ ਅਤੇ ਤਵਾਰੀਖ਼ੀ ਸਰੋਕਾਰ

ਦਸਤਕਾਰ, ਮਿਸਤਰੀ ਅਤੇ ਕਾਰੀਗਰ ਸ਼ਬਦ ਅੰਗਰੇਜ਼ੀ ਭਾਸ਼ਾ ਕੋਸ਼ ਵਿਚ ਸਮਾਨਾਰਥੀ ਅਰਥਾਂ ਦੇ ਧਾਰਨੀ ਹਨ। ਪੰਜਾਬ ਦੇ ਲੋਕ-ਧੰਦਿਆਂ ਨਾਲ ਜੁੜੀਆਂ ਜਾਤੀਆਂ ਕੁਝ ਅਜਿਹੀਆਂ ਹਨ, ਜਿਨ੍ਹਾਂ ਕੋਲ ਸਿਰਫ਼ ਹਸਤ-ਕਲਾ ਹੈ ਅਤੇ ਕੁਝ ਅਜਿਹੀਆਂ ਹਨ, ਜਿਨ੍ਹਾਂ ਕੋਲ ਹਸਤ-ਕਲਾ ਦੇ ਨਾਲ ਸੰਦਾਂ ਦੀ ਵਰਤੋਂ ਦਾ ਵੀ ਹੁਨਰ ਹੈ। ਕਾਰੀਗਰ ਇਸ ਸ਼੍ਰੇਣੀ ਦੇ ਸ਼ਿਲਪੀ ਹਨ, ਜੋ ਜਾਤੀ ਵਜੋਂ ਤਰਖਾਣ, ਲੁਹਾਰ ਅਤੇ ਰਾਜ-ਮਿਸਤਰੀ ਦੇ ਤੌਰ 'ਤੇ ਪੰਜਾਬੀ ਸਮਾਜ ਦਾ ਅੰਗ ਹਨ। ਲੁਹਾਰ ਸਿਰਫ਼ ਲੋਹੇ ਦੀ ਢਲਾਈ ਦਾ ਵਿਸ਼ੇਸ਼ਗ ਰਿਹਾ, ਤਰਖਾਣ ਲੱਕੜ ਦੀ ਚੀਰਾਈ ਦਾ ਅਤੇ ਰਾਜ-ਮਿਸਤਰੀ ਇੱਟਾਂ ਦੀ ਚਿਣਾਈ ਦਾ। ਤਰਖਾਣਾ-ਕੰਮ ਵਿਚ ਠੋਕਣ-ਠੁਕਾਈ ਦੀ ਕ੍ਰਿਆ ਦਾ ਆਮ ਇਸਤੇਮਾਲ ਹੁੰਦਾ ਸੀ, ਜਿਸ ਕਰਕੇ ਤਰਖਾਣ ਲਈ ਠੋਕਾ ਸ਼ਬਦ ਰੂੜੀਗਤ ਹੋ ਗਿਆ। ਇਤਿਹਾਸਕ ਪਦਾਰਥਵਾਦ ਦੇ ਫਲਸਫ਼ੇ ਵਿਚ ਉਂਜ ਵੀ ਔਜ਼ਾਰਾਂ ਦੀ ਕਾਢ ਅਤੇ ਵਰਤੋਂ ਦਾ ਵਿਸ਼ੇਸ਼ ਮਹੱਤਵ ਮੰਨਿਆਂ ਜਾਂਦਾ ਹੈ। ਜਿਸ ਕਰਕੇ ਤਰਖਾਣ/ ਲੁਹਾਰ/ ਰਾਜ ਮਿਸਤਰੀ ਜਾਤੀ ਜ਼ਿਹਨੀ ਤੌਰ 'ਤੇ ਵੱਧ ਤੀਖਣ ਤੇ ਜਿਸਮਾਨੀ ਤੌਰ 'ਤੇ ਮਜ਼ਬੂਤ ਡੀਲ-ਡੌਲ ਦੀ ਮਾਲਕ ਰਹੀ ਹੈ।

ਉਪਰੋਕਤ ਠੋਕਾ/ ਠੋਕਰ ਨਾਮੀ ਭਾਈਚਾਰਾ ਪੰਜਾਬੀ ਸਮਾਜ ਵਿਚ ਕਿਸ ਤਰ੍ਹਾਂ ਰਾਮਗੜ੍ਹੀਏ ਹੋਣ ਦਾ ਲਕਬ ਪ੍ਰਾਪਤ ਕਰਦਾ ਹੈ, ਇਸ ਦੇ ਕਈ ਤਤਕਾਲੀ ਤੇ ਤਵਾਰੀਖ਼ੀ ਸਰੋਕਾਰ ਹਨ। ਇਨ੍ਹਾਂ ਸਰੋਕਾਰਾਂ ਦੀ ਨਮੂਦਾਰੀ ਤੋਂ ਪਹਿਲਾਂ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਦੀਆਂ ਚੰਦ ਕਾਵਿ-ਸਤਰਾਂ ਦਾ ਹਵਾਲਾ ਦੇਣਾ ਇੱਥੇ ਬਾਪ੍ਰਸੰਗ ਹੈ :

ਰਾਮ ਰੌਣੀ ਰਾਮਗੜ੍ਹ ਭਇਓ, ਤਿਸ ਦਿਨ ਤੇ ਮਸ਼ਹੂਰ।
ਠੋਕੇ ਰਾਮਗੜ੍ਹੀਏ ਭਏ, ਲੜੇ ਜੋ ਵਖ਼ਤ ਜ਼ਰੂਰ।

ਸੋ, ਠੋਕੇ/ਠੋਕਰ ਅਰਥਾਤ ਤਰਖਾਣ ਕਿਸ ਤਰ੍ਹਾਂ ਰਾਮਗੜ੍ਹੀਏ ਅਖਵਾਉਣ ਲੱਗੇ, ਇਸ ਵਰਤਾਰੇ ਦੀ ਬੜੀ ਦਿਲਚਸਪ ਇਤਿਹਾਸਕ ਦਾਸਤਾਂ ਹੈ।

ਪੰਜਾਬ ਦੀ ਤਾਰੀਖ਼ ਵਿਚ ਅਠਾਰ੍ਹਵੀਂ ਸਦੀ ਸਿੱਖ ਸੰਘਰਸ਼ ਲਈ ਸਖ਼ਤਾਈ ਤੇ ਚੜ੍ਹਾਈ ਦੇ ਦੌਰ ਦੀ ਪ੍ਰਤੀਕ ਹੈ। ਇਸ ਦੌਰ ਨੂੰ ਮੁਗ਼ਲਾਂ ਦੇ ਪਤਨ ਤੇ ਸਿੱਖਾਂ ਦੇ ਸੰਗਠਨ ਦੀ ਗੁਲਬੀਨ ਵੀ ਕਿਹਾ ਜਾ ਸਕਦਾ ਹੈ। ਇਸ ਸੰਗਠਨ ਨੇ ਸਿੱਖਾਂ ਨੂੰ ਮਿਸਲਾਂ ਖੜ੍ਹੀਆਂ ਕਰਨ ਦੀ ਤਾਕਤ ਮੁਹੱਈਆ ਕੀਤੀ। ਇਹ ਤਾਕਤ ਫਿਰ ਹੀ ਹਾਸਲ ਹੋਈ, ਜਦੋਂ ਮੁਗ਼ਲ ਸ਼ਾਸਨ ਦੀ ਧੱਕੇਸ਼ਾਹੀ ਵਿਰੁੱਧ ਸਿੱਖਾਂ ਵਿਚੋਂ ਨੀਤੀਵਾਨ ਅਤੇ ਨਾਇਕ ਪੈਦਾ ਹੋਏ। ਇਨ੍ਹਾਂ ਨਾਇਕਾਂ ਵਿਚ ਜੱਸਾ ਸਿੰਘ ਰਾਮਗੜ੍ਹੀਆ ਸਿਰਕੱਢ ਜਰਨੈਲ ਸੀ। ਉਹ 5 ਮਈ 1723 ਈਸਵੀ ਨੂੰ ਲਾਹੌਰ ਦੇ ਨੇੜੇ ਇਛੋਗਿੱਲ ਵਿਖੇ ਜਨਮਿਆ ਅਤੇ 1803 ਵਿਚ ਪ੍ਰਲੋਕ ਸਿਧਾਰਿਆ। ਦਰਅਸਲ, ਜੱਸਾ ਸਿੰਘ ਦੇ ਵੱਡੇ-ਵਡੇਰੇ ਗੁਰੂ ਘਰ ਦੇ ਨੇੜਲਿਆਂ ਵਿਚੋਂ ਸਨ। ਜੱਸਾ ਸਿੰਘ ਦਾ ਦਾਦਾ ਹਰਦਾਸ ਸਿੰਘ ਪਿੰਡ ਸੁਰਸਿੰਘ (ਤਤਕਾਲੀ ਜ਼ਿਲ੍ਹਾ ਲਾਹੌਰ ਅਤੇ ਵਰਤਮਾਨ ਜ਼ਿਲ੍ਹਾ ਤਰਨ ਤਾਰਨ) ਦਾ ਵਸਨੀਕ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਉਨ੍ਹਾ ਨੂੰ ਸਮਰਪਿਤ ਹੋ ਗਿਆ। ਗੁਰੂ ਜੀ ਦੇ ਫ਼ੌਤ ਹੋਣ ਤੋਂ ਬਾਅਦ ਉਹ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਹਰ ਲੜਾਈ ਦਾ ਹਿੱਸਾ ਬਣਿਆ ਤੇ 1716 ਈਸਵੀ ਵਿਚ ਸ਼ਹੀਦ ਹੋ ਗਿਆ। ਹਰਦਾਸ ਸਿੰਘ ਦੇ ਪੁੱਤਰ ਗਿਆਨੀ ਭਗਵਾਨ ਸਿੰਘ ਉੱਤੇ ਇਕ ਤਾਂ ਆਪਣੇ ਪੰਜ ਬੇਟਿਆਂ ਦੀ ਪਰਵਰਿਸ਼ ਦਾ ਬੋਝ ਸੀ, ਦੂਜੇ ਪਾਸੇ ਲਾਹੌਰ ਦੇ ਸੂਬੇਦਾਰ ਦੀਆਂ ਸਖ਼ਤਾਈਆਂ ਤੋਂ ਬਚਦਾ ਇੱਧਰ-ਉੱਧਰ ਹੁੰਦਾ ਰਿਹਾ। ਆਖ਼ਰ ਕਿਨਾਰਾਕਸ਼ੀ ਕਰਦਿਆਂ ਸੁਰਸਿੰਘ ਤੋਂ ਪਰਵਾਸ ਲੈ ਕੇ ਇਛੋਗਿੱਲ ਆ ਡੇਰੇ ਲਾਏ, ਪਰੰਤੂ ਸਿੱਖੀ ਪਿਛੋਕੜ ਨੇ ਗਿਆਨੀ ਭਗਵਾਨ ਸਿੰਘ ਨੂੰ ਆਪਣੇ ਬੱਚੇ ਦਾਦੇ ਦੇ ਰਾਹ ਤੋਰਨ ਲਈ ਪ੍ਰੇਰਿਤ ਕੀਤਾ। ਗੁਰਦਿਆਲ ਸਿੰਘ ਤੋਂ ਜੱਸਾ ਸਿੰਘ ਨੂੰ ਅੰਮ੍ਰਿਤਧਾਰੀ ਬਣਾਇਆ।

1738 ਨੂੰ ਨਾਦਰ ਸ਼ਾਹ ਨੇ ਪੰਜਾਬ ਉੱਤੇ ਹਮਲਾ ਕੀਤਾ ਤਾਂ ਜ਼ਕਰੀਆ ਖਾਂ ਦੀ ਸਹਾਇਤਾ ਕਰਨ ਲਈ ਸਿੱਖ ਨੇਤਾਵਾਂ ਨੇ ਫਿਰਾਖ਼ਦਿਲੀ ਵਿਖਾਈ। ਹੋਰਨਾਂ ਸਿੰਘਾਂ ਵਾਂਗ ਗਿਆਨੀ ਭਗਵਾਨ ਸਿੰਘ ਤੇ ਜੇਠੇ ਪੁੱਤ ਜੱਸਾ ਸਿੰਘ ਵੀ ਇਨ੍ਹਾਂ ਵਿਚ ਸ਼ਾਮਲ ਹੋ ਗਏ। ਵਜ਼ੀਰਾਬਾਦ (ਗੁਜਰਾਂਵਾਲਾ) ਵਿਖੇ ਦੋਵਾਂ ਪਿਉ-ਪੁੱਤਰਾਂ ਨੇ ਬੇਨਜ਼ੀਰ ਬੀਰਤਾ ਵਿਖਾਈ, ਜਿਸ ਦਾ ਜ਼ਕਰੀਆ ਖਾਂ 'ਤੇ ਚੰਗਾ ਪ੍ਰਭਾਵ ਪਿਆ। ਭਗਵਾਨ ਸਿੰਘ ਸ਼ਹਾਦਤ ਦਾ ਜਾਮ ਪੀ ਗਿਆ। ਜੱਸਾ ਸਿੰਘ ਨੂੰ ਇਨਾਮ ਵਜੋਂ ਕਈ ਪਿੰਡਾਂ ਦੀਆਂ ਜਗੀਰਾਂ ਦਿੱਤੀਆਂ ਗਈਆਂ। ਭਰਾ ਇਨ੍ਹਾਂ ਜਗੀਰਾਂ ਨੂੰ ਸੰਭਾਲਦੇ ਰਹੇ ਤੇ ਪਿੰਡਾਂ ਦੀ ਰਾਖੀ ਕਰਦੇ ਰਹੇ।

ਜ਼ਕਰੀਆ ਖਾਂ 1745 ਈਸਵੀ 'ਚ ਚਲਾਣਾ ਕਰ ਜਾਂਦਾ ਹੈ। ਮੁਗ਼ਲ ਉੱਤਰਾਧਿਕਾਰੀਆਂ ਵਿਚ ਜਿਸ ਤਰ੍ਹਾਂ ਰਾਜ-ਗੱਦੀ ਲਈ ਘਰੇਲੂ ਯੁੱਧਾਂ ਦਾ ਸਿਲਸਿਲਾ ਚਲਦਾ ਰਿਹਾ ਹੈ, ਇਉਂ ਹੀ ਸ਼ਾਹਨਵਾਜ਼ ਤੇ ਯਹੀਆ ਖਾਂ ਨੇ ਪੰਜਾਬ ਦੇ ਹਾਕਮ ਬਣਨ ਲਈ ਇਕ-ਦੂਜੇ ਵੱਲ ਤਲਵਾਰਾਂ ਖਿੱਚ ਲਈਆਂ। ਨਾਦਰ ਸ਼ਾਹ ਨੂੰ ਹਾਰ ਦੇਣ ਤੋਂ ਬਾਅਦ ਜ਼ਕਰੀਆ ਖਾਂ ਤੇ ਯਹੀਆ ਖਾਂ ਪਿਉ-ਪੁੱਤ ਖੁਸ਼ ਸਨ ਤੇ ਉਨ੍ਹਾਂ ਸਿੱਖਾਂ ਨੂੰ ਫਿਰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਪਰ ਪਿਉ ਦੀ ਵਫ਼ਾਤ ਪਿਛੋਂ ਦੋਵੇਂ ਭਰਾ ਰਾਜ-ਸੱਤਾ ਲਈ ਹੁਣ ਖ਼ੁਦ ਗੁੱਥਮ-ਗੁੱਥਾ ਸਨ। ਇਸ ਮੌਕੇ ਦਾ ਸਦ-ਉਪਯੋਗ ਕਰਦੇ ਹੋਇਆਂ ਸਿੱਖਾਂ ਨੇ ਆਪਣੀ ਤਾਕਤ ਵਧਾਉਣੀ ਸ਼ੁਰੂ ਕੀਤੀ। ਸਾਹਸ ਤੇ ਸ਼ਕਤੀ ਦਾ ਮੁਜੱਸਮਾ ਜੱਸਾ ਸਿੰਘ ਝੱਟ ਨੰਦ ਸਿੰਘ ਸਿੰਘਾਣੀਏ ਰਾਹੀਂ ਦਲ ਖ਼ਾਲਸਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਕਥਿਤ ਮਾਹੌਲ ਵਿੱਚੋਂ ਪ੍ਰਾਪਤ ਹੋਈ ਜਥੇਬੰਦਕ ਤਾਕਤ ਤੋਂ ਉਤਸ਼ਾਹਤ ਹੋ ਕੇ ਸਿੱਖ ਆਗੂਆਂ ਨੇ ਆਨੰਦਪੁਰ ਸਾਹਿਬ ਦਾ ਹੋਲਾ ਮੁਹੱਲਾ ਤੇ ਅੰਮ੍ਰਿਤਸਰ ਸਾਹਿਬ ਦੀ ਵਿਸਾਖੀ ਦੇ ਤਿਉਹਾਰ ਖ਼ੂਬ ਮਨਾਏ। ਆਤਮ-ਸੁਰੱਖਿਆ ਲਈ ਸ਼ਹਿਰਾਂ 'ਚ ਕਿਲ੍ਹਿਆਂ ਦੀ ਤਾਮੀਰਦਾਰੀ ਦਾ ਫੈਸਲਾ ਲਿਆ ਗਿਆ। ਪਲੇਠੇ ਕਿਲ੍ਹੇ ਦੇ ਸਥਾਨ ਬਾਰੇ ਵਾਦ-ਵਿਵਾਦ ਉੱਠਿਆ, ਪਰ ਸੁੱਖਾ ਸਿੰਘ ਮਾੜੀ ਕੰਬੋਕੇ ਦੀ ਦਖ਼ਲਅੰਦਾਜ਼ੀ ਨਾਲ ਸਿੱਖੀ ਦੇ ਗੜ੍ਹ ਅੰਮ੍ਰਿਤਸਰ ਵਿਖੇ ਹੀ ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋਇਆ। ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ ਕਿਲ੍ਹੇ ਦਾ ਨਾਂਅ ਰਾਮ ਰੌਣੀ ਰੱਖਿਆ ਗਿਆ। ਕਿਲ੍ਹੇ ਦੀ ਉਸਾਰੀ ਲਈ ਤਰਖਾਣ ਬਰਾਬਰੀ ਨੂੰ ਸੇਵਾ ਸੌਂਪੀ ਗਈ। ਸੁੱਖਾ ਸਿੰਘ ਮਾੜੀ ਕੰਬੋਕੇ ਖ਼ੁਦ ਤਰਖਾਣ ਸੀ, ਜੋ 1752 'ਚ ਅਹਿਮਦ ਸ਼ਾਹ ਅਬਦਾਲੀ ਨਾਲ ਲੜਦਾ ਸ਼ਹੀਦ ਹੋ ਗਿਆ ਸੀ।

ਵਾਸਤਵ ਵਿਚ, ਨਾਦਰ ਸ਼ਾਹ ਤੋਂ ਮਗਰੋਂ ਜਦੋਂ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਥਾਨ ਦਾ ਬਾਦਸ਼ਾਹ ਬਣਦਾ ਹੈ ਤਾਂ ਉਹ ਮਾਰਚ 1748 ਵਿਚ ਪੰਜਾਬ ਉਤੇ ਪਹਿਲੀ ਵਾਰ ਧਾਵਾ ਬੋਲਦਾ ਹੈ। ਉਸ ਨੂੰ ਦਿੱਲੀ ਦੇ ਵਜ਼ੀਰ ਕਮਰ-ਉਦ-ਦੀਨ ਤੇ ਪੁੱਤਰ ਮੁਈਨ-ਉਲ-ਮੁਲਕ ਨੇ ਚੰਗੀ ਟੱਕਰ ਦਿੱਤੀ ਅਤੇ ਮਨੂੰਪੁਰ ਦੇ ਸਥਾਨ 'ਤੇ ਹਰਾ ਦਿੱਤਾ, ਪਰ ਵਜ਼ੀਰ ਕਮਰ-ਉਦ-ਦੀਨ ਸ਼ਹੀਦ ਹੋ ਗਿਆ। 'ਮਨੂੰਪੁਰ ਦਾ ਯੋਧਾ' ਤੇ 'ਮੀਰ ਮਨੂੰ' ਦੇ ਨਾਂਅ ਨਾਲ ਮਸ਼ਹੂਰ ਹੋਏ ਮੁਈਨ-ਉਲ-ਮੁਲਕ ਨੂੰ ਤਤਕਾਲੀ ਬਾਦਸ਼ਾਹ ਬਹਾਦਰ ਸ਼ਾਹ ਨੇ ਪੰਜਾਬ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਅਹਿਮਦ ਸ਼ਾਹ ਅਬਦਾਲੀ ਨੂੰ ਭਜਾਉਣ ਵਿਚ ਜੱਸਾ ਸਿੰਘ ਦੀ ਸੂਰਬੀਰਤਾ ਤੇ ਯੁੱਧ-ਕਲਾ ਦੀ ਮੁਹਾਰਤ ਦਾ ਵੀ ਵੱਡਾ ਯੋਗਦਾਨ ਸੀ, ਜਿਸ ਕਰਕੇ ਉਸ ਨੇ ਦਲ-ਖਾਲਸਾ ਵਿਚ ਮਾਣਯੋਗ ਪੈਰ-ਧਰਾਈ ਕਰ ਲਈ ਸੀ।

ਇਸ ਵੇਲੇ ਕੇਂਦਰੀ ਪੰਜਾਬ 'ਚ ਸਿੱਖਾਂ ਦਾ ਬੋਲਬਾਲਾ ਨਿਰੰਤਰ ਚੰਗੀ ਰਫ਼ਤਾਰ ਫੜ ਰਿਹਾ ਸੀ। ਰਾਮ ਰੌਣੀ ਦੀ ਕੱਚੀ ਉਸਾਰੀ ਤੋਂ ਬਾਅਦ ਸਿੱਖ ਜਰਨੈਲ ਰਾਜਨੀਤਕ ਖੇਤਰ ਵਿਚ ਵੀ ਸਰਗਰਮ ਹੋ ਗਏ ਸਨ। ਇਸ ਸਰਗਰਮੀ ਨੇ ਮੁਈਨ-ਉਲ-



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਲਾਲ ਕਿਲ੍ਹੇ ਤੋਂ ਦਿੱਲੀ ਦੇ ਤਖ਼ਤ-ਏ-ਤਾਊਸ ਦੀ ਸਿੱਲ੍ਹ ਤੇ 40 ਥੰਮ੍ਹ ਪੁੱਟ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਾਂਦੇ ਹੋਏ।

ਮੁਲਕ ਉਰਫ਼ ਮੀਰ ਮਨੂੰ ਨੂੰ ਚਿੰਤਤ ਕਰ ਦਿੱਤਾ। ਸਿੱਖਾਂ ਦੀ ਉਸ ਜਥੇਬੰਦਕ ਸ਼ਕਤੀ ਨੇ ਉਸ ਨੂੰ ਭੈਭੀਤ ਕੀਤਾ। ਮੁਗ਼ਲ ਰਾਜ ਦੀ ਸਥਾਪਤੀ ਨੂੰ ਇਹ ਵਿਚ ਵੰਗਾਰ ਸੀ। ਉਸ ਨੇ ਜ਼ਕਰੀਆ ਖਾਂ ਤੇ ਯਹੀਆ ਖਾਂ ਵਾਲੇ ਜ਼ਾਲਮਾਨਾ ਤੌਰ-ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ :

ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਇ,
ਜਿਉਂ-ਜਿਉਂ ਮਨੂੰ ਵੱਢਦਾ, ਅਸੀਂ ਦੂਨ ਸਵਾਇ ਹੋਇ।

ਇਹ ਲੋਕ-ਕਾਵਿ ਸਤਰਾਂ ਮਨੂੰ ਦੇ ਜ਼ੁਲਮਾਂ ਅਤੇ ਸਿੱਖਾਂ ਦੇ ਦ੍ਰਿੜ੍ਹ ਇਰਾਦਿਆਂ ਦੀ ਸ਼ਾਹਦੀ ਭਰਦੀਆਂ ਹਨ। ਸਿੱਖ ਘੁਲਾਟੀਏ ਘਰ-ਬਾਰ ਛੱਡ ਕੇ ਪਹਾੜਾਂ-ਜੰਗਲਾਂ 'ਚ ਰੂਪੋਸ਼ ਹੋ ਗਏ। ਘੋੜਿਆਂ ਦੀਆਂ ਪਿੱਠਾਂ ਦੀਆਂ ਕਾਠੀਆਂ ਉਤੇ ਨੀਂਦ ਪੂਰੀ ਕਰਨ ਲੱਗ ਪਏ। ਆਤਮ-ਰੱਖਿਆ ਕਰਦੇ ਸਿੱਖ-ਯੋਧੇ ਭਾਰੀ ਗਿਣਤੀ ਵਿਚ ਜਲੰਧਰ-ਦੁਆਬੇ ਵੱਲ ਹਿਜਰਤ ਕਰ ਗਏ। ਇੱਥੋਂ ਦੇ ਤਤਕਾਲੀ ਫੌਜਦਾਰ ਅਦੀਨਾ ਬੇਗ ਨੂੰ ਸਿੱਖਾਂ ਦੇ ਨੇਸਤੋਨਾਬੂਦ ਕਰਨ ਦੇ ਫ਼ੁਰਮਾਨ ਜਾਰੀ ਹੋਏ, ਪਰੰਤੂ ਅਦੀਨਾ ਬੇਗ ਸਿੱਖਾਂ ਨੂੰ ਕਮਜ਼ੋਰ ਕਰਕੇ ਲਾਹੌਰ ਦੇ ਸੂਬੇਦਾਰ ਮੀਰ ਮਨੂੰ ਨੂੰ ਤਕੜਾ ਨਾ ਕਰਨ ਦੀ ਆਪਣੀ ਰਾਜਨੀਤਕ ਚਾਲ ਵਿਚ ਸੀ। ਇਸ ਮਕਸਦ ਨਾਲ ਉਸ ਨੇ ਸਿੱਖ ਲੀਡਰਸ਼ਿਪ ਕੋਲ ਆਪਣੇ ਹਰਕਾਰੇ ਭੇਜੇ। ਪ੍ਰਮੁੱਖ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਅਦੀਨਾ ਬੇਗ ਦੀ ਇਸ ਤਜਵੀਜ਼ ਨਾਲ ਮੁਤਫ਼ਿਕ ਨਾ ਹੋਇਆ। ਜੱਸਾ ਸਿੰਘ ਇਛੋਗਿੱਲੀਆ ਮੁਗ਼ਲ ਜਰਨੈਲਾਂ ਨਾਲ ਅਜਿਹੀ ਲੈਣ-ਦੇਣ ਵਾਲੀ ਰਾਜਨੀਤੀ ਤੋਂ ਪਹਿਲਾਂ ਹੀ ਜਾਣੂ ਸੀ, ਜਿਸ ਕਰਕੇ ਉਸ ਨੇ ਅਦੀਨਾ ਬੇਗ ਦੀ ਤਜਵੀਜ਼ ਨੂੰ ਸਹਿਮਤੀ ਦੇ ਦਿੱਤੀ। ਅਦੀਨਾ ਬੇਗ ਨੌਰੰਗਾਬਾਦ ਦੀ ਲੜਾਈ ਸਮੇਂ ਜੱਸਾ ਸਿੰਘ ਦੀ ਬੀਰਤਾ ਵੇਖ ਚੁੱਕਾ ਸੀ ਤੇ ਉਸ ਦੀ ਯੁੱਧ-ਕਲਾ ਤੋਂ ਮੁਤਾਸਰ ਵੀ ਸੀ। 'ਮੈਂ ਖ਼ਿਆਲ ਹੂੰ ਕਿਸੀ ਔਰ ਕਾ, ਮੁਝੇ ਸੋਚਤਾ ਕੋਈ ਔਰ ਹੈ' ਮੁਤਾਬਕ ਅਦੀਨਾ ਬੇਗ ਆਪਣੀ ਗਰਜ਼ ਲਈ ਜੱਸਾ ਸਿੰਘ ਦਾ ਸਾਥ ਲੋਚਦਾ ਸੀ, ਪਰ ਜੱਸਾ ਸਿੰਘ ਦੇ ਖਿਆਲ ਵਿਚ ਖਾਲਸਾ ਪੰਥ ਦੀ ਬੁਲੰਦੀ ਸੀ। ਉਹ ਅਦੀਨਾ ਬੇਗ ਦੀ ਫੌਜ ਵਿਚ ਰਹਿ ਕੇ ਮੁਗ਼ਲਾਂ ਦੇ ਇਰਾਦਿਆਂ, ਮਨਸੂਬਿਆਂ ਤੇ ਫੌਜੀ ਰਣਨੀਤੀ ਤੋਂ ਨੇੜਿਓਂ ਵਾਕਿਫ਼ ਹੋਣਾ ਚਾਹੁੰਦਾ ਸੀ।

ਦਰਅਸਲ, ਝੰਗ ਜ਼ਿਲ੍ਹੇ ਦਾ ਦੀਵਾਨ ਕੌੜਾ ਮੱਲ ਇਸ ਫੈਸਲੇ ਲਈ ਜੱਸਾ ਸਿੰਘ ਦਾ ਰੋਲ ਮਾਡਲ ਸੀ। ਉਹ ਗੁਰੂ ਨਾਨਕ ਦੇਵ ਜੀ ਦਾ ਨਾਮ-ਲੇਵਾ ਸੀ। ਉਸ ਨੇ ਜ਼ਕਰੀਆ ਖਾਂ ਸਮੇਂ ਲਾਹੌਰ ਆ ਕੇ ਉਸ ਦੀ ਮੁਲਾਜ਼ਮਤ ਕੀਤੀ ਤੇ ਮੀਰ ਮਨੂੰ ਨੇ ਉਸ ਦੀ ਲਿਆਕਤ ਨੂੰ ਤਸਲੀਮ ਕਰਦਿਆਂ ਆਖ਼ਰ ਨਾਇਬ ਸੂਬੇਦਾਰ ਵੀ ਬਣਾਇਆ। ਥੋੜ੍ਹੇ ਸਮੇਂ ਉਸ ਨੇ ਸਿੱਖ ਲੀਡਰਾਂ ਤੇ ਮੁਗ਼ਲ ਬਾਦਸ਼ਾਹ ਵਿਚਕਾਰ ਕਈ ਵਾਰ ਸਾਲਸ ਹੋਣ ਦੀ ਭੂਮਿਕਾ ਨਿਭਾਈ ਸੀ। ਰਾਮ ਰੌਣੀ ਦੀ ਪਹਿਲੀ ਘੇਰਾਬੰਦੀ ਸਮੇਂ ਉਸ ਨੇ ਅਜਿਹਾ ਰੋਲ ਅਦਾ ਕੀਤਾ ਕਿ ਘੇਰਾਬੰਦੀ ਹਟਾਉਣ ਦੇ ਨਾਲ ਕਿਲ੍ਹੇ ਦੇ ਨਾਂਅ ਜਾਗੀਰ ਲਗਾਉਣ ਲਈ ਵੀ ਮੀਰ ਮਨੂੰ ਨੂੰ ਮਨਾਇਆ। ਜਿਸ ਕਰਕੇ ਦੀਵਾਨ ਦਾ ਨਾਂਅ ਸਿੱਖਾਂ ਨੇ 'ਮਿੱਠਾ ਮੱਲ' ਰੱਖ ਦਿੱਤਾ।

'ਖਾਲਸਾ ਰਾਜ ਦੇ ਉਸਰਈਏ' ਦੇ ਲੇਖਕ ਬਾਬਾ ਪ੍ਰੇਮ ਸਿੰਘ ਹੋਤੀ ਦਾ ਮੱਤ ਹੈ ਕਿ ਜੱਸਾ ਸਿੰਘ ਦਲ ਖਾਲਸਾ ਦੀ ਸਹਿਮਤੀ ਨਾਲ ਅਦੀਨਾ ਬੇਗ ਦੀ ਫੌਜ ਦਾ ਸਾਥੀ ਬਣਿਆ ਸੀ। ਉਸ ਦੀਆਂ ਫੌਜੀ ਸੇਵਾਵਾਂ ਬਦਲੇ ਉਸ ਨੂੰ ਤਤਕਾਲੀ ਕਾਨੂੰਨ ਮੁਤਾਬਕ ਜਗੀਰ ਵੀ ਦਿੱਤੀ ਗਈ, ਪਰ ਅਦੀਨਾ ਬੇਗ ਕੁਝ ਅਰਸਾ ਹੀ ਮੀਰ ਮਨੂੰ ਤੇ ਸਿੱਖਾਂ ਵਿਚ ਬਰਾਬਰ ਦਾ ਸਮਤੋਲ ਬਣਾ ਕੇ ਰੱਖ ਸਕਿਆ। ਅਖ਼ੀਰ ਵਿਚ ਮੀਰ ਮਨੂੰ ਦੇ ਸਖ਼ਤ ਹੁਕਮਾਂ ਉੱਤੇ ਅਦੀਨਾ ਬੇਗ ਵੀ ਸਿੱਖਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਮਜਬੂਰ ਹੋ ਗਿਆ। ਸਿੱਟੇ ਵਜੋਂ, ਸਰਕਰਦਾ ਸਿੱਖ ਆਗੂ ਜਲੰਧਰ ਦੁਆਬ ਨੂੰ ਛੱਡ ਕੇ ਰਾਮ ਰੌਣੀ ਦੀ ਸੁਰੱਖਿਆ ਲਈ ਅੰਮ੍ਰਿਤਸਰ ਪਹੁੰਚ ਗਏ। ਕਿਲ੍ਹੇ ਅੰਦਰ ਹੀ ਆਪਣੀ ਮੋਰਚਾਬੰਦੀ ਕਰ ਲਈ। ਬਾਹਰੋਂ ਸਹਾਇਤਾ ਵੀ ਮੁਹੱਈਆ ਹੁੰਦੀ ਰਹੀ। ਸਿੰਘ-ਸੰਘਰਸ਼ ਖਤਮ ਕਰਨ ਲਈ ਮੀਰ ਮਨੂੰ ਨੇ ਲਾਹੌਰੋਂ ਗਸ਼ਤੀ ਫੌਜ ਭੇਜੀ ਤੇ ਅਦੀਨਾ ਬੇਗ ਨੂੰ ਫੌਜੀ ਦਸਤੇ ਦੇਣ ਦੇ ਫ਼ੁਰਮਾਨ ਜਾਰੀ ਕੀਤੇ। ਜਿਹੜੇ ਦਸਤੇ ਅਦੀਨਾ ਬੇਗ ਨੇ ਤੋਰੇ, ਉਨ੍ਹਾਂ ਵਿਚ ਜੱਸਾ ਸਿੰਘ ਦੇ ਜਵਾਨ ਵੀ ਮੌਜੂਦ ਸਨ। ਇਸ ਸਾਰੀ ਸਾਂਝੀ ਫੌਜ ਨੇ ਰਾਮ ਰੌਣੀ ਘੇਰ ਲਈ। ਰਾਸ਼ਨ-ਪਾਣੀ ਮੁੱਕ ਗਿਆ। ਸਿੱਖ ਲੜਾਕੇ ਅੰਦਰ ਹੀ ਭੁੱਖੇ-ਭਾਣੇ ਸ਼ਹੀਦ ਹੋਣ ਲੱਗੇ। ਜੱਸਾ ਸਿੰਘ ਇਛੋਗਿੱਲੀਆ ਨੇ ਮੌਕਾ ਸੰਭਾਲਿਆ ਤੇ ਸਿੱਖ ਭਾਈਆਂ ਦੀ ਇਮਦਾਦ ਦਾ ਰੂਹਾਨੀ ਖ਼ਿਆਲ ਆਇਆ। ਖਾਲਸਾ ਪੰਥ ਤੋਂ ਲੰਮੇ ਸਮੇਂ ਦੀ ਦੂਰੀ ਇਸ ਇਮਦਾਦ ਲਈ ਅੜਿੱਕਾ ਬਣ ਰਹੀ ਸੀ। 'ਤਾਰੀਖ਼-ਏ-ਸਿੱਖਾਂ' ਦਾ ਲੇਖਕ ਮੁਨਸ਼ੀ ਖ਼ੁਸ਼ਵਕਤ ਰਾਏ ਲਿਖਦਾ ਹੈ ਕਿ ਰਾਮ ਰੌਣੀ ਦਾ ਘੇਰਾ ਚਾਰ ਮਹੀਨੇ (ਅਕਤੂਬਰ 1748 - ਜਨਵਰੀ 1749) ਪਿਆ ਰਿਹਾ। ਹਰ ਰੋਜ਼ ਝੜਪਾਂ ਵੀ ਹੁੰਦੀਆਂ ਸਨ। ਇਸ ਮੁੱਠਭੇੜ ਵਿਚ 200 ਸਿੱਖ ਸ਼ਹੀਦ ਹੋ ਗਏ। ਬਾਕੀ ਰਹਿੰਦਿਆਂ ਨੇ ਜੱਸਾ ਸਿੰਘ ਨੂੰ ਚਿੱਠੀ ਭੇਜੀ, 'ਇਸ ਭੀੜ ਵੇਲੇ ਮੁਗ਼ਲਾਂ ਦਾ ਪੱਖ ਲੈ ਕੇ ਤੂੰ ਹੀ ਸਾਡੀ ਤਬਾਹੀ ਦਾ ਸਾਮਾਨ ਬਣ ਰਿਹਾ ਹੈਂ, ਜੇਕਰ ਹੁਣ ਵੀ ਤੂੰ ਸਾਡੀ ਬਾਤ ਨਾ ਪੁੱਛੀ ਤਾਂ ਤੂੰ ਕਦੇ ਵੀ ਸਿੱਖ ਪੰਥ ਵਿਚ ਸ਼ਾਮਲ ਨਹੀਂ ਹੋ ਸਕੇਂਗਾ।'

ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਕਹਿੰਦਾ ਹੈ, 'ਜੱਸਾ ਸਿੰਘ ਨੇ ਆਪ ਵੀ ਸਮੇਂ ਦੀ ਲੋੜ ਨੂੰ ਅਨੁਭਵ ਕੀਤਾ ਤਾਂ ਇਸ ਦੇ ਸਿੱਖੀ ਖ਼ੂਨ ਨੇ ਜੋਸ਼ ਮਾਰਿਆ, ਪਰੰਤੂ ਜੱਸਾ ਸਿੰਘ ਆਹਲੂਵਾਲੀਆ ਦੇ ਅਗਵਾਈ ਵਾਲੇ ਦਲ ਖਾਲਸਾ ਨੇ ਅਦੀਨਾ ਬੇਗ ਦੀਆਂ ਫੌਜਾਂ ਵਿਚ ਰਲਣ ਕਰਕੇ ਜੱਸਾ ਸਿੰਘ ਇਛੋਗਿੱਲੀਆ ਨੂੰ ਦਲ ਵਿਚੋਂ ਛੇਕ ਦਿੱਤਾ ਸੀ। ਇਸ ਲਈ ਉਹ ਕਿਲ੍ਹੇ ਵਿਚ ਪ੍ਰਵੇਸ਼ ਕਰਨ ਦੀ ਅਵੱਗਿਆ ਨਹੀਂ ਸੀ ਕਰ ਸਕਦਾ। ਅੰਤ ਉਸ ਨੇ ਇਕ ਚਿੱਠੀ ਆਪਣੇ ਤੀਰ ਨਾਲ ਬੰਨ੍ਹ ਕੇ ਕਿਲ੍ਹੇ ਵਿਚ ਘੱਲੀ, ਜਿਸ ਵਿਚ ਉਸ ਨੇ ਕਿਲ੍ਹੇ ਵਿਚ ਘਿਰੇ ਆਪਣੇ ਸਿੱਖ ਭਰਾਵਾਂ ਦੀ ਮਦਦ ਕਰਨ ਦੀ ਬੜੀ ਤੀਬਰ ਇੱਛਾ ਜ਼ਾਹਿਰ ਕੀਤੀ। ਅੰਦਰ ਘਿਰੇ ਹੋਏ ਸਿੱਖ ਜੁਝਾਰੂਆਂ ਨੇ ਵੀ ਉਸ ਨੂੰ ਇਸੇ ਤਰ੍ਹਾਂ ਪਿਆਰ ਭਰੇ ਸ਼ਬਦਾਂ ਵਿਚ ਮੋੜਵਾਂ ਉੱਤਰ ਦਿੱਤਾ ਅਤੇ ਇਹ ਵੀ ਲਿਖਿਆ ਸੀ ਕਿ ਇਸ ਨਾਜ਼ੁਕ ਸਮੇਂ ਸਾਰੇ ਮੱਤਭੇਦ ਭੁਲਾ ਕੇ ਇੱਕਮੁੱਠਤਾ ਨਾਲ ਦੁਸ਼ਮਣਾਂ ਦਾ ਟਾਕਰਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦਾ ਨਿੱਘਾ ਹੁੰਗਾਰਾ ਮਿਲਣ ਉੱਤੇ ਜੱਸਾ ਸਿੰਘ ਨੇ ਇਕ ਰਾਤ ਮੌਕਾ ਤਾੜ ਕੇ ਅਦੀਨਾ ਬੇਗ ਦੀਆਂ ਫੌਜਾਂ 'ਚੋਂ ਨਿਕਲ ਕੇ ਕਿਲ੍ਹੇ ਵਿਚ ਜਾ ਭਰਾਵਾਂ ਨੂੰ ਗਲਵੱਕੜੀਆਂ ਪਾਈਆਂ। ਹਾਰਦਿਕ ਖ਼ੈਰ-ਮਕਦਮ ਹੋਇਆ।'

ਕਿਲ੍ਹੇ ਅੰਦਰ ਵੜਦਿਆਂ ਹੀ ਜੱਸਾ ਸਿੰਘ ਨੇ ਕਮਾਨ ਸੰਭਾਲ ਲਈ। ਮੁਗ਼ਲ ਫੌਜਾਂ ਦੀ ਜਿਵੇਂ ਕੰਡ ਟੁੱਟ ਗਈ ਹੋਵੇ। ਜੱਸਾ ਸਿੰਘ ਨੇ ਆਪਣੀ ਰਾਜਨੀਤਕ ਸੂਝ-ਬੂਝ ਮੁਤਾਬਕ ਕਿਲ੍ਹੇ ਦੇ ਘੇਰੇ ਦੀ ਔਕੜ ਦੇ ਹੱਲ ਲਈ ਆਪਣਾ ਅਸਰ-ਰਸੂਖ਼ ਵਰਤਣਾ ਸ਼ੁਰੂ ਕੀਤਾ। ਦੀਵਾਨ ਕੌੜਾ ਮੱਲ ਕੋਲ ਸੁਨੇਹੇ ਭੇਜ ਕੇ ਮੀਰ ਮਨੂੰ ਤੱਕ ਘੇਰਾਬੰਦੀ ਚੁੱਕਣ ਲਈ ਪਹੁੰਚ ਕਰਨ ਦੀ ਬੇਨਤੀ ਕੀਤੀ। ਦੀਵਾਨ ਨੇ ਮੀਰ ਮਨੂੰ ਨੂੰ ਸਮਝਾਇਆ ਕਿ ਇਕ ਪਾਸੇ ਮੁਲਤਾਨ ਦੇ ਬਾਗ਼ੀ ਜਰਨੈਲ ਸ਼ਾਹ ਨਵਾਜ਼ ਖਾਂ ਦੀ ਪ੍ਰਸ਼ਾਸਨਿਕ ਸਮੱਸਿਆ ਹੈ ਤੇ ਦੂਜੇ ਪਾਸੇ ਅਬਦਾਲੀ ਦੇ ਪੁਨਰ ਹਮਲੇ ਦਾ ਖ਼ਤਰਾ ਸਿਰ 'ਤੇ ਮੰਡਰਾ ਰਿਹਾ ਹੈ। ਦੋਵੇਂ ਦੁਸ਼ਮਣਾਂ ਵਿਰੁੱਧ ਸਿੱਖਾਂ ਤੋਂ ਸਹਾਇਤਾ ਲੈਣੀ ਰਾਜਨੀਤਕ ਸਿਆਣਪ ਹੈ। ਸਿੱਟੇ ਵਜੋਂ ਘੇਰਾ ਚੁੱਕ ਲਿਆ ਗਿਆ। ਜੱਸਾ ਸਿੰਘ ਦੀ ਇਸ ਨੀਤੀ ਨਾਲ ਸਿਰਫ਼ ਕਿਲ੍ਹਾ ਹੀ ਨਹੀਂ ਬਚਿਆ, ਸਗੋਂ ਸਿੱਖਾਂ ਨੂੰ ਪੱਟੀ ਦੀ ਜਗੀਰ ਦਾ ਚੌਥਾ ਹਿੱਸਾ ਵੀ ਦਿੱਤਾ ਗਿਆ। ਜਿਸ ਕਰਕੇ ਰਾਮ ਰੌਣੀ ਦਾ ਪੱਕੀਆਂ ਇੱਟਾਂ ਨਾਲ ਨਿਰਮਾਣ ਕੀਤਾ ਗਿਆ।

ਜੱਸਾ ਸਿੰਘ ਦੀ ਪੰਥਕ ਸ਼ਰਧਾ ਤੇ ਸੇਵਾ ਦੇ ਮੱਦੇਨਜ਼ਰ ਉਸ ਦੀ ਦਲ ਖਾਲਸਾ ਵਿਚ ਸ਼ਾਨੋ-ਸ਼ੌਕਤ ਨਾਲ ਬਹਾਲੀ ਕੀਤੀ ਗਈ। ਰਾਮ ਰੌਣੀ ਦਾ ਨਾਂਅ ਰਾਮਗੜ੍ਹ ਰੱਖ ਕੇ ਜੱਸਾ ਸਿੰਘ ਨੂੰ ਉਸ ਦਾ ਕਿਲ੍ਹੇਦਾਰ ਬਣਾਇਆ ਤੇ 'ਰਾਮਗੜ੍ਹੀਆ' ਪਦਵੀ ਨਾਲ ਨਿਵਾਜਿਆ ਗਿਆ। ਗਿਆਨੀ ਗਿਆਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ। ਬਾਰਾਂ ਮਿਸਲਾਂ 'ਚੋਂ ਰਾਮਗੜ੍ਹੀਆ ਮਿਸਲ 'ਸ਼ਕਤੀਮਾਨ' ਜੱਸਾ ਸਿੰਘ ਦੀ ਸ਼ਖ਼ਸੀਅਤ ਦਾ ਤਲਿਸਮ ਸੀ, ਜਿਸ ਕਰਕੇ ਠੋਕੇ/ਠੋਕਰ ਅਰਥਾਤ ਤਰਖਾਣ ਇੱਕ ਸਾਂਝੇ ਸਤਿਕਾਰਤ ਰਾਮਗੜ੍ਹੀਆ ਦੇ ਸੰਬੋਧਨ ਨਾਲ ਬੁਲਾਏ ਜਾਣ ਲੱਗੇ।


ਸੰਪਰਕ : 94171-78487

7-May-Sunday.qxd 5/6/2023 10:02 PM Page 5



# ਭਾਰਤ ਦੇਸ਼ ਵਿੱਚ ਭ੍ਰਿਸ਼ਟਾਚਾਰ ਦੇ ਰਿਕਾਰਡ ਵੀ ਟੁੱਟਦੇ ਫਿਰਦੇ ਹਨ ਤੇ ਆਸਾਂ ਦੇ ਕਿੰਗਰੇ ਵੀ

ਅੱਜ ਤੋਂ ਤੀਹ ਕੁ ਸਾਲ ਪਹਿਲਾਂ ਅਸੀਂ ਕਿਸੇ ਸੈਮੀਨਾਰ ਵਿੱਚ ਇਕੱਠੇ ਹੋਏ ਤਾਂ ਜਲੰਧਰ ਦਾ ਇੱਕ ਪੱਤਰਕਾਰ ਦੱਸ ਰਿਹਾ ਸੀ ਕਿ ਬੀ ਐੱਮ ਸੀ ਚੌਕ ਲਾਗੇ ਇੱਕ ਕੋਠੀ ਇੱਕ ਕਰੋੜ ਰੁਪਏ ਤੋਂ ਵੱਧ ਦੀ ਵਿਕ ਗਈ ਹੈ ਤੇ ਇਸ ਸ਼ਹਿਰ ਵਿੱਚ ਪਹਿਲੀ ਵਾਰ ਕੋਈ ਕੋਠੀ ਇੱਕ ਕਰੋੜ ਤੋਂ ਵੱਧ ਵਿਕਣ ਕਾਰਨ ਹਰ ਕੋਈ ਹੈਰਾਨ ਹੈ। ਅਸੀਂ ਕਿਹਾ ਸੀ ਕਿ ਇਹ ਤਾਂ ਹੱਦ ਹੈ, ਇਸ ਤੋਂ ਵੱਧ ਰੇਟ ਚੜ੍ਹਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇੱਕ ਹੋਰ ਪੱਤਰਕਾਰ ਨੇ ਗੱਲ ਕੱਟ ਕੇ ਕਿਹਾ ਸੀ ਕਿ ਇਹ ਵੀ ਕੋਈ ਆਖਰੀ ਹੱਦ ਨਹੀਂ, ਅਗਲੇ ਦਿਨਾਂ ਵਿੱਚ ਏਦੂੰ ਵੱਧ ਰੇਟ ਚੜ੍ਹਦੇ ਵੇਖ ਲਵੋਗੇ ਅਤੇ ਸ਼ਹਿਰੀ ਜਾਇਦਾਦਾਂ ਦੇ ਰੇਟ ਚੜ੍ਹਦੇ ਹੋਏ ਕਿੱਥੋਂ ਤੱਕ ਚਲੇ ਜਾਣਗੇ, ਇਸ ਬਾਰੇ ਕੋਈ ਸੋਚ ਵੀ ਨਹੀਂ ਸਕਦਾ। ਫਿਰ ਗੱਲ ਰਾਜਨੀਤੀ ਬਾਰੇ ਚੱਲਣ ਲੱਗੀ ਤਾਂ ਓਦੋਂ ਦੀ ਨਰਸਿਮਹਾ ਰਾਓ ਸਰਕਾਰ ਵਿੱਚ ਹੋਏ ਘਪਲਿਆਂ ਤੇ ਸ਼ੇਅਰ ਬਾਜ਼ਾਰ ਦੇ ਸਕੈਂਡਲਾਂ ਉੱਤੇ ਆ ਗਈ ਤੇ ਮੈਥੋਂ ਫਿਰ ਇਹ ਗੱਲ ਕਹੀ ਗਈ ਕਿ ਏਨੇ ਸਕੈਂਡਲ ਵੀ ਇੱਕ ਰਿਕਾਰਡ ਹਨ, ਇਨ੍ਹਾਂ ਨੂੰ ਅੱਗੋਂ ਕੋਈ ਸ਼ਾਇਦ ਤੋੜ ਨਹੀਂ ਸਕੇਗਾ। ਉਹ ਪਹਿਲਾ ਪੱਤਰਕਾਰ ਹੱਸ ਕੇ ਕਹਿਣ ਲੱਗਾ, ਤੁਸੀਂ ਥੋੜ੍ਹੀ ਦੇਰ ਪਹਿਲਾਂ ਜਾਇਦਾਦਾਂ ਬਾਰੇ ਸੁਣਿਆ ਸੀ, ਜਿਵੇਂ ਜਾਇਦਾਦਾਂ ਦੇ ਭਾਅ ਵਧਣ ਤੋਂ ਨਹੀਂ ਰੁਕਣੇ, ਓਦਾਂ ਰਾਜਨੀਤੀ ਦੇ ਸਕੈਂਡਲਾਂ ਦੀ ਕੋਈ ਹੱਦ ਮਿਥਣ ਵਾਲੀ ਗੱਲ ਵੀ ਕਦੀ ਨਹੀਂ ਹੋ ਸਕਦੀ। ਮੈਂ ਉਨ੍ਹਾਂ ਸਾਰਿਆਂ ਸਾਹਮਣੇ ਆਪਣੇ ਆਪ ਨੂੰ ਫਸਿਆ ਸਮਝਦਾ ਸਾਂ ਤੇ ਉਹ ਪੱਤਰਕਾਰੀ ਦੇ ਪਿੜ ਵਿੱਚ ਮੇਰੇ ਨਾਲੋਂ ਪਹਿਲਾਂ ਦੇ ਹੋਣ ਕਾਰਨ ਉਨ੍ਹਾਂ ਦੀ ਗੱਲ ਵਿੱਚ ਰਾਜਨੀਤੀ ਦਾ ਅਮਲੀ ਤਜਰਬਾ ਝਲਕਦਾ ਸੀ। ਅੱਜ ਤੀਹ ਸਾਲ ਲੰਘ ਜਾਣ ਪਿੱਛੋਂ ਜਲੰਧਰ ਸ਼ਹਿਰ ਵਿੱਚ ਇੱਕ ਕੋਠੀ ਨਹੀਂ, ਮਾਡਲ ਟਾਊਨ ਮਾਰਕੀਟ ਵਿੱਚ ਇੱਕ ਮਰਲਾ ਜਗ੍ਹਾ ਵੀ ਇੱਕ ਕਰੋੜ ਰੁਪਏ ਤੋਂ ਵੱਧ ਮੁੱਲ ਉੱਤੇ ਵਿਕ ਰਹੀ ਦੱਸੀ ਜਾਂਦੀ ਹੈ ਤੇ ਇਹੋ ਹਾਲ ਰਾਜਨੀਤੀ ਦੇ ਸਕੈਂਡਲਾਂ ਦਾ ਹੈ।

ਨਰਸਿਮਹਾ ਰਾਓ ਦੇ ਰਾਜ ਵਿੱਚ ਹੁੰਦੇ ਰਹੇ ਸਰਬਪੱਖੀ ਭ੍ਰਿਸ਼ਟਾਚਾਰ ਦੀ ਬਦਨਾਮੀ ਓਦੋਂ ਹੀ ਬੌਣੀ ਹੋ ਗਈ, ਜਦੋਂ ਬਹੁਤ ਈਮਾਨਦਾਰ ਗਿਣਿਆ ਜਾਂਦਾ ਡਾਕਟਰ ਮਨਮੋਹਨ ਸਿੰਘ ਸਿਆਸੀ ਘਟਨਾਵਾਂ ਦੇ ਵਾਵਰੋਲੇ ਵਿੱਚ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ ਸੀ। ਮਨਮੋਹਨ ਸਿੰਘ ਈਮਾਨਦਾਰ ਸੀ, ਈਮਾਨਦਾਰ ਉਹ ਅੱਜ ਵੀ ਕਿਹਾ ਜਾ ਸਕਦਾ ਹੈ, ਪਰ ਦੂਸਰਾ ਪੱਖ ਇਹ ਹੈ ਕਿ ਜਿਹੜੀਆਂ ਦੋ ਸਰਕਾਰਾਂ ਦੀ ਉਸ ਨੇ ਦਸ ਸਾਲ ਅਗਵਾਈ ਕੀਤੀ, ਭਾਰਤ ਦੇ ਓਦੋਂ ਤੀਕਰ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਭ੍ਰਿਸ਼ਟਾਚਾਰ ਦੇ ਵਹਿਣ ਵਾਲੀਆਂ ਸਾਬਤ ਹੋਈਆਂ ਸਨ। ਉਸੇ ਸਰਕਾਰ ਦੌਰਾਨ ਕਾਮਨਵੈੱਲਥ ਖੇਡਾਂ ਦੇ ਸੱਤਰ ਹਜ਼ਾਰ ਕਰੋੜ ਰੁਪਏ ਦੇ ਘੋਟਾਲੇ ਦਾ ਰੌਲਾ ਪਿਆ ਅਤੇ ਓਸੇ ਰਾਜ ਵਿੱਚ ਟੈਲੀਕਮ ਦੇ ਟੂ-ਜੀ ਸਪੈਕਟਰਮ ਅਲਾਟ ਕਰਨ ਵਿੱਚ ਪੌਣੇ ਦੋ ਲੱਖ ਕਰੋੜ ਰੁਪਏ ਵਾਲਾ ਘਪਲਾ ਹੋਇਆ ਸੀ। ਸਾਰੇ ਲੋਕ ਕਹਿੰਦੇ ਸਨ ਕਿ ਪੌਣੇ ਦੋ ਲੱਖ ਕਰੋੜ ਰੁਪਏ ਦਾ ਇੱਕ ਘਪਲਾ ਹੋਣ ਦੇ ਬਾਅਦ ਏਦੂੰ ਵੱਡਾ ਘਪਲਾ ਕੋਈ ਹੋ ਨਹੀਂ ਸਕਦਾ, ਪਰ ਮਨਮੋਹਨ ਸਿੰਘ ਦੇ ਰਾਜ ਵਿਚ ਹੀ ਦਸ ਲੱਖ ਕਰੋੜ ਦਾ ਕੋਲਾ ਘੋਟਾਲਾ ਵੀ ਵਾਪਰ ਗਿਆ ਤਾਂ ਹਰ ਕੋਈ ਮੂੰਹ ਵਿੱਚ ਉਂਗਲਾਂ ਦੇਈ ਫਿਰਦਾ ਸੀ।

ਇਹ ਉਹ ਵਕਤ ਸੀ, ਜਦੋਂ ਭਾਰਤੀ ਜਨਤਾ ਪਾਰਟੀ ਅਗਲੀ ਲੋਕ ਸਭਾ ਚੋਣ ਲਈ ਆਪਣਾ ਪਹਿਲਾ ਵੱਡਾ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਲਾਂਭੇ ਕਰ ਕੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਿਆਸੀ ਭੇੜ ਲਈ ਮੈਦਾਨ ਵਿੱਚ ਆਈ ਸੀ। ਨਵਾਂ ਆਗੂ ਕਹਿੰਦਾ ਸੀ ਕਿ 'ਮੈਂ ਨਾ ਖਾਊਂਗਾ, ਨਾ ਕਿਸ ਨੂੰ ਖਾਣ ਦੇਊਂਗਾ।' ਓਦੋਂ ਭ੍ਰਿਸ਼ਟਾਚਾਰ ਤੋਂ ਸਤਾਏ ਹੋਏ ਭਾਰਤੀ ਲੋਕਾਂ ਨੇ ਉਸ ਦਾ ਵਿਸ਼ਵਾਸ ਕੀਤਾ ਤੇ ਉਸ ਦੇ ਹੱਥ ਅਗਵਾਈ ਆ ਗਈ। ਫਿਰ ਜੋ ਭਾਰਤ ਵਿੱਚ ਹੋਇਆ, ਉਸ ਦੀ ਲੰਮੀ ਗਾਥਾ ਲਿਖਣ ਦੀ ਖੇਚਲ ਕਰਨ ਦੀ ਲੋੜ ਨਹੀਂ, ਮਾਮਲਾ ਤਾਜ਼ਾ ਹੋਣ ਕਾਰਨ ਦੇਸ਼ ਦੇ ਬੱਚੇ-ਬੱਚੇ ਨੂੰ ਉਂਜ ਵੀ ਪਤਾ ਹੈ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣ ਜਾਣ ਦੇ ਬਾਅਦ ਇਸ ਗਾਥਾ ਦਾ ਸਭ ਤੋਂ ਚਰਚਿਤ ਪਾਤਰ ਉਦਯੋਗਪਤੀ ਗੌਤਮ ਅਡਾਨੀ ਤੇਜ਼ੀ ਨਾਲ ਉੱਭਰ ਕੇ ਸੰਸਾਰ ਵਿੱਚ ਛਾ ਗਿਆ। ਉਹ ਸੰਸਾਰ ਦੇ ਵੱਡੇ ਤਿੰਨ ਉਦਯੋਗਪਤੀਆਂ ਵਿੱਚ ਆ ਗਿਆ, ਪਰ ਹਿੰਡਨਬਰਗ ਰਿਪੋਰਟ ਦੇ ਇੱਕ ਝਟਕੇ ਨਾਲ ਨਾ ਤਿੰਨਾਂ ਵਿੱਚ ਤੇ ਨਾ ਤੇਰਾਂ ਵਿੱਚ ਰਹਿ ਗਿਆ, ਅੱਜਕੱਲ੍ਹ ਤੇਈਵੇਂ ਨੰਬਰ ਤੋਂ ਹੇਠਾਂ ਡਿੱਗਾ ਸੁਣੀਂਦਾ ਹੈ। ਉਸ ਦੀ ਚੜ੍ਹਤ ਵਿੱਚ ਭਾਰਤ ਦੀ ਮੌਜੂਦਾ ਸਰਕਾਰ, ਜਿਹੜੀ ਅੱਜਕੱਲ੍ਹ 'ਡਬਲ ਇੰਜਨ' ਦੀ ਸਰਕਾਰ ਦਾ ਨਾਅਰਾ ਰੋਹਬ ਨਾਲ ਚੁੱਕਦੀ ਹੈ, ਨੇ ਏਦਾਂ ਰਾਤ-ਦਿਨ ਸਾਥ ਦਿੱਤਾ ਕਿ ਡਬਲ ਇੰਜਨ ਹੀ ਨਹੀਂ, ਪੰਜ-ਛੇ ਇੰਜਣਾਂ ਵਾਲੀ ਸਪੀਡ ਫੜੀ ਰੱਖੀ। ਫਿਰ ਜਦੋਂ ਅਡਾਨੀ ਦੇ ਖਿਲਾਰੇ ਦਾ ਰੌਲਾ ਪੈ ਗਿਆ, ਦੁਨੀਆ ਭਰ ਵਿੱਚ ਕਿਹਾ ਜਾਣ ਲੱਗ ਪਿਆ ਕਿ ਉਸ ਦੇ ਉੱਖੜੇ ਪੈਰ ਦੋਬਾਰਾ ਨਹੀਂ ਲੱਗ ਸਕਣੇ ਤਾਂ ਉਸ ਵੇਲੇ ਵੀ ਭਾਰਤ ਸਰਕਾਰ ਨੇ ਆਪਣਾ ਸਾਰਾ ਤਾਣ ਅਡਾਨੀ ਗਰੁੱਪ ਨੂੰ ਹੋਰ ਗਰਕਣ ਤੋਂ ਬਚਾ ਕੇ ਫਿਰ ਬਾਕੀ ਸਾਰਿਆਂ ਦਾ ਬਾਪ ਬਣਾਉਣ ਉੱਤੇ ਲਾਈ ਰੱਖਿਆ ਅਤੇ ਕਾਫੀ ਹੱਦ ਤੱਕ ਇਸ ਵਿੱਚ ਕਾਮਯਾਬ ਵੀ ਰਹੀ ਹੈ। ਭਾਰਤ ਦੇ ਲੋਕ ਬੜੇ ਖੁੱਲ੍ਹ-ਦਿਲੇ ਸੁਭਾਅ ਵਾਲੇ ਹਨ, ਕਾਂਗਰਸ ਦਾ ਭ੍ਰਿਸ਼ਟਾਚਾਰ ਵੀ ਬਰਦਾਸ਼ਤ ਕਰਦੇ ਰਹੇ ਸਨ, ਅਡਾਨੀ ਦੀ ਸਰਪ੍ਰਸਤੀ ਕਰਨ ਵਾਲਿਆਂ ਦਾ ਸਭ ਕੁਝ ਹੁੰਦਾ ਵੇਖ ਕੇ ਵੀ ਉਹਦਾ ਵਿਰੋਧ ਕਰਨ ਦੀ ਥਾਂ 'ਜਿਹੜਾ ਕਰੂਗਾ, ਆਪੇ ਭਰੂਗਾ, ਸਾਨੂੰ ਕੀ' ਦੀ ਨੀਤੀ ਵਰਤ ਰਹੇ ਹਨ।

ਏਧਰ ਸਾਡਾ ਪੰਜਾਬ ਵੀ ਇਸ ਮਰਜ਼ ਤੋਂ ਬਚਿਆ ਹੋਇਆ ਨਹੀਂ। ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ ਵਿੱਚ ਆਮ ਲੋਕ ਕਹਿੰਦੇ ਸਨ ਕਿ ਏਨਾ ਭ੍ਰਿਸ਼ਟਾਚਾਰ ਹੋ ਗਿਆ ਹੈ ਕਿ ਇਸ ਦੀ ਸੜ੍ਹਿਆਂਦ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਸਾਡੇ ਸਾਹ ਘੁੱਟਦੀ ਪਈ ਹੈ, ਪਰ ਇਸ ਸਰਕਾਰ ਵਿੱਚ ਇੱਕ ਬੰਦਾ ਈਮਨਦਾਰ ਹਰਚਰਨ ਸਿੰਘ ਬਰਾੜ ਹੈ। ਬੇਅੰਤ ਸਿੰਘ ਦੇ ਕਤਲ ਪਿੱਛੋਂ ਉਸ 'ਈਮਾਨਦਾਰ' ਬੰਦੇ ਦੇ ਹੱਥ ਪੰਜਾਬ ਦੀ ਕਮਾਨ ਆਈ ਤਾਂ ਭ੍ਰਿਸ਼ਟਾਚਾਰ ਦਾ ਵਹਿਣ ਹੋਰ ਗੰਦਾ ਤੇ ਹੋਰ ਤੇਜ਼ ਰਫਤਾਰ ਨਾਲ ਵਗਣ ਵਾਲਾ ਹੋ ਗਿਆ। ਇਸ ਨੂੰ ਰੋਕਣ ਦੇ ਵਾਅਦੇ ਨਾਲ ਅਕਾਲੀ-ਭਾਜਪਾ ਦੀ ਪਹਿਲੀ ਸਰਕਾਰ ਬਣੀ ਤੇ ਆਉਂਦੇ ਸਾਰ ਇਹ ਐਲਾਨ ਕਰ ਦਿੱਤਾ ਕਿ ਜਿਹੜਾ ਕੋਈ ਬੰਦਾ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਫੜਾਵੇਗਾ, ਉਸ ਨੂੰ ਪੰਜੀ ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਜਿਸ ਨੇ ਪਹਿਲਾ ਭ੍ਰਿਸ਼ਟਾਚਾਰ ਦਾ ਦੋਸ਼ੀ ਫੜਾਇਆ, ਉਸ ਨੂੰ ਵੀ ਇਨਾਮ ਮਿਲ ਗਿਆ, ਦੂਸਰਾ ਫੜਾਉਣ ਵਾਲੇ ਨੂੰ ਵੀ, ਪਰ ਜਦੋਂ ਤੀਸਰਾ ਫੜਾਇਆ ਤੇ ਉਹ ਤੀਸਰਾ ਮੁੱਖ ਮੰਤਰੀ ਬਾਦਲ ਦੇ ਆਪਣੇ ਚੋਣ ਹਲਕੇ ਦਾ ਜੰਮਪਲ ਅਫਸਰ ਸੀ ਤਾਂ ਉਸ ਦੇ ਬਾਅਦ ਕਿਸੇ ਨੂੰ ਵੀ ਭ੍ਰਿਸ਼ਟਾਚਾਰ ਦੇ ਕੇਸ ਫੜਾਉਣ ਦਾ ਇਨਾਮ ਕਦੀ ਦੇਣ ਦੀ ਲੋੜ ਹੀ ਨਹੀਂ ਸੀ ਰਹਿ ਗਈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਦੋਂ ਉਸ ਦੇ ਹੱਥ ਕਮਾਨ ਆਈ ਤਾਂ ਭ੍ਰਿਸ਼ਟਾਚਾਰ ਦਾ ਵਹਿਣ ਬੰਦ ਕਰਵਾ ਦੇਵੇਗਾ, ਪਰ ਉਹ ਪਹਿਲੇ ਚਾਰ-ਛੇ ਮਹੀਨੇ ਇਸ ਲੀਹ ਉੱਤੇ ਚੱਲ ਕੇ ਚੁੱਪ ਹੋ ਗਿਆ ਤੇ ਫਿਰ ਉਸ ਦੀ ਜੁੰਡੀ ਨੇ ਪਹਿਲੇ ਕਾਂਗਰਸੀਆਂ ਦਾ ਵੀ ਅਤੇ ਅਕਾਲੀਆਂ ਵਾਲਾ ਵੀ ਰਿਕਾਰਡ ਤੋੜ ਦਿੱਤਾ। ਪੰਜਾਂ ਸਾਲ ਬਾਅਦ ਬਾਦਲ ਸਰਕਾਰ ਫਿਰ ਆ ਗਈ ਅਤੇ ਲਗਾਤਾਰ ਦਸ ਸਾਲ ਭ੍ਰਿਸ਼ਟਾਚਾਰ ਦੇ ਨਾਲ ਹਰ ਕਿਸਮ ਦੇ ਮਾੜੇ ਧੰਦਿਆਂ ਦੀ ਇਹੋ ਜਿਹੀ ਹਨੇਰੀ ਲਿਆਂਦੀ ਸੀ ਕਿ ਲੋਕਾਂ ਨੇ ਕੰਨਾਂ ਨੂੰ ਹੱਥ ਲਾ ਲਏ। ਬਦਕਿਸਮਤੀ ਨਾਲ ਫਿਰ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ ਤੇ ਜਿਹੜੀ ਕੁਝ ਕਸਰ ਉਸ ਦੇ ਬੰਦਿਆਂ ਤੋਂ ਪਿਛਲੀ ਵਾਰੀ ਬਾਕੀ ਰਹਿ ਗਈ ਸੀ, ਉਹ ਵੀ ਏਨੀ ਤੇਜ਼ ਰਫਤਾਰ ਦੇ ਨਾਲ ਕੱਢਣ ਲੱਗ ਪਏ ਕਿ ਲੋਕ ਉਸ ਨੂੰ ਇੱਕ ਨਵਾਂ ਜਾਂ ਅੰਤਲਾ ਰਿਕਾਰਡ ਮੰਨਣ ਨੂੰ ਮਜਬੂਰ ਹੋ ਗਏ ਸਨ। ਉਸ ਰਾਜ ਵਿੱਚ ਇੱਕ ਗੱਲ ਨਵੀਂ ਹੋਈ ਕਿ ਕਾਂਗਰਸੀ ਅਗਵਾਈ ਹੇਠ ਜਾਂਚ ਕਰਵਾ ਕੇ ਪਹਿਲਾਂ ਅਕਾਲੀ ਰਾਜ ਵੇਲੇ ਦੇ ਘਪਲੇ ਫੋਲ ਕੇ ਸਬੂਤ ਲੱਭੇ ਜਾਂਦੇ ਤੇ ਫਿਰ ਉਨ੍ਹਾਂ ਦਾ ਪ੍ਰਚਾਰ ਕਰ ਕੇ ਅੰਤ ਵਿੱਚ ਅਕਾਲੀ ਆਗੂਆਂ ਨਾਲ ਸੌਦੇਬਾਜ਼ੀ ਹੁੰਦੀ ਸੀ ਕਿ ਜੋ ਕੁਝ ਤੁਸੀਂ ਛਕਿਆ ਹੋਇਆ ਸੀ, ਉਸ ਦਾ ਬਣਦਾ ਹਿੱਸਾ ਦੇ ਦੇਵੋ, ਕਲੀਨ ਚਿੱਟ ਖੜੇ ਪੈਰ ਮਿਲ ਜਾਵੇਗੀ। ਨਤੀਜਾ ਇਹ ਨਿਕਲਿਆ ਕਿ ਅਮਰਿੰਦਰ ਸਿੰਘ ਤੇ ਚਰਨਜੀਤ ਸਿੰਘ ਚੰਨੀ ਦੇ ਗੱਦੀ ਛੱਡਣ ਤੱਕ ਭ੍ਰਿਸ਼ਟਾਚਾਰ ਦੀ ਓੜਕ ਹੋ ਗਈ।

ਇਹੋ ਜਿਹਾ ਮਾਹੌਲ ਸੀ, ਜਿਸ ਵਿੱਚ ਪੰਜਾਬ ਦੇ ਲੋਕ ਕੋਈ ਤੀਸਰਾ ਤੇ ਇਨ੍ਹਾਂ ਸਭਨਾਂ ਤੋਂ ਅਲੋਕਾਰ ਬਦਲ ਲੱਭਣ ਲਈ ਸੋਚਣ ਲੱਗ ਪਏ ਅਤੇ ਇਸ ਸੋਚ-ਧਾਰਾ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ। ਉਹ ਸਮਾਂ ਆਇਆ ਮੈਂ ਅਜੇ ਨਹੀਂ ਕਹਿੰਦਾ, ਜਿੱਥੇ ਜਾ ਕੇ ਅਕਾਲੀਆਂ ਤੇ ਕਾਂਗਰਸੀਆਂ ਦੋਵਾਂ ਦੇ ਬਣਾਏ ਰਿਕਾਰਡ ਟੁੱਟ ਗਏ ਮੰਨੇ ਜਾਣ, ਪਰ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਜਿਹੜਾ ਪ੍ਰਭਾਵ ਬਣਾਇਆ ਸੀ, ਉਹ ਵੀ ਨਹੀਂ ਰਿਹਾ। ਪਹਿਲਾਂ ਸਰਕਾਰ ਦਾ ਅਜੇ ਮਹੀਨਾ ਵੀ ਪੂਰਾ ਨਹੀਂ ਸੀ ਹੋਇਆ ਕਿ ਖੁਦ ਮੁੱਖ ਮੰਤਰੀ ਨੇ ਇਸ ਦੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਪੁਲਸ ਦੇ ਹਵਾਲੇ ਕੀਤਾ ਤੇ ਮੰਤਰੀ ਮੰਡਲ ਵਿੱਚੋਂ ਕੱਢਿਆ ਸੀ। ਫਿਰ ਇਸ ਦੇ ਇੱਕ ਮੰਤਰੀ ਫੌਜਾ ਸਿੰਘ ਸਰਾਰੀ ਦਾ ਮੁੱਦਾ ਉੱਭਰ ਪਿਆ, ਪਰ ਉਸ ਵੇਲੇ ਵਿਜੇ ਸਿੰਗਲਾ ਵਾਲੀ ਸਖਤੀ ਨਹੀਂ ਸੀ ਕੀਤੀ ਜਾ ਸਕੀ। ਉਸ ਤੋਂ ਬਾਅਦ ਕਈ ਹੋਰਨਾਂ ਦੀ ਚਰਚਾ ਵੀ ਸੁਣਦੀ ਸੀ, ਪਰ ਵੱਡਾ ਮਾਮਲਾ ਬਠਿੰਡੇ ਦੀ ਦੇਹਾਤੀ ਸੀਟ ਵਾਲੇ ਵਿਧਾਇਕ ਅਮਿਤ ਰਤਨ ਦਾ ਨਿਕਲ ਪਿਆ ਅਤੇ ਸਬੂਤ ਏਨੇ ਨਿੱਗਰ ਸਨ ਕਿ ਉਸ ਨੂੰ ਗ੍ਰਿਫਤਾਰ ਕਰਨਾ ਪਿਆ। ਉਸ ਤੋਂ ਬਾਅਦ ਜਲਾਲਾਬਾਦ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਜਿੱਤੇ ਹੋਏ ਜਗਦੀਪ ਕੰਬੋਜ ਗੋਲਡੀ ਦੇ ਬਾਪ ਦੀ ਗ੍ਰਿਫਤਾਰੀ ਦੀ ਨੌਬਤ ਆ ਗਈ ਅਤੇ ਕਹਾਣੀ ਏਥੇ ਵੀ ਰੁਕਦੀ ਨਹੀਂ ਜਾਪਦੀ, ਕਈ ਹੋਰਨਾਂ ਬਾਰੇ ਏਦਾਂ ਦੇ ਚਰਚੇ ਚੱਲਦੇ ਸੁਣੇ ਜਾਣ ਲੱਗ ਪਏ ਹਨ ਕਿ ਪਿਛਲਿਆਂ ਦੇ ਭ੍ਰਿਸ਼ਟਾਚਾਰ ਦੀਆਂ ਗੱਲਾਂ ਆਮ ਲੋਕਾਂ ਨੂੰ ਫਾਲਤੂ ਜਾਪਣ ਲੱਗ ਪਈਆਂ ਹਨ। ਕਮਾਲ ਦੀ ਗੱਲ ਇਹ ਕਿ ਬੀਤੇ ਸਾਲਾਂ ਦੌਰਾਨ ਜਿਹੜੇ ਭ੍ਰਿਸ਼ਟਾਚਾਰ ਦੀਆਂ ਹਨੇਰੀਆਂ ਲਿਆਈ ਗਏ ਸਨ ਅਤੇ ਜਿਨ੍ਹਾਂ ਦੇ ਕੇਂਦਰ ਵਾਲੇ ਰਾਜ ਵਿੱਚ ਅੱਜ ਵੀ ਬਿਨਾਂ ਕਿਸੇ ਓਹਲੇ ਤੋਂ ਭ੍ਰਿਸ਼ਟਾਚਾਰ ਦੀ ਸਿਖਰ ਹੋਈ ਪਈ ਹੈ, ਉਹ ਵੀ ਇਸ ਰਾਜ ਦੀ ਚਰਚਾ ਛੇੜਦੇ ਤੇ ਬਾਅਦ ਵਿੱਚ ਇਹ ਗੱਲ ਕਹਿ ਕੇ ਤੋੜਾ ਝਾੜ ਦੇਂਦੇ ਹਨ ਕਿ ਅਸੀਂ ਤਾਂ ਮਾੜੇ ਸਾਂ, ਆਹ ਸੱਚੇ-ਸੁੱਚੇ ਲਿਆ ਕੇ ਵੇਖ ਲਉ ਕਿਹੜਾ ਚੰਦ ਚਾੜ੍ਹਨ ਵਾਲੇ ਰਾਹ ਪੈ ਗਏ ਹਨ। ਇਹ ਗੱਲ ਤਾਂ ਉਹ ਕਹਿਣ ਜੋਗੇ ਨਹੀਂ ਕਿ ਉਨ੍ਹਾਂ ਨੇ ਕੋਈ ਮਾੜਾ ਕੰਮ ਨਹੀਂ ਸੀ ਕੀਤਾ, ਪਰ ਲੋਕਾਂ ਵੱਲੋਂ ਨਵੇਂ ਚੁਣੇ ਗਏ ਆਗੂਆਂ ਦਾ ਕਿੱਸਾ ਖੋਲ੍ਹ ਕੇ ਲੋਕਾਂ ਅੱਗੇ ਰੱਖੀ ਜਾਂਦੇ ਹਨ। ਇੱਕੋ ਚੰਗੀ ਗੱਲ ਇਹ ਹੈ ਕਿ ਮਨਮੋਹਨ ਸਿੰਘ ਵਾਂਗ ਅਜੇ ਤੱਕ ਕਿਸੇ ਨੇ ਭਗਵੰਤ ਮਾਨ ਉੱਤੇ ਇਹੋ ਜਿਹੀ ਸਿੱਧੀ ਉਂਗਲ ਨਹੀਂ ਉਠਾਈ, ਪਰ ਇਹ ਕਾਫੀ ਨਹੀਂ। ਉਸ ਨੂੰ ਆਪਣੇ ਮੰਤਰੀਆਂ ਵਾਲੀ ਟੀਮ ਤੇ ਬਾਕੀ ਧਾੜ ਕਾਬੂ ਵਿੱਚ ਰੱਖਣੀ ਔਖੀ ਹੋਈ ਜਾਪਦੀ ਹੈ। 'ਭੰਡਾ-ਭੰਡਾਰ ਤੇਰਾ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ, ਦੂਜੀ ਨੂੰ ਤਿਆਰ' ਵਾਲਾ ਹਾਲ ਬਣਿਆ ਪਿਆ ਹੈ। ਇਸ ਹਾਲਾਤ ਵਿੱਚ ਆਮ ਆਦਮੀ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਭਾਰਤ ਦੇ ਇਸ ਲੋਕਤੰਤਰੀ ਦੌਰ ਵਿੱਚ ਵੀ ਉਸ ਦੀ ਕਿਸਮਤ ਵਿੱਚ ਇਹੀ ਲਿਖਿਆ ਸੀ।

ਗੱਲ ਫਿਰ ਪਹਿਲੀਆਂ ਸਤਰਾਂ ਵਾਲੇ ਥਾਂ ਆ ਜਾਂਦੀ ਹੈ ਕਿ ਓਦੋਂ ਅਸੀਂ ਇਹ ਸੋਚ ਕੇ ਗਲਤ ਸਾਂ ਕਿ ਇੱਕ ਕਰੋੜ ਦੀ ਕੋਠੀ ਵਿਕਣ ਦਾ ਰਿਕਾਰਡ ਕੌਣ ਤੋੜੇਗਾ ਜਾਂ ਨਰਸਿਮਹਾ ਰਾਓ ਰਾਜ ਵਾਲੇ ਭ੍ਰਿਸ਼ਟਾਚਾਰ ਦਾ ਰਿਕਾਰਡ ਤੋੜਨ ਵਰਗਾ ਕੌਣ ਨਿਕਲੇਗਾ ਅਤੇ ਅਸੀਂ ਉਹ ਸਭ ਰਿਕਾਰਡ ਟੁੱਟਦੇ ਅੱਖੀਂ ਵੇਖ ਲਏ ਸਨ। ਅੱਜ ਜਿਹੜੇ ਹਾਲਾਤ ਵਿੱਚ ਦੇਸ਼ ਵੀ ਅਤੇ ਪੰਜਾਬ ਵੀ ਪਹੁੰਚ ਗਿਆ ਹੈ, ਅਸੀਂ ਇਹ ਕਹਿਣ ਦੀ ਲੋੜ ਨਹੀਂ ਸਮਝਦੇ ਕਿ ਅੱਜ ਭਾਰਤ ਜਾਂ ਪੰਜਾਬ ਦੀਆਂ ਸਰਕਾਰਾਂ ਦੇ ਰਥਵਾਨਾਂ ਦੇ ਨੱਕ ਹੇਠ ਜੋ ਵਹਿਣ ਵਗ ਰਿਹਾ ਹੈ, ਇਸ ਦਾ ਰਿਕਾਰਡ ਕਿਸੇ ਤੋਂ ਨਹੀਂ ਟੁੱਟਣਾ। ਇੱਕ ਵਾਰੀ ਭਾਰਤ ਦੇ ਪ੍ਰਸਿੱਧ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਪੁੱਛਿਆ ਗਿਆ ਕਿ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਡੇ ਬਣਾਏ ਰਿਕਾਰਡ ਕਿਸੇ ਤੋਂ ਨਹੀਂ ਟੁੱਟਣੇ ਤਾਂ ਉਸ ਨੇ ਹੱਸ ਕੇ ਕਿਹਾ ਸੀ: ਰਿਕਾਰਡ ਬਣਦੇ ਹੀ ਟੁੱਟਣ ਲਈ ਹਨ। ਭਾਰਤ ਦੇਸ਼ ਦੀ ਬਦਕਿਸਮਤੀ ਹੈ ਕਿ ਏਥੇ ਭ੍ਰਿਸ਼ਟਾਚਾਰ ਦੇ ਰਿਕਾਰਡ ਵੀ ਸਥਾਈ ਨਹੀਂ, ਇਹ ਟੁੱਟਦੇ ਜਾਣ ਵਾਸਤੇ ਹੀ ਬਣਦੇ ਜਾਪਦੇ ਹਨ।

# ਬਾਬਾ ਜਵਾਲਾ ਸਿੰਘ ਠੱਠੀਆਂ .ਗਦਰ ਪਾਰਟੀ ਦਾ ਦਿਲ ਸਨ

ਗਦਰੀ ਦੇਸ ਭਗਤ, ਮੁਜਾਰਾ ਲਹਿਰ ਦੇ ਮੋਢੀ ਤੇ ਪੰਜਾਬ ਕਿਸਾਨ ਸਭਾ ਦੇ ਬਾਨੀ ਪ੍ਰਧਾਨ ਬਾਬਾ ਜਵਾਲਾ ਸਿੰਘ ਠੱਠੀਆਂ ਝਿਉਰ ਭਾਵ ਮਹਿਰਾ ਬਰਾਦਰੀ ਤੇ ਸੰਧੂ ਗੋਤ ਚੋਂ ਸਨ। ਉਹ ਨਿਮਨ ਜਾਤੀ ਚੋਂ ਹੁੰਦਿਆਂ ਹੋਇਆਂ ਵੀ ਅੰਗਰੇਜ ਕਿਸਾਨਾਂ ਦੀ ਕਿਸ ਤਰ੍ਹਾਂ ਲੁੱਟ ਕਰਦੇ ਹਨ ਆਮ ਨਾਲੋਂ ਵਧੇਰੇ ਜਾਣਦੇ ਸਨ।

ਉਨ੍ਹਾਂ ਦਾ ਜਨਮ 1876 ਵਿੱਚ ਸ: ਕਨੱਈਆ ਸਿੰਘ ਦੇ ਗ੍ਰਹਿ ਪਿੰਡ ਠੱਠੀਆਂ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਗਰੀਬੀ ਕਾਰਨ ਉਹ ਵਿਦਿਆ ਹਾਸਿਲ ਨਾ ਕਰ ਸਕੇ। ਉਹ ਕੰਮ ਕਾਰ ਦੀ ਭਾਲ ਲਈ 1908 ਵਿੱਚ ਕੈਲੇਫੋਰਨੀਆਂ ਚਲੇ ਗਏ। ਉਨ੍ਹਾਂ ਨੇ ਹੌਲਟਵਿਲ ਵਿਖੇ 500 ਏਕੜ ਦਾ ਫਾਰਮ ਲੀਜ ਤੇ ਲਿਆ। ਜਿਸ ਵਿੱਚ ਬਾਬਾ ਵਿਸਾਖਾ ਸਿੰਘ ਤੇ ਭਾਈ ਹਜਾਰਾ ਸਿੰਘ ਦਦੇਹਰ, ਭਾਈ ਨੌਧ ਸਿੰਘ ਤੇ ਬਾਜ ਸਿੰਘ ਰਈਆ ਹਿੱਸੇਦਾਰ ਸਨ। ਖੇਤੀਬਾੜੀ ਦੇ ਕੰਮ ਤੋਂ ਬਾਬਾ ਜਵਾਲਾ ਸਿੰਘ ਆਲੂਆਂ ਦੇ ਬਾਦਸਾਹ ਕਰਕੇ ਜਾਣੇ ਜਾਣ ਲੱਗੇ। ਫਾਰਮ ਤੇ 500 ਦੇ ਕਰੀਬ ਹਿੰਦੀ ਕਾਮੇ ਕੰਮ ਕਰਦੇ ਸਨ। ਮਗਰੋਂ ਇਹ ਫਾਰਮ ਗਦਰੀਆਂ ਦੀ ਫੌਜੀ ਸਿਖਲਾਈ ਦਾ ਅੱਡਾ ਬਣਿਆ।

ਬਾਬਾ ਵਿਸਾਖਾ ਸਿੰਘ ਧਾਰਮਿਕ ਬਿਰਤੀ ਵਾਲੇ ਮਨੁੱਖ ਸਨ ਪਰ ਉਹ ਭਾਈ ਜਵਾਲਾ ਸਿੰਘ ਦੀ ਸੰਗਤ ਦਾ ਨਿੱਘ ਮਾਣ ਕੇ ਇੰਨਕਲਾਬੀ ਬਣ ਗਏ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਕਿ," ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰ ਧਰੀਜੈ। ਸਿਰ ਦੀਜੈ ਕਾਣਿ ਨਾ ਕੀਜੈ।" ਭਾਈ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਖੁਸੀ ਵਿੱਚ ਖੀਵੇ ਹੋ ਗਏ। ਭਾਈ ਸੰਤੋਖ ਸਿੰਘ ਅਮਰੀਕਾ ਵਿੱਚ ਪੜ੍ਹਨ ਗਏ ਸੀ ਤੇ ਉਹ ਵੈਸੇ ਹੀ ਫਾਰਮ ਤੇ ਆਏ ਸਨ।

ਭਾਈ ਜਵਾਲਾ ਸਿੰਘ ਨੇ ਨਾਲਦਿਆਂ ਨੂੰ ਕਿਹਾ ਕਿ," ਦੇਸ ਭਗਤੀ ਅਤੇ ਦੇਸ ਦੀ ਆਜਾਦੀ ਦੇ ਘੋਲ ਵਿੱਚ ਹੀ ਈਸਵਰ ਭਗਤੀ ਸਾਮਲ ਹੈ। ਜੋ ਬੰਦਾ ਮਾਲਾ ਫੇਰਦਾ,ਭਜਨ ਕਰਦਾ, ਪਾਠਾਂ ਵਿੱਚ ਅੱਠੇ ਪਹਿਰ ਰੁੱਝਾ ਰਹਿੰਦਾ ਹੈ, ਪਰ ਜੇ ਉਸ ਦੇ ਵਿੱਚ ਦੇਸ ਦੀ ਆਜਾਦੀ ਲਈ ਤੜਪ ਨਹੀਂ ਤਾਂ ਉਸ ਦਾ ਭਜਨ ਕਰਨਾ ਨਿਰਾ ਪਾਖੰਡ ਹੈ।" ਅੱਗੋਂ ਬਾਬਾ ਵਿਸਾਖਾ ਸਿੰਘ ਨੇ ਤੁਰੰਤ ਬਾਬਾ ਜਵਾਲਾ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਕਿਹਾ ਕਿ,"ਮੈਨੂੰ ਅੱਜ ਤੁਹਾਡੇ ਸਿਧਾਂਤ ਉਪਰ ਪੂਰਾ ਨਿਸਚਾ ਹੋ ਗਿਆ ਹੈ ਸੱਚਾ ਭਜਨ ਉਹੀ ਹੈ ਜੋ ਦੇਸ ਦੀ ਗੁਲਾਮੀ ਨੂੰ ਇੱਕ ਛਿਨ ਲਈ ਵੀ ਪ੍ਰਵਾਨ ਕਰਨ ਲਈ ਤਿਆਰ ਨਾ ਹੋਵੇ।"

ਭਾਈ ਸੰਤੋਖ ਸਿੰਘ ਪੜ੍ਹਾਈ ਛੱਡ ਕੇ ਦੇਸ ਦੀ ਆਜਾਦੀ ਨੂੰ ਸਮਰਪਿਤ ਹੋ ਗਏ। ਬਾਬਾ ਜਵਾਲਾ ਸਿੰਘ, ਵਿਸਾਖਾ ਸਿੰਘ ਤੇ ਸੰਤੋਖ ਸਿੰਘ ਦੇਸ ਦੀ ਆਜਾਦੀ ਲਈ ਤਨ, ਮਨ ਤੇ ਧਨ ਕੁਰਬਾਨ ਕਰਨ ਦਾ ਇਰਾਦਾ ਧਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਬੈਠ ਗਏ ਤੇ ਹੁਕਮ ਆਇਆ ਕਿ," ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ।।

ਕਿਰਪਾ ਕਟਾਖ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ।੧ ਹਰਿ ਜਨ ਰਾਖੇ ਗੁਰ ਗੋਬਿੰਦ।। ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ।ਰਹਾਉ।। ਜੋ ਮਾਂਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।। ਨਾਨਕ ਦਾਸੁ ਮੁੱਖ ਤੇ ਜੋ ਬੋਲੈ,ਈਹਾ ਊਹਾ ਸਚੁ ਹੋਵੈ।। " ਵਾਕ ਸੁਣਦਿਆਂ ਸਾਰ ਤਿੰਨਾਂ ਗਦਰੀਆਂ ਦੇ ਮੂੰਹ ਉੱਪਰ ਜਲੌਅ ਛਾ ਗਿਆ ਤੇ ਉਹ ਅੱਧੀ ਸਫਲਤਾ ਪ੍ਰਾਪਤ ਹੋਈ ਸਮਝਣ ਲੱਗੇ ਤੇ ਆਜਾਦੀ ਦੇ ਮੈਦਾਨ ਵਿੱਚ ਨਿੱਤਰ ਪਏ।

ਬਾਬਾ ਜਵਾਲਾ ਸਿੰਘ, ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਵਿਚਾਰਿਆ ਕਿ ਆਪਣੇ ਕੋਲ ਮਿਲ ਬੈਠ ਕੇ ਵਿਚਾਰ ਕਰਨ ਲਈ ਕੋਈ ਥਾਂ ਨਹੀਂ ਹੈ ਇਸ ਲਈ ਕੋਈ ਥਾਂ ਬਣਾਇਆ ਜਾਵੇ। ਫੈਸਲਾ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਤੇ ਪ੍ਰੋਗਰਾਮ ਕਰਕੇ ਸੰਗਤ ਨੂੰ ਪੈਸਾ ਦੇਣ ਦੀ ਅਪੀਲ ਕੀਤੀ ਜਾਵੇ। ਸੰਗਤ ਨੂੰ ਸੱਦਿਆ ਗਿਆ ਤੇ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਵਿੱਚ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਗੁਰਦੁਆਰਾ ਸਾਹਿਬ ਬਣਾਉਣਾ ਹੈ ਤੇ ਸਾਰੀ ਸੰਗਤ ਪੈਸਾ ਦੇ ਕੇ ਹਿੱਸਾ ਪਾਵੇ। ਮੌਕੇ ਤੇ ਹੀ ਇੱਕ ਲੱਖ ਤੋਂ ਜਿਆਦਾ ਡਾਲਰ ਮਾਇਆ ਇਕੱਤਰ ਹੋ ਗਈ। ਇੱਕ ਗੁਰਦੁਆਰਾ ਕਮੇਟੀ ਬਣਾਈ ਗਈ ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਤੇ ਖਜਾਨਚੀ ਬਾਬਾ ਵਿਸਾਖਾ ਸਿੰਘ ਬਣੇ। ਜਲਦੀ ਹੀ ਸਟਾਕਟਨ ਵਿੱਚ 9 ਹਜਾਰ ਡਾਲਰ ਦੀ ਇੱਕ ਇਮਾਰਤ ਖਰੀਦ ਕੇ ਗੁਰਦੁਆਰਾ ਬਣਾ ਦਿੱਤਾ ਗਿਆ। ਇਹ ਗੁਰਦੁਆਰਾ ਮਗਰੋਂ ਗਦਰ ਪਾਰਟੀ ਦਾ ਕੇਂਦਰ ਬਣਦਾ ਹੈ।

ਬਾਅਦ ਵਿੱਚ ਗੁਰਦੁਆਰੇ ਦੀ ਨਵੀਂ ਬਿਲਡਿੰਗ ਬਣਾਉਣ ਵਾਸਤੇ ਭਾਈ ਜਵਾਲਾ ਸਿੰਘ ਨੇ ਜਮੀਨ ਦੇ ਦਿੱਤੀ। ਬਾਬਾ ਜਵਾਲਾ ਸਿੰਘ ਨੇ "ਗੁਰੂ ਨਾਨਕ ਐਜੂਕੇਸਨ ਸੁਸਾਇਟੀ" ਬਣਾ ਕੇ "ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ" ਦੇ ਨਾ ਤੇ 1912 ਵਿੱਚ

**ਪਿਰਥੀਪਾਲ ਸਿੰਘ ਮਾੜੀਮੇਘਾ**

6 ਵਿਦਿਆਰਥੀ ਪੜ੍ਹਾਉਣ ਲਈ ਅਮਰੀਕਾ ਸੱਦੇ। ਅਮਰੀਕਾ ਦੇ ਸਹਿਰ ਆਸਟੋਰੀਆ ਵਿੱਚ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਦੀ ਮਿਹਨਤ ਸਦਕਾ ' ਹਿੰਦੀ ਐਸੋਸੀਏਸਨ ਆਫ ਪੈਸੇਫਿਕ ਕੋਸਟ' ਨਾ ਦੀ ਸੰਸਥਾ ਬਣੀ ਜੋ ਬਾਅਦ ਵਿੱਚ ਗਦਰ ਪਾਰਟੀ ਦੇ ਨਾਮ ਨਾਲ ਮਸਹੂਰ ਹੋਈ। ਇਸ ਸੰਸਥਾ ਵਿੱਚ ਬਾਬਾ ਜਵਾਲਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਜਦੋਂ ਅੰਗਰੇਜਾਂ ਦੇ ਕਹਿਣ ਤੇ ਅਮਰੀਕਾ ਹਕੂਮਤ ਨੇ ਲਾਲਾ ਹਰਦਿਆਲ ਨੂੰ 16 ਮਾਰਚ 1914 ਨੂੰ ਸਾਨਫਰਾਂਸਿਸਕੋ 'ਚੋਂ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਦਾ ਕੇਸ ਲੜਨ ਵਾਸਤੇ 'ਡਿਫੈਂਸ ਕਮੇਟੀ ਬਣੀ ਜਿਸ ਦੇ ਸਕੱਤਰ ਭਾਈ ਜਵਾਲਾ ਸਿੰਘ ਸਨ। ਭਾਈ ਜਵਾਲਾ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਫਦ ਕਾਮਾਗਾਟਾਮਾਰੂ ਜਹਾਜ ਦੇ ਮੁਸਾਫਰਾਂ ਦੀ ਮਦਦ ਕਰਨ ਲਈ ਵੈਨਕੂਵਰ ਗਿਆ।

ਗਦਰ ਪਾਰਟੀ ਦੇ ਫੈਸਲੇ ਅਨੁਸਾਰ ਭਾਈ ਜਵਾਲਾ ਸਿੰਘ ਦੇਸ ਦੀ ਆਜਾਦੀ ਦੀ ਜੰਗ ਲੜਨ ਵਾਸਤੇ ਜੁਲਾਈ 1914 ਵਿੱਚ ਪੰਜਾਬ ਆ ਗਏ ਤੇ ਫਾਰਮ ਦੀ ਸਾਰੀ ਦੌਲਤ ਪਾਰਟੀ ਨੂੰ ਦੇ ਆਏ। ਜਹਾਜ ਤੋਂ ਉਤਰਦਿਆਂ ਸਾਰ ਹੀ ਅੰਗਰੇਜਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ 18 ਸਾਲ ਅੰਡੇਮਾਨ ਕਾਲੇਪਾਣੀ ਦੀ ਜੇਲ੍ਹ ਵਿੱਚ ਡੱਕ ਕੇ ਘੋਰ ਤਸੀਹੇ ਦਿੱਤੇ। ਅੰਗਰੇਜ ਉਨ੍ਹਾਂ ਨੂੰ ਗਦਰ ਪਾਰਟੀ ਦਾ ਦਿਲ ਸਮਝਦੇ ਸਨ। ਇਸੇ ਕਰਕੇ ਉਨ੍ਹਾਂ ਦੇ ਦਿਲ ਤੇ ਬੂਟਾਂ ਦੇ ਠੁੱਡੇ ਮਾਰਦੇ ਕਿ ਸਾਇਦ ਉਹ ਪਾਰਟੀ ਦਾ ਅੰਦਰੂਨੀ ਭੇਦ ਦੇ ਦੇਣ। ਪਰ ਉਹ ਆਪਣੇ ਅਕੀਦੇ ਤੇ ਕਾਇਮ ਰਹੇ। ਉਨ੍ਹਾਂ ਹਿੰਮਤ ਨਾ ਹਾਰੀ। ਉਨ੍ਹਾਂ ਦੀ ਬੈਰਕ ਚੋਂ ਬੰਬ ਬਣਾਉਣ ਵਾਲਾ ਮਸਾਲਾ ਤੇ ਹੋਲ ਫੜੇ ਗਏ ਪਰ ਉਨ੍ਹਾਂ ਨਾ ਦੱਸਿਆ ਕਿ ਇਹ ਕਿਸ ਤਰ੍ਹਾਂ ਮੇਰੇ ਕੋਲ ਆਏ ਹਨ। ਉਹ 1933 ਵਿੱਚ ਰਿਹਾਅ ਹੋਏ।

ਰਿਹਾਈ ਤੋਂ ਬਾਅਦ ਉਹ ਘਰ ਨਹੀਂ ਗਏ ਤੇ ਗੁਰੂ ਰਾਮਦਾਸ ਸਰਾਂ ਦੇ 6 ਨੰਬਰ ਹਾਲ ਵਿੱਚ ਰਹਿਣ ਲੱਗ ਪਏ। ਇਥੋਂ ਹੀ ਉਨ੍ਹਾਂ ਨੇ ਗਦਰੀ ਇੰਦਰ ਸਿੰਘ ਮੁਰਾਰੀ ਨੂੰ ਹੁਕਮ ਦਿੱਤਾ ਕਿ ਉਹ ਕੌਮ ਦੇ ਗਦਾਰ ਬੇਲਾ ਸਿੰਘ ਜਾ੍ਹਿਆਨ ਨੂੰ ਜਹੰਨਮ ਪੁੱਜਦਾ ਕਰਨ। ਇੰਦਰ ਸਿੰਘ ਨੇ ਉਸ ਗਦਾਰ ਦੇ ਦੋ ਟੋਟੇ ਕਰਕੇ ਭਾਈ ਜਵਾਲਾ ਸਿੰਘ ਦਾ ਵਚਨ ਨਿਭਾਇਆ। ਬਾਬਾ ਜਵਾਲਾ ਸਿੰਘ ਨੇ ਮੁਜਾਰਾ ਲਹਿਰ ਦੀ ਕਾਮਯਾਬੀ ਲਈ 52 ਜਲਸੇ ਕਰਨ ਤੇ ਆਪ ਸੰਬੋਧਨ ਕਰਨ ਦਾ ਫੈਸਲਾ ਲਿਆ। ਜਦੋਂ ਬਾਬਾ ਜਵਾਲਾ ਸਿੰਘ ਪਿੰਡ ਕੰਮੋਕੀ ਵਿਖੇ 6 ਜੁਲਾਈ 1935 ਨੂੰ ਸੰਬੋਧਨ ਕਰ ਰਹੇ ਸਨ ਤੇ ਅੰਗਰੇਜਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਕੇਸ ਵਿੱਚ ਉਨ੍ਹਾਂ ਨੂੰ ਇੱਕ ਸਾਲ ਕੈਦ ਤੇ ਦੋ ਸੌ ਰੁਪਏ ਜੁਰਮਾਨਾ ਹੋਇਆ। ਜਦੋਂ ਉਨ੍ਹਾਂ ਦੀ 15 ਜੁਲਾਈ 1936 ਨੂੰ ਰਿਹਾਈ ਹੋਈ ਤਾਂ ਉਨ੍ਹਾਂ ਦੀ ਅਹੁਭਗਤ ਵਾਸਤੇ ਬਾਬਾ ਸੇਰ ਸਿੰਘ ਵੈਂਈਪੂੰਈ ਇੱਕ ਵੱਡਾ ਜੱਥਾ ਲੈ ਕੇ ਮੁਲਤਾਨ ਪੁੱਜਾ। ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਉਨ੍ਹਾਂ ਦਾ ਬਾਬਾ ਸੋਹਣ ਸਿੰਘ ਭਕਨਾ, ਅੱਛਰ ਸਿੰਘ ਛੀਨਾ ਤੇ ਮਾਸਟਰ ਤਾਰਾ ਸਿੰਘ ਨੇ ਪੁਰਜੋਰ ਸਵਾਗਤ ਕੀਤਾ। ਬਾਬਾ ਜੀ ਨੂੰ ਜੀ ਆਇਆਂ ਕਹਿਣ ਵਾਸਤੇ ਅੰਮ੍ਰਿਤਸਰ ਰੇਲਵੇ ਸਟੇਸਨ ਤੇ ਅਥਾਹ ਭੀੜ ਜੁੜ ਗਈ ਤੇ ਜਲੂਸ ਦੀ ਸਕਲ ਵਿੱਚ ਉਨ੍ਹਾਂ ਨੂੰ ਦਰਬਾਰ ਸਾਹਿਬ ਖੜਿਆ ਗਿਆ।

1936-37 ਦੀਆਂ ਐਸੰਬਲੀ ਚੋਣਾਂ ਲੜਨ ਲਈ ' ਦੇਸ ਭਗਤ ਇਲੈਕਸਨ ਬੋਰਡ' ਬਣਿਆ ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਸਨ। ਆਪ ਦੀ ਅਗਵਾਈ ਹੇਠ 9 ਚੋਂ 7 ਸੀਟਾਂ ਜਿੱਤੀਆਂ ਗਈਆਂ। ਉਨ੍ਹਾਂ ਨੇ ਸਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦੇ ਸਹੀਦੀ ਦਿਵਸ ਤੇ 23 ਮਾਰਚ 1937 ਨੂੰ ਪੰਜਾਬ ਕਿਸਾਨ ਸਭਾ ਸਥਾਪਿਤ ਕੀਤੀ ਗਈ ਜਿਸ ਦੇ ਆਪ ਬਾਨੀ ਪ੍ਰਧਾਨ ਬਣੇ। ਕਿਸਾਨ ਸਭਾ ਦੀ ਮੈਂਬਰਸਾ੍ਹਿਪ 75000 ਦੇ ਕਰੀਬ ਤੇ ਪਸਾਰਾ ਦਿੱਲੀ ਤੱਕ ਸੀ। ਨੀਲੀਬਾਰ ਦੇ ਮੁਜਾਰਾ ਸੰਘਰਸ ਵਿੱਚ 50000 ਕਿਸਾਨਾਂ ਨੇ ਭਾਗ ਲਿਆ ਤੇ ਕਾਮਯਾਬੀ ਪ੍ਰਾਪਤ ਕੀਤੀ ਸੀ।

ਬਾਬਾ ਜਵਾਲਾ ਸਿੰਘ ਜੀ ਮਿੰਟਗੁਮਰੀ ਇਲਾਕੇ ਚੋਂ ਪਾਰਟੀ



ਦੀ ਗੱਡੀ ਤੇ ਬੰਗਾਲ ਵਿੱਚ ਕੁੱਲ ਹਿੰਦ ਕਾਨਫਰੰਸ ਤੇ ਜਾਣ ਲਈ ਅੰਮ੍ਰਿਤਸਰ ਆ ਰਹੇ ਸਨ ਤੇ ਸਹਿਰ ਉਕਾੜਾ ਨਜਦੀਕ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ ਤੇ 7 ਮਈ 1938 ਨੂੰ ਮੌਤ ਹੋ ਗਈ। ਇਸ ਵਾਰ ਉਨ੍ਹਾਂ ਦੀ 85 ਵੀਂ ਬਰਸੀ ਹੈ। ਉਨ੍ਹਾਂ ਨੂੰ ਸੱਚੀ ਸਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਲਈ ਜਥੇਬੰਦ ਹੋਈਏ।

*ਸੰਪਰਕ : 98760-78731*

# ਕਲਿਆਣਕਾਰੀ ਹੈ ਮਨੁੱਖੀ ਸ਼ਖਸੀਅਤ ਦਾ ਖਾਸਾ

ਨਰਗਿਸ ਦੱਤ ਹਿੰਦੀ ਸਿਨੇਮਾ ਦੀ ਖ਼ੂਬਸੂਰਤ ਅਤੇ ਬੇਮਿਸਾਲ ਅਦਾਕਾਰੀ ਦਾ ਸੁਮੇਲ। ਉਸ ਦੀ ਮੌਤ ਕੈਂਸਰ ਨਾਲ ਹੋਈ। ਉਸ ਦੇ ਪਤੀ ਸੁਨੀਲ ਦੱਤ, ਜੋ ਕਿ ਖ਼ੁਦ ਇਕ ਲਾਜਵਾਬ ਅਭਿਨੇਤਾ ਸੀ ਤੇ ਨਿਰਮਾਤਾ, ਨਿਰਦੇਸ਼ਕ ਵੀ। ਉਨ੍ਹਾਂ ਨੇ ਹਿੰਦੀ ਸਿਨੇਮਾ ਨੂੰ ਮਦਰ ਇੰਡੀਆ , ਸੁਜਾਤਾ ਅਤੇ ਰੇਸ਼ਮਾ ਔਰ ਸ਼ੇਰਾ ਵਰਗੀਆਂ ਯਾਦਗਾਰ ਫਿਲਮਾਂ ਦਿੱਤੀਆਂ। ਉਨ੍ਹਾਂ ਦੀ ਹਸਤੀ ਦਾ ਦੂਸਰਾ ਪੱਖ ਕਿ ਉਨ੍ਹਾਂ ਨੇ ਨਰਗਿਸ ਦੀ ਯਾਦ ਵਿਚ ਨਰਗਿਸ ਦੱਤ ਯਾਦਗਾਰੀ ਕੈਂਸਰ ਸੰਸਥਾਨ, ਮਹਾਂਰਾਸ਼ਟਰ ਦੇ ਕਸਬੇ ਬਰਸ਼ੀ ਵਿਚ ਉਸਾਰਿਆ। ਇਹ ਕਲਿਆਣਕਾਰੀ ਭਾਵਨਾ ਹੈ, ਜੋ ਕਿ ਸਾਰੇ ਮਨੁੱਖਾਂ ਦੇ ਦਿਲ ਵਿਚ ਹੁੰਦੀ ਹੈ, ਪਰ ਇਕ ਕਲਾਕਾਰ ਕੁਝ ਵੱਧ ਸੰਵੇਦਨਸ਼ੀਲ ਹੋਣ ਨਾਤੇ ਇਸ ਦਾ ਪ੍ਰਗਟਾਵਾ ਆਪਣੀ ਕਲਾਕਾਰੀ, ਲੇਖਣੀ ਅਤੇ ਆਪਣੇ ਕੰਮਾਂ ਵਿਚ ਵੀ ਕਰਦਾ ਦੇਖਿਆ ਜਾ ਸਕਦਾ ਹੈ।

ਲੋਕਾਂ ਦੇ ਦੁੱਖ ਪ੍ਰਤੀ ਫਿਕਰਮੰਦੀ, ਮਨੁੱਖ ਦੀ ਨਿਵੇਕਲੀ ਖਾਸੀਅਤ ਹੈ। ਇਹ ਸਹਿ-ਅਨੁਭੂਤੀ, ਭਾਵ ਕਿਸੇ ਹੋਰ ਦੇ ਦਰਦ ਨੂੰ ਆਪਣੇ ਪਿੰਡੇ 'ਤੇ ਮਹਿਸੂਸ ਕਰਨ ਦੀ ਸਮਰੱਥਾ, ਇਹੀ ਕਾਬਲੀਅਤ ਹੈ, ਜੋ ਕਿਸੇ ਨੂੰ ਅੱਗੇ ਵਧ ਕੇ ਦੂਸਰਿਆਂ ਦੀ ਮਦਦ ਕਰਨਾ, ਕਿਸੇ ਦੁਖੀ ਵਿਅਕਤੀ ਦੇ ਕੰਮ ਆਉਣ ਲਈ ਪ੍ਰੇਰਦੀ ਹੈ, ਪਰ ਇਸ ਭਾਵਨਾ ਨੂੰ ਵੱਡੇ ਪੱਧਰ 'ਤੇ, ਕਿਸੇ ਸੰਸਥਾਨ ਦੇ ਰੂਪ ਵਿਚ ਉਸਾਰਨ ਦੀ ਸਮਰੱਥਾ ਸਭ ਵਿਚ ਨਹੀਂ ਹੁੰਦੀ। ਇਸੇ ਲਈ ਸਰਕਾਰਾਂ/ਸੱਤਾ ਤੋਂ ਇਸ ਗੁਣ ਨਾਲ ਲੈਸ ਹੋਣ ਦੀ ਆਸ ਕੀਤੀ ਜਾਂਦੀ ਹੈ, ਪਰ ਕੋਈ ਇਸ ਲਾਚਾਰੀ ਵਿਚ ਆਪਣੀ ਇਸ ਵਿਲੱਖਣਤਾ ਨੂੰ ਪਾਸੇ ਨਹੀਂ ਰੱਖ ਦਿੰਦਾ। ਜੇਕਰ ਕੋਈ ਕਿਸੇ ਮਜਬੂਰ ਕਮਜ਼ੋਰ ਵਿਅਕਤੀ ਨੂੰ ਹੱਥ ਫੜ ਕੇ ਸੜਕ ਵੀ ਪਾਰ ਕਰਵਾ ਦਿੰਦਾ ਹੈ ਤਾਂ ਇਹ ਉਸ ਦਾ ਏਨਾ ਕੁ ਯੋਗਦਾਨ ਵੀ ਦਰਜ ਕਰਨ ਵਾਲਾ ਹੈ।

ਮੇਰੇ ਪਿਤਾ ਜੀ ਨੂੰ ਟੀ.ਬੀ. ਦੀ ਬਿਮਾਰੀ ਸੀ। ਲੰਮਾ ਸਮਾਂ ਦਵਾਈ ਖਾਂਦਿਆਂ ਮੈਂ ਦੇਖਿਆ। ਤਕਰੀਬਨ ਦੋ ਸਾਲ ਤੱਕ। ਉਦੋਂ ਏਨਾ ਲੰਮਾ ਹੀ ਹੁੰਦਾ ਸੀ ਇਲਾਜ, ਕੋਈ 1966-67 ਦੌਰਾਨ। ਹਰ ਰੋਜ਼ ਪੁੜੇ ਵਿਚ ਇਕ ਟੀਕਾ ਲੱਗਦਾ। ਦਰਦ ਨਾਲ ਖਿਝਦੇ। ਹੁਣ ਤਾਂ ਇਸ ਬਿਮਾਰੀ ਦੀ ਦਵਾਈ ਦਾ ਕੋਰਸ ਛੇ ਕੁ ਮਹੀਨਿਆਂ ਦਾ ਰਹਿ ਗਿਆ ਹੈ, ਪਰ ਜੋ ਖੋਜ ਇਸ ਬਿਮਾਰੀ ਨੂੰ ਲੈ ਕੇ ਹੋਣੀ ਚਾਹੀਦੀ ਸੀ, ਉਹ ਨਹੀਂ ਹੋਈ। ਗਰੀਬਾਂ ਦੀ ਅਤੇ ਪੱਛੜੇ ਮੁਲਕਾਂ ਦੀ ਬਿਮਾਰੀ ਮੰਨੀ ਜਾਂਦੀ ਹੈ ਤੇ ਦਵਾ ਕੰਪਨੀ ਦਾ ਜ਼ੋਰ ਉਨ੍ਹਾਂ ਹਾਲਤਾਂ 'ਤੇ ਖੋਜ ਕਰਨ ਤੱਕ ਹੁੰਦਾ ਹੈ, ਜਿੱਥੋਂ ਮੁਨਾਫਾ ਮਿਲ ਸਕੇ। ਦਿਲ ਦੀਆਂ ਬਿਮਾਰੀਆਂ ਨੂੰ ਲੈ ਕੇ, ਜਿਸ ਰਫਤਾਰ ਨਾਲ ਖੋਜਾਂ ਹੋਈਆਂ ਨੇ, ਉਹ ਮਿਸਾਲ ਨੇ। ਹਰ ਦੂਜੇ ਮਹੀਨੇ ਕੋਈ ਨਾ ਕੋਈ ਨਵੀਂ ਦਵਾਈ ਜਾਂ ਕੋਈ ਨਵੀਂ ਤਕਨੀਕ ਸਾਹਮਣੇ ਆ ਜਾਂਦੀ ਹੈ। ਬਲੱਡ ਪ੍ਰੈਸ਼ਰ ਦੇ ਮਰੀਜ਼ ਕਰੋੜਾਂ ਵਿਚ ਹਨ ਤੇ ਟੀ.ਬੀ. ਦੀ ਬਿਮਾਰੀ ਦੇ ਲੱਖਾਂ ਵਿਚ, ਉਨ੍ਹਾਂ ਸਾਹਮਣੇ ਦਵਾਈ ਦੀ ਖਪਤ ਦੀ ਗੱਲ ਹੈ, ਜਦੋਂ ਕਿ ਦਵਾਈ ਦਾ ਸੰਬੰਧ ਦਰਦ ਤੋਂ ਰਾਹਤ ਨਾਲ ਹੈ, ਮੁਨਾਫੇ ਨਾਲ ਨਹੀਂ।

ਅਗਲੇ ਸਾਲ ਪਤਾ ਚੱਲਿਆ ਕਿ ਪਿਤਾ ਜੀ ਨੂੰ ਸੀ.ਐੱਮ.ਸੀ. ਲੁਧਿਆਣਾ ਦਾਖਲ ਕਰਵਾਉਣਾ ਪਿਆ। ਪਤਾ ਚੱਲਿਆ ਕਿ ਬਿਜਲੀਆਂ ਲਗਾਉਣੀਆਂ ਪੈ ਰਹੀਆਂ ਨੇ, ਜਿਸ ਦੀ ਬਾਅਦ ਵਿਚ ਸਮਝ ਪਈ ਕਿ ਰੇਡੀਓਥਰੈਪੀ ਚੱਲ ਰਹੀ ਸੀ, ਮਤਲਬ ਕਿ ਕੈਂਸਰ ਹੋਵੇਗਾ। ਖੈਰ ਉਹ ਬਚ ਨਹੀਂ ਸਕੇ। ਮੈਂ ਉਦੋਂ ਨੌਂਵੀਂ ਵਿਚ ਪੜ੍ਹਦਾ ਸੀ।

ਮੈਂ ਐੱਮ.ਬੀ.ਬੀ.ਐੱਸ., ਐੱਮ.ਡੀ., ਪੇਂਡੂ ਨੌਕਰੀ ਅਤੇ ਵਿਆਹ ਤੋਂ ਬਾਅਦ, 1988 ਵਿਚ ਅੰਮ੍ਰਿਤਸਰ ਆ ਗਿਆ। ਮਾਂ ਵੀ ਮੇਰੇ ਕੋਲ ਆ ਗਈ, ਜਦ ਤੱਕ ਛੋਟੇ ਭਰਾ ਸੈੱਟ ਹੋ ਗਏ ਸਨ, ਛੋਟੀ ਭੈਣ ਦਾ ਵਿਆਹ ਵੀ ਹੋ ਗਿਆ ਸੀ। ਮਾਤਾ ਦੀ ਮੇਰੇ ਕੋਲ ਰਹਿੰਦਿਆਂ 1995 ਵਿਚ ਮੌਤ ਹੋਈ। ਆਖਰੀ ਦਿਨਾਂ ਵਿਚ ਉਨ੍ਹਾਂ ਨੂੰ ਰੇਸ਼ਾ ਸੀ। ਉਂਜ ਆਖਰੀ ਸਮੇਂ ਤੱਕ ਘਰ ਦਾ ਕੰਮ-ਕਾਜ ਵੀ ਕਰਦੇ ਰਹੇ। ਸਾਡੇ ਬੱਚੇ ਵੀ ਸੰਭਾਲੇ, ਸਾਨੂੰ ਵੀ ਦੁਪਹਿਰੇ ਕੰਮ ਤੋਂ ਮੁੜਦਿਆਂ ਗਰਮ-ਗਰਮ ਰੋਟੀ ਮਿਲਦੀ।

ਇਨ੍ਹਾਂ ਦੋਹਾਂ ਹਾਦਸਿਆਂ ਦੌਰਾਨ, ਇਕ ਘਟਨਾ ਹੋਰ ਵਾਪਰੀ ਕਿ ਮੈਨੂੰ ਆਪਣੇ ਵਿਦਿਆਰਥੀ ਸਮੇਂ ਦੌਰਾਨ 1976 ਵਿਚ ਸ਼ੂਗਰ ਹੋਣ ਦਾ ਪਤਾ ਚੱਲਿਆ। ਕਹਿਣ ਤੋਂ ਭਾਵ ਮੇਰੇ ਪਰਵਾਰ ਵਿਚ ਟੀ.ਬੀ., ਕੈਂਸਰ, ਸ਼ੂਗਰ ਰੋਗ ਰਹੇ। ਇਨ੍ਹਾਂ ਬਿਮਾਰੀਆਂ ਸਦਕਾ ਕੀ-ਕੀ ਨਤੀਜੇ ਭੋਗਣੇ-ਝੱਲਣੇ ਪਏ। ਮੇਰੇ ਮਨ ਵਿਚ ਕਦੇ ਇਸ ਤਰ੍ਹਾਂ ਦਾ ਖਿਆਲ ਨਹੀਂ ਆਇਆ ਕਿ ਪਿਤਾ ਜੀ ਜਾਂ ਮਾਤਾ ਦੀ ਯਾਦ ਵਿਚ ਕੋਈ ਕਾਰਜ ਆਰੰਭਿਆ ਜਾਵੇ। ਪਹਿਲੀ ਗੱਲ ਤਾਂ ਹੈ ਕਿ ਪਾਕਿਸਤਾਨ ਤੋਂ ਉੱਜੜਿਆ ਪਰਵਾਰ, ਪੜ੍ਹਾਈ ਮੁੱਕਣ ਤੋਂ ਫੌਰੀ ਬਾਅਦ ਹੀ ਸਰਕਾਰੀ ਨੌਕਰੀ ਮਿਲ ਗਈ। ਪਹਿਲਾਂ ਤਿੰਨ ਕੁ ਸਾਲ ਪੇਂਡੂ ਨੌਕਰੀ ਕੀਤੀ ਤੇ ਫਿਰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ। ਦੂਸਰਾ ਮੇਰਾ ਵਿਸ਼ਾ ਸੀ ਕਮਿਊਨਿਟੀ ਮੈਡੀਸਨ। ਲੋਕ ਸਿਹਤ। ਲੋਕਾਂ ਵਿਚ ਆ ਕੇ ਸਿਹਤ ਪ੍ਰਤੀ ਜਾਗਰੂਕਤਾ ਅਤੇ ਅਧਿਐਨ। ਨਾਲ ਹੀ ਇਕ ਹੋਰ ਪੱਖ ਜੁੜਿਆ ਕਿ ਮੇਰਾ ਝੁਕਾਅ ਲਿਖਣ ਵੱਲ ਰਿਹਾ। ਕਵਿਤਾ ਤੋਂ ਸ਼ੁਰੂ ਕੀਤਾ, ਕਹਾਣੀ, ਮਿੰਨੀ ਕਹਾਣੀ ਵੱਲ ਹੁੰਦਾ, ਸਿਹਤ ਪ੍ਰਤੀ ਲਿਖਣ ਵੱਲ ਵੀ ਆਇਆ। ਸਿਹਤ ਦੇ ਵਿਸ਼ੇ ਨੂੰ ਸਮਾਜ ਮਨੋਵਿਗਿਆਨਕ ਦੇ ਨਜ਼ਰੀਏ ਤੋਂ ਲਿਖਿਆ। ਬਿਮਾਰੀ ਦੀਆਂ ਜੜ੍ਹਾਂ ਸਮਾਜਿਕ ਮਾਹੌਲ ਵਿੱਚੋਂ ਤਲਾਸ਼ਣ ਦੀ ਕੋਸ਼ਿਸ਼ ਕੀਤੀ ਤੇ ਲਿਖਿਆ ਵੀ।

ਭਾਰਤ ਗਿਆਨ-ਵਿਗਿਆਨ ਸੰਮਤੀ ਤਹਿਤ ਕੰਮ ਕਰਦੇ, ਜਿੱਥੇ ਗੀਤ, ਨਾਟਕ, ਵਿਚਾਰ-ਵਟਾਂਦਰਾ ਹੁੰਦਾ ਸੀ, ਉਥੇ ਕਿਤਾਬਚੇ ਤਿਆਰ ਕੀਤੇ। ਅੰਮ੍ਰਿਤਸਰ ਵਿਚ ਬਣੀ ਟੀਮ ਨੇ ਸਿਹਤ ਨੂੰ ਇਕ ਵੱਖਰਾ ਪਹਿਲੂ ਚੁਣ ਕੇ ਆਓ ਸਿਹਤ ਦੀਆਂ ਗੱਲਾਂ ਕਰੀਏ ਲੜੀ ਸ਼ੁਰੂ ਕੀਤੀ। ਪਹਿਲੀ ਸੀ, ਸਿਹਤ ਕੀ ਹੈ ? ਤੇ ਦੂਸਰੀ ਜੋ 1991 ਵਿਚ ਛਪੀ, ਮੇਰੇ ਅਚੇਤ ਮਨ ਵਿਚ ਪਈ ਸ਼ੂਗਰ ਦੀ ਬਿਮਾਰੀ ਹੰਢਾਉਣ ਦੀ ਪ੍ਰਕ੍ਰਿਆ। ਤਕਰੀਬਨ ਵੀਹ ਸਾਲ ਹੋਣ ਨੂੰ ਆ ਰਹੇ ਸਨ ਤੇ ਮੈਂ ਠੀਕ-ਠਾਕ ਸੀ, ਜਦੋਂ ਕਿ ਸਾਡੇ ਮੈਡੀਸਨ ਦੀ ਕਿਤਾਬ ਦੀ ਉਸ ਸਮੇਂ ਦੀ ਸਰੀਰ ਦੀ ਬਿਮਾਰੀ ਪ੍ਰਤੀ ਸਮਝ ਸੀ, ਤਿੰਨ ਤੋਂ ਵੀਹ ਸਾਲ । ਦੂਸਰਾ ਕਿਤਾਬਚਾ ਸੀ, ਸ਼ੂਗਰ ਰੋਗ ਨਾਲ ਸਿਹਤਮੰਦ ਜ਼ਿੰਦਗੀ । ਪਹਿਲਾਂ ਅਸੀਂ ਖੁਦ ਛਾਪੀ, ਪਰ ਤਰਕਭਾਰਤੀ ਪ੍ਰਕਾਸ਼ਨ ਵਾਲੇ ਮੇਘ ਰਾਜ ਮਿੱਤਰ ਨੇ ਛਾਪਣ ਦੀ ਜ਼ਿੰਮੇਵਾਰੀ ਲਈ। ਹਜ਼ਾਰਾਂ ਦੀ ਗਿਣਤੀ ਵਿਚ ਛਪੀ। ਕਈਆਂ ਨੇ ਫੋਟੋਸਟੇਟ ਕਰਵਾ ਕੇ ਵੰਡੀ। ਮੈਨੂੰ ਜਾਪਿਆ ਕਿ ਉਹੀ ਕੰਮ ਹੋ ਰਿਹਾ ਹੈ, ਦੂਸਰੇ ਲਈ ਕਲਿਆਣਕਾਰੀ। ਕੁਝ ਸਾਲਾਂ ਮਗਰੋਂ ਹੋਰ ਵੇਰਵੇ ਅਤੇ ਤਜਰਬੇ

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਮੁਤਾਬਕ ਕਿਤਾਬ ਬਣੀ, ਸ਼ੂਗਰ ਰੋਗ : ਆਸਾਨ ਹੈ ਜ਼ਿੰਦਗੀ । ਦੋਹਾਂ ਦੇ ਸਿਰਲੇਖ ਤੋਂ ਅੰਦਾਜ਼ਾ ਲਗਾਓ ਕਿ ਡਰਨ ਦੀ ਲੋੜ ਨਹੀਂ ਹੈ। ਇਹ ਇਕ ਅਵਸਥਾ ਹੈ, ਜਿਸ ਨੂੰ ਸਮਝ ਕੇ ਚੰਗੇ ਤਰੀਕੇ ਨਾਲ ਨਿਪਟਿਆ ਜਾ ਸਕਦਾ ਹੈ। ਅਵੇਸਲੇ ਹੋਣ ਦੀ ਲੋੜ ਨਹੀਂ। ਉਂਜ ਵੀ ਅਵੇਸਲਾਪਨ ਤਾਂ ਚੰਗੇ-ਭਲੇ ਸਿਹਤਮੰਦ ਵਿਅਕਤੀ ਨੂੰ ਵੀ ਢਾਅ ਲੈਂਦਾ ਹੈ।

ਕੈਂਸਰ ਸੰਸਥਾਨ ਵਾਂਗ ਕਈ ਵਾਰ ਮਨ ਵਿਚ ਆਇਆ ਕਿ ਸ਼ੂਗਰ ਰੋਗ ਨੂੰ ਲੈ ਕੇ ਇਕ ਛੱਤ ਹੇਠ ਮਿਲਣ ਵਾਲੀਆਂ ਸਾਰੀਆਂ ਸੇਵਾਵਾਂ ਦਾ ਪ੍ਰਬੰਧ ਹੋਵੇ। ਸ਼ੂਗਰ ਰੋਗ, ਟੈਸਟ ਕਰਵਾ ਕੇ ਪਤਾ ਲਗਾਉਣਾ ਤੇ ਫਿਰ ਦਵਾਈ ਦੇਣ ਤੱਕ ਹੀ ਸੀਮਤ ਨਹੀਂ ਹੈ। ਖੁਰਾਕ ਇਕ ਬਹੁਤ ਅਹਿਮ ਪਹਿਲੂ ਹੈ। ਕੀ ਖਾਣਾ ਹੈ, ਕਿਵੇਂ ਅਤੇ ਕਿੰਨਾ ਖਾਣਾ ਹੈ, ਕਸਰਤ ਜਾਂ ਫਿਰ ਸਰੀਰਕ ਹਿਲਜੁਲ ਦੂਸਰਾ ਮਹੱਤਵਪੂਰਨ ਪੱਖ ਹੈ। ਤਨਾਅ ਤੋਂ ਮੁਕਤੀ ਵੀ ਅਹਿਮ ਹੈ ਅਤੇ ਲਗਾਤਾਰ ਚੈੱਕ ਕਰਵਾਉਣਾ ਜਾਂ ਸ਼ੂਗਰ ਰੋਗ ਨਾਲ ਹੋਣ ਵਾਲੀਆਂ ਦਿੱਕਤਾਂ ਜਿਵੇਂ ਅੱਖਾਂ, ਗੁਰਦੇ, ਦਿਮਾਗ, ਨਸਾਂ, ਪੈਰਾਂ ਦੀ ਦੇਖਭਾਲ ਆਦਿ ਸਭ ਤੋਂ ਅਹਿਮ ਹਨ।

ਮੇਰੀ ਸਮਝ ਵਿਚ ਇਕ ਪੱਖ ਹੋਰ ਜੁੜਿਆ ਹੈ ਤੇ ਭਾਰੂ ਵੀ ਰਿਹਾ ਹੈ ਕਿ ਅਜਿਹੀ ਸਮਝ ਤੋਂ ਬਾਅਦ ਜਾਂ ਅਜਿਹੇ ਵਿਚਾਰ ਨੂੰ ਜ਼ਮੀਨ 'ਤੇ ਉਤਾਰਨ ਮਗਰੋਂ ਖੁਦ ਨਾਲ ਸਵਾਲ ਕਰਦਾ ਹਾਂ ਕਿ ਕੌਣ ਆਵੇਗਾ ਅਜਿਹੇ ਸੰਸਥਾਨ 'ਤੇ? ਬਿਮਾਰੀ ਦੀ ਜ਼ਿਆਦਾ ਮਾਰ ਕਿਸ ਵਰਗ ਦੇ ਲੋਕਾਂ ਵਿਚ ਹੈ? ਸ਼ੂਗਰ ਰੋਗ ਦੇ ਸੁਪਰ ਮਾਹਿਰਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ ਤੇ ਉਨ੍ਹਾਂ ਕੋਲ ਪਹੁੰਚ ਕਰਨ ਲਈ ਤੌਰ-ਤਰੀਕੇ ਵੀ ਲੱਭੇ ਗਏ ਹਨ ਤੇ ਪ੍ਰਚਾਰੇ ਜਾਂਦੇ ਹਨ। ਸਾਡੇ ਡਾਕਟਰਾਂ ਵਿਚ ਇਕ ਭਾਵ ਪ੍ਰਚਲਿਤ ਹੈ ਕਿ ਕਿਸੇ ਵੀ ਡਾਕਟਰ ਨੂੰ ਦਸ ਕੁ ਮਰੀਜ਼ ਸ਼ੂਗਰ ਰੋਗ ਦੇ ਦਾਜ ਵਿਚ ਮਿਲ ਜਾਣ ਤਾਂ ਉਹ ਸਾਰੀ ਉਮਰ ਸੌਖੀ ਰੋਟੀ ਖਾ ਸਕਦਾ ਹੈ। ਸਵਾਲ ਤੁਸੀਂ ਸਮਝਦੇ ਹੋ। ਸ਼ੂਗਰ ਰੋਗ ਦੇ ਮਰੀਜ਼ ਨੂੰ ਲਗਾਤਾਰ ਤਾਉਮਰ ਦਵਾਈ ਦੀ ਲੋੜ ਹੁੰਦੀ ਹੈ ਤੇ ਉਸ ਨੂੰ ਲਗਾਤਾਰ ਚੈੱਕਅਪ ਕਰਵਾਉਣ ਲਈ ਪ੍ਰੇਰਿਆ ਜਾਂਦਾ ਹੈ। ਇਕ ਵਾਰੀ ਚੈੱਕ ਕਰਵਾਉਣਾ ਹੋਵੇ, ਸਾਰੇ ਟੈਸਟਾਂ ਦੀ ਕੀਮਤ ਹਜ਼ਾਰਾਂ ਵਿਚ ਪਹੁੰਚਦੀ ਹੈ। ਫਿਰ ਜਦੋਂ ਦਿੱਕਤਾਂ ਜੁੜਨੀਆਂ ਸ਼ੁਰੂ ਹੋਣਗੀਆਂ, ਉਨ੍ਹਾਂ ਨੂੰ ਰੋਕਣਾ ਨਹੀਂ, ਛੇਤੀ ਫੜਨਾ ਹੈ, ਉਸ ਦੇ ਟੈਸਟ ਵੱਖਰੇ। ਸਾਰੀ ਗੱਲ ਦਾ ਸਾਰ ਇਹੀ ਹੈ ਕਿ ਇਹ ਜ਼ਰੀਆ, ਤੌਰ-ਤਰੀਕਾ ਅਮੀਰ ਲੋਕਾਂ ਦਾ ਵੱਧ ਹੈ, ਮੈਨੂੰ ਲੱਗਿਆ ਮੇਰੇ ਕਿਤਾਬਚੇ ਵੱਧ ਕੰਮ ਕਰ ਰਹੇ ਨੇ, ਸ਼ੂਗਰ ਰੋਗ ਨਾਲ ਸਿਹਤਮੰਦ ਜ਼ਿੰਦਗੀ, ਬਲੱਡ ਪ੍ਰੈਸ਼ਰ, ਖੁਰਾਕ ਅਤੇ ਸਿਹਤ, ਸਿਹਤ ਸੰਜੀਵਨੀ ਖੁਰਾਕ, ਮੋਟਾਪਾ, ਸਾਰੇ ਹੀ ਛਪ ਰਹੇ ਹਨ ਅਤੇ ਪੜ੍ਹੇ ਜਾ ਰਹੇ ਨੇ।

ਪਿਛਲੇ ਦਿਨੀਂ ਟਰੇਡ ਯੂਨੀਅਨ ਕੌਂਸਲ ਜ਼ੀਰਾ ਦੇ ਤਰਸੇਮ ਸਿੰਘ, ਮਲਕੀਤ ਅਤੇ ਹੋਰ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਜੀਵਨ-ਜਾਚ ਦੀਆਂ ਇਨ੍ਹਾਂ ਬਿਮਾਰੀਆਂ ਬਾਰੇ ਲੋਕਾਂ ਨੂੰ ਬਹੁਤ ਘੱਟ ਪਤਾ ਹੈ, ਡਾਕਟਰ ਵੀ ਤਰੱਦਦ ਨਹੀਂ ਕਰਦੇ, ਦੇਖਿਆ ਤੇ ਦੋ ਗੱਲਾਂ ਕੀਤੀਆਂ ਤੇ ਦਵਾਈ ਲਿਖ ਕੇ ਅੱਗੇ। ਮੈਨੂੰ ਕਹਿਣ ਲੱਗੇ, ਤੁਹਾਡੇ ਕੋਲ ਸ਼ੂਗਰ ਰੋਗ ਵਾਲੀ ਕਿਤਾਬ ਹੈ, ਮੈਂ ਕਿਹਾ, ਆਪਾਂ ਨਵੀਂ ਛਾਪ ਲੈਨੇ ਹਾਂ ਤੇ ਮੈਂ ਸਾਰੇ ਕਿਤਾਬਚਿਆਂ ਵਿੱਚੋਂ ਲੋੜੀਂਦੀ ਜਾਣਕਾਰੀ ਇਕ ਕਿਤਾਬਚੇ ਵਿਚ ਇਕੱਠੀ ਕਰ ਲਈ, ਜੀਵਨ-ਜਾਚ ਅਤੇ ਸਾਡਾ ਸਰੀਰ । ਉਨ੍ਹਾਂ ਇਹ ਆਪਣੇ ਮੈਂਬਰਾਂ ਨੂੰ ਵੰਡਿਆ ਵੀ, ਨਾਰੀ ਦਿਵਸ 'ਤੇ ਕੀਤੇ ਇਕੱਠ ਵਿਚ ਹਾਜ਼ਰ ਸਾਰੇ ਲੋਕਾਂ ਨੂੰ ਵੰਡਿਆ ਤੇ ਨਾਲੇ ਸਭ ਨੇ ਆਪਸ ਵਿਚ ਤੈਅ ਕੀਤਾ ਕਿ ਕਿਸੇ ਦਾ ਹਾਲ-ਚਾਲ ਪੁੱਛਣ ਜਾਣ ਦਾ ਮੌਕਾ ਬਣੇ ਤਾਂ ਇਹ ਕਿਤਾਬਚਾ ਦੇ ਕੇ ਆਉਣਾ ਹੈ। ਮੈਨੂੰ ਤਸੱਲੀ ਹੁੰਦੀ ਹੈ ਕਿ ਮੈਂ ਆਪਣੀ ਬਿਮਾਰੀ ਦੇ ਜ਼ਰੀਏ ਲੋਕਾਂ ਤੱਕ ਪਹੁੰਚ ਰਿਹਾ ਹਾਂ, ਭਾਵੇਂ ਕਿਸੇ ਤਰ੍ਹਾਂ ਦੀ ਯਾਦਗਾਰੀ ਸੰਸਥਾ ਨਹੀਂ ਹੈ, ਉਸ ਵਿਚ ਉਂਜ ਵੀ ਮੇਰਾ ਬਹੁਤ ਯਕੀਨ ਨਹੀਂ ਹੈ।

ਕਿਤਾਬਚੇ ਨਾਲ ਲੋਕਾਂ ਨੂੰ ਲਾਭ ਹੋ ਰਿਹਾ ਹੈ, ਇਹ ਮੈਂ ਮੰਨਣਾ, ਪਰ ਮੈਨੂੰ ਇਹ ਫਾਇਦਾ ਹੋ ਰਿਹਾ ਹੈ ਕਿ ਆਪਣੀ ਸ਼ੂਗਰ ਦੀ ਬਿਮਾਰੀ ਨਾਲ ਮੈਂ ਪੰਜਾਹ ਸਾਲਾਂ ਤੋਂ ਠੀਕ-ਠਾਕ ਤੁਰਿਆ ਫਿਰਦਾ ਹਾਂ। ਦੋ ਕੁ ਸਾਲ ਪਹਿਲਾਂ ਮੈਂ ਆਪਣੀ ਸਵੈ-ਜੀਵਨੀ ਦੇ ਰੂਪ ਵਿਚ ਆਪਣੀ ਜੀਵਨ ਸ਼ੈਲੀ ਬਾਰੇ ਇਕ ਕਿਤਾਬ ਲਿਖੀ, ਇਕ ਭਰਿਆ ਪੂਰਾ ਦਿਨ, ਜਿਸ ਬਾਰੇ ਮੇਰੀ ਸੋਚ ਸੀ ਕਿ ਇਸ ਜੀਵਨ ਸ਼ੈਲੀ ਨਾਲ ਮੈਂ ਸਿਹਤਮੰਦ ਤੁਰਿਆ ਰਹਿੰਦਾ ਹਾਂ। ਸ਼ੂਗਰ ਰੋਗ ਹੈ ਭਾਵੇਂ, ਪਰ ਮੈਂ ਖੁਦ ਨੂੰ ਸਿਹਤਮੰਦ ਹੀ ਕਹਿੰਦਾ, ਸਿਰਫ ਕਹਿਣ ਨੂੰ ਨਹੀਂ, ਸਿਹਤਮੰਦ ਹਾਂ ਵੀ। ਇਸ ਕਿਤਾਬ ਨੂੰ ਵੀ ਕਾਫੀ ਲੋਕਾਂ ਨੇ ਪੜ੍ਹਿਆ ਹੈ ਤੇ ਅੱਗੋਂ ਪੜ੍ਹਾਇਆ ਹੈ।

ਜਿਵੇਂ ਪਹਿਲਾਂ ਕਿਹਾ ਕਿ ਬਿਮਾਰੀ ਹੈ। ਇਹ ਠੀਕ ਹੈ ਸਰੀਰ ਵਿੱਚੋਂ ਇਕ ਹਾਰਮੋਨ ਇੰਸੁਲਿਨ ਸੁਕ/ਮੁੱਕ ਜਾਂਦਾ ਹੈ ਜਾਂ ਘਟ ਜਾਂਦਾ ਹੈ ਤੇ ਅੱਗੋਂ ਸਾਰੀਆਂ ਅਲਾਮਤਾਂ ਸ਼ੁਰੂ ਹੁੰਦੀਆਂ ਨੇ। ਹੁਣ ਸਵਾਲ ਹੈ ਕਿ ਉਹ ਕਿਵੇਂ ਮੁੱਕਦਾ ਹੈ? ਇਸ ਨੂੰ ਜੀਵਨ-ਜਾਚ ਦੇ ਵਰਗ ਵਿਚ ਕਿਉਂ ਰੱਖਿਆ ਹੈ, ਉਹ ਕੀ ਹੈ?

ਮੈਂ ਜਦੋਂ ਪੜ੍ਹਦਾ ਸੀ, ਸਾਲ 1974 ਵਿਚ ਦਾਖਲ ਹੋਇਆ। ਸ਼ੂਗਰ ਰੋਗ ਦਾ ਤਾਂ ਇੰਸੁਲਿਨ ਨਾਲ ਸੰਬੰਧ ਹੈ। ਬਲੱਡ ਪ੍ਰੈਸ਼ਰ, ਜੋ ਕਿ ਇਕ ਹੋਰ ਜੀਵਨ-ਜਾਚ ਦੀ ਬਿਮਾਰੀ ਹੈ, ਬਾਰੇ ਕਿਹਾ ਜਾਂਦਾ ਹੈ ਕਿ ਜਿਵੇਂ-ਜਿਵੇਂ ਉਮਰ ਵਧਦੀ ਹੈ, ਇਹ ਵਧਦਾ ਰਹਿੰਦਾ ਹੈ। ਇਕ ਪੈਮਾਨੇ ਤੋਂ ਜ਼ਿਆਦਾ ਹੋਵੇ ਤਾਂ ਬੀ.ਪੀ. ਦੀ ਬਿਮਾਰੀ ਕਹਿ ਕੇ ਦਵਾ ਸ਼ੁਰੂ ਕਰਦੇ, ਪਰ ਪੰਜਾਹ ਸਾਲ ਤੋਂ ਬਾਅਦ ਹੀ ਅਜਿਹਾ ਕੋਈ ਕੇਸ ਮਰੀਜ਼ ਦੇਖਣ ਨੂੰ ਮਿਲਦਾ। ਅੱਜ ਹਾਲਤ ਇਹ ਹੈ ਬੀ.ਪੀ. ਦੀ ਬਿਮਾਰੀ ਤੀਹ-ਪੈਂਤੀ ਸਾਲ 'ਤੇ ਆ ਗਈ ਹੈ। ਕਾਰਨ ਹੈ ਜੀਵਨ-ਜਾਚ।

ਹੁਣ ਪਿਛਲੇ ਪੰਜਾਹ ਸਾਲਾਂ ਦੌਰਾਨ ਜੀਵਨ-ਜਾਚ ਵਿਚ ਕੀ ਬਦਲਿਆ ਹੈ। ਉਹ ਬਦਲਾਅ ਹੈ ਖੁਰਾਕ ਦਾ। ਸਾਡੀ ਰਸੋਈ ਦਾ ਬਾਜ਼ਾਰ ਚਲੇ ਜਾਣਾ ਅਤੇ ਹੱਥੀਂ ਕੰਮ ਨੂੰ ਨੀਵਾਂ ਕੰਮ ਸਮਝਣਾ। ਸਭ ਕੁਝ ਰਿਮੋਟ ਕੰਟਰੋਲ ਰਾਹੀਂ ਜਾਂ ਆਟੋਮੈਟਿਕ ਤੌਰ-ਤਰੀਕਾ। ਜੇਕਰ ਗੌਰ ਨਾਲ ਸਮਝੀਏ ਤਾਂ ਇਹ ਸਾਡੇ ਸੱਭਿਆਚਾਰ ਨਾਲ ਜੁੜੀ, ਆਪਣੇ ਰਿਵਾਇਤੀ, ਸਦੀਆਂ ਦੀ ਸਮਝ ਤੋਂ ਬਣੇ ਖਾਣਿਆਂ, ਹੱਥੀਂ ਕੰਮ ਵਿਚ ਮਾਣ ਮਹਿਸੂਸ ਕਰਨਾ, ਵਿਹਲੇ ਦਾ ਸਮਾਜ ਵਿਚ ਨਿਰਾਦਰ ਹੋਣਾ, ਦੇ ਉਲਟ ਹੈ। ਅਸੀਂ ਮੇਲ-ਮਿਲਾਪ, ਮੇਲਿਆਂ ਲਈ ਜਾਣੇ ਜਾਂਦੇ ਹਾਂ। ਪੰਜਾਬ ਨਹੀਂ, ਪੂਰਾ ਦੇਸ਼ ਹੀ। ਸਾਡੇ ਤਿਉਹਾਰ ਦੇਖ ਲਵੋ। ਜੇਕਰ ਕਹਾਂ ਤਾਂ ਇਹ ਸੱਭਿਆਚਾਰ ਤੋਂ ਟੁੱਟਣ ਦੀ ਬਿਮਾਰੀ ਹੈ ਤਾਂ ਗਲਤ ਨਹੀਂ ਹੋਵੇਗਾ। ਇਹ ਠੀਕ ਹੈ ਕਿ ਜਿਸ ਨੂੰ ਸਮੱਸਿਆ ਹੈ, ਉਸ ਨੂੰ ਇਲਾਜ ਦੀ ਲੋੜ ਹੈ, ਪਰ ਇਹ ਵੀ ਸਮਝ ਆ ਰਹੀ ਹੈ ਕਿ ਆਪਣੇ ਸੱਭਿਆਚਾਰ ਨੂੰ ਮੁੜ ਲੀਹ 'ਤੇ ਲਿਆ ਕੇ ਉਸ ਨੂੰ ਉਸ ਦਾ ਬਣਦਾ ਮਾਣ ਦੇ ਕੇ, ਨਵੀਂ ਪੀੜ੍ਹੀ ਨੂੰ ਤਾਂ ਬਚਾਇਆ ਜਾ ਸਕਦਾ ਹੈ ਅਤੇ ਨਾਲ ਹੀ ਜਿਸ ਨੂੰ ਬਿਮਾਰੀ ਹੋ ਗਈ ਹੈ, ਉਹ ਸੱਭਿਆਚਾਰ ਨਾਲ ਜੁੜ ਕੇ, ਇਸ ਨਾਲ ਹੋਣ ਵਾਲੀਆਂ ਦਿੱਕਤਾਂ ਤੋਂ ਜ਼ਰੂਰ ਬਚ ਸਕਦਾ ਹੈ।

ਸਵਾਲ ਹੈ, ਇਸ ਗੱਲ ਦਾ ਪ੍ਰਚਾਰ ਕੌਣ ਕਰੇ? ਇਸ ਦੀ ਨੀਤੀ ਕੌਣ ਬਣਾਵੇ? ਸੱਤਾ ਜੇ ਸੁਹਿਰਦ ਹੋਣਾ ਵੀ ਚਾਹੇ ਤਾਂ ਕਾਰਪੋਰੇਟ ਸਿਹਤ ਦੇ ਖੇਤਰ ਵਿਚ ਆਪਣੇ ਪੈਰ ਪਸਾਰਨ ਲਈ ਤਿਆਰ ਬੈਠਾ ਹੈ।

ਕਾਰਪੋਰੇਟ ਤੋਂ ਕਲਿਆਣਕਾਰੀ ਹੋਣ ਦੀ ਆਸ ਨਾਸਮਝੀ ਹੈ, ਜੋ ਸਾਡੀ ਮਨੁੱਖੀ ਕਲਿਆਣਕਾਰੀ ਭਾਵਨਾ ਨੂੰ ਖੋਰਾ ਲਾ ਰਿਹਾ ਹੈ। ਜਿਸ ਸਮਝ ਦੇ ਤਹਿਤ ਯਾਦਗਾਰੀ ਸਿਹਤ ਸੰਸਥਾਨ ਉਸਾਰਨ ਦੀ ਪਰੰਪਰਾ ਰਹੀ ਹੈ।

*ਮੋਬਾ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

7-May-Sunday.qxd 5/6/2023 10:02 PM Page 4



# ਖੰਡਿਤ ਦੌਰ ਵਿੱਚ ਸਹਿਜ ਸੰਵੇਦਨਵੀ ਕਾਵਿਕ ਕੈਨਵਸ ਸਿਰਜਦੀ ਸ਼ਾਇਰੀ

## ਚੁੱਪ ਦੀ ਕਥਾ

**(ਕਵਿਤਾ)**
**ਨਵਦੀਪ ਸਿੰਘ ਮੁੰਡੀ**
**ਸਫੇ : 96, ਮੁੱਲ : 150 ਰੁਪਏ**
**ਸਪਰੈੱਡ ਪਬਲੀਕੇਸ਼ਨ, ਪਟਿਆਲਾ**




ਕਿਤਾਬ ਦੀ
ਪਰਖ ਪੜਚੋਲ
ਅਰਵਿੰਦਰ ਕੌਰ ਕਾਕੜਾ



ਨਵਦੀਪ ਸਿੰਘ ਮੁੰਡੀ ਪੰਜਾਬੀ ਕਵਿਤਾ ਵਿੱਚ ਨਵਾਂ ਹਸਤਾਖਰ ਹੈ। ਉਹ ਉਸ ਸਮੇਂ ਪੰਜਾਬੀ ਕਵਿਤਾ ਵਿੱਚ ਦਾਖਲ ਹੁੰਦਾ ਹੈ, ਜਦੋਂ ਅਸਤਿਤਵਿਕ ਸੰਕਟ ਤੋਂ ਉਤਪੰਨ ਪੀੜ ਮਾਨਵੀ ਜਜ਼ਬਿਆਂ ਤੇ ਪਾਕ ਰਿਸ਼ਤਿਆਂ ਵਿੱਚੋਂ ਮੁਹੱਬਤ ਮਨਫੀ ਕਰ ਰਹੀ ਹੈ। ਉਹ ਮੁਹੱਬਤੀ ਪ੍ਰਵਚਨ ਸਿਰਜ ਕੇ ਮਨੁੱਖ ਦੇ ਅੰਤਰੀਵ ਭਾਵਾਂ ਵਿਚ ਹੋ ਰਹੀ ਹਲਚਲ ਨੂੰ ਜ਼ੁਬਾਨ ਦਿੰਦਾ ਹੈ। ਇਸ ਪੁਸਤਕ ਵਿੱਚ ਸ਼ਾਮਲ 75 ਕਵਿਤਾਵਾਂ ਸੰਵੇਦਨਮਈ ਰੁਖ ਅਖਤਿਆਰ ਕਰਦੀਆਂ ਚੁੱਪ ਅੰਦਰਲੀਆਂ ਤਰੰਗਾਂ ਨੂੰ ਹਲੂਣ ਕੇ ਸੰਵਾਦ ਰਚਾਉਂਦੀਆਂ ਹਨ। ਮਨੁੱਖ ਅੰਦਰਲੇ ਤੇ ਬਾਹਰਲੇ ਸਮਾਜ ਦੇ ਨਾਲ ਅੰਤਰ ਸੰਬੰਧ ਪੈਦਾ ਕਰਦੀਆਂ ਇਹ ਕਵਿਤਾਵਾਂ ਆਪਣੀ ਸਹਿਜ ਤੋਰ ਤੁਰਦੀਆਂ ਪਾਠਕਾਂ 'ਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ। ਇਸ ਕਵਿਤਾ ਵਿਚਲੇ ਕਈ ਪਾਸਾਰ ਇਸ ਸ਼ਾਇਰੀ ਨੂੰ ਜੀਵੰਤ ਅੰਸ਼ਾਂ ਦੀ ਗਵਾਹੀ ਭਰਦੇ ਹਨ।

ਇਸ ਕਵਿਤਾ ਦਾ ਪਹਿਲਾ ਪਾਸਾਰ ਰਿਸ਼ਤਿਆਂ ਨੂੰ ਕਈ ਕੋਣਾਂ ਤੋਂ ਦੇਖਦਾ ਹੈ। ਇਸ ਕਵਿਤਾ ਵਿਚਲੇ ਰਿਸ਼ਤਿਆਂ ਦੀ ਵਿਆਕਰਣ ਇੱਕ ਸੰਤੁਲਨ ਰਿਸ਼ਤਿਆਂ ਦੀ ਤਲਾਸ਼ ਕਰਦੀ ਹੋਈ ਬੜੀ ਸ਼ਿੱਦਤ ਨਾਲ ਰਿਸ਼ਤਿਆਂ ਨਾਲ ਜੁੜੇ ਹੋਏ ਸੰਬੰਧਾਂ ਦਾ ਲੇਖਾ-ਜੋਖਾ ਕਰਦੀ ਹੈ। ਮਾਂ-1 ਨਜ਼ਮ ਤੇ ਪਿਛਲੇ ਗਹਿਰੇ ਅਰਥ ਮਾਂ ਦੁਆਲੇ ਘੁੰਮਦੇ ਹੋਏ ਸਹਿਜ ਰੂਪ ਵਿੱਚ ਮਾਂ ਦੀ ਮੁਹੱਬਤ ਦੇ ਅਰਥਾਂ ਨੂੰ ਵਿਸਥਾਰਿਤ ਕਰਦੇ ਹਨ, ਉੱਥੇ ਮਾਂ -2 ਕਵਿਤਾ ਦੇ ਅਹਿਸਾਨਾਂ ਦਾ ਅਜਿਹਾ ਸਮੀਕਰਨ ਉਸਾਰਦੀ ਜੋ ਨਿੱਜ ਤੋਂ ਪਰ੍ਹੇ ਦੀ ਹੋਂਦ 'ਤੇ ਟਿਕਦੀ ਹੋਈ ਤਿਆਗ ਦੀ ਮੂਰਤ ਬਣਦੀ ਹੈ। ਇਸ ਕਵਿਤਾ ਵਿਚਲਾ ਪਾਤਰ ਮੋਹ ਦੇ ਰਿਸ਼ਤੇ ਪਾਲਣ ਦਾ ਬਲ ਰੱਖਦਾ ਹੈ। ਬਹੁਤ ਸਾਰੀਆਂ ਕਵਿਤਾਵਾਂ ਚਾਹੇ ਉਹ ਭੈਣ-ਧੀ ਬਾਰੇ ਹੋਣ ਜਾਂ ਮਹਿਬੂਬ ਬਾਰੇ, ਪਿਆਰ ਦੀ ਵੱਖੋ-ਵੱਖਰੀ ਡਿਗਰੀ ਵੇਖੀ ਜਾ ਸਕਦੀ ਹੈ।

ਇਸ ਕਵਿਤਾ ਵਿਚਲਾ ਦੂਜਾ ਪਾਸਾਰ ਪੂਰਨ ਮੁਹੱਬਤ ਦੀ ਤਲਾਸ਼ ਕਰਦਾ ਹੈ। ਇਹ ਕਵਿਤਾ ਅਸਲ ਵਿਚ ਮੁਹੱਬਤ ਦਾ ਸਿਰਨਾਵਾਂ ਬਣਦੀ ਹੈ। ਇਸ ਵਿਚ ਆਪਣੇ ਪਿਆਰੇ ਪ੍ਰਤੀ ਕੋਈ ਸ਼ਿਕਵਾ ਨਹੀਂ, ਬਲਕਿ ਸਤਿਕਾਰ ਹੈ। ਮੁਹੱਬਤ ਇਸ ਕਵਿਤਾ ਵਿਚਲੇ ਪਾਤਰ ਨੂੰ ਕਿਤੇ ਵੀ ਵਾਹੂ ਨਹੀਂ ਬਣਾਉਂਦੀ, ਬਲਕਿ ਉਸ ਦੇ ਅੰਦਰਲੇ ਜਜ਼ਬਿਆਂ ਨੂੰ ਉਡਾਣ ਦਿੰਦੀ ਹੈ। ਪਿਆਰ ਇਸ ਕਵਿਤਾ ਲਈ ਪਹਿਚਾਣ ਹੈ, ਕਬਜ਼ਾ ਨਹੀਂ ਹੈ, ਜੋ ਚੁੱਪ ਦੀ ਭਾਸ਼ਾ ਦੇ ਅਰਥ ਸਮਝਦਾ ਇਸ ਦੀ ਰਮਜ਼ ਨੂੰ ਜਾਣਦਾ ਹੈ।

ਮੋਹ ਦਾ ਰਿਸ਼ਤਾ ਬੜਾ ਕਮਾਲ ਹੁੰਦਾ
ਇੱਟਾਂ ਨਾਲ ਵੀ ਪਿਆਰ ਹੁੰਦਾ
ਮੁਹੱਬਤ ਦੀ ਆਪਣੀ ਮਰਿਆਦਾ ਹੈ
ਮੈਂ ਮਰਿਆਦਾ ਵਿੱਚ ਬੱਝਿਆ
ਹੁਣ ਤੈਨੂੰ ਹੋਰ ਕੁਝ ਨਹੀਂ ਕਹਾਂਗਾ
ਸਗੋਂ ਤੇਰੀ ਖਾਮੋਸ਼ੀ ਨੂੰ ਸਵੀਕਾਰਾਂਗਾ

ਕਵੀ ਸੰਤਾਪੀ ਮੁਹੱਬਤ ਨੂੰ ਪੱਥਰ ਦਾ ਨਾਂਅ ਧਰਦਾ ਹੋਇਆ ਆਪਣਾ ਤਰਕ ਪੇਸ਼ ਕਰਦਾ ਹੈ ਕਿ ਮੁਹੱਬਤ ਸਾਹਾਂ ਦੀ ਦਾਤ ਹੈ, ਜੋ ਮੁਹੱਬਤੀ ਬੰਦੇ ਕੋਲ ਹਮੇਸ਼ਾ ਹੀ ਯਾਦ ਰਹਿੰਦੀ ਹੈ

ਮੈਂ ਗਿਆ ਸੀ
ਫੁੱਲਾਂ ਦੇ ਸ਼ਹਿਰ ਚੰਡੀਗੜ੍ਹ
ਉੱਥੇ ਪੱਥਰ ਦੇਖਿਆ
ਪੱਥਰ ਕੋਲ ਖੜ੍ਹਦਿਆਂ
ਤੇਰੀ ਯਾਦ ਮੱਲੋ ਮੱਲੀ ਆ ਗਈ
ਹਾਏ!
ਤੂੰ ਤੇ ਪੱਥਰ ਕਿੰਨੇ
ਇੱਕੋ ਜਿਹੇ

ਅੱਜ ਜਦੋਂ ਖਪਤਕਾਰੀ ਭਾਰੂ ਰੁਝਾਨਾਂ, ਭੋਗਵਾਦੀ ਲਾਲਸਾਵਾਂ ਅਤੇ ਜੀਵਨ ਲੁਭਾਊ ਜੰਤਰਾਂ ਨੇ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਪ੍ਰਭਾਵਿਤ ਕੀਤਾ ਹੈ। ਇਹਨਾਂ ਖਿੱਚਪਾਊ ਭਰਮਾਊ ਰੁਚੀਆਂ ਦੁਆਰਾ ਪੈਦਾ ਕੀਤੀ ਗਈ ਦੇਹਵਾਦੀ ਰੁਚੀ ਨੇ ਮੁਹੱਬਤ ਨੂੰ ਵੀ ਦੇਹ ਤੱਕ ਸੀਮਤ ਕਰ ਦਿੱਤਾ ਹੈ। ਨਵਦੀਪ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਮੁਹੱਬਤ ਵਰਗੇ ਸੂਖਮ ਜਜ਼ਬੇ ਦਾ ਘਾਣ ਕਰਕੇ ਇਹ ਸਮਾਜ ਮਾਨਵੀ ਕਦਰਾਂ-ਕੀਮਤਾਂ ਤੋਂ ਵਿਹੂਣਾ ਹੋ ਰਿਹਾ ਹੈ। ਮੁਹੱਬਤ ਵਿਹੂਣੇ ਮਨੁੱਖ ਦਾ ਪਰਛਾਵਾਂ ਹਰ ਖੇਤਰ ਦੇ ਵਿੱਚ ਵੇਖਿਆ ਜਾ ਸਕਦਾ ਹੈ। ਉਹ ਗੂੜ੍ਹੀ ਮੁਹੱਬਤ ਪ੍ਰਤੀ ਸਮਰਪਣ ਹੋਣ ਵਾਲੀ ਭਾਵਨਾ ਨੂੰ ਵਿਅਕਤ ਕਰਦਾ ਹੈ। ਇਹ ਪਿਆਰ ਉਸ ਦਾ ਕੁਦਰਤ ਪੱਖੀ ਵੀ ਨਜ਼ਰ ਆਉਂਦਾ ਹੈ। ਜ਼ਿੰਦਗੀ ਵਿਚ ਮੁਹੱਬਤ ਦੀ ਬਹੁ-ਪਾਸਾਰੀ ਗਤੀਸ਼ੀਲਤਾ ਦਾ ਮੈਟਾਫਰ ਇਸ ਰਚਨਾ ਦਾ ਆਧਾਰ ਬਣਦਾ ਹੈ।

ਕਵਿਤਾ ਵਿਚ ਤੀਸਰਾ ਪਾਸਾਰ ਕੁਦਰਤ ਤੇ ਇਧਰ-ਉਧਰ ਘੁੰਮਦਾ ਹੈ। ਮਨੁੱਖ ਦਾ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਉਸ ਨੂੰ ਅੰਦਰੋਂ ਪ੍ਰੇਸ਼ਾਨ ਕਰਦਾ ਹੈ। ਉਹ ਕੁਦਰਤ ਦਾ ਅਧਿਆਤਮੀਕਰਨ ਨਹੀਂ ਕਰਦਾ, ਬਲਕਿ ਉਸ ਦਾ ਪ੍ਰਗਤੀਵਾਦੀ ਪ੍ਰਕਿਰਤੀਵਾਦ ਆਪਣੀ ਸਪੇਸ ਲੈਂਦਾ ਹੈ। ਇਸ ਕਵਿਤਾ ਵਿਚਲੀ ਸੂਖਮ ਕਾਰਗਰ ਜੁਗਤ ਜੀਵਨ ਦੀ ਸੋਝੀ ਪ੍ਰਦਾਨ ਕਰਦੀ ਹੈ। ਉਹ ਕੁਦਰਤ ਦੀ ਵੰਨ-ਸੁਵੰਨਤਾ ਦੀ ਹਾਮੀ ਭਰਦਿਆਂ ਅਤੇ ਕਾਇਨਾਤ ਦੀਆਂ ਵਿਰਲਾਂ ਵਿੱਚ ਮੁਹੱਬਤੀ ਰੰਗ ਭਰਦਾ ਹੈ। ਰੁੱਖਾਂ, ਫੁੱਲਾਂ ਤੇ ਪ੍ਰਕਿਰਤੀ ਦੇ ਹੋਰ ਸਾਧਨਾ ਤੋਂ ਮਿਲੀ ਖੁਸ਼ੀ ਕਵੀ ਦੀ ਅਮਾਨਤ ਹੁੰਦੀ ਹੈ, ਪਰ ਕੁਦਰਤ ਦਾ ਹੋ ਰਿਹੈ ਵਿਨਾਸ਼ ਉਸ ਲਈ ਸਰਾਪ ਬਣ ਕੇ ਬਹੁੜਦਾ ਹੈ। ਮਨੁੱਖੀ ਵਿਕਾਸ ਵਿੱਚ ਕੁਦਰਤ ਅਤੇ ਮਨੁੱਖ ਦੀ ਏਕਤਾ ਦੇ ਪੂਰਨ ਸਿੱਟਿਆਂ ਦੀ ਗਵਾਹੀ ਭਰਦਾ ਹੋਇਆ ਕਵੀ ਅੱਜ ਮਨੁੱਖ ਅਤੇ ਕੁਦਰਤ ਦੇ ਵਿਗੜ ਰਹੇ ਸੰਬੰਧਾਂ ਨੂੰ ਵੀ ਬੜੀ ਸੰਵੇਦਨਾ ਨਾਲ ਵਾਚਦਾ ਹੈ। ਕਵੀ ਨੂੰ ਅਹਿਸਾਸ ਹੈ ਕਿ ਮਨੁੱਖ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਕੁਦਰਤੀ ਆਲਮ ਵਿਚ ਪੈਦਾ ਕੀਤੀ ਉਦਾਸੀ ਦੀ ਕਨਸੋਅ ਹੁਣ ਕੁਦਰਤ ਨੂੰ ਵੀ ਹੈ।

ਨਵਦੀਪ ਦੀ ਕਵਿਤਾ ਬੇਜ਼ੁਬਾਨ ਨੂੰ ਜ਼ੁਬਾਨ ਦਿੰਦੀ ਹੋਈ ਰੁੱਖ-ਬੂਟੇ, ਮਿੱਟੀ, ਦਰਿਆ, ਫੁੱਲਾਂ ਦੇ ਅਹਿਸਾਸਾਂ ਨੂੰ ਵੀ ਜਾਣਦੀ ਹੈ।

ਫੁੱਲ ਕੋਲ ਖੜ੍ਹਦਿਆਂ ਹੀ
ਖਿੜ ਜਾਂਦਾ ਹਾਂ ਮੈਂ ਹਮੇਸ਼ਾ
ਅੱਜ ਪਤਾ ਨ੍ਹੀ ਤੂੰ ਰੱਬਾ
ਕਿੰਨੀ ਉਦਾਸੀ ਭਰ ਦਿੱਤੀ
ਮੇਰੇ ਅੰਦਰ
ਫੁੱਲ ਖਿੜਦਿਆਂ ਹੀ
ਮੁਰਝਾ ਗਏ ਨੇ
ਸਾਰੇ ਫੁੱਲ

ਨਵਦੀਪ ਦੀ ਕੁਦਰਤ ਨੂੰ ਵੇਖਣ ਦੀ ਇਹ ਨਵੀਂ ਦ੍ਰਿਸ਼ਟੀ ਹੈ।

ਕਵਿਤਾ ਦਾ ਚੌਥਾ ਪਾਸਾਰ ਸਮਾਜ ਦੇ ਵਿਭਿੰਨ ਅੰਸ਼ਾਂ ਨੂੰ ਕਲਾਵੇ ਵਿੱਚ ਲੈਂਦਾ ਹੋਇਆ ਆਪਣੀ ਫਿਕਰਮੰਦੀ ਜ਼ਾਹਿਰ ਕਰਦਾ ਹੈ। ਇਸ ਅਸਾਵੇਂ ਵਿਕਾਸ ਵਾਲੇ ਸਮਾਜ ਵਿਚਲੀਆਂ ਬਹੁ ਤਰੰਗਾਂ ਦੀ ਥਾਹ ਪਾਉਣਾ ਅਜੇ ਨਵਦੀਪ ਸਾਹਵੇਂ ਸੁਆਲ ਖੜਾ ਹੈ, ਪਰ ਉਹ ਕੁਝ ਕੁ ਵਿਸੰਗਤੀਆਂ ਨੂੰ ਕਵਿਤਾ ਵਿਚ ਪੇਸ਼ ਕਰਦਾ ਹੋਇਆ ਸੋਸ਼ਿਤ ਵਰਗ ਪ੍ਰਤੀ ਹਮਦਰਦੀ ਪ੍ਰਗਟ ਕਰਦਾ ਹੈ। ਇਹ ਹਮਦਰਦੀ ਉਸ ਦੀ ਸੰਵੇਦਨਾ ਵਿਚ ਪ੍ਰਗਟ ਹੁੰਦੀ ਜਾਪਦੀ ਹੈ। ਉਹ ਸਮਾਜ ਵਿਚਲੀਆਂ ਵੰਡੀਆਂ ਨੂੰ ਤਾਂ ਸਮਝ ਜਾਂਦਾ ਹੈ, ਪਰ ਵੰਡੀਆਂ ਪਿਛਲੀ ਜੜ੍ਹ ਨੂੰ ਪਛਾਣਨਾ ਅਜੇ ਬਾਕੀ ਹੈ। 'ਬੇਇਨਸਾਫੀ', 'ਸੰਵੇਦਨਾ', 'ਗੁਬਾਰੇ ਵੇਚਦਾ ਮੁੰਡਾ' ਕਵਿਤਾ ਵਿੱਚ ਇਸ ਜਮਾਤੀ ਸਮਾਜ ਦੇ ਕਈ ਪੱਖਾਂ ਬਾਰੇ ਜ਼ਿਕਰ ਕਰਦੀ ਹੈ। ਇਹ ਕਵਿਤਾ ਮਖੌਟਾਵਾਦ, ਦਿਖਾਵੇ ਦੇ ਸੰਸਾਰ ਤੋਂ ਮੁਕਤ ਹੋਣਾ ਲੋਚਦੀ ਹੈ। ਸੈਂਡਲੀਅਰ ਨਾ ਲਾਉਣਾ ਦੂਜੇ ਦੀ ਗਰੀਬੀ ਦਾ ਅਹਿਸਾਸ ਕਰਨ ਦੀ ਸੰਵੇਦਨਾ ਇਸ ਕਵਿਤਾ ਕੋਲ ਹੈ। ਇਸ ਵਿਚਲੀ ਫਿਕਰਮੰਦੀ ਆਪਣੇ ਪੰਜਾਬ, ਧਰਤ, ਰਸਮੀ ਆਜ਼ਾਦੀ ਪ੍ਰਤੀ ਝਲਕਦੀ ਹੋਈ ਜੋ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਦੇ ਅਧੂਰੇ ਸੁਪਨਿਆਂ ਨਾਲ ਸੰਵਾਦ ਰਚਾਉਂਦੀ ਹੈ। ਸੰਘਰਸ਼ ਵਿੱਚ ਵਿਸ਼ਵਾਸ ਰੱਖਦਾ ਕਵੀ ਕਿਤੇ ਪਿੱਤਰਕੀ ਦਾ ਵਾਹਕ ਬਣਦੀ ਔਰਤ ਦੀ ਮਾਨਸਿਕਤਾ ਨੂੰ ਵੀ ਉਭਾਰਦਾ ਸਮੇਂ ਦੇ ਕਿਰਿਆਕ੍ਰਮ ਵਿੱਚ ਵਰਤਮਾਨ ਨੂੰ ਅਤੀਤ ਸਾਹਵੇਂ ਰੱਖ ਕੇ ਵਾਚਦਾ ਹੈ। ਵਜੂਦ, ਕੌਣ ਜਾਣਦੈ, ਮੈਂ ਇਕਬਾਲ ਕਰਦਾਂ, ਨਕਲੀ ਆਲ੍ਹਣੇ, ਕਾਸ਼! ਮੇਰੀ ਵੀ, ਆਰਕੈਸਟਰਾ, ਈਦ ਆਦਿ ਕਵਿਤਾਵਾਂ ਚਿੰਤਨਮਈ ਧੁਨੀ ਉਭਾਰਦੀਆਂ ਸੋਚਣ ਲਈ ਮਜਬੂਰ ਕਰਦੀਆਂ ਹਨ।

ਉਹ ਨੀਵੀਂ ਸੁਰ ਵਿੱਚ ਸੁਆਲ ਕਰਦਾ ਹੈ। ਇਸ ਵਿੱਚ ਤਕਰਾਰ ਨਹੀਂ ਹੈ। ਇਸ ਕਵਿਤਾ ਵਿੱਚ ਸ਼ਬਦਾਂ ਦੀ ਹਲੀਮੀ ਕਾਵਿਕ ਸੁਹਿਰਦਤਾ ਨੂੰ ਪ੍ਰਗਟਾਉਂਦੀ ਹੈ।

ਇਸ ਪੁਸਤਕ ਦੀਆਂ ਛੋਟੀਆਂ ਕਵਿਤਾਵਾਂ ਜਿਵੇਂ ਰੂਹ, ਨਾਟਕ, ਮੁਹੱਬਤ ਨਤਮਸਤਕ, ਜ਼ਿੰਦਗੀ ਦਾ ਸਫਰ, ਗੁਫਤਗੂ, ਅੱਜ ਕਵਿਤਾ ਆਈ ਸੀ, ਰੰਗਾਂ ਤੋਂ ਬਗੈਰ, ਤੇਰੀ ਚੁੱਪ, ਅਡੰਬਰ, ਰੱਬ, ਸਫਰ, ਅਧੂਰੇ ਰਿਸ਼ਤੇ, ਤੂੰ ਆ ਕਦੇ, ਧਿਆਨ, ਤੇਰੀ ਮਿਹਰਬਾਨੀ, ਜੋਤਿਸ਼ ਵਿੱਦਿਆ, ਹਉਮੈਂ ਆਦਿ ਵਿਚ ਗੁੰਦੇ ਖਿਆਲ ਨਿੱਜ ਦਾ ਵਧੇਰੇ ਝਾਉਲਾ ਦਿੰਦੇ ਅੰਤਰਮੁਖੀ ਦ੍ਰਿਸ਼ਟੀ ਦਾ ਪ੍ਰਗਟਾਅ ਹਨ।

ਸਮੁੱਚੇ ਰੂਪ ਵਿੱਚ ਇਹ ਸੰਵੇਦਨਾ ਦੀ ਸ਼ਾਇਰੀ ਹੈ। ਕਵੀ ਆਪਣੀ ਸੂਝ ਮੁਤਾਬਕ ਜੋ ਮਹਿਸੂਸਦਾ ਹੈ, ਉਸ ਨੂੰ ਕਵਿਤਾ ਵਿੱਚ ਢਾਲਣ ਦਾ ਯਤਨ ਕਰਦਾ ਹੈ। ਅਜਿਹਾ ਗਹਿਰਾ ਚਿੰਤਨ ਹੀ ਕਵਿਤਾ ਵਿੱਚ ਗਹਿਰਾਈ ਲੈ ਕੇ ਆਉਂਦਾ ਹੈ, ਪਰ ਇਹ ਕਵਿਤਾ ਕਿਸੇ ਵਿਚਾਰਧਾਰਕ ਬੰਧਨ ਤੋਂ ਮੁਕਤ ਹੋ ਕੇ ਮਨੁੱਖ ਦੇ ਅੰਤਰੀਵ ਭਾਵਾਂ ਨੂੰ ਜ਼ੁਬਾਨ ਦਿੰਦੀ ਹੈ। ਇਸ ਵਿੱਚ ਕਵਿਤਾ ਵਿਚਲੇ ਸ਼ਬਦ ਬੋਝਲ ਨਹੀਂ, ਬਲਕਿ ਸਹਿਜ ਹਨ, ਜੋ ਅਛੋਪਲੇ ਜਿਹੇ ਪਾਠਕਾਂ ਨਾਲ ਰਾਬਤਾ ਸਥਾਪਤ ਕਰ ਲੈਂਦੇ ਹਨ। ਇਸ ਕਵਿਤਾ ਅੰਦਰਲੀ ਰਿਦਮ, ਨਿਰੰਤਰ, ਅਛੋਹ ਕਾਵਿ ਬਿੰਬ ਦੀ ਪ੍ਰਭਾਵਿਤ ਘਾੜਤ ਹੀ ਇਸ ਦੀ ਖੂਬਸੂਰਤੀ ਵਧਾਉਂਦੀ ਹੈ। ਵਸਤੂ ਤੇ ਰੂਪ ਵਿਚਲਾ ਅੰਤਰ ਸੰਬੰਧ ਕਿਤੇ-ਕਿਤੇ ਥਿੜਕਦਾ ਹੋਣ ਦੇ ਬਾਵਜੂਦ ਇਸ ਵਿਚਲਾ ਕਾਵਿ ਸੰਚਾਰ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਸ਼ਬਦਾਂ ਦੀ ਚੋਣ, ਕੁਝ ਨਵੇਂ ਮੈਟਾਫਰ, ਕਾਵਿਕਤਾ ਵਾਲਾ ਥੀਮਕ ਪੈਟਰਨ ਵਿਚਲੀ ਬੁਣਤੀ ਤੇ ਮਾਨਵੀ ਸੰਵੇਦਨਾ ਹੀ ਇਸ ਦੇ ਅਮੀਰੀ ਗੁਣ ਹਨ। ਚੁੱਪ ਅੰਦਰ ਧੜਕਦੀ ਆਵਾਜ਼ ਦਾ ਵਿਸਥਾਰ ਕਰਨਾ ਹੀ ਇਸ ਕਵਿਤਾ ਦਾ ਹਾਸਲ ਹੈ। ਬਹੁਪੱਖੀ ਸੰਵਾਦ ਰਚਾ ਕੇ ਅਣਕਿਹਾ, ਅਣਸੁਣਿਆ, ਅਣਸੁਲਝਿਆ ਦੀ ਕਥਾ ਵਿਚਲੀ ਸਥੂਲਤਾ ਨੂੰ ਸੂਖਮਤਾ ਵਿੱਚ ਬਦਲਣ ਲਈ ਅੰਤਰਮਨ ਨਾਲ ਇੱਕਮਿਕ ਹੋਣਾ ਹੀ ਇਸ ਸਿਰਜਣਾ ਦਾ ਆਧਾਰ ਬਣਦਾ ਹੈ।

ਬੜੇ ਭਾਰੀ ਸ਼ਬਦ ਨੇ
ਤੂੰ ਇਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਨਾ ਕਰੀਂ
ਉਲਝ ਜਾਏਂਗਾ
ਬੱਸ ਧਿਆਨ ਕਰੀਂ ਮੇਰਾ
ਤੈਨੂੰ ਸਭ ਸਮਝ ਆ ਜਾਵੇਗਾ

ਇਸ ਸੰਵੇਦਨਹੀਣ ਬੇਤਰਤੀਬੇ ਸ਼ੋਰ ਅੰਦਰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਨਵਦੀਪ ਸਿੰਘ ਮੁੰਡੀ ਨੂੰ ਬਹੁਤ-ਬਹੁਤ ਮੁਬਾਰਕਾਂ। ਭਵਿੱਖ ਲਈ ਸ਼ੁੱਭਕਾਮਨਾਵਾਂ।



# ਕਿਤਾਬਾਂ



## ਨਾਟਕ ਤੋਂ ਬਾਹਰਲਾ ਸੂਤਰਧਾਰ

**(ਵਰਿਆਮ ਅਸਰ ਦੀ ਚੋਣਵੀਂ ਕਵਿਤਾ)**
**ਸੰਪਾਦਕ : ਪ੍ਰੋ. ਅਤੈ ਸਿੰਘ**
**ਪੰਨੇ : 300, ਮੁੱਲ : 400 ਰੁਪਏ**
**ਕੇ ਜੀ ਗ੍ਰਾਫਿਕਸ, ਅੰਮ੍ਰਿਤਸਰ**




ਵਰਿਆਮ ਅਸਰ ਦੀ ਕਾਵਿ ਪੁਸਤਕ ਅਰਥ-ਵਿਅਰਥ ਉਸ ਦੀ ਚੁੱਪ ਵੀ ਏ, ਕਾਵਿ-ਚੁੱਪ, ਕਾਵਿ-ਚੁੱਪ ਤੋੜਨ ਦੀ ਜਾਗੀ ਇੱਛਾ ਵੀ ਏ। ਇਹਦੇ ਬਾਰੇ ਕੁਝ ਲਿਖਦਿਆਂ ਕਲਮ ਝਿਜਕਦੀ ਏ, ਮਤਾ ਕੁਝ ਵੱਧ-ਘੱਟ ਨਾ ਲਿਖਿਆ ਜਾਵੇ। ਆਖਣੋਂ ਜੀਭਾ ਰੁਕਦੀ ਏ, ਖੌਰੇ ਕੁਝ ਉੱਚਾ-ਨੀਵਾਂ ਨਾ ਆਖਿਆ ਜਾਵੇ। ਗੱਲ ਪੜ੍ਹਿਆਂ ਈ ਬਣਦੀ ਏ। ਪੜ੍ਹਨਾ ਅੱਖਰ ਉਠਾਲਣਾ ਨਹੀਂ, ਅੱਖਰ ਜੋੜਨਾ ਨਹੀਂ, ਸ਼ਬਦ ਉਚਾਰਨਾ ਨਹੀਂ। ਪੜ੍ਹਨਾ ਪੜ੍ਹਤ ਨਾਲ ਜੁੜਨਾ ਏ। ਇਸ ਪੁਸਤਕ ਦੀ ਪੜ੍ਹਤ ਨਾਲ ਜੁੜਨਾ ਔਖਾ ਲੱਗਦਾ ਕੁਝ। ਸੁਆਲ ਏਹੀ ਖਹਿੜਾ ਨਹੀਂ ਛੱਡਦਾ, ਏਨਾ ਲੰਮਾ ਵਕਫਾ, ਏਨੀ ਲੰਮੀ ਚੁੱਪ। ਚੁੱਪ ਵੀ ਜਿਵੇਂ ਝੜੀ ਈ ਲੱਗ ਗਈ ਹੋਵੇ। ਫਿਰ ਚੁੱਪ ਟੁੱਟੀ ਤਾਂ ਪਹਿਲੇ ਬੋਲ ਨਾਲ ਨਾ ਰਲੀ। ਅਗਲਾ ਬੋਲ ਪਹਿਲਿਆਂ ਨਾਲੋਂ ਕੁਝ ਵੱਖਰਾ ਲੱਗਾ।

ਕੁਝ ਕਿਆਸ ਏ, ਵਰਿਆਮ ਅਸਰ ਦੀਆਂ ਨਿੱਜੀ, ਘਰੇਲੂ ਔਖਾਂ ਦਾ, ਜੀਹਦੇ ਸਾਹਵੇਂ ਅੜਨਾ ਓਹਦੇ ਲਈ ਔਖਾ ਹੋ ਗਿਆ। ਲਿਖਣ-ਲਗਾਤਾਰਤਾ ਟੁੱਟ ਗਈ। ਕਲਮ-ਕਾਗਤ-ਕਿਤਾਬ ਪਾਸੇ ਕਰ ਦਿੱਤੀ। ਘਰ ਸਾਂਭਣ ਲੱਗਾ। ਘਰ ਦੇ ਜੀਆਂ ਨੂੰ ਸੰਭਾਲਣ ਲੱਗਾ। ਕਵੀ ਦੀ ਆਪਣੀ ਦੁਨੀਆ। ਕਬੀਲਦਾਰੀ ਦੀ ਆਪਣੀ। ਦੋਵੇਂ ਇੱਕ ਦੂਈ ਨੂੰ ਕਦੋਂ ਸੁਖੌਂਦੀਆਂ, ਇੱਕ ਦੂਈ ਦੇ ਮੇਚ ਕਦੋਂ ਆਉਂਦੀਆਂ, ਨਾਲ-ਨਾਲ ਕਿਤੇ ਈ ਨਿਭਦੀਆਂ। ਵਰਿਆਮ ਅਸਰ ਨੇ ਨਿਭਾਅ ਲੀਆਂ ਜਿਵੇਂ, ਕਿਵੇਂ। ਸੰਭਲ ਕੇ; ਮੁੜ ਹੰਭਲਾ ਮਾਰਿਆ ਹੋਵੇ ਆਪ। ਮਿੱਤਰਾਂ ਮਜਬੂਰ ਕੀਤਾ ਹੋਵੇ। ਕੁਝ ਨਵਾਂ ਰਚਿਆ ਹੋਵੇ। ਕੁਝ ਪੁਰਾਣਾ ਲੱਭਿਆ ਹੋਵੇ। ਕੁਝ ਅਚੇਤ, ਕੁਝ ਸਚੇਤ ਵਾਪਰਿਆ ਹੋਵੇ। ਇਹਨਾਂ ਕਿਆਸਾਂ ਵਿੱਚ ਸੱਚ ਕੀ ਏ? ਬਸੱਚ ਕੀ ਨਹੀਂ? ਇਹ ਵੱਖਰੀ ਗੱਲ ਏ। ਗੱਲ ਹੁਣ ਇਸ 2009 ਵਿੱਚ ਛਪੀ ਪੁਸਤਕ ਅਰਥ-ਵਿਅਰਥ ਦੀ ਏ।

ਇਸ ਕਾਵਿ ਪੁਸਤਕ ਨਾਲ ਬਰਾਬਰ ਤੁਰਨ ਵਿੱਚ ਦਿੱਕਤ ਅਜਾਇਬ ਕਮਲ ਦੀ ਭੂਮਿਕਾ ਵਿੱਚ ਦੀ ਗੁਜ਼ਰਦਿਆਂ ਵੀ ਆਉਂਦੀ ਏ। ਅਜਾਇਬ ਕਮਲ ਦੀ ਭੂਮਿਕਈ ਧਾਰਨਾ ਇਸ ਤੋਂ ਪਹਿਲੀਆਂ ਕਵਿਤਾਵਾਂ ਨਾਲ ਵੀ ਨਹੀਂ ਮਿਚਦੀ, ਭੂਮਿਕਾਵਾਂ ਨਾਲ ਵੀ। ਪਹਿਲੀਆਂ ਪੰਜਾਂ ਪੁਸਤਕਾਂ ਦੀਆਂ ਭੂਮਿਕਾਵਾਂ ਪੁਸਤਕੀ ਕਾਵਿ-ਪਾਠ ਨਾਲ ਜੁੜ ਕੇ ਪੁਸਤਕ ਰਚਨ ਦਾ ਹਿੱਸਾ ਈ ਬਣ ਜਾਂਦੀਆਂ ਨੇ। ਉਹਨਾ ਦੇ ਨਾਲ-ਨਾਲ ਤੁਰਦਿਆਂ ਪਾਠਕ ਕਵਿਤਾ ਦੀ ਉਂਗਲੀ ਫੜ ਕੇ ਤੁਰਦਾ-ਤੁਰਦਾ ਕਵਿਤਾ ਨਾਲ ਸਹਿਜ ਸਾਂਝ ਸਿਰਜਦਾ ਏ। ਏਥੇ ਅਜਾਇਬ ਕਮਲ ਦੀ ਭੂਮਿਕਾ ਸਮੁੱਚੀ ਕਾਵਿ ਰਚਨਾ ਨਾਲੋਂ ਵਿੱਥ 'ਤੇ ਵਿਚਰਦੀ ਏ। ਆਖ ਲਈਏ ਭੂਮਿਕਾ ਤੇ ਰਚਨਾ ਵਿਚਲੀ ਤ੍ਰੇੜ ਰੜਕਦੀ ਏ। ਉਂਝ ਅਜਾਇਬ ਕਮਲ ਦੀ ਵਿਦਵਤਾ 'ਤੇ ਕੋਈ ਕਿੰਤੂ ਨਹੀਂ। ਉਸ ਦੀ ਆਪਣੀ ਦ੍ਰਿਸ਼ਟੀ ਏ।

'ਨਿਪੱਥ ਦੀ ਯਾਤਰਾ ਕਰਦੀ ਕਵਿਤਾ' ਸਿਰਲੇਖ ਆਪਣੇ-ਆਪ 'ਚ ਹੀ ਬਹੁਤ ਕੁਝ ਆਖ ਜਾਂਦਾ ਏ ਢੁਕਵਾਂ। ਅਜਾਇਬ ਕਮਲ ਦਾ ਆਖਣਾ ਏ ਵਰਿਆਮ ਅਸਰ ਬਾਰੇ, ਉਹ 1960 ਦੁਆਲੇ ਚੱਲੀ ਨਵੀਂ ਪੰਜਾਬੀ ਕਵਿਤਾ ਦੀ ਪੈਦਾਵਾਰ ਹੈ। ਨਵੇਂ ਵਿਸ਼ਿਆਂ, ਨਵੇਂ ਬਿੰਬ ਵਿਧਾਨ ਤੇ ਭਾਸ਼ਕ ਮੁਹਾਵਰੇ 'ਚ ਕਵਿਤਾ ਲਿਖਿਆ ਕਰਦਾ ਸੀ। ਭੂਮਿਕਾ ਪੁਸਤਕ ਦਾ ਖੁਲਾਸਾ ਕਰਨਾ ਨਹੀਂ ਹੁੰਦਾ, ਸਗੋਂ ਪੁਸਤਕ ਅੰਦਰ ਦਾਖਲ ਹੋਣ ਵਾਲਾ ਦਰਵਾਜ਼ਾ ਹੁੰਦਾ। ਪੁਸਤਕ ਵਿਚਲੇ ਸਮੂਹ ਪੱਖਾਂ, ਗੁਣਾਂ-ਔਗੁਣਾਂ ਆਦਿ ਨੂੰ ਆਪਣੇ ਯਤਨ ਨਾਲ ਪਾਠਕ ਨੇ ਆਪ ਲੱਭਣਾ ਹੁੰਦਾ। ਕਵਿਤਾ ਵਿਚਲੀ ਅੰਤਰ-ਆਤਮਾ ਨੂੰ ਪਕੜਨਾ, ਉਸ ਅੰਦਰਲੀ ਕਾਵਿਕ ਸੰਵੇਦਨਾ ਵਾਲੀ ਤੀਬਰ ਯੋਗਤਾ 'ਤੇ ਨਿਰਭਰ ਕਰਦਾ ਹੈ। ਨਵੀਂ ਕਵਿਤਾ ਦੀ ਰੂਪ-ਰੇਖਾ ਭਾਵ ਤੇ ਅਰਥ ਬੋਧੀ ਸ਼ਿਲਪ ਵਿਧਾਨ ਨੂੰ ਸਮਝਣ ਲਈ ਪਾਠਕ ਨੂੰ ਉਸ ਨਾਲ ਮਾਨਸਿਕ, ਭਾਵੁਕ ਤੇ ਬੌਧਿਕ ਪੱਧਰ 'ਤੇ ਆਪ ਇਕਸੁਰ ਹੋਣਾ ਪਵੇਗਾ। ਕਵੀ ਪਹਿਲਾਂ ਵਾਂਗ ਹੀ ਆਧੁਨਿਕ ਚੇਤਨਾ ਦਾ ਧਾਰਨੀ ਹੈ। ਕਈ ਥਾਵੇਂ ਇਹ ਅਮੂਰਤ ਮੂਰਤਾਂ, ਅਰਧ ਚੇਤੰਨ ਅਵਸਥਾਵਾਂ ਤੇ ਸੁਤੰਤਰ ਸੰਜੋਗਾਂ ਦੇ ਚਿਹਨਕ ਬਣ ਜਾਂਦੀਆਂ ਨੇ। ਇਹ ਨਿਰੰਤਰ ਬਦਲਦੇ ਯਥਾਰਥ, ਸੱਚ ਤੇ ਭਰਮ ਨੂੰ ਅਭੀਵਿਅਕਤ ਕਰਨ ਵਾਲੀ ਕਵਿਤਾ ਹੈ।

ਇਹ ਕੁਝ ਛਾਂਟਵੀਆਂ ਸਤਰਾਂ ਨੇ, ਜਿਹੜੀਆਂ ਸਿੱਧੇ ਤੌਰ 'ਤੇ ਵਰਿਆਮ ਅਸਰ : ਕਾਵਿ ਅਧਿਐਨ ਬਾਰੇ ਬਣੀਆਂ ਪਹਿਲੀਆਂ ਧਾਰਨਾਵਾਂ ਦੇ ਕੁਝ ਹੱਦ ਤੱਕ ਸਮਾਂਤਰ ਨਾਲ-ਨਾਲ ਤੁਰਦੀਆਂ ਨੇ। ਇਸ ਤਰ੍ਹਾਂ ਦਾ ਈ ਕੁਝ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਪਹਿਲੀਆਂ ਪੁਸਤਕਾਂ ਦੇ ਭੂਮਿਕਈ ਚਿੰਤਕਾਂ ਨੇ ਵੀ ਸੰਕੇਤਿਆ ਏ।

ਉਂਜ, ਗੱਲ ਏਡੀ ਵੱਡੀ ਵੀ ਨਹੀਂ। ਅਜਾਇਬ ਕਮਲ ਦਾ ਮੁਲਕੋਂ ਬਾਹਰ ਰਹਿਣ ਕਰਕੇ ਬਹੁਤਾ ਵਾਹ ਅੰਗਰੇਜ਼ੀ ਨਾਲ ਪੈਂਦਾ ਹੋਣਾ। ਸੰਭਵ, ਉਸ ਦਾ ਝੁਕਾਅ ਵਧੇਰੇ ਅੰਗਰੇਜ਼ੀ ਵੱਲ ਹੋਵੇ। ਅੰਗਰੇਜ਼ੀ ਭਾਸ਼ਾ ਦੇ ਸ਼ਬਦ ਸਿੱਧੇ ਅੰਗਰੇਜ਼ੀ 'ਚ ਹੀ ਪੂਰੇ ਦੇ ਪੂਰੇ ਵਰਤੇ ਹੋਣ ਜਾਂ ਨਾਲ ਦੀ ਨਾਲ ਸਾਹਿਤਕ ਅਨੁਵਾਦ ਦਿੱਤਾ ਹੋਵੇ ਤਾਂ ਗੱਲ ਰਵਾਂ ਹੋ ਜਾਂਦੀ ਏ। ਸਿਰਫ ਅੰਗਰੇਜ਼ੀ-ਸਾਹਿਤਕ-ਤਕਨੀਕੀ ਭਾਸ਼ਾ ਨੂੰ ਨਿਰੋਲ ਪੰਜਾਬੀ ਉੱਪਰ ਠੋਸਣਾ ਪੰਜਾਬੀ ਨਾਲ ਕੁਝ ਜ਼ਿਆਦਤੀ ਜਿਹੀ ਲੱਗਦੀ ਏ। ਕਈ ਵਾਰ ਗੱਲ ਅਸਪੱਸ਼ਟ ਹੋ ਜਾਂਦੀ ਏ, ਕੋਲ ਦੀ ਲੰਘ ਜਾਂਦੀ ਏ, ਲੰਮੀ ਗੱਲ ਨਾ ਕਰਦਿਆਂ ਸਿਰਫ Irrational ਸ਼ਬਦ ਦੀ ਮਿਸਾਲ ਏ। ਆਲੋਚਕ ਅਜਾਇਬ ਕਮਲ ਇਹ ਸ਼ਬਦ ਕਿਸ ਪ੍ਰਸੰਗ ਵਿੱਚ ਵਰਤਦਾ ਏ, ਇਹ ਗੱਲ ਸਮਝੋਂ ਬਾਹਰੀ, ਪਕੜੋਂ ਬਾਹਰੀ, ਸ਼ਬਦੋਂ ਬਾਹਰੀ ਏ। ਖੈਰ! ਸੰਭਵ। ਇਹ ਆਪਣੀ ਤੁੱਛਤਾ ਈ ਹੋਵੇ, ਅਜਾਇਬ ਕਮਲ ਦੀ ਬੌਧਿਕਤਾ ਉਚੇਰੀ ਏ।

ਵਰਿਆਮ ਅਸਰ ਦੀ ਛੇਕੜਲੀ ਕਾਵਿ ਪੁਸਤਕ ਅਰਥ-ਵਿਅਰਥ ਨਾਲ ਕਈ ਸੁਆਲ ਜੁੜਦੇ ਨੇ। ਅਰਥ ਕੀ ਏ? ਵਿਅਰਥ ਕੀ? ਅਰਥ ਕਿਸ ਦਾ ਹੁੰਦਾ? ਵਿਅਰਥ ਕੌਣ ਹੁੰਦਾ। ਅਰਥ ਕਿਸ ਦਾ ਕੀਤਾ ਜਾਂਦਾ? ਵਿਅਰਥ ਕਿਸ ਨੂੰ ਆਖੀਦਾ? ਅਰਥ, ਸ਼ਬਦ ਦੀ ਥਾਂ ਮੱਲਦਾ ਕੋਈ ਹੋਰ ਸ਼ਬਦ। ਵਿਅਰਥ, ਜੀਹਦੀ ਥਾਂ ਹੋਰ ਸ਼ਬਦ ਨਾ ਧਰਿਆ ਹੋਵੇ। ਐਵੇਂ ਹੋਵੇ-ਕੁਝ ਦੇ ਉਲਟ ਹੋਵੇ-ਨਿਹੋਂਦਾ ਹੋਵੇ। ਇਹ ਹੋਂਦ-ਨਾਹੋਂਦ ਦੀ ਥਾਂ ਏ-ਆਪਣੀ ਆਪਣੀ ਥਾਂ। ਅਰਥ ਆਪਣੀ ਥਾਂ-ਵਿਅਰਥ ਆਪਣੀ ਥਾਂ। ਸੰਭਵ, ਇਉਂ ਲੱਗਦਾ ਈ ਹੋਵੇ, ਹੁੰਦਾ ਨਾ ਹੋਵੇ। ਉਲਟ ਹੁੰਦਾ ਹੋਵੇ। ਜੀਹਨੂੰ ਵਿਅਰਥ ਸਮਝਿਆ, ਓਹ ਕੁਝ ਹੋਵੇ। ਜੀਹਨੂੰ ਅਰਥ ਜਾਣਿਆ, ਉਹ ਕੁਝ ਨਾ ਹੋਵੇ। ਹੁਣ ਹਵਾ ਦਾ ਕੀ ਅਰਥ? ਸ਼ੂਨਯ ਕਿਵੇਂ ਵਿਅਰਥ। ਦੋਵੇਂ ਹੋਂਦਾਂ ਨੇ। ਦੋਹਾਂ ਦੀਆਂ ਆਪਣੀਆਂ ਕੀਮਤਾਂ, ਕਦਰਾਂ, ਕਿਰਿਆਵਾਂ ਨੇ। ਕਿਤੇ 'ਅਰਥ' ਕਿਰਿਆਸ਼ੀਲ, ਕਿਤੇ ਵਿਅਰਥ। ਜ਼ਿੰਦਗੀ ਦਾ ਕੀ ਅਰਥ? ਜੀਊਣਾ ਕਦੋਂ ਵਿਅਰਥ? ਅਰਥ-ਵਿਅਰਥ ਜ਼ਿੰਦਗੀ ਜੀਊਣ ਦੀ ਕਾਵਿ-ਕਿਰਿਆ ਏ। ਨਿਰੰਤਰ ਏ। ਸਾਹਾਂ ਨਾਲ ਏ।

Irrational ਦਾ ਪੰਜਾਬੀਕਰਨ ਕਰੀਏ ਤਾਂ ਇਹਨੂੰ ਅਤਰਕ, ਬੇਤਰਕ, ਤਰਕ ਰਹਿਤ, ਬਿਨਾਂ ਤਰਕ, ਤਰਕ-ਵਿਹੂਣਾ, ਤਰਕਹੀਣ ਕੀ-ਕੀ ਆਖਾਂਗੇ? ਕੀ-ਕੀ ਨਹੀਂ? ਤਰਕ ਬਿਨਾਂ ਗਿਆਨ ਦੀ ਗੱਲ, ਸਾਹਿਤ ਦੀ ਗੱਲ, ਕਾਵਿ ਦੀ ਗੱਲ, ਕਿਵੇਂ ਸੰਭਵ ਏ। ਤਰਕ ਗਿਆਨ ਦਾ ਮੂਲ ਏ। ਅਰਥ ਅਨੁਵਾਦ ਵੀ ਹੁੰਦਾ, ਬਦਲ ਵੀ, ਉਤਾਰਾ ਵੀ। ਕਿਸੇ ਭਾਸ਼ਾ ਨੂੰ ਸ਼ਬਦ ਦੀ ਆਤਮਾ ਆਖ ਲਈਏ ਤਾਂ ਇਹ ਸ਼ਬਦ ਦੇ ਅੰਤਰੀਵ ਨੂੰ ਜਾਣਨ ਦੀ ਕਿਰਿਆ ਏ।

ਕਾਵਿ ਸ਼ਬਦਾਂ ਦੀ ਭਾਸ਼ਾ ਏ, ਅਰਥਾਂ ਦੀ ਨਹੀਂ, ਰੂਹ ਦੀ ਬੋਲੀ ਏ ਕਾਵਿ। ਸ਼ਬਦ ਦੀ ਦੁਨੀਆ ਏ ਕਾਵਿ। ਸ਼ਬਦ-ਕਲਾ ਏ ਕਾਵਿ। ਸ਼ਬਦ ਕਾਵਿ ਏ, ਵਿਚਾਰ ਏ, ਗਿਆਨ ਏ। ਸ਼ਬਦ ਵਿਚਾਰਾਂ ਦਾ ਆਤਮ ਏ। ਕਵਿਤਾ ਏ, ਮੈਂ ਹੈਰਾਨ ਸਾਂ', 'ਹੈਰਾਨ' ਸ਼ਬਦ ਦਾ ਆਤਮ ਏ :

-ਆਂਡੇ ਜੈਸੇ ਬੰਦ ਕਮਰੇ 'ਚੋਂ ਬਾਹਰ ਆ ਕੇ ਵੀ
ਕਮਰਾ ਫੇਰ ਖੜਾ ਸੀ ਸਾਹਮਣੇ।
-ਤੇ ਸਭ ਦੀ ਇਹ ਕੋਸ਼ਿਸ਼ ਸੀ ਕਿ ਮੈਂ
ਅਵਾਕ, ਉਸ ਕਮਰੇ ਨੂੰ ਆਪਣੇ ਅੰਦਰ ਸਮੋ ਲਵਾਂ,
ਇਕ ਜ਼ਰਬੇ ਇੱਕ, ਬਰਾਬਰ ਹੈ ਤਿੰਨ, ਦਾ ਪੜ੍ਹਾਂ ਪਾਠ।
ਮਗਰ ਮੈਂ ਸੋਚ ਵਿੱਚ ਸਾਂ
ਕਿ ਮੇਰੀ ਆਵਾਜ਼ ਮੈਨੂੰ ਕਿਉਂ ਸੁਣਾਈ ਨਹੀਂ ਦੇ ਰਹੀ।

ਅਸਰ, ਆਵਾਜ਼ ਤਾਂ ਸੁਣਾਈ ਨਹੀਂ ਦੇ ਰਹੀ ਭਈ ਉਹ ਆਤਮਾ ਦੀ ਆਵਾਜ਼ ਏ, ਮਹਿਸੂਸ ਹੁੰਦੀ ਏ।

**- ਸੰਪਾਦਕ ਵੱਲੋਂ**

## ਮੋਮਬੱਤੀਆਂ ਦਾ ਮੇਲਾ

**ਨਰਿੰਦਰ ਸਿੰਘ ਕਪੂਰ**
**ਪੰਨੇ : 352, ਮੁੱਲ : 500 ਰੁਪਏ**
**ਲੋਕਗੀਤ ਪ੍ਰਕਾਸ਼ਨ, ਪਟਿਆਲਾ**




ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸਾਂ ਤਾਂ ਉਦੋਂ ਮੇਰੇ ਘਰ ਦੇ ਨੇੜਲੇ ਬਾਜ਼ਾਰ ਵਿੱਚ ਇੱਕ ਦੁਕਾਨ ਹੁੰਦੀ ਸੀ, ਜਿੱਥੇ ਹਰੇਕ ਚੀਜ਼ ਮਿਲਦੀ ਸੀ। ਸਕੂਲ ਜਾਂਦਿਆਂ ਇਹ ਦੁਕਾਨ ਰਸਤੇ ਵਿੱਚ ਹੋਣ ਕਰਕੇ ਮੈਂ ਇਸ ਦੁਕਾਨ 'ਤੇ ਜਾਣ ਦੇ ਬਹਾਨੇ ਲੱਭਦਾ ਰਹਿੰਦਾ ਸਾਂ। ਅਜੇ ਤੱਕ ਮੈਂ ਆਪਣੇ ਜੀਵਨ ਦਾ ਕੋਈ ਉਦੇਸ਼ ਨਹੀਂ ਸੀ ਮਿੱਥਿਆ, ਪਰ ਇਸ ਦੁਕਾਨ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਅਜਿਹੀ ਇੱਕ ਦੁਕਾਨ ਚਲਾਉਣ ਬਾਰੇ ਸੋਚਿਆ ਕਰਦਾ ਸਾਂ। ਜਦੋਂ ਮੈਂ ਸਕੂਲ ਦੀ ਪੜ੍ਹਾਈ ਕਰ ਲਈ ਤਾਂ ਮੈਂ ਮਹਿਸੂਸ ਕੀਤਾ ਕਿ ਜਿਹੋ ਜਿਹੀ ਦੁਕਾਨ ਮੈਂ ਖੋਲ੍ਹਣੀ ਚਾਹੁੰਦਾ ਸਾਂ, ਉਹੋ ਜਿਹੀ ਤਾਂ ਖੁੱਲ੍ਹੀ ਹੋਈ ਅਤੇ ਚੱਲ ਰਹੀ ਸੀ। ਮੇਰੇ ਮਨ ਵਿੱਚ ਕੁਝ ਨਵਾਂ ਅਤੇ ਨਿਵੇਕਲਾ ਕਰਨ ਦਾ ਖਿਆਲ ਆਇਆ। ਮੈਂ ਅਗਲੀ ਅਤੇ ਅਗਲੇਰੀ ਪੜ੍ਹਾਈ ਕਰਦਾ ਰਿਹਾ, ਜਿਸ ਸਦਕਾ ਮੈਂ ਪਹਿਲਾਂ ਕਾਲਜ ਅਤੇ ਮਗਰੋਂ ਲੰਮਾ ਅਰਸਾ ਯੂਨੀਵਰਸਿਟੀ ਵਿੱਚ ਪੜ੍ਹਾਉਂਦਾ ਰਿਹਾ, ਜਿੱਥੇ ਪੜ੍ਹਨਾ, ਪੜ੍ਹਾਉਣਾ ਅਤੇ ਲਿਖਣਾ ਮੇਰਾ ਨਿੱਤ-ਦਿਨ ਦਾ ਕਾਰਜ ਬਣ ਗਿਆ।

ਸਭ ਦੀਆਂ ਲੋੜਾਂ ਪੂਰੀਆਂ ਕਰਨ ਵਾਲੀ ਦੁਕਾਨ ਦਾ ਖਿਆਲ ਮੇਰੇ ਚੇਤਿਆਂ ਦੀਆਂ ਤੈਹਾਂ ਵਿੱਚ ਪਿਆ ਰਿਹਾ, ਪਰ ਹੁਣ ਇਸ ਵਿਚਾਰ ਦਾ ਰੰਗ-ਰੂਪ ਬਦਲ ਗਿਆ। ਹੁਣ ਮੇਰੇ ਮਨ ਵਿੱਚ ਇੱਕ ਅਜਿਹੀ ਕਿਤਾਬ ਲਿਖਣ ਦੀ ਤਾਂਘ ਜਾਗੀ, ਜਿਸ ਵਿੱਚ ਹਰ ਕਿਸੇ ਲਈ ਸਭ ਕੁਝ ਹੋਵੇ ਅਤੇ ਜਿਹੜੀ ਪਾਠਕ ਦੀ ਹਰੇਕ ਸਮਾਜਿਕ ਅਤੇ ਮਾਨਸਿਕ ਲੋੜ ਪੂਰੀ ਕਰੇ। ਅਜਿਹੀ ਕਿਤਾਬ ਦਾ ਸੁਪਨਾ ਮੇਰੇ ਮਨ ਵਿੱਚ ਰਿਹਾ, ਪਰ ਨਾਲ ਹੀ ਵਿਚਾਰਾਂ ਦੇ ਡੂੰਘੇ ਖੂਹ ਵਾਲੀ ਇਸ ਕਿਤਾਬ ਵਾਸਤੇ ਮੈਂ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਦਾ ਅਤੇ ਇਹਨਾਂ ਤੋਂ ਪ੍ਰਾਪਤ ਕੀਤੇ ਪ੍ਰਭਾਵਾਂ ਨੂੰ ਦਰਜ ਕਰਦਾ ਰਿਹਾ।

ਅਜਿਹੀ ਕਿਤਾਬ ਦਾ ਵਿਸ਼ਾ ਮੈਂ ਮਨੁੱਖੀ ਵਿਹਾਰ ਨਿਸ਼ਚਿਤ ਕੀਤਾ, ਜਿਸ ਵਾਸਤੇ ਮੈਂ ਮਨੋਵਿਗਿਆਨਕ, ਸਮਾਜ-ਵਿਗਿਆਨ, ਫਿਲਾਸਫੀ, ਸਾਹਿਤ, ਇਤਿਹਾਸ, ਸਮਾਜਿਕ-ਆਰਥਿਕ ਵਰਤਾਰੇ, ਪਰਵਾਰਕ ਰਿਸ਼ਤੇ, ਮਾਨਸਿਕ ਸਮੱਸਿਆਵਾਂ, ਇਸਤਰੀ-ਪੁਰਸ਼ ਸੰਬੰਧਾਂ, ਨਵੀਂ ਤਕਨਾਲੋਜੀ ਦੇ ਪ੍ਰਭਾਵਾਂ ਆਦਿ ਵੱਲ ਵਿਸ਼ੇਸ਼ ਧਿਆਨ ਦਿੰਦਿਆਂ, ਯੂਨੀਵਰਸਿਟੀ ਲਾਇਬਰੇਰੀ ਵਿੱਚੋਂ ਜਿਹੜੀ ਵੀ ਕਿਤਾਬ ਮਿਲੀ, ਉਸ ਨੂੰ ਪੜ੍ਹਿਆ ਅਤੇ ਉਸ ਵਿੱਚੋਂ ਮਨੁੱਖੀ ਵਿਹਾਰ ਨਾਲ ਸੰਬੰਧਤ ਟਿੱਪਣੀਆਂ, ਅੰਤਰ-ਦ੍ਰਿਸ਼ਟੀਆਂ, ਭਾਵਪੂਰਤ ਵਾਕਾਂ ਅਤੇ ਕਥਨਾਂ ਨੂੰ ਰਜਿਸਟਰਾਂ ਵਿੱਚ ਦਰਜ ਕਰਦਾ ਰਿਹਾ।

ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਕੇ, ਯੂਨੀਵਰਸਿਟੀ ਦੇ ਗਵਾਂਢ ਵਿੱਚ ਬਣਾਏ ਮਕਾਨ ਵਿਚਲੇ ਆਪਣੇ ਕਮਰੇ ਵਿੱਚ, ਲਗਭਗ ਸੱਤਰ ਵੱਡੇ ਰਜਿਸਟਰਾਂ ਵਿੱਚ ਇਕੱਤਰ ਕੀਤੀ ਸਮੱਗਰੀ ਨੂੰ ਕਈ ਵਾਰ ਪੜ੍ਹ ਕੇ ਮੈਂ ਵਿਉਂਤਬੰਦੀ ਕੀਤੀ ਕਿ ਇਸ ਸਰਬਪੱਖੀ ਪੁਸਤਕ ਦੇ ਪੰਜ ਭਾਗ ਹੋਣਗੇ, ਜਿਨ੍ਹਾਂ ਦੇ ਲਿਖਣ ਦਾ ਕਾਰਜ ਮੈਂ ਵੀਹ ਸਾਲਾਂ ਵਿੱਚ ਮੁਕੰਮਲ ਕਰਾਂਗਾ। ਇਸ ਦਾ ਪਹਿਲਾ ਭਾਗ 'ਮਾਲਾ-ਮਣਕੇ' ਦੇ ਸਿਰਲੇਖ ਅਧੀਨ ਛਪਿਆ। ਇਹ ਪੁਸਤਕ ਪੰਜਾਬੀ ਵਿੱਚ ਸਭ ਤੋਂ ਵਧੇਰੇ ਪੜ੍ਹੀ ਜਾਣ ਵਾਲੀ ਪੁਸਤਕ ਬਣੀ, ਜਿਸ ਨਾਲ ਮੈਨੂੰ ਭਰਪੂਰ ਹੁੰਗਾਰਾ ਤੇ ਉਤਸ਼ਾਹ ਮਿਲਿਆ। ਚਾਰ ਸਾਲ ਮਗਰੋਂ ਦੂਜਾ ਭਾਗ 'ਕੱਲਿਆਂ ਦਾ ਕਾਫਲਾ' ਸਿਰਲੇਖ ਅਧੀਨ ਛਪਿਆ। ਤੀਜਾ ਭਾਗ 'ਮਾਲਾ-ਮਣਕੇ' ਭਾਗ ਦੂਜਾ ਵਜੋਂ ਛਪਿਆ। ਸੋਲ੍ਹਵੇਂ ਸਾਲ ਵਿੱਚ ਹੱਥਲੀ ਪੁਸਤਕ ਇਸ ਲੜੀ ਦਾ ਚੌਥਾ ਭਾਗ ਹੈ। ਉਤਸ਼ਾਹ ਵਾਲਾ ਇਹ ਸਾਰਾ ਸਮਾਂ, ਆਪ ਸਹੇੜੇ ਸਨਿਆਸ ਅਤੇ ਬਨਵਾਸ ਵਾਲਾ ਅਨੁਭਵ ਸੀ।

ਹੱਥਲੀ ਪੁਸਤਕ, ਸੋਚ-ਸਮਝ ਕੇ, ਵਿਸ਼ੇਸ਼ ਢੰਗ ਨਾਲ, ਨਿਸ਼ਚਿਤ ਮਨੋਰਥ ਅਧੀਨ ਲਿਖੀ ਗਈ ਹੈ। ਇਸ ਨੂੰ ਪੜ੍ਹਦਿਆਂ ਸੋਚਣ ਦੀ ਲੋੜ ਪਏਗੀ। ਇਹ ਇੱਕ ਹੀ ਪੜ੍ਹਤ ਵਿੱਚ ਸਾਰੇ ਅਰਥ ਨਹੀਂ ਦੇਵੇਗੀ, ਸੋ ਇਹ ਆਰਾਮ ਨਾਲ ਹੌਲੀ-ਹੌਲੀ ਪੜ੍ਹਨ ਵਾਲੀ ਕਿਤਾਬ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਹਰੇਕ ਪੰਨਾ ਆਪਣੇ-ਆਪ ਵਿੱਚ ਮੁਕੰਮਲ ਹੈ। ਇਸ ਦਾ ਹਰੇਕ ਵਾਕ ਵੱਖਰੇ ਵਿਸ਼ੇ ਨਾਲ ਸੰਬੰਧਤ ਹੈ, ਜਿਸ ਕਾਰਨ ਵਾਕਾਂ ਦਾ, ਸਿਰਲੇਖਾਂ ਅਧੀਨ, ਵਰਗੀਕਰਨ ਕਰਨਾ ਸੰਭਵ ਪ੍ਰਤੀਤ ਨਹੀਂ ਹੋਇਆ।

ਖੁੱਲ੍ਹੇ ਬੂਹਿਆਂ ਵਾਲੀ ਇਸ ਕਿਤਾਬ ਦਾ ਕੋਈ ਆਦਿ-ਅੰਤ ਨਹੀਂ। ਇਹ ਵਿਚਾਰਾਂ ਅਤੇ ਅਨੁਭਵਾਂ ਦੀ ਬਾਰਾਂਦਰੀ ਹੈ, ਇਸ ਵਿੱਚ ਤੁਸੀਂ ਜਿੱਥੋਂ ਚਾਹੋ ਪਰਵੇਸ਼ ਕਰ ਸਕਦੇ ਹੋ। ਜਦੋਂ ਅਤੇ ਜਿਤਨਾ ਵਕਤ ਤੁਹਾਡੇ ਕੋਲ ਹੋਵੇ, ਇਹ ਤੁਹਾਡਾ ਉਤਨਾ ਚਿਰ ਸਾਥ ਨਿਭਾਏਗੀ। ਜਦੋਂ ਪੜ੍ਹਨ ਲੱਗੋਗੇ, ਇਹ ਤੁਹਾਡੇ ਨਾਲ ਚੱਲਣ ਲੱਗ ਪਏਗੀ। ਇਸ ਕਿਤਾਬ ਵਿੱਚ ਦਿਲ ਵੀ ਹੈ ਅਤੇ ਦਿਮਾਗ ਵੀ ਹੈ, ਤਰਕ ਵੀ ਹੈ ਅਤੇ ਕਲਪਨਾ ਵੀ ਹੈ, ਇਹ ਖੁੱਲ੍ਹੇ ਮਨ ਨਾਲ ਪੜ੍ਹਨ ਵਾਲੀ ਕਿਤਾਬ ਹੈ। ਇਹ ਮਨ ਨੂੰ ਖੋਲ੍ਹਣ ਵਾਲੀ ਕਿਤਾਬ ਹੈ।

**- ਭੂਮਿਕਾ 'ਚੋਂ**

## ਵਗਦੀਆਂ 'ਵਾਵਾਂ ਵਹਿੰਦੇ ਦਰਿਆ

**ਮੋਹਨਜੀਤ**
**ਪੰਨੇ : 318, ਮੁੱਲ : 600 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**
**ਪੰਨਾ : 294 ਤੋਂ 296 ਤੱਕ**




ਮੋਹਨਜੀਤ ਨੇ ਇਹਨਾਂ ਕਾਵਿ ਰੇਖਾ-ਚਿੱਤਰਾਂ ਨੂੰ ਨਾਂਅ ਦਿੱਤਾ ਹੈ 'ਡਾਟਾਂ ਵਾਲੇ ਬੂਹੇ'। ਉਸ ਦੀ ਨਜ਼ਰ ਵਿੱਚ ਇਹ ਬੂਹੇ ਪੱਕੇ ਹੀ ਹਨ, ਪੁਰਾਣੇ ਵੀ ਅਤੇ ਮਹੱਤਵਪੂਰਨ ਵੀ। ਉਸ ਦੀ ਲਿਖਤ ਵਿੱਚ ਇਹਨਾਂ ਪੁਰਾਣੇ ਤੇ ਕਾਲਪਨਿਕ ਡਿਜ਼ਾਇਨਾਂ ਪ੍ਰਤੀ ਉਚੇਚਾ ਮੋਹ ਹੈ। ਉਸ ਦੇ ਅਵਚੇਤਨ ਵਿੱਚ ਆਪਣੇ ਵਿਰਸੇ ਨਾਲ ਜੁੜਨ ਤੇ ਇਸ ਦੇ ਮਹੱਤਵ ਨੂੰ ਅਗਰਭੂਮੀ ਵਿੱਚ ਲਿਆਉਣ ਦੀ ਇੱਛਾ ਵੀ ਵਿਦਮਾਨ ਹੈ। ਸ਼ਬਦ ਸੱਭਿਆਚਾਰ ਵਿੱਚ ਇਹਨਾਂ ਡਾਟਾਂ ਵਾਲੇ ਬੂਹਿਆਂ ਦੀ ਆਪਣੀ ਵਿਲੱਖਣਤਾ ਤੇ ਅਦੁੱਤੀਪਨ ਕਰਕੇ ਖਾਸ ਮਹੱਤਵ ਹੈ। ਅੱਗੋਂ ਇਹਨਾਂ ਡਾਟਾਂ ਵਾਲਿਆਂ ਬੂਹਿਆਂ ਨੂੰ ਉਸ ਸਿਰਜਿਆ ਵੀ ਲੋਕਧਾਰਕ ਜੁਗਤਾਂ ਦੀ ਸਹਾਇਤਾ ਨਾਲ ਹੈ। ਪਿਛਲੇ ਢਾਈ ਦਹਾਕਿਆਂ ਵਿੱਚ ਮੋਹਨਜੀਤ ਦੀ ਰੇਖਾ-ਚਿੱਤਰਕਾਰੀ ਨਿਰੰਤਰ ਗਤੀ ਦੀ ਅਵਸਥਾ ਵਿੱਚ ਰਹੀ ਹੈ। ਮੇਰੇ ਲਈ ਉਸ ਦੇ ਰੇਖਾ-ਚਿੱਤਰਾਂ ਦੇ ਅੰਦਰਵਾਰ ਉਤਰਨ ਲਈ ਕੁਝ ਪ੍ਰਸ਼ਨ ਮਹੱਤਵਪੂਰਨ ਹਨ : ਪਹਿਲਾ ਇਹ ਕਿ ਰੇਖਾ-ਚਿੱਤਰ ਦਾ ਸਿਧਾਂਤਕ ਚੌਖਟਾ ਕੀ ਹੈ ਅਤੇ ਮੋਹਨਜੀਤ ਉਸ ਚੌਖਟੇ ਤੋਂ ਪਰਾਹਨ (deviate) ਕਿਵੇਂ ਕਰਦਾ ਹੈ। ਦੂਸਰਾ ਉਸ ਦੇ ਰੇਖਾ-ਚਿੱਤਰਾਂ ਦਾ ਥੀਮ ਕੀ ਹੈ। ਤੀਸਰਾ ਇਹਨਾਂ ਦੀ ਸੰਰਚਨਾ ਜਾਂ ਜੁਗਤ ਕਿਸ ਕਿਸਮ ਦੀ ਹੈ ਅਤੇ ਚੌਥਾ ਇਹ ਕਿ ਇਹਨਾਂ ਰੇਖਾ-ਚਿੱਤਰਾਂ ਨੂੰ ਉਸ ਦ੍ਰਿਸ਼ਟੀ ਨਾਲ ਉਸਾਰਦਾ ਹੈ, ਜਿਸ ਤੋਂ ਇਹ ਸ਼ਖਸੀਅਤ ਨੂੰ ਉਸ ਨੇ ਆਪਣੇ ਕੋਣ ਤੋਂ ਵੇਖਿਆ-ਚਿਤਰਿਆ ਹੈ। ਇੰਜ ਇਸ ਲਿਖਤਾਂ ਅਸਿੱਧੇ ਢੰਗ ਨਾਲ ਉਸ ਦੀ ਆਪਣੀ ਸ਼ਖਸੀਅਤ-ਉਸਾਰੀ ਕਰਦੀਆਂ ਵੀ ਨਜ਼ਰੀਂ ਪੈਂਦੀਆਂ ਹਨ। ਇਹਨਾਂ ਸ਼ਖਸੀਅਤਾਂ ਦੀ ਬਣਨ-ਪ੍ਰਕਿਰਿਆ ਨੂੰ ਵੇਖੀਏ ਤਾਂ ਇਸ ਪਿੱਛੇ ਸੁਹਿਰਦਤਾ ਤੇ ਬੇਬਾਕੀ ਦੋ ਗੁਣ ਨਜ਼ਰੀਂ ਪੈਂਦੇ ਹਨ। ਇਹਨਾਂ ਦੋਵਾਂ ਗੁਣਾਂ ਨਾਲ ਹੀ ਉਹਨੇ ਸੰਬੰਧਤ ਸ਼ਖਸੀਅਤਾਂ ਦੀ ਸਿਰਜਣਾ ਵੇਲੇ ਤਵਾਜ਼ਨ ਨੂੰ ਬਰਕਰਾਰ ਰੱਖਿਆ ਹੈ ਅਤੇ ਇਸੇ ਕਰਕੇ ਇਹ ਚਿੱਤਰ ਉਸ ਦੇ ਸਵੈ-ਕਥਨ ਅਨੁਸਾਰ 'ਦੂਰੋਂ ਜਾਪਦੀਆਂ ਇਹ ਫੁੱਲਚਿੜੀਆਂ ਮੇਰੇ ਲਈ ਜਾਨ ਦਾ ਖਉ' ਵੀ ਬਣੇ ਹਨ। ਇਹਨਾਂ ਰੇਖਾ-ਚਿੱਤਰਾਂ ਦੀ ਸ਼ੈਲੀ ਵਿੱਚ ਨਿਰਸੰਦੇਹ ਤਬਦੀਲੀਆਂ ਵਾਪਰਦੀਆਂ ਰਹੀਆਂ ਹਨ, ਪ੍ਰੰਤੂ ਮੂਲ ਪੈਟਰਨ ਲੱਗਭੱਗ ਉਹੀ ਰਿਹਾ ਹੈ। ਉਹ ਜਾਂ ਤਾਂ ਕਿਸੇ ਸ਼ਖਸੀਅਤ ਦੇ ਸੁਭਾਅ ਜਾਂ ਵਿਹਾਰ ਦੇ ਇੱਕ ਅੱਧ ਤੱਤ ਜਾਂ ਤੰਦ ਨੂੰ ਪਕੜ ਕੇ ਉਸ ਦੀ ਸਹਾਇਤਾ ਨਾਲ ਉਸ ਦੇ ਸਦੀਵੀ ਸੁਭਾਅ ਦੀਆਂ ਪਰਤਾਂ ਵੱਲ ਇਸ਼ਾਰੇ ਕਰਦਾ ਹੈ ਜਾਂ ਫਿਰ ਉਹ ਸ਼ਖਸੀਅਤ ਦੀ ਰਚਨਾਕਾਰੀ ਨਾਲ ਕਰੀਬੀ ਨਾਤਾ ਜੋੜ ਕੇ ਉਸ ਦੇ ਉੱਭਰਵੇਂ ਨਕਸ਼ਾਂ ਵਿੱਚੋਂ ਇੱਕ ਜਾਂ ਵਧੀਕ ਤੰਦਾਂ ਨੂੰ ਪਕੜ ਉਸ ਦਾ ਚਿੱਤਰ ਬਣਾਉਂਦਾ ਹੈ। ਕਿੱਧਰੇ ਇਹਨਾਂ ਦੋਵਾਂ ਗੱਲਾਂ ਦੀ ਕਾਰਜਸ਼ੀਲਤਾ ਪਛਾਣੀ ਜਾ ਸਕਦੀ ਹੈ। ਇਸ ਰੂਪ-ਵਿਧੀ ਨੂੰ ਆਧਾਰ ਬਣਾ ਉਹ ਆਪਣੀ ਦ੍ਰਿਸ਼ਟੀ ਤੋਂ ਸ਼ਖਸੀਅਤਾਂ ਨੂੰ ਦੇਖਦਾ ਹੈ। ਚਿਤਰੀਆਂ ਗਈਆਂ ਸ਼ਖਸੀਅਤਾਂ ਇੱਕੋ ਵੇਲੇ ਸੰਬੰਧਤ ਸ਼ਖਸੀਅਤਾਂ ਦੇ ਦੀਦਾਰ ਵੀ ਕਰਵਾਉਂਦੀਆਂ ਹਨ ਅਤੇ ਉਹਨਾਂ ਪਿੱਛੇ ਲੁਕੇ ਬੈਠੇ ਲੇਖਕ ਦਾ ਬਿੰਬ ਵੀ ਸਿਰਜਦੀਆਂ ਹਨ।

ਰੇਖਾ-ਚਿੱਤਰ ਇੱਕ ਅਜਿਹਾ ਸਾਹਿਤ ਰੂਪ ਹੈ, ਜਿਸ ਵਿੱਚ ਸੰਖੇਪ, ਗਿਣੇ-ਮਿੱਥੇ ਅਤੇ ਢੁਕਵੇਂ ਸ਼ਬਦਾਂ ਦੁਆਰਾ ਕਿਸੇ ਵਿਅਕਤੀ, ਘਟਨਾ ਜਾਂ ਵਾਤਾਵਰਣ ਦਾ ਸਜੀਵ ਚਿੱਤਰ ਉਲੀਕਿਆ ਜਾਂਦਾ ਹੈ। ਇਸ ਵਿੱਚ ਲੇਖਕ ਅਧਿਐਨ-ਵਸਤੂ ਦੇ ਅੰਦਰੂਨੀ ਤੇ ਬਾਹਰੀ ਗੁਣਾਂ ਨੂੰ ਉਘਾੜਦਾ ਹੈ। ਤੱਥਾਂ ਨੂੰ ਵੇਰਵਿਆਂ ਦੀ ਬਾਰੀਕੀ ਨਾਲ ਪੇਸ਼ ਕਰਨ ਦੀ ਇਸ ਸਾਹਿਤ ਰੂਪ ਵਿੱਚ ਸੰਭਾਵਨਾ ਘੱਟ ਹੁੰਦੀ ਹੈ। ਇਸ ਵਿੱਚ ਇੱਕ ਵਿਅਕਤੀ ਜਾਂ ਘਟਨਾ ਹੀ ਪ੍ਰਧਾਨ ਹੁੰਦੀ ਹੈ ਅਤੇ ਆਮ ਤੌਰ 'ਤੇ ਬਿਰਤਾਂਤਕ ਤੇ ਨਾਟਕੀ ਸ਼ੈਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਤਿਹਾਸ, ਮਨੋਵਿਗਿਆਨ ਅਤੇ ਵਾਤਾਵਰਣ ਉਸਾਰੀ ਆਦਿ ਰੇਖਾ-ਚਿੱਤਰਾਂ ਦੀ ਸਿਰਜਣਾ ਵਿੱਚ ਸਹਾਇਕ ਸ਼ਕਤੀ ਦੀ ਭੂਮਿਕਾ ਅਦਾ ਕਰਦੇ ਹਨ। ਇਸ ਰੂਪ ਵਿੱਚ ਸੁਹਜ ਦੇ ਉਦੈ ਲਈ ਲੇਖਕ ਕਾਵਿਕ, ਗਾਲਪਨਿਕ ਤੇ ਸੰਬਾਦੀ ਜੁਗਤਾਂ ਦੀ ਵਰਤੋਂ ਕਰਦੇ ਹਨ। ਉਹ ਆਪਣੀ ਕਾਵਿ-ਯੋਗਤਾ ਦੇ ਸਹਾਰੇ ਸ਼ਾਇਰ ਅਤੇ ਸ਼ਾਇਰੀ, ਚਿੰਤਕ ਅਤੇ ਚਿੰਤਨ ਦੇ ਆਰ-ਪਾਰ ਫੈਲ ਜਾਂਦਾ ਹੈ। ਇਸੇ ਸਦਕਾ ਡਾ. ਤਰਲੋਕ ਸਿੰਘ ਕੰਵਰ ਨੇ ਉਸ ਨੂੰ ਵਿਅਕਤੀ-ਚਿੱਤਰ ਲਿਖਣ ਵਾਲੇ ਇੱਕ ਨਿਪੁੰਨ ਸਾਹਿਤਕਾਰ" ਦਾ ਨਾਂਅ ਦਿੱਤਾ ਹੈ। ਇਹਨਾਂ ਚਿੱਤਰਾਂ ਦੀ ਪ੍ਰਕਿਰਤੀ ਨੂੰ ਪਛਾਣਦੇ ਹੋਏ ਉਸ ਲਿਖਿਆ ਹੈ ਕਿ

ਉਸ ਦੀ (ਮੋਹਨਜੀਤ) ਸ਼ਾਇਰੀ ਕਿਸੇ ਵਿਅਕਤੀ ਤੋਂ ਸ਼ੁਰੂ ਹੁੰਦੀ ਹੈ, ਪਰ ਜਿਉਂ-ਜਿਉਂ ਉਹ ਅੱਗੇ ਤੁਰਦਾ ਹੈ, ਵਿਅਕਤੀ ਦਾ ਵਿਅਕਤੀਤਵ ਸ਼ਾਇਰੀ ਦੀ ਚਿਹਨਕਾਰੀ ਵਿੱਚ ਗੁੰਮ ਹੁੰਦਾ ਜਾਂਦਾ ਹੈ। ਜਿਉਂ-ਜਿਉਂ ਕਵੀ ਆਪਣੇ ਪੂਰਬਲੇ ਵਿਦਾ-ਬਿੰਦੂ ਵੱਲ ਮੁੜ-ਮੁੜ ਕੇ ਆਪਣੀ ਰਚਨਾ ਦੇ ਵਿਅਕਤੀ-ਆਤਮ ਦੀ ਭਾਲ ਕਰਦਾ ਹੈ, ਤਿਉਂ-ਤਿਉਂ ਉਹਦੀ ਚਿਹਨਕਾਰੀ ਹੋਰ ਪ੍ਰਬਲ ਹੁੰਦੀ ਜਾਂਦੀ ਹੈ ਤੇ ਉਹਦੀ ਭਾਲ ਤੇਜ਼ ਹੁੰਦੀ ਜਾਂਦੀ ਹੈ।

ਮੋਹਨਜੀਤ ਵਿਅਕਤੀ-ਚਿੱਤਰਾਂ ਦੀ ਸਿਰਜਣਾ ਸਮੇਂ ਕਾਵਿਕ, ਸੰਕੇਤਕ ਅਤੇ ਤਸ਼ਬੀਹਾਂ ਨਾਲ ਭਰਪੂਰ ਭਾਸ਼ਾ ਦੀ ਵਰਤੋਂ ਕਰਦਾ ਹੈ। ਇਸ ਲਈ ਉਸ ਦੇ ਕਾਵਿ-ਚਿੱਤਰ ਇੱਕ ਛੋਟਾ ਜਿਹਾ ਨਾਟਕ ਪ੍ਰਤੀਤ ਹੁੰਦੇ ਹਨ, ਅਜਿਹਾ ਰੂਪਕ ਜਿਹੜਾ ਇੱਕੋ ਸਮੇਂ ਸੰਬੰਧਤ ਵਿਅਕਤੀ, ਸ਼ਾਇਰੀ ਜਾਂ ਉਸ ਦੀ ਅਦਬੀ ਦੁਨੀਆ ਜਾਂ ਉਸ ਦੀ ਜ਼ਿੰਦਗੀ ਦੇ ਹੋਰਨਾਂ ਪਸਾਰਾਂ ਬਾਰੇ ਇਸ਼ਾਰਿਆਂ, ਸੰਕੇਤਾਂ ਜਾਂ ਲੋੜਾਂ ਦੀ ਭਾਸ਼ਾ ਵਿੱਚ ਬਹੁਤ ਕੁਝ ਆਖ ਜਾਂਦਾ ਹੈ। ਉਸ ਦੇ ਇਹ ਚਿੱਤਰ ਤੱਥ ਤੋਂ ਤੱਤ ਦਾ ਸਫਰ ਤਹਿ ਕਰਦੇ ਨਜ਼ਰ ਆਉਂਦੇ ਹਨ। ਉਸ ਦੀ ਇਸ ਜੁਗਤ ਨੂੰ ਰਾਜਿੰਦਰ ਸਿੰਘ ਬੇਦੀ ਨੇ ਉਸ ਦੇ ਆਪਣੇ ਸੰਬੰਧੀ ਮੋਹਨਜੀਤ ਦੁਆਰਾ ਲਿਖੇ ਵਿਅਕਤੀ-ਚਿੱਤਰ ਵਿੱਚੋਂ ਇੰਜ ਪਛਾਣਿਆ ਹੈ :

ਮੈਂ ਕਿੰਨਾ ਵੀ ਚਾਹਿਆ ਕਿ ਆਪਣੇ ਬਾਰੇ ਪੜ੍ਹ ਕੇ ਨਾ ਹਿਰਖਵਾਨ ਹੋਵਾਂ ਤੇ ਨਾ ਭਾਵੁਕ, ਪਰ ਇਹ ਦੋਵੇਂ ਹੋ ਗਿਆ। ਤੁਹਾਡੀ ਜਿੱਤ। ਤੁਹਾਡੀਆਂ ਤਸ਼ਬੀਹਾਂ, ਤੁਹਾਡੇ ਚਿਤਰਣ ਅਛੂਤੇ ਤੇ ਮਾਡਰਨ ਹਨ। ਮੈਨੂੰ ਇੰਜ ਲੱਗਦਾ ਹੈ ਕਿ ਮੈਨੂੰ ਪੜ੍ਹ-ਸਮਝ ਕੇ ਤੁਸੀਂ ਕਿਸੇ ਸਮਾਧੀ ਵਿੱਚ ਚਲੇ ਗਏ ਹੋ, ਜਿੱਥੋਂ ਤਤਵ ਦੀ ਪ੍ਰਾਪਤੀ ਹੁੰਦੀ ਹੈ।

ਮੋਹਨਜੀਤ ਵਿਅਕਤੀ-ਚਿੱਤਰ ਲਿਖਣ ਵੇਲੇ ਅੰਤਰਬੋਧ ਜਾਂ ਆਵੇਸ਼ ਨਾਲ ਕੰਮ ਨਹੀਂ ਚਲਾਉਂਦਾ, ਸਗੋਂ ਉਹ ਸੰਬੰਧਤ ਵਿਅਕਤੀ, ਉਸ ਦੇ ਰਚਨਾ-ਸੰਸਾਰ ਅਤੇ ਵਿਅਕਤੀ ਤੇ ਰਚਨਾ-ਸੰਸਾਰ ਵਿੱਚ ਦਵੰਦ-ਸੰਬੰਧ ਬਣਾਉਂਦਾ ਇਹਨਾਂ ਨੂੰ ਕਾਵਿਕ-ਰੂਪਾਂਤਰਣ ਦੀ ਪ੍ਰਕਿਰਿਆ ਵਿੱਚੋਂ ਲੰਘਾਉਂਦਾ ਹੈ।

**- ਅੰਤਿਕਾ-1 'ਚੋਂ**

## ਹਰ ਮੋੜ 'ਤੇ ਸਲੀਬਾਂ

**(ਵੀਹਵੀਂ ਸਦੀ ਵਿੱਚ ਲਿਖੀਆਂ ਗਜ਼ਲਾਂ)**
**ਜਗਤਾਰ**
**ਪੰਨੇ : 368, ਮੁੱਲ : 450 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਜਗਤਾਰ ਕਾਇਨਾਤ ਦੇ ਸਮੁੰਦਰ ਵਿੱਚੋਂ ਪਾਤਾਲ 'ਚ ਲੁਕੇ ਹੋਏ ਮੋਤੀਆਂ ਦੀ ਖੋਜ ਕਰਦਾ ਹੈ ਤੇ ਅੱਖਰਾਂ ਦੇ ਵੰਨ-ਸੁਵੰਨੇ ਲਾਲਾਂ ਨਾਲ ਦਿਲਾਂ ਵਿੱਚ ਦਫਨ ਅਮਾਨਤਾਂ ਦੀ ਖੋਜ ਲਾ ਕੇ ਤਖਲੀਕੀ ਜਜ਼ਬਿਆਂ ਨੂੰ ਅਜ਼ਹਾਰ ਦੀ ਬਸ਼ਾਰਤ ਦਿੰਦਾ ਹੈ। ਉਹਦੇ ਤਖਲੀਕ ਕੀਤੇ ਹੋਏ ਬਲੌਰੀ ਅੱਖਰਾਂ ਦੇ ਫਰਸ਼ ਤੇ ਕਾਰੀ ਦੀ ਨੱਚਦੀ ਹੋਈ ਅੱਖ ਦੀ ਪੁਤਲੀ ਤਿਲਕਣ ਦੀ ਬਜਾਏ ਖੁਭਦੀ ਚਲੀ ਜਾਂਦੀ ਹੈ ਤੇ ਕਾਰੀ ਦਾ ਜ਼ਿਹਨ ਉਹਦੇ ਸ਼ਿਅਰਾਂ ਦੇ ਗੁਲਦਸਤੇ ਦੀ ਵਾਸ਼ਨਾ ਵਿੱਚ ਨੀਂਦਰ ਦੇ ਭਾਰ ਪਾਰੋਂ ਲਿਫੀਆਂ ਹੋਈਆਂ ਪਲਕਾਂ ਨਾਲ ਇੱਕ ਅਜਿਹੇ ਟਾਪੂ 'ਚ ਲੈ ਜਾਂਦਾ ਹੈ, ਜਿੱਥੇ ਹਵਾ 'ਚ ਘੁਲੀਆਂ ਹੋਈਆਂ ਰਮਜ਼ ਭਰੀਆਂ ਅਸਰਾਰ ਦੀਆਂ ਗੱਲਾਂ ਕਾਰੀ ਨੂੰ ਅਣਡਿੱਠੇ ਜੱਗ ਦੀ ਸੈਰ ਕਰਾਂਦੀਆਂ ਨੇ। ਬਸ ਐਸੇ ਇੱਕ ਲਮਹੇ ਦਾ ਨਾਂਅ ਜਗਤਾਰ ਹੈ।

ਜਗਤਾਰ ਇੱਕ ਸੱਚਾ ਤੇ ਸੁੱਚਾ ਕਵੀ ਹੈ, ਜਿਹੜਾ ਤਨਕੀਦੀ ਸ਼ਊਰ ਤੇ ਖੁਦ-ਇਹਤਸਾਬੀ ਦੇ ਅਦਰਾਕ ਦਾ ਜ਼ਹਿਰ ਭਰਿਆ ਪਿਆਲਾ ਪੀਣ ਦਾ ਆਦੀ ਹੈ। ਇਹ ਸਰਮਦੀ ਅਮਲ ਉਹਨੂੰ ਵੇਲੇ ਦੇ ਉੱਚ-ਕੋਟੀ ਦੇ ਕਵੀਆਂ ਦੀ ਅਗਲੀ ਸਫ ਵਿੱਚ ਜਗ੍ਹਾ ਦਿੰਦਾ ਹੈ। ਉਹ ਆਪਣੇ ਫਨ ਤੇ ਅਮਲ ਨਾਲ ਬੇ-ਈਮਾਨੀ ਨਹੀਂ ਕਰਦਾ। ਤਾਹੀਉਂ ਉਹਦੇ ਅੱਖਰਾਂ ਵਿੱਚ ਵੇਲੇ ਦੀ ਆਵਾਜ਼ ਗੂੰਜਦੀ ਸੁਣਾਈ ਦਿੰਦੀ ਹੈ। ਉਹ ਦਿਲਾਂ ਨੂੰ ਤਸਖੀਰ ਕਰਨਾ ਜਾਣਦਾ ਹੈ।

ਉਮਰ ਭਰ ਮੈਂ ਜਿਸ ਲਈ ਦਹਿਲੀਜ ਹਾਂ ਬਣਿਆ ਰਿਹਾ,
ਉਹ ਨਾ ਜਾਣੇ ਜੰਦਰਾ ਕਿਸ ਘਰ ਦਾ ਜਾ ਕੇ ਬਣ ਗਿਆ।
ਕੋਈ ਮਜਬੂਰੀ ਨਹੀਂ ਜੇ ਦਿਲ ਕਰੇ ਤਾਂ ਖ਼ਤ ਲਿਖੀਂ,
ਰਿਸ਼ਤਿਆਂ ਦੀ ਭੀੜ 'ਚੋਂ ਫੁਰਸਤ ਮਿਲੇ ਤਾਂ ਖ਼ਤ ਲਿਖੀਂ।

ਮੈਂ ਉਹਨਾਂ ਨੂੰ ਮਿਲਿਆ ਤਾਂ ਨਹੀਂ, ਪਰ ਉਹਨਾਂ ਦੇ ਤਖਲੀਕੀ ਸਚਲ ਖਿਆਲਾਂ ਤੇ ਅੱਖਰਾਂ ਰਾਹੀਂ ਏਨਾ ਕੁ ਜਾਣਦਾ ਹਾਂ ਪਈ ਉਹ ਅਜਿਹੀ ਹਸਤੀ ਏ, ਜਿਸ ਵੀ ਉਸ ਨੂੰ ਜ਼ਖਮ ਦਿੱਤੇ, ਉਹਨੇ ਹੱਸਦੇ ਹੋਏ ਮੱਥੇ ਨਾਲ ਉਹਨਾ ਦੇ ਹੱਥੀਂ ਮੁਹੱਬਤ ਦਾ ਪਯੰਬਰ ਗੁਲਾਬ ਵੀ ਧਰਿਆ, ਜਿਸ ਉਹਦੇ ਦਿਲ ਦੀ ਪੀੜ ਤੇ ਪਿਆਰ ਦਾ ਦੋਹਾਂ ਰੁੱਖਾਂ ਨਾਲ ਭਰਵਾਂ ਅਹਿਸਾਸ ਦਵਾਇਆ। ਦੋਹਾਂ ਰੁੱਖਾਂ ਦੇ ਹਵਾਲੇ ਨਾਲ ਕੁਝ ਸ਼ਿਅਰ :

ਉਸਦੀ ਇੱਕ ਹੀਰੇ ਦੀ, ਇੱਕ ਸ਼ੀਸ਼ੇ ਦੀ ਅੱਖ ਹੈ ਦੋਸਤੋ,
ਇਸ ਲਈ ਉਹ ਸ਼ਹਿਰ ਸੜਦਾ ਵੇਖ ਕੇ ਰੋਇਆ ਨਹੀਂ।
ਅਸੀਂ ਇੱਕ ਵਰਕ ਦੇ ਹਾਂ ਦੋ ਸਫੇ ਕੈਸਾ ਮੁਕੱਦਰ,
ਜੁਦਾ ਵੀ ਹਾਂ ਇਕੱਠੇ ਵੀ ਹਾਂ ਇਸ ਜੀਵਨ 'ਚ ਆ ਕੇ।

ਨਵੀਂ ਗਜ਼ਲ 'ਚ ਇੱਕ ਨਿਵੇਕਲਾ, ਸਚਲ ਤੇ ਪੁਖਤਾ ਫਿਕਰ ਦੀ ਭਰਵੀਂ ਅਕਾਸੀ ਕਰਦਾ ਹੋਇਆ ਜਗਤਾਰ ਹੁਰਾਂ ਦਾ ਮਸੌਦਾ ਮੇਰੇ ਹੱਥਾਂ 'ਚ 'ਮੋਤੀਏ ਗੁਲਾਬ' ਤੇ 'ਰਾਤ ਦੀ ਰਾਣੀ' ਦੀਆਂ 'ਹਾਸੇ ਜਾਈਆਂ ਕਲੀਆਂ' ਵਾਂਗੂੰ ਆਪਣੀ ਵਾਸ਼ਨਾ ਦੇ ਸਹਰ 'ਚ ਜਕੜ ਰਿਹਾ ਹੈ। ਜਗਤਾਰ ਰਿਵਾਇਤੀ ਰੰਗ ਤੇ ਅੰਗ ਤੋਂ ਅੱਡ ਵੇਲੇ ਦਾ ਨਬਾਜ਼ ਬਣ ਕੇ ਸਮਾਜ ਦੀਆਂ ਡੁਬਦੀਆਂ ਤੇ ਕਦੇ ਭਰਵੇਂ ਅੰਦਾਜ਼ ਨਾਲ ਚੱਲਦੀਆਂ ਹੋਈਆਂ ਨਬਜ਼ਾਂ 'ਤੇ ਉਂਗਲ ਧਰੀ ਬੈਠਾ ਹੈ। ਇਹਦੀ ਕਲਮ ਦੀਆਂ ਬੁੱਲ੍ਹੀਆਂ ਜਦੋਂ ਜਿਗਰ ਦੇ ਲਹੂ ਦੀ ਸਿਆਹੀ ਨਾਲ ਜੋ ਵੀ ਭਰਵੇਂ ਤੇ ਸੱਚੇ ਅੱਖਰ ਲੀਕਦੀਆਂ ਨੇ, ਉਹ ਮਨ-ਖਿਚਵੇਂ ਤੇ ਵੇਲੇ ਦੀ ਆਵਾਜ਼ ਬਣ ਕੇ ਨਾ ਸਿਰਫ ਆਪਣੇ ਹੋਣ ਦਾ ਅਹਿਸਾਸ ਦਿਵਾਉਂਦੇ ਨੇ, ਬਲਕਿ ਲੋਕਾਂ ਦੇ ਦਿਲਾਂ ਦਾ ਦੁੱਖ-ਦਰਦ ਜਗਤਾਰ ਦੇ ਅਣਮੁੱਲੇ ਬੋਲ ਬਣ ਕੇ ਲੋਕਾਂ ਦੀਆਂ ਬੁੱਲ੍ਹੀਆਂ 'ਤੇ ਮਚਲਦਾ ਦਿਖਾਈ ਦਿੰਦਾ ਹੈ ਤੇ ਹਰ ਦੌਰ ਦੀ ਫਿਜ਼ਾ 'ਚ ਉਹ ਗੂੰਜਦਾ ਰਹਿੰਦਾ ਹੈ। ਬਾਅਜ਼ ਸ਼ਿਅਰਾਂ ਵਿੱਚ ਉਹ ਮੌਜੂਦਾ ਹਾਲਾਤ ਦੀ ਬੜੀ ਸੋਹਣੀ ਤੇ ਅੱਖਰਾਂ ਰਾਹੀਂ ਹੱਕੀ ਸੱਚੀ ਮੂਰਤ ਖਿੱਚ ਕੇ ਜਦ ਪੇਸ਼ ਕਰਦਾ ਹੈ ਤਾਂ ਕਾਰੀ ਬੇਸਾਖਤਾ ਦਾਦ ਦੇਣ ਬਿਨਾਂ ਨਹੀਂ ਰਹਿ ਸਕਦਾ। ਕੁਝ ਸ਼ਿਅਰਾਂ ਦੀ ਵੰਨਗੀ ਦੇਖੋ :




ਬੜੇ ਈ ਲੋਕ ਨੇ ਭੋਲੇ ਜੋ ਹਰ ਵਾਰੀ ਨੇ ਫਸ ਜਾਂਦੇ,
ਸਿਆਸਤ ਜਾਲ ਲਾ ਬੈਠੀ ਮਸੀਤਾਂ ਮੰਦਰਾਂ ਅੰਦਰ।
ਲਿਖ ਲਿਐ ਤੂੰ ਨਾਮ ਮੇਰਾ ਦੋਸਤਾ ਖੰਜਰ 'ਤੇ ਜੇ,
ਮੈਂ ਵੀ ਤੇਰਾ ਨਾਮ ਅੱਜ ਤੋਂ ਆਪਣੇ ਦਿਲ 'ਤੇ ਲਿਖ ਲਿਆ।

ਉਹ ਲੋਕ ਜਿਹੜੇ ਮਾਂ ਬੋਲੀ ਦੀ ਕਦਰ ਨਹੀਂ ਕਰਦੇ ਅਤੇ ਇਹਦੇ ਨਾਲ ਮਤਰੇਆਂ ਵਾਲਾ ਸਲੂਕ ਕਰਦੇ ਨੇ ਤੇ ਗੈਰਾਂ ਦੀਆਂ ਮਿਸਾਲਾਂ ਦਿੰਦੇ ਨੇ। ਜਗਤਾਰ ਹੁਰਾਂ ਉਹਨਾਂ ਲੋਕਾਂ ਨੂੰ ਹਲੂਣਾ ਦਿੱਤਾ ਹੈ ਨਾਲੇ ਉਸ ਵੇਲੇ ਨੂੰ ਯਾਦ ਕਰਾਇਆ ਏ ਜਦ ਫ਼ਾਰਸੀ ਜ਼ੁਬਾਨ ਅੱਗੇ ਕਿਸੇ ਹੋਰ ਜ਼ੁਬਾਨ ਦਾ ਦੀਵਾ ਨਹੀਂ ਸੀ ਬਲਦਾ ਤੇ ਫਾਰਸੀ ਬੋਲੀ ਦੇ ਹੁੰਦਿਆਂ ਹੋਇਆਂ ਉਹਨਾਂ ਬਜ਼ੁਰਗ ਕਵੀਆਂ ਤੇ ਸਿਆਣਿਆਂ ਦੀ ਮਿਸਾਲ ਦੇ ਕੇ ਗੱਲ ਕਰਦਾ ਏ, ਜਿਹੜੇ ਪੰਜਾਬ ਦਾ ਮਾਣ-ਤਰਾਣ ਸਨ। ਉਹਨਾਂ ਆਪਣੇ ਦੌਰ ਦੇ ਹਵਾਲੇ ਨਾਲ ਨਹੀਂ ਬਲਕਿ ਆਪਣੇ ਖਿੱਤੇ, ਆਪਣੀ ਧਰਤੀ ਦੇ ਹਵਾਲੇ ਨਾਲ ਜਿਹੜੀ ਵੀ ਕੋਈ ਗੱਲ ਕੀਤੀ, ਆਪਣੀ ਮਾਂ ਬੋਲੀ ਦੇ ਹਵਾਲੇ ਨਾਲ ਹੀ ਕੀਤੀ ਹੈ ਤੇ ਬੇਹੌਸਲਿਆਂ ਦੇ ਹੌਸਲੇ ਵਧਾਂਦੇ ਹੋਏ ਆਖਿਆ :

ਦੋਸਤਾ ਨਾ ਵੇਖ ਘਿਰਣਾ ਨਾਲ ਪੰਜਾਬੀ ਜ਼ਬਾਨ,
ਏਸ ਵਿੱਚ ਨਾਨਕ ਵੀ ਹੈ, ਵਾਰਿਸ ਵੀ ਤੇ ਬਾਹੂ ਵੀ ਹੈ।

ਬਾਅਜ਼ੇ ਵੇਲੇ ਜਗਤਾਰ ਆਪਣੀ ਸ਼ਾਇਰੀ ਰਾਹੀਂ ਅਜਿਹੀ ਗੱਲ ਬੜੀ ਸਾਦਗੀ ਤੇ ਰਵਾਨੀ ਨਾਲ ਕਰ ਜਾਂਦਾ ਹੈ ਜਿਸ ਨੂੰ ਕਹਿਣ ਲਈ ਆਮ ਹਾਲਤ ਵਿੱਚ ਬੜਾ ਟਿੱਲ ਲਾਣਾ ਪੈਂਦਾ ਹੈ। ਹਯਾਤੀ ਬਾਰੇ ਉਸਦੇ ਕੁਝ ਸ਼ਿਅਰ ਇੰਜ ਹਨ :

ਇਹ ਕੈਸੀ ਜ਼ਿੰਦਗੀ ਹੈ ਜੋ ਅਸੀਂ ਕਿਸ਼ਤਾਂ 'ਚ ਜਿਉਂਦੇ ਹਾਂ,
ਨਾ ਇਸ ਵੱਲ ਪਿੱਠ ਕਰੀ ਜਾਏ ਨਾ ਮੈਥੋਂ ਵੇਖਿਆ ਜਾਏ।
ਜ਼ਿੰਦਗੀ ਹੰਝੂ ਕਦੇ ਤਾਰਾ ਕਦੀ ਜੁਗਨੂੰ ਬਣੀ,
ਮੈਂ ਬਦਲਦੇ ਰੰਗ ਇਸ ਦੇ ਵੇਖਦਾ ਹੀ ਰਹਿ ਗਿਆ।

ਜਗਤਾਰ ਰੁੱਖਾ ਆਦਮੀ ਨਹੀਂ, ਉਹ ਰੁੱਤਾਂ ਦੇ ਨਾਲ-ਨਾਲ ਉਹਨਾਂ ਖੁਸ਼ੀਆਂ ਦੀ ਸੁਗੰਧ ਨੂੰ ਵੀ ਨਹੀਂ ਭੁੱਲਦਾ ਜਿਹਨੂੰ ਹਵਾ ਆਪਣੇ ਮੋਢਿਆਂ 'ਤੇ ਲਈ ਫਿਰਦੀ ਹੈ ਤੇ ਉਹ ਕਹਿਣ ਲਈ ਮਜਬੂਰ ਹੋ ਜਾਂਦਾ ਹੈ ਕਿ :

ਇਹ ਕੌਣ ਆਇਆ ਬਹਾਰ ਆਈ ਬਰੂਹਾਂ ਦੇ ਵੀ ਸਾਹ ਪਰਤੇ,
ਹੈ ਦਿਲ ਖੁਸ਼ਬੂ, ਲਹੂ ਖੁਸ਼ਬੂ, ਜਿਗਰ ਖੁਸ਼ਬੂ, ਨਜ਼ਰ ਖੁਸ਼ਬੂ।

**-ਸ਼ਾਹਿਦ ਜਾਫਰੀ ਵੱਲੋਂ ਲਿਖੇ ਸ਼ਬਦਾਂ 'ਚੋਂ**

7-May-Sunday.qxd 5/6/2023 10:03 PM Page 6



# 'ਕਵਿਤਾ ਦੀ ਸਿਰਜਣ ਪ੍ਰਕਿਰਿਆ' ਸੰਬੰਧੀ ਵਰਕਸ਼ਾਪ

**ਮੋਹਾਲੀ**—ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ 'ਕਵਿਤਾ ਦੀ ਸਿਰਜਣ ਪ੍ਰਕਿਰਿਆ' ਸੰਬੰਧੀ ਵਰਕਸ਼ਾਪ ਲਗਾਈ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ ਵੱਲੋਂ ਕੀਤੀ ਗਈ। ਮੁੱਖ ਮਹਿਮਾਨ ਦੇ ਤੌਰ 'ਤੇ ਸੁਖਵਿੰਦਰ ਅੰਮ੍ਰਿਤ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸਤਪਾਲ ਭੀਖੀ ਸ਼ਾਮਲ ਹੋਏ।



ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤੀ ਗਈ। ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਇਸ ਵਰਕਸ਼ਾਪ ਨੂੰ ਭਾਸ਼ਾ ਦੀ ਪ੍ਰਫੁੱਲਤਾ ਅਤੇ ਸਾਹਿਤ ਦੀਆਂ ਲੀਹਾਂ ਨੂੰ ਅੱਗੇ ਤੋਰਨ ਦਾ ਉੱਦਮ ਆਖਿਆ। ਡਾ. ਲਖਵਿੰਦਰ ਜੌਹਲ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਵਿਤਾ ਦੀ ਸਿਰਜਣ ਪ੍ਰਕਿਰਿਆ ਬਾਰੇ ਬੋਲਦਿਆਂ ਕਿਹਾ ਕਿ ਕਵਿਤਾ ਮਨ ਦੀ ਆਵਾਜ਼ ਹੁੰਦੀ ਹੈ। ਜਦੋਂ ਸਮਾਜਕ ਪ੍ਰਸਥਿਤੀਆਂ ਸਾਡੇ ਮਨ ਦੇ ਅਨੁਭਵਾਂ ਅਤੇ ਵਿਚਾਰਾਂ ਨਾਲ ਇਕਸੁਰ ਹੁੰਦੀਆਂ ਹਨ ਤਾਂ ਕਵਿਤਾ ਉਪਜਦੀ ਹੈ। ਕਵਿਤਾ ਦੇ ਰਸਾਂ, ਅਲੰਕਾਰਾਂ ਅਤੇ ਛੰਦਾਂ ਨੇ ਕਿਵੇਂ ਕਵਿਤਾ ਵਿੱਚ ਆਉਣਾ ਹੈ, ਇਸ ਦੀ ਕੋਈ ਨਿਸ਼ਾਨਦੇਹੀ ਨਹੀਂ ਕਰ ਸਕਦਾ। ਸੁਖਵਿੰਦਰ ਅੰਮ੍ਰਿਤ ਵੱਲੋਂ ਗਜ਼ਲ ਦੀ ਸਿਰਜਣ ਪ੍ਰਕਿਰਿਆ ਬਾਰੇ ਵਿਸਥਾਰ ਸਹਿਤ ਗੱਲ ਕਰਦੇ ਹੋਏ ਕਿਹਾ ਕਿ ਪਹਿਲਾਂ ਗਜ਼ਲ ਬਣਦੀ ਹੈ ਤੇ ਫਿਰ ਉਸ ਦਾ ਵਿਧੀ ਵਿਧਾਨ ਹੋਂਦ ਵਿੱਚ ਆਉਂਦਾ ਹੈ, ਭਾਵ ਤਕਨੀਕ ਤੋਂ ਪਹਿਲਾਂ ਭਾਵਾਂ ਦੀ ਮੌਲਿਕਤਾ ਦੀ ਪ੍ਰਧਾਨਤਾ ਹੁੰਦੀ ਹੈ। ਸਤਪਾਲ ਭੀਖੀ ਵੱਲੋਂ ਬਾਲ ਕਵਿਤਾ ਦੀ ਸਿਰਜਣ ਪ੍ਰਕਿਰਿਆ ਬਾਰੇ ਆਖਿਆ ਗਿਆ ਕਿ ਸੋਚਣ ਅਤੇ ਅਨੁਭਵ ਕਰਨ ਤੋਂ ਬਾਅਦ ਦ੍ਰਿਸ਼ਟੀ ਦੀ ਸਪੱਸ਼ਟਤਾ ਰਾਹੀਂ ਬਿੰਬ ਉੱਘੜਦਾ ਹੈ ਅਤੇ ਕਵਿਤਾ ਬਿੰਬ ਰਾਹੀਂ ਲਿਸ਼ਕਾਰਾ ਮਾਰ ਕੇ ਕੁਝ ਕੁ ਪਲਾਂ ਵਿੱਚ ਬਹੁਤ ਅਲੋਕਾਰੀ ਅਰਥ ਸਿਰਜਣ ਦੀ ਸਮਰੱਥਾ ਰੱਖਦੀ ਹੈ। ਵਰਕਸ਼ਾਪ ਦੌਰਾਨ ਬੁਲਾਰਿਆਂ ਵੱਲੋਂ ਕਵਿਤਾ ਦੀ ਸਿਰਜਣਾ ਬਾਰੇ ਸਰੋਤਿਆਂ ਦੇ ਸਵਾਲਾਂ ਦੇ ਉੱਤਰ ਵੀ ਦਿੱਤੇ ਗਏ।

ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ 'ਕਵਿਤਾ ਦੀ ਸਿਰਜਣ ਪ੍ਰਕਿਰਿਆ' ਬਾਰੇ ਕਰਵਾਈ ਜਾ ਰਹੀ ਵਰਕਸ਼ਾਪ ਦਾ 'ਨੋਟ ਪੈਡ' ਵੀ ਜਾਰੀ ਕੀਤਾ ਗਿਆ। ਪ੍ਰਧਾਨਗੀ ਮੰਡਲ ਵੱਲੋਂ ਤਰਸੇਮ, ਸਤਪਾਲ ਭੀਖੀ ਅਤੇ ਗੁਰਦੀਪ ਸਿੰਘ ਵੱਲੋਂ ਅਨੁਵਾਦਿਤ ਅਤੇ ਸੰਪਾਦਿਤ ਪੁਸਤਕ 'ਕਾਵਿ-ਦਿਸ਼ਾਵਾਂ ਭਾਰਤੀ ਭਾਸ਼ਾਵਾਂ ਦੀ ਕਵਿਤਾ' ਵੀ ਲੋਕ ਅਰਪਣ ਕੀਤੀ ਗਈ। ਪ੍ਰੋ. ਗੁਰਦੀਪ ਸਿੰਘ ਵੱਲੋਂ ਅਜੋਕੇ ਸਮੇਂ ਵਿੱਚ ਕਵਿਤਾ ਦੀ ਭੂਮਿਕਾ ਅਤੇ ਅਥਾਹ ਸੰਭਾਵਨਾਵਾਂ ਬਾਰੇ ਗੱਲ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਦਰਸ਼ਨ ਕੌਰ ਖੋਜ ਅਫ਼ਸਰ ਵੱਲੋਂ ਕੀਤਾ ਗਿਆ।

**—ਦਵਿੰਦਰ ਸਿੰਘ ਬੋਹਾ**

# 'ਸਾਂਝ ਅਮੁੱਲੀ ਬੋਲੀ ਦੀ' ਬਾਰੇ ਵਿਚਾਰ-ਚਰਚਾ




**ਪਟਿਆਲ** : ਤ੍ਰਿਵੈਣੀ ਸਾਹਿਤ ਪ੍ਰੀਸ਼ਦ (ਰਜਿ:) ਪਟਿਆਲਾ ਵੱਲੋਂ ਪਹਿਲੀ ਵਾਰ ਆਪਣੀ ਪ੍ਰੋਡਕਸ਼ਨ ਦੇ ਤੌਰ 'ਤੇ ਪ੍ਰਕਾਸ਼ਤ ਅਤੇ ਅੰਮ੍ਰਿਤਪਾਲ ਸਿੰਘ ਸੈਦਾ ਵੱਲੋਂ ਸੰਪਾਦਿਤ 30 ਗਜ਼ਲਗੋ ਕਵੀਆਂ ਦੇ ਕਲਾਮ 'ਤੇ ਅਧਾਰਤ ਗੁਰਮੁਖੀ ਤੇ ਸ਼ਾਹਮੁਖੀ ਗਜ਼ਲ ਸੰਗ੍ਰਹਿ 'ਸਾਂਝ ਅਮੁੱਲੀ ਬੋਲੀ ਦੀ' ਬਾਰੇ ਇਕ ਵਿਸ਼ਾਲ ਸੈਮੀਨਾਰ, ਸਨਮਾਨ ਸਮਾਰੋਹ ਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਦੇ ਸਹਿਯੋਗ ਨਾਲ ਆਯੋਜਿਤ ਹੋਇਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਮੁਹੰਮਦ ਰਫੀ, ਦਰਸ਼ਨ ਸਿੰਘ ਬੁੱਟਰ ਪ੍ਰਧਾਨ ਕੇਂਦਰੀ ਲਿਖਾਰੀ ਸਭਾ, ਭਗਵਾਨ ਦਾਸ ਗੁਪਤਾ, ਨਵੀਨ ਕਮਲ ਭਾਰਤੀ, ਜੀ ਐੱਮ ਰਾਜ ਭਾਸ਼ਾ ਭਾਰਤੀ ਰੇਲਵੇ ਅਤੇ ਐਡਵੋਕੇਟ ਗੁਰਦਰਸ਼ਨ ਸਿੰਘ ਪ੍ਰਧਾਨ ਤ੍ਰਿਵੈਣੀ ਸਾਹਿਤ ਪ੍ਰੀਸ਼ਦ ਸੁਸ਼ੋਭਿਤ ਸਨ। ਗਜ਼ਲ ਸੰਗ੍ਰਹਿ 'ਸਾਂਝ ਅਮੁੱਲੀ ਬੋਲੀ ਦੀ' ਬਾਰੇ ਡਾ. ਮੁਹੰਮਦ ਸਫੀਕ ਥਿੰਦ ਵੱਲੋਂ ਵਿਸਥਾਰਿਤ ਤੇ ਭਾਵਪੂਰਤ ਪੇਪਰ ਪੜ੍ਹਿਆ ਗਿਆ। ਡਾ. ਹਰਜੀਤ ਸਿੰਘ ਸੱਧਰ ਨੇ ਪਰਚੇ 'ਤੇ ਚਰਚਾ ਕਰਦੇ ਹੋਏ ਪੁਸਤਕ ਬਾਰੇ ਆਪਣੇ ਵਿਚਾਰ ਰੱਖੇ। ਮੀਤ ਪ੍ਰਧਾਨ ਮੰਗਤ ਖਾਨ ਨੇ ਆਏ ਮਹਿਮਾਨਾਂ ਦੀ ਗੁਲਪੋਸ਼ੀ ਕੀਤੀ।

ਪੁਸਤਕ ਵਿਚ ਸ਼ਾਮਲ ਗਜ਼ਲਗੋ ਅੰਮ੍ਰਿਤਪਾਲ ਸਿੰਘ ਸੈਦਾ, ਅਵਤਾਰ ਸਿੰਘ ਪੁਆਰ, ਅਵਤਾਰ ਸਿੰਘ ਮਾਨ, ਸੰਜੈ ਦਰਦੀ ਚੋਪੜਾ, ਸੁਖਵਿੰਦਰ ਕੌਰ ਆਹੀ, ਗੁਰਵਿੰਦਰ ਕੌਰ ਵਰਿੰਦਰ, ਹਰਦੀਪ ਕੌਰ ਜੱਸੋਵਾਲ, ਗੁਰਚਰਨ ਸਿੰਘ ਚੌਹਾਨ, ਤਿਰਲੋਚਨ ਮੀਰ, ਤੇਜਿੰਦਰ ਅਣਜਾਣਾ, ਨਿਰਮਲਾ ਗਰਗ, ਤਿਰਲੋਕ ਸਿੰਘ ਢਿੱਲੋਂ, ਬਚਨ ਸਿੰਘ ਗੁਰਮ, ਤਰਸੇਮ ਲਾਲ ਨੂਰ, ਰਾਮ ਸਿੰਘ ਬੰਗ, ਹਰੀ ਸਿੰਘ ਚਮਕ, ਗੁਰਦਰਸ਼ਨ ਸਿੰਘ ਗੁਸੀਲ, ਡਾ. ਸੁਰਜੀਤ ਖੁਰਮਾ, ਨਵੀਨ ਕਮਲ, ਹਰਜੀਤ ਸਿੰਘ ਸੱਧਰ ਨੂੰ ਸੰਸਥਾ ਵੱਲੋਂ ਸੁੰਦਰ ਸਨਮਾਨ ਪੱਤਰ ਅਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਇਹਨਾਂ ਕਵੀਆਂ ਸਹਿਤ ਬਲਵਿੰਦਰ ਸੰਧੂ, ਗੁਰਚਰਨ ਪੱਬਾਰਾਲੀ, ਕੁਲਵੰਤ ਸੈਦੋਕੇ, ਕ੍ਰਿਸ਼ਨ ਲਾਲ ਧੀਮਾਨ, ਸ਼ਾਮ ਸਿੰਘ, ਬਲਬੀਰ ਦਿਲਦਾਰ, ਕਿਰਪਾਲ ਸਿੰਘ ਮੂਨਕ ਆਦਿ ਨੇ ਆਪਣਾ ਕਲਾਮ ਸੁਣਾ ਕੇ ਸਮਾਗਮ ਯਾਦਗਾਰੀ ਬਣਾ ਦਿੱਤਾ।

***—ਅੰਮ੍ਰਿਤਪਾਲ ਸਿੰਘ ਸੈਦਾ***

## ਮਜ਼ਦੂਰ ਦਿਵਸ 'ਤੇ ਸਾਹਿਤਕ ਇਕੱਤਰਤਾ

**ਅੰਮ੍ਰਿਤਸਰ** : ਪਹਿਲੀ ਮਈ ਨੂੰ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਦੁਨੀਆ ਭਰ ਵਿੱਚ ਮਨਾਏ ਜਾਂਦੇ ਮਜ਼ਦੂਰ ਦਿਵਸ ਤੇ ਸਥਾਨਕ ਸਾਹਿਤਕਾਰਾਂ ਵੱਲੋਂ ਇੱਥੇ ਭਰਵੀਂ ਵਿਚਾਰ-ਚਰਚਾ ਕੀਤੀ ਗਈ। ਰਾਬਤਾ ਮੁਕਾਲਮਾਂ ਕਾਵਿ ਮੰਚ ਅਤੇ ਜਨਵਾਦੀ ਲੇਖਕ ਸੰਘ ਦੇ ਸਾਂਝੇ ਉਪਰਾਲੇ ਤਹਿਤ ਏਥੋਂ ਦੇ ਰਾਮ ਬਾਗ ਅੰਦਰ ਲੇਖਕਾਂ ਦੁਆਰਾ ਕਾਇਮ ਕੀਤੀ ਸਾਹਿਤਕ ਛਤਰੀ ਹੇਠ ਹੋਈ ਇਸ ਅਦਬੀ ਮਹਿਫਲ ਦਾ ਆਗਾਜ਼ ਕਰਦਿਆਂ ਸ਼ਾਇਰ ਮਲਵਿੰਦਰ ਨੇ ਇਸ ਦਿਨ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਬਾਬਾ ਨਜ਼ਮੀ ਦੇ ਸ਼ਿਅਰ ਕਿ "ਉਹਨਾਂ ਦਾ ਵੀ ਤੂੰ ਹੀ ਰੱਬ ਏਂ ਇਸ ਗੱਲ ਦਾ ਜਵਾਬ ਤਾਂ ਦੇ, ਈਦਾਂ ਵਾਲੇ ਦਿਨ ਵੀ ਜਿਹੜੇ ਕਰਨ ਦਿਹਾੜੀ ਜਾਂਦੇ ਨੇ" ਦੇ ਹਵਾਲੇ ਨਾਲ ਕਿਹਾ ਕਿ ਰਾਸ਼ਟਰ ਦੇ ਨਿਰਮਾਣ ਵਿੱਚ ਵੱਡਾ ਯੋਗਦਾਨ ਪਾਉਣ ਵਾਲੇ ਮਜ਼ਦੂਰ ਵਰਗ ਦੀ ਡਾਵਾਂਡੋਲ ਆਰਥਿਕਤਾ ਵੱਲ ਸਰਕਾਰਾਂ ਨੂੰ ਪਹਿਲ ਦੇ ਆਧਾਰ 'ਤੇ ਧਿਆਨ ਦੇਣਾ ਚਾਹੀਦਾ ਹੈ। ਸਰਬਜੀਤ ਸਿੰਘ ਸੰਧੂ ਨੇ ਕਿਹਾ ਕਿ ਮਜ਼ਦੂਰ ਦਿਵਸ ਉਹਨਾਂ ਲੋਕਾਂ ਦਾ ਦਿਨ ਹੈ, ਜਿਹਨਾਂ ਦੇਸ਼ ਅਤੇ ਦੁਨੀਆ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ। ਡਾ. ਮੋਹਨ ਬੇਗੋਵਾਲ ਨੇ ਕਿਹਾ ਕਿ ਬੇਸ਼ੱਕ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਵੀ ਕੀਤੀਆਂ ਜਾਂਦੀਆਂ ਹਨ, ਪਰ ਹੇਠਲੀ ਪੱਧਰ 'ਤੇ ਲਾਗੂ ਨਹੀਂ ਹੁੰਦੀਆਂ। ਮਨਮੋਹਨ ਸਿੰਘ ਬਾਸਰਕੇ ਅਤੇ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਸੱਤਾ ਹਾਸਲ ਕਰਨ ਲਈ ਤਾਂ ਇਸ ਵਰਗ ਨੂੰ ਵਰਤਦੀਆਂ ਹਨ, ਪਰ ਬਾਅਦ ਵਿੱਚ ਬਾਂਹ ਫੜਨ ਲਈ ਕੋਈ ਨਹੀਂ ਬਹੁੜਦਾ। ਡਾ. ਭੁਪਿੰਦਰ ਸਿੰਘ ਫੇਰੂਮਾਨ, ਬਲਜਿੰਦਰ ਮਾਂਗਟ ਅਤੇ ਤਰਸੇਮ ਲਾਲ ਬਾਵਾ ਨੇ ਕਿਹਾ ਕਿ ਪਰਵਾਰ ਦੀ ਰੋਜ਼ੀ-ਰੋਟੀ ਲਈ ਜੋਖਮ ਭਰੀਆਂ ਥਾਵਾਂ 'ਤੇ ਕੰਮ ਕਰਕੇ ਦਰ-ਗੁਜ਼ਰ ਕਰਨ ਵਾਲੇ ਇਹਨਾਂ ਲੋਕਾਂ ਦੇ ਹੁੰਦੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਪੈਦਾ ਕਰਨ ਦੀ ਜ਼ਰੂਰਤ ਹੈ। ਹਾਜ਼ਰ ਸ਼ਾਇਰਾਂ ਵੱਲੋਂ ਆਪਣੀਆਂ ਰਚਨਾਵਾਂ ਦਾ ਵੀ ਅਦਾਨ-ਪ੍ਰਦਾਨ ਕੀਤਾ ਗਿਆ।

## ਭਲਵਾਨ ਕੁੜੀਆਂ ਨਾਲ ਇਕਜੁਟਤਾ

**ਚੰਡੀਗੜ੍ਹ** : ਬਿਆਨ ਜਾਰੀ ਕਰਦੇ ਹੋਏ ਐਡਵਾ ਦੀ ਪ੍ਰਧਾਨ ਆਸ਼ਾ ਰਾਣਾ ਅਤੇ ਜਨਰਲ ਸਕੱਤਰ ਹਰਪ੍ਰੀਤ ਕੌਰ ਝਬਾਲ ਨੇ ਆਖਿਆ ਕਿ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਨੂੰ ਲੈ ਕੇ ਐਡਵਾ ਇਨ੍ਹਾਂ ਭਾਰਤ ਦੀਆਂ ਧੀਆਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਦੇ ਸੰਘਰਸ਼ ਵਿੱਚ ਸ਼ਾਮਲ ਹੋਵੇਗੀ ਅਤੇ ਬ੍ਰਿਜ ਭੂਸ਼ਣ ਦੇ ਅਸਤੀਫੇ ਦੀ ਮੰਗ ਕਰਦੇ ਰਹਾਂਗੇ, ਜਿੰਨੀ ਦੇਰ ਤੱਕ ਪਹਿਲਵਾਨਾਂ ਦੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਐਡਵਾ ਵੱਲੋਂ ਪੰਜਾਬ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਪਹਿਲਵਾਨਾਂ ਦੇ ਸਮਰਥਨ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਬ੍ਰਿਜ ਭੂਸ਼ਣ ਇਸ ਧਰਨੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਨਾ ਦੱਸੇ, ਬਲਕਿ ਆਪਣੇ ਦੋਸ਼ ਕਬੂਲ ਕਰਕੇ ਅਸਤੀਫਾ ਦੇਵੇ ਅਤੇ ਪਹਿਲਵਾਨਾਂ ਤੋਂ ਮਾਫੀ ਮੰਗੇ। ਔਰਤ ਜਾਤ ਨੂੰ ਡਰਾਉਣ-ਧਮਕਾਉਣ ਨਾਲ ਕਦੇ ਵੀ ਧਰਨੇ ਨਹੀਂ ਚੁੱਕੇ ਜਾਂਦੇ। ਭਾਜਪਾ ਦਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਆਪਣੇ ਅੰਦਰ ਝਾਤੀ ਮਾਰੇ ਅਤੇ ਮਹਿਲਾ ਪਹਿਲਵਾਨਾਂ ਤੋਂ ਮਾਫੀ ਮੰਗੇ ਨਹੀਂ ਤਾਂ ਪੰਜਾਬ ਵਿੱਚ ਵੀ ਐਡਵਾ ਵੱਲੋਂ ਬ੍ਰਿਜ ਭੂਸ਼ਣ ਦੇ ਪੁਤਲੇ ਫੂਕੇ ਜਾਣਗੇ।

**—ਹਰਪ੍ਰੀਤ ਕੌਰ ਝਬਾਲ**

# ਸ਼ਹੀਦਾਂ ਨੂੰ ਯਾਦ ਕਰਦਿਆਂ



**ਨੌਟੀਂਗਮ** : ਬਰਤਾਨੀਆ ਵਸਦੇ ਪੰਜਾਬੀ ਸਾਹਿਤ ਦੇ ਸਥਾਪਤ ਕਹਾਣੀਕਾਰ ਸੰਤੋਖ ਸਿੰਘ ਧਾਲੀਵਾਲ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਸ਼ਹੀਦ ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ, ਰਾਜਗੁਰੂ, ਸੁਖਦੇਵ, ਭਗਤ ਸਿੰਘ, ਉੱਧਮ ਸਿੰਘ ਸਨਾਮ ਅਤੇ ਜੋ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਇਸ ਲਈ ਕਰ ਗਏ ਸਨ ਕਿ ਭਾਰਤ ਅਤੇ ਸਮੁੱਚੀ ਦੁਨੀਆਂ ਦੀ ਮਨੁੱਖਤਾ ਬਰਾਬਰਤਾ ਦੇ ਮਾਹੌਲ 'ਚ ਸਾਹ ਲੈ ਸਕੇ, ਦੀ ਯਾਦ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਹਰਭਜਨ ਸਿੰਘ ਬਾਂਸਲ ਨੇ ਖਚਾਖਚ ਭਰੇ ਹਾਲ 'ਚ ਬੈਠੇ ਮਹਿਮਾਨਾਂ ਨੂੰ ਜੀ ਆਇਆ ਕਿਹਾ। ਉਸ ਤੋਂ ਬਾਅਦ ਮਰਜੀਵੜਿਆ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਜੀਵਨ ਦੇ ਅਹਿਮ ਪਹਿਲੂਆਂ ਉੱਪਰ ਸੁਖਦੇਵ ਸਿੰਘ ਬਾਂਸਲ ਨੇ ਵਰਤਮਾਨ ਸਥਿਤੀ ਨੂੰ "ਸਹੀਦਾਂ ਦੇ ਸੁਪਨਿਆਂ ਦੇ ਮੁਤਾਬਕ ਨਾ ਦੱਸਦਿਆਂ ਹੋਇਆ, ਨਫਰਤ ਅਤੇ ਵੱਝਵਾਦ ਦਨਦਨਾਉਂਦਾ ਫਿਰਦੈ!" ਗਰਦਾਨਿਆ! ਇਸੇ ਤਰ੍ਹਾਂ ਮਹਿੰਦਰਪਾਲ ਧਾਲੀਵਾਲ ਨੇ "ਸ਼ਹੀਦ ਭਗਤ ਸਿੰਘ ਨੂੰ ਵਧੀਆ ਪਾਠਕ ਦੱਸਦਿਆਂ ਉਹਨਾਂ ਦੀ ਆਜ਼ਾਦੀ ਦੇ ਸੰਕਲਪ ਨੂੰ 'ਸਮਝੌਤਾ-ਆਜ਼ਾਦੀ' ਨਾ ਦੱਸਦਿਆਂ, ਮਨੁੱਖ ਦੀ ਹਰ ਪੱਖੋਂ ਆਜ਼ਾਦੀ ਚਾਹੁਣ ਵਾਲੇ ਦੱਸਿਆ।"ਦਰਸ਼ਨ ਢਿੱਲੋਂ ਮੁਰਾਦਵਾਲਾ ਨੇ "ਸਮੁੱਚੇ ਕੁਰਬਾਨੀਕਾਰਾਂ ਨੂੰ ਨਤਮਸਤਕ ਹੁੰਦਿਆਂ ਸ਼ਹੀਦ ਭਗਤ ਸਿੰਘ ਦੇ ਪਾਕਿਸਤਾਨ ਵਿਚਲੇ ਜਨਮ ਸਥਾਨ, ਉਹਨਾਂ ਦੇ ਪਰਵਾਰ ਬਾਰੇ ਜਾਣਕਾਰੀ ਦਿੱਤੀ। ਯਸ ਲੁਧਿਆਣਵੀ ਨੇ ਸ਼ਹੀਦਾਂ ਨੂੰ ਸ਼ਰਧਾਜਲੀ ਅਰਪਤ ਕਰਦਿਆਂ-ਆਪਣੇ ਪਤੀ ਮਹਿਰੂਮ ਸਾਥੀ ਲੁਧਿਆਣਵੀ ਦੇ ਹਵਾਲੇ ਨਾਲ, ਉਹਨਾਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਅਤੇ ਸਾਥੀ ਜੀ ਵੱਲੋਂ ਦੇਸ ਭਗਤਾਂ ਦੀ ਸੋਚ ਅੱਗੇ ਲਿਜਾਣ ਦਾ ਭਰਪੂਰ ਜ਼ਿਕਰ ਕੀਤਾ। ਕਵੀ ਦਰਬਾਰ 'ਚ ਸੁਹਿੰਦਰਪਾਲ ਕਾਵੈਂਟਰੀ, ਨਰਿੰਦਰਪਾਲ ਕੌਰ, ਕੁਲਵੰਤ ਸਿੰਘ ਢੇਸੀ, ਕੁਲਵੰਤ ਕੌਰ ਢਿੱਲੋਂ, ਰੇਖਾ ਵਸ਼ਿਸ਼ਟ, ਕੁਲਦੀਪ ਬਾਂਸਲ, ਮਹਿੰਦਰਪਾਲ ਧਾਲੀਵਾਲ ਨੇ ਸ਼ਿਰਕਤ ਕੀਤੀ।

**-ਦਰਸਨ**

# ਲੇਖਕ ਪਾਠਕ ਸਾਹਿਤ ਸਭਾ ਵੱਲੋਂ ਪਲੇਠਾ ਪਾਠਕ ਪੁਰਸਕਾਰ ਪ੍ਰਦਾਨ

**ਬਰਨਾਲਾ** : ਬੀਤੇ ਦਿਨੀਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਆਪਣਾ ਸਾਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਲ 2023 ਲਈ ਮਾਤਾ ਮਨਜੀਤ ਕੌਰ ਅਤੇ ਪਿਤਾ ਸ. ਤਰਲੋਚਨ ਸਿੰਘ ਦੀ ਯਾਦ ਵਿੱਚ ਪਹਿਲਾ ਪਾਠਕ ਪੁਰਸਕਾਰ ਜਗਰਾਜ ਚੰਦ ਰਾਏਸਰ ਨੂੰ ਦਿੱਤਾ ਗਿਆ। ਸਭਾ ਦੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਮਾਲਵਿੰਦਰ ਸ਼ਾਇਰ ਨੇ ਪ੍ਰੈੱਸ ਨੂੰ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਭਾ ਲੇਖਕਾਂ ਅਤੇ ਪਾਠਕਾਂ ਦੀ ਸਭਾ ਹੈ, ਇਸ ਲਈ ਇਸ ਸਾਲ ਸਭਾ ਵੱਲੋਂ ਸੁਹਿਰਦ ਪਾਠਕ ਜਗਰਾਜ ਚੰਦ ਰਾਏਸਰ ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ ਗਿਆ, ਜਿਸ ਵਿੱਚ ਲੋਈ, ਸਨਮਾਨ ਪੱਤਰ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਜਾਂਦਾ ਹੈ। ਇਸ ਪੁਰਸਕਾਰ ਤੋਂ ਪਹਿਲਾਂ ਪਿਛਲੇ ਸਾਲ 2022 ਵਿੱਚ ਪਹਿਲੇ ਲੇਖਕ ਚਰਨੀ ਬੇਦਿਲ ਦਾ ਸਨਮਾਨ ਕੀਤਾ ਗਿਆ ਸੀ।

ਤੇਜਿੰਦਰ ਚੰਡਿਹੋਕ ਨੇ ਆਏ ਸਾਹਿਤਕਾਰਾਂ, ਪਾਠਕਾਂ ਅਤੇ ਮਹਿਮਾਨਾਂ ਨੂੰ ਸਵਾਗਤੀ ਸ਼ਬਦ ਆਖਦਿਆਂ ਕਿਹਾ ਕਿ ਉਹਨਾਂ ਵੱਲੋਂ ਇਹ ਸਨਮਾਨ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਪਿਛਲੇ ਸਾਲ 2022 ਤੋਂ ਸ਼ੁਰੂ ਕੀਤਾ ਗਿਆ ਹੈ। ਉਹਨਾਂ ਇਹ ਵੀ ਕਿਹਾ ਕਿ ਅੱਜ ਵਿਸ਼ਵ ਪੁਸਤਕ ਦਿਵਸ ਨੂੰ ਮੁੱਖ ਰੱਖਦਿਆਂ ਆਪਣੀ ਘਰੇਲੂ (ਨਿੱਜੀ) ਲਾਇਬਰੇਰੀ ਦਾ ਨਾਂਅ ਮਾਤਾ ਮਨਜੀਤ ਕੌਰ ਯਾਦਗਾਰੀ ਲਾਇਬਰੇਰੀ ਰੱਖ ਦਿੱਤਾ ਹੈ। ਸੁਰਿੰਦਰ ਸ਼ਰਮਾ ਨੇ ਕਿਹਾ ਕਿ ਸਭਾ ਨੇ ਜਗਰਾਜ ਚੰਦ ਰਾਏਸਰ ਦਾ ਬਤੌਰ ਪਾਠਕ ਸਨਮਾਨ ਕਰਕੇ ਪਿੰਡ ਰਾਏਸਰ ਦਾ ਮਾਣ ਵਧਾਇਆ ਹੈ। ਜਗਰਾਜ ਚੰਦ ਰਾਏਸਰ ਨੇ ਆਪਣੇ ਹਾਵ-ਭਾਵ ਪੇਸ਼ ਕੀਤੇ। ਇਸ ਤੋਂ ਇਲਾਵਾ ਰਾਮ ਸਰੂਪ ਸ਼ਰਮਾ ਵੱਲੋਂ ਅਨੁਵਾਦਿਤ ਅਤੇ ਸੰਪਾਦਿਤ ਪੁਸਤਕ 'ਪ੍ਰਸਿੱਧ ਪਾਕਿਸਤਾਨੀ ਗ਼ਜ਼ਲਾਂ ਅਤੇ ਗ਼ਜ਼ਲਗੋ' ਦਾ ਲੋਕ ਅਰਪਣ ਵੀ ਕੀਤਾ ਗਿਆ, ਜਿਸ ਸੰਬੰਧੀ ਭੁਪਿੰਦਰ ਸਿੰਘ ਬੇਦੀ (ਡਾ.) ਨੇ ਜਾਣ-ਪਹਿਚਾਣ ਕਰਵਾਉਂਦਿਆਂ ਕਿਹਾ ਕਿ ਇਹ ਪੁਸਤਕ ਸਾਨੂੰ ਪਰਲੇ ਪਾਰ ਦੇ ਸ਼ਾਇਰਾਂ ਨਾਲ ਸਾਂਝ ਪਵਾਉਂਦੀ ਹੈ। ਇਸ ਪੁਸਤਕ ਸੰਬੰਧੀ ਰਾਮਪਾਲ ਸਿੰਘ ਸ਼ਾਹਪੁਰੀ (ਡਾ.) ਨੇ ਸੰਪਾਦਕ ਪੱਖ ਨੂੰ ਉਭਾਰਿਆ। ਓਮ ਪ੍ਰਕਾਸ਼ ਗਾਸੋ, ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ ਅਤੇ ਪ੍ਰਿੰਸੀਪਲ ਹਰੀਸ਼ ਬਾਂਸਲ ਨੇ ਵੀ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਲੇਖਕ ਦਾ ਵੀ ਸਨਮਾਨ ਕੀਤਾ ਗਿਆ ਅਤੇ ਲੇਖਕ ਵੱਲੋਂ ਆਪਣੀ ਸਿਰਜਣ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਗਈ। ਜੋਗਿੰਦਰ ਸਿੰਘ ਨਿਰਾਲਾ (ਡਾ.) ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਲੇਖਕ ਪਾਠਕ ਸਾਹਿਤ ਸਭਾ ਵੱਲੋਂ ਇਹ ਯਾਦਗਾਰੀ ਸਨਮਾਨ ਅਤੇ ਪੁਸਤਕ ਲੋਕ ਅਰਪਣ ਦੀ ਵਧੀਆ ਪਿਰਤ ਪਾਈ ਗਈ ਹੈ। ਸਾਨੂੰ ਆਪਣੀ ਲੇਖਣ ਸੰਬੰਧੀ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਸਮਾਗਮ ਵਿੱਚ ਵਿਦਵਾਨ ਸਾਹਿਤਕਾਰ ਸੁਰਜੀਤ ਲ਼ੀ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਕਲਾਕਾਰ ਸਾਹਿਤਕ ਦੇ ਸੰਪਾਦਕ ਕੰਵਰਜੀਤ ਭੱਠਲ, ਰਜਨੀਸ਼ ਕੌਰ ਬਬਲੀ, ਜਸਪ੍ਰੀਤ ਕੌਰ ਬੱਬੂ, ਅਨਿਲ ਸ਼ੌਰੀ (ਡਾ.), ਗਮਦੂਰ ਸਿੰਘ ਰੰਗੀਲਾ, ਹਾਕਮ ਸਿੰਘ ਭੁੱਲਰ, ਮਨਦੀਪ ਕੌਰ ਭਦੌੜ, ਚਰਨ ਸਿੰਘ ਭਦੌੜ, ਪਾਲ ਸਿੰਘ ਲਹਿਰੀ, ਹਾਕਮ ਸਿੰਘ ਰੂੜੇਕੇ, ਅੰਜਨਾ ਮੈਨਨ, ਮੇਜਰ ਸਿੰਘ ਰਾਜਗੜ੍ਹ, ਸੰਪੂਰਨ ਸਿੰਘ ਟੱਲੇਵਾਲੀਆ (ਡਾ.), ਰਘਬੀਰ ਸਿੰਘ ਗਿੱਲ ਕੱਟੂ, ਮਨਦੀਪ ਕੁਮਾਰ, ਸਾਗਰ ਸਿੰਘ ਸਾਗਰ, ਹਰਦੀਪ ਬਾਵਾ, ਨਰਿੰਦਰ ਕੌਰ, ਚਤਿੰਦਰ ਸਿੰਘ ਰੁਪਾਲ, ਜਵਾਲਾ ਸਿੰਘ ਮੌੜ ਨੇ ਭਾਗ ਲਿਆ।

**—ਤੇਜਿੰਦਰ ਚੰਡਿਹੋਕ**

# ਸ਼ਬਦ-ਸਾਂਝ ਮੰਚ ਵੱਲੋਂ ਰੂ-ਬ-ਰੂ ਸਮਾਗਮ




**ਕੋਟਕਪੂਰਾ**-ਕਲਾ ਅਤੇ ਸਾਹਿਤ ਨੂੰ ਸਮਰਪਿਤ ਮੰਚ 'ਸ਼ਬਦ-ਸਾਂਝ, ਕੋਟਕਪੂਰਾ' ਵੱਲੋਂ ਇੱਕ ਸ਼ਾਨਦਾਰ ਰੂ-ਬ-ਰੂ ਸਮਾਗਮ ਆਯੋਜਤ ਕੀਤਾ ਗਿਆ। ਸ਼ਹੀਦ ਭਗਤ ਸਿੰਘ ਪਾਰਕ (ਪੁਰਾਣਾ ਕਿਲ੍ਹਾ) ਦੇ ਕਮਿਊਨਿਟੀ ਹਾਲ ਵਿਖੇ ਕਰਵਾਏ ਗਏ ਇਸ ਸਮਾਗਮ ਦੌਰਾਨ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪ੍ਰਿੰ. ਕੁਮਾਰ ਜਗਦੇਵ ਸਿੰਘ ਬਰਾੜ ਅਤੇ ਮਨਜੀਤ ਪੁਰੀ ਸਰੋਤਿਆਂ ਦੇ ਰੂਬਰੂ ਹੋਏ। ਇਸ ਤੋਂ ਇਲਾਵਾ ਨਾਮਵਰ ਸ਼ਾਇਰਾ ਜੀਤ ਸੁਰਜੀਤ ਬੈਲਜੀਅਮ ਨੇ ਵੀ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਿਰਕਤ ਕੀਤੀ। ਮੰਚ ਦੇ ਪ੍ਰਧਾਨ ਭਗਵਾਨ ਸਿੰਘ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਮੰਚ ਦੁਆਰਾ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਪਰੰਤ ਮੰਚ ਸੰਚਾਲਨ ਕਰਦਿਆਂ ਸ਼ਾਇਰ ਕੁਲਵਿੰਦਰ ਵਿਰਕ ਨੇ ਸਭ ਤੋਂ ਪਹਿਲਾਂ ਗਜ਼ਲਗੋ ਮਨਜੀਤ ਪੁਰੀ ਨੂੰ ਸਰੋਤਿਆਂ ਦੇ ਰੂਬਰੂ ਹੋਣ ਲਈ ਸੱਦਾ ਦਿੱਤਾ। ਸ੍ਰੀ ਮਨਜੀਤ ਪੁਰੀ ਨੇ ਸਰੋਤਿਆਂ ਨਾਲ ਆਪਣੇ ਜੀਵਨ ਦੇ ਸੰਘਰਸ਼, ਸਿਰਜਣ-ਪ੍ਰਕਿਰਿਆ, ਗਜ਼ਲ ਦੇ ਵਿਧੀ-ਵਿਧਾਨ ਅਤੇ ਸਮਕਾਲੀ ਸ਼ਾਇਰਾਂ ਦੁਆਰਾ ਰਚੀ ਜਾ ਰਹੀ ਕਵਿਤਾ ਬਾਰੇ ਵਿਸਥਾਰਪੂਰਵਕ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਦਰਸ਼ਕਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਆਪਣੀ ਸੂਖਮ-ਦ੍ਰਿਸ਼ਟੀ ਅਤੇ ਬਹੁਤ ਹੀ ਸਹਿਜ-ਨਿਮਰਤਾ ਨਾਲ ਦਿੱਤੇ।

ਉਪਰੰਤ ਪ੍ਰਿੰਸੀਪਲ ਕੁਮਾਰ ਜਗਦੇਵ ਦਰਸ਼ਕਾਂ ਦੇ ਰੂ-ਬ-ਰੂ ਹੋਏ। ਦਰਸ਼ਕਾਂ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਆਪਣੇ ਸਾਹਿਤਕ ਅਤੇ ਰੰਗਮੰਚ ਦੇ ਹੁਣ ਤੱਕ ਦੇ ਸਫਰ ਬਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਕੋਟਕਪੂਰਾ ਸ਼ਹਿਰ ਨਾਲ ਆਪਣੀ ਪੁਰਾਣੀ ਅਤੇ ਭਾਵੁਕ ਸਾਂਝ ਦਾ ਜ਼ਿਕਰ ਕਰਦਿਆਂ ਲੋਕਾਂ ਦੇ ਮਨਾਂ ਵਿੱਚ ਉਨ੍ਹਾਂ ਪ੍ਰਤੀ ਬਣ ਗਈ ਧਾਰਨਾ ਬਾਰੇ ਵੀ ਸਪੱਸ਼ਟੀਕਰਨ ਦਿੱਤਾ। ਇਸ ਮੌਕੇ ਸਾਹਿਤ-ਪ੍ਰੇਮੀਆਂ ਵੱਲੋਂ ਪੁੱਛੇ ਗਏ ਵੱਖ-ਵੱਖ ਸਵਾਲਾਂ ਦੇ ਜਵਾਬ ਵੀ ਉਹਨਾਂ ਨੇ ਬਹੁਤ ਹੀ ਖੂਬਸੂਰਤੀ ਨਾਲ ਦਿੱਤੇ। ਉਪਰੰਤ ਇੱਕ ਵਿਸ਼ਾਲ ਕਵੀ-ਦਰਬਾਰ ਹੋਇਆ, ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਕਵੀਆਂ ਜਗਸੀਰ ਜੀਦਾ, ਦਿਲਬਾਗ ਚਹਿਲ, ਕੁਲਦੀਪ ਕੰਡਿਆਰਾ, ਤਰਸੇਮ ਨਰੂਲਾ, ਨਰਾਇਣ ਸਿੰਘ ਮੰਘੇੜਾ, ਕਸ਼ਮੀਰ ਮਾਨਾ, ਜਸਵਿੰਦਰ ਸਿੰਘ, ਰਾਮ ਸਿੰਘ ਹਠੂਰ, ਕਰਮਜੀਤ ਦਰਦ, ਤੇਜਿੰਦਰ ਸਿੰਘ ਬਰਾੜ ਆਦਿ ਸ਼ਾਇਰਾਂ ਨੇ ਆਪਣੀਆਂ ਖੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਇਸ ਤੋਂ ਇਲਾਵਾ ਇਸ ਸਮਾਗਮ ਵਿੱਚ ਪ੍ਰਸਿੱਧ ਨਾਵਲਕਾਰ ਜੀਤ ਸਿੰਘ ਸੰਧੂ, ਪ੍ਰਿੰਸੀਪਲ ਪਰਮਿੰਦਰ ਸਿੰਘ ਤੱਗੜ, ਰਾਜਿੰਦਰ ਸਿੰਘ ਡਿੰਪਾ, ਯਸਪਾਲ ਜੈਤੋ, ਪਰਮਜੀਤ ਕੌਰ ਸਰਾਂ, ਰਾਜ ਕੁਮਾਰੀ ਅਸ਼ਕਪ੍ਰੀਤ, ਗੁਰਿੰਦਰ ਸਿੰਘ ਮਹਿੰਦੀਰੱਤਾ, ਹਰਪ੍ਰੀਤ ਚਾਨਾ, ਮੇਘ ਰਾਜ ਸ਼ਰਮਾ, ਮੋਹਰ ਗਿੱਲ, ਗੁਰਤੇਜ ਪੱਖੀ ਕਲਾਂ, ਕੁਲਦੀਪ ਸਿੰਘ, ਹਰਬੰਸ ਸਿੰਘ 'ਪਦਮ', ਸੁਖਵੀਰ ਸਿੰਘ ਬਾਬਾ, ਡਾ. ਧਰਮਿੰਦਰ ਜਿੰਦਲ, ਮੁਖਵਿੰਦਰ ਸਿੰਘ, ਮਨਦੀਪ ਸਿੰਘ ਮੋਗਾ ਆਦਿ ਕਲਾ ਅਤੇ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ। ਮੰਚ ਵੱਲੋਂ ਕੁਮਾਰ ਜਗਦੇਵ ਅਤੇ ਮਨਜੀਤ ਪੁਰੀ ਨੂੰ ਸਨਮਾਨ ਚਿੰਨ੍ਹ, ਲੋਈ ਅਤੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਸ. ਸੁਖਜੀਤ ਸਿੰਘ ਢਿੱਲਵਾਂ ਨੂੰ ਇੱਕ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਸ. ਢਿੱਲਵਾਂ ਨੇ ਸ਼ਬਦ-ਸਾਂਝ ਮੰਚ ਨੂੰ ਸਾਹਿਤ ਅਤੇ ਕਲਾ ਦੇ ਵਿਕਾਸ ਅਤੇ ਪ੍ਰਸਾਰ ਕਰਨ ਲਈ ਹਰ ਸੰਭਵ ਮਦਦ ਦੇਣ ਦਾ ਐਲਾਨ ਵੀ ਕੀਤਾ। ਅੰਤ ਵਿੱਚ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਆਏ ਹੋਏ ਸਭ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

**— ਕੁਲਵਿੰਦਰ ਵਿਰਕ**

# ਪਾਠਕਾਂ ਦੇ ਝਰੋਖੇ 'ਚੋਂ

## ਪਰਖ ਪੜਚੋਲ

30 ਅਪਰੈਲ ਦੇ 'ਐਤਵਾਰਤਾ' ਵਿਚ ਪੁਸਤਕ ਪੰਨੇ 'ਤੇ ਪ੍ਰਸਿੱਧ ਆਲੋਚਕ ਸੁਰਜੀਤ ਬਰਾੜ ਨੇ ਇਤਿਹਾਸਕ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਦੇ ਨਵੇਂ ਨਾਵਲ 'ਮੈਂ ਮਿੱਟੀ ਨਹੀਂ' 'ਤੇ ਬੜੇ ਸੰਜੀਦਾ ਵਿਚਾਰ ਲਿਖੇ ਹਨ। ਸੜਕਨਾਮਾ ਨੇ ਆਪਣੇ ਇਸ ਨਾਵਲ ਵਿਚ ਕਈ ਨਵੇਂ ਤਜਰਬੇ ਕੀਤੇ ਹਨ। ਪੰਜਾਬ ਵਿਚਲੇ ਗੈਂਗਸਟਰੀ ਵਰਤਾਰੇ 'ਤੇ ਨਾਵਲਕਾਰ ਕੇਂਦਰਤ ਰਿਹਾ ਹੈ। ਗੈਂਗਸਟਰਾਂ ਨੇ ਸੁਰਮਨੀ ਨਾਲ ਜੋ ਦੁਰਵਿਵਹਾਰ ਕੀਤਾ, ਉਹ ਪੰਜਾਬ ਦੀ ਆਮ ਤਸਵੀਰ ਹੈ, ਆਮ ਬੰਦਾ ਅਸੁਰੱਖਿਆ ਦੇ ਦਾਇਰੇ ਵਿਚ ਹੈ। ਇਹ ਅਸੁਰੱਖਿਆ ਕਈ ਕਿਸਮ ਦੀ ਹੈ। ਜੇ ਸਰਕਾਰਾਂ ਦੀ ਗੱਲ ਕਰੀਏ ਤਾਂ ਕੇਂਦਰ ਤੋਂ ਕਰਜ਼ੇ ਲੈ ਕੇ ਕਿੰਨਾ ਕੁ ਚਿਰ ਗੱਡੀ ਰੇੜ੍ਹੀ ਜਾ ਸਕਦੀ ਹੈ। ਮੁਫਤ ਦਾ ਕਲਚਰ ਪੰਜਾਬ ਨੂੰ ਕਿਥੇ ਲੈ ਜਾਵੇਗਾ? ਜਿਹੜੇ ਸੋਮੇ ਸਰਕਾਰੀ ਖਜ਼ਾਨੇ ਦੀ ਸਿਹਤ ਸੁਧਾਰਨ ਲਈ ਹੁੰਦੇ ਹਨ, ਉਹ ਅਸੀਂ ਮੁਫਤ ਕਰ ਦਿੱਤੇ ਹਨ। ਪੰਜਾਬ ਦੀ ਡਾਵਾਂਡੋਲ ਸਥਿਤੀ ਦਾ ਅੰਦਾਜ਼ਾ ਪੰਜਾਬੀ ਨੌਜਵਾਨਾਂ ਦੇ ਵਧ ਰਹੇ ਪਰਵਾਸ ਤੋਂ ਹੀ ਆਮ ਬੰਦਾ ਲਾ ਸਕਦਾ ਹੈ। ਜੇ ਸਰਕਾਰ ਨੇ ਨੌਕਰੀਆਂ ਦਿੱਤੀਆਂ ਵੀ ਹਨ ਤਾਂ ਉਹ ਆਟੇ ਵਿਚ ਲੂਣ ਬਰਾਬਰ ਹਨ। ਇਸ ਵਿਚ ਵੀ ਕੋਈ ਪਾਰਦਰਸ਼ੀ ਤਸਵੀਰ ਵੇਖਣ ਨੂੰ ਨਹੀ ਮਿਲੀ। ਹਾਂ, ਅਖਬਾਰਾਂ ਵਿਚ ਨਿਯੁਕਤੀ ਪੱਤਰ ਵੰਡਣ ਦੀ ਤਸਵੀਰ ਜ਼ਰੂਰ ਵੇਖੀ ਜਾ ਸਕਦੀ ਹੈ, ਅਸਲੀਅਤ ਬਾਰੇ ਕੁਝ ਨਹੀ ਕਹਿ ਸਕਦੇ। ਦੂਸਰੇ ਪਾਸੇ ਦਾਅਵੇ ਬਹੁਤ ਵੱਡੇ ਕੀਤੇ ਜਾ ਰਹੇ ਹਨ। ਕਈ ਵਾਰੀ ਤਾਂ ਇੰਜ ਲਗਦਾ ਹੈ, ਜਿਵੇਂ ਗੱਡੀ ਦਾ ਡਰਾਈਵਰ ਅਨਾੜੀ ਹੋਵੇ। ਬਲਦੇਵ ਸਿੰਘ ਨੇ ਇਸ ਨਾਵਲ ਵਿਚ ਪੰਜਾਬ ਦੇ ਵਰਤਮਾਨ ਭਖਦੇ ਮਸਲਿਆਂ ਦੀ ਗਹਿਰੀ ਤਸਵੀਰ ਪੇਸ਼ ਕੀਤੀ ਹੈ। ਇਹ ਸਮਕਾਲੀ ਯਥਾਰਥ ਹੈ। ਬਲਦੇਵ ਸਿੰਘ ਇਤਿਹਾਸਕ ਨਾਵਲ ਵਿਚ ਵੀ ਸਮਕਾਲ ਦੀ ਦ੍ਰਿਸ਼ਟੀ ਨੂੰ ਮੁੱਖ ਰਖਦਾ ਹੈ। ਨਾਵਲਕਾਰ ਕਦੇ ਵੀ ਚਮਤਕਾਰ ਵਿਖਾਉਣ ਵਾਲੀ ਗੱਲ ਨਹੀਂ ਕਰਦਾ। 'ਮੈਂ ਮਿੱਟੀ ਨਹੀਂ' ਵਿਚ ਵੀ ਉਸ ਨੇ ਪੰਜਾਬ ਦੀ ਸਮਕਾਲੀ ਤਸਵੀਰ ਪੇਸ਼ ਕੀਤੀ ਹੈ। ਡਾ. ਸੁਰਜੀਤ ਬਰਾੜ ਨੇ ਇਸ ਨਾਵਲ ਦੇ ਕਈ ਪੱਖ ਵਿਚਾਰੇ ਹਨ। ਗੁਰਬਚਨ ਸਿੰਘ ਭੁੱਲਰ ਦੀ ਨਵੀਂ ਕਿਤਾਬ 'ਸਾਕਾ ਵੀਅਤਨਾਮ' ਦੀ ਵਿਸਤ੍ਰਿਤ ਜਾਣਕਾਰੀ ਮਿਲੀ। ਇਹੋ ਜਿਹੀ ਕਿਤਾਬ ਅੰਤਰਰਾਸ਼ਟਰੀ ਦਰਜਾ ਹਾਸਲ ਕਰਦੀ ਹੈ। ਇਹ ਪੰਜਾਬੀ ਭਾਸ਼ਾ ਦੇ ਪਸਾਰ ਲਈ ਬਹੁਤ ਵਧੀਆ ਉਪਰਾਲਾ ਹੈ।

ਇਸ ਕਿਤਾਬ ਨਾਲ ਭੁੱਲਰ ਸਾਹਿਬ ਨੇ ਪੰਜਾਬੀ ਦਾ ਬਹੁਤ ਮਾਣ ਵਧਾਇਆ ਹੈ। ਪ੍ਰੋ. ਗੋਪਾਲ ਸਿੰਘ ਬੁੱਟਰ ਬਾਰੇ ਗੁਰਮੁਖ ਸਿੰਘ ਨੇ ਚੰਗੀ ਜਾਣਕਾਰੀ ਦਿੱਤੀ ਹੈ। ਪ੍ਰੋ. ਬੁੱਟਰ ਨੂੰ ਸਨਮਾਨਤ ਹੋਣ ਦੀ ਮੁਬਾਰਕ। ਪ੍ਰਗਤੀਸ਼ੀਲ ਲੇਖਕ ਸੰਘ ਦੀ ਨਵੀਂ ਟੀਮ ਨੂੰ ਮੁਬਾਰਕ। ਇਹ ਟੀਮ ਪੰਜਾਬੀ ਦੇ ਵਿਕਾਸ ਲਈ ਹੋਰ ਵੀ ਵਧੀਆ ਕਾਰਜ ਕਰੇਗੀ। ਇਸ ਪਰਚੇ ਵਿਚ ਦੋ ਅਨੁਵਾਦਿਤ ਰਚਨਾਵਾਂ ਹਨ, ਇਕ ਰਜਿੰਦਰ ਸਿੰਘ ਬੇਦੀ ਦੀ, ਜਿਸ ਵਿਚ ਗਲਪ ਲਿਖਣ ਬਾਰੇ ਕੁਝ ਧੁੰਦਲੇ ਜਿਹੇ ਵਿਚਾਰ ਹਨ। ਕਲਪਨਾ ਨਾਲ ਰਚਨਾ ਲਿਖਣ ਵਿਚ ਲੇਖਕ ਦਾ ਜ਼ੋਰ ਆਮ ਰਚਨਾ ਨਾਲੋਂ ਜ਼ਿਆਦਾ ਲੱਗਦਾ ਹੈ। ਨਾਨਕ ਸਿੰਘ ਨੇ ਆਪਣੇ ਕਈ ਨਾਵਲਾਂ ਦੀ ਭੂਮਿਕਾ ਵਿਚ ਨਾਵਲ ਕਥਾ ਦਾ ਪਿਛੋਕੜ ਲਿਖਿਆ ਹੈ, ਤਾਂ ਕਿ ਨਾਵਲ ਪਾਠਕ ਨੂੰ ਅਸਲੀਅਤ ਲੱਗੇ। ਇਹ ਵਧੀਆ ਗਲਪ ਦੀ ਨਿਸ਼ਾਨੀ ਹੈ। ਨਾਵਲ ਨਾਸੂਰ ,ਪਵਿੱਤਰ ਪਾਪੀ, ਗਗਨ ਦਮਾਮਾ ਬਾਜਿਓ ਵਿਚ ਮੈਂ ਇਹ ਵਿਚਾਰ ਨਾਨਕ ਸਿੰਘ ਦੀ ਲਿਖੀ ਨਾਵਲ ਦੀ ਪਿੱਠ ਭੂਮੀ/ ਪਿਛੋਕੜ ਦਾ ਪੜ੍ਹਿਆ ਹੈ। ਇਸ ਕਿਸਮ ਦੀ ਗਲਪ ਰਚਨਾ ਜਸਵੰਤ ਸਿੰਘ ਕੰਵਲ ਤੇ ਹੋਰ ਕਈ ਗਲਪਕਾਰਾਂ ਵਿਚ ਹੈ, ਪਰ ਰਜਿੰਦਰ ਸਿੰਘ ਬੇਦੀ ਦੀ ਇਸ ਲਿਖਤ ਵਿਚ ਗਲਪ ਰਚਨਾ ਦੀ ਸਪੱਸ਼ਟਤਾ ਦੀ ਘਾਟ ਹੈ, ਸ਼ਾਇਦ ਅਨੁਵਾਦ ਦੀ ਸ਼ਬਦਾਵਲੀ ਔਖੀ ਹੈ। ਅਰੁੰਧਤੀ ਰਾਏ ਦੇ ਵਿਚਾਰ ਵੀ ਸ਼ਬਦਾਂ ਦੀ ਔਖਿਆਈ ਦਾ ਸ਼ਿਕਾਰ ਹਨ। ਉਂਜ ਇਸ ਨਾਵਲਕਾਰ ਨੇ ਬੇਬਾਕੀ ਨਾਲ ਲਿਖਿਆ ਹੈ। ਫਿਰਕੂ ਸਰਕਾਰਾਂ ਦੇ ਕਈ ਪਾਜ ਖੋਲ੍ਹੇ ਹਨ। ਮਿੰਨੀ ਕਹਾਣੀਆਂ ਨੇ ਰੰਗ ਲਾ ਦਿੱਤੇ, ਇਹ ਸਮਾਜ ਦੀ ਸਮਕਾਲੀ ਝਲਕ ਹਨ। ਡਾ. ਦੀਪਤੀ ਨੇ 'ਧੰਨ ਲਿਖਾਰੀ ਨਾਨਕਾ' ਵਿਚ ਬਹੁਤ ਸੰਜੀਦਾ ਤੇ ਦਿਲਚਸਪ ਵਿਚਾਰ ਲਿਖੇ ਹਨ।

**- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
**ਸੰਪਰਕ-9814856160**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਡਿਲੀਟ : ਡਾਰਵਿਨ ਦੇ ਸਿਧਾਂਤ 'ਚ ਇਹ ਸ਼ਬਦ ਨਹੀਂ ਹੈ! : ਅੰਜਨੀ ਕੁਮਾਰ**

**ਸੁਰਜੀਤ ਕੌਰ ਦੀਆਂ ਕਲਾ ਕਿਰਤਾਂ : ਜਗਤਾਰਜੀਤ ਸਿੰਘ**

**'ਤੀਸਰੀ ਖਿੜਕੀ' ਦੀ ਪਰਖ ਪੜਚੋਲ : ਰਵਿੰਦਰ ਸਿੰਘ ਸੋਢੀ**

**ਕੁਲਵਿੰਦਰ ਚਾਵਲਾ ਦੀਆਂ ਮਾਂ-ਮਮਤਾ ਬਾਰੇ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਸਮਕਾਲ

## ਸਮਕਾਲੀ ਸਾਹਿਤ : ਅਪ੍ਰੈਲ-ਜੂਨ 2023




ਇਸ ਪਰਚੇ ਦੇ ਇਸ ਅੰਕ ਵਿੱਚ ਜੰਗ ਬਹਾਦਰ ਗੋਇਲ ਨੇ ਜੋਸੇ ਸਰਾਮਾਗੋ ਦੇ ਨਾਵਲ ਬਲਾਈਂਡਨੈੱਸ ਬਾਰੇ ਗੱਲ ਕੀਤੀ ਹੈ। ਸੰਸਾਰ ਸਾਹਿਤ ਦੇ ਦੂਜੇ ਕਾਲਮ ਵਿੱਚ ਪਰਮਜੀਤ ਢੀਂਗਰਾ ਦਾ ਸੂਲੀਆ ਬਰਾਊਨ ਬਾਰੇ ਲੇਖ ਹੈ। ਜਮਾਲ-ਉਦ-ਦੀਨ ਜਮਾਲ ਹੁਸ਼ਿਆਰਪੁਰੀ ਦੀਆਂ 11 ਗਜ਼ਲਾਂ, ਸ਼ਸ਼ੀਕਾਂਤ ਉਪਲ ਦੀਆਂ ਪੰਜ ਗਜ਼ਲਾਂ, ਅਰਤਿੰਦਰ ਸੰਧੂ ਦੀਆਂ ਪੰਜ ਕਵਿਤਾਵਾਂ ਅਤੇ ਮੋਹਨਜੀਤ ਵੱਲੋਂ ਪਾਲ ਕੌਰ ਬਾਰੇ ਦੀਵਾ ਬਲੇ ਸਾਰੀ ਰਾਤ ਸਿਰਲੇਖ ਹੇਠ ਪੇਸ਼ ਹੋਇਆ ਕਾਵਿ-ਚਿੱਤਰ ਵੀ ਹੈ। ਦੇਵਿੰਦਰ ਸਤਿਆਰਥੀ ਦੀ ਕੁੰਗ ਪੋਸ਼, ਬਚਿੰਤ ਕੌਰ ਦੀ ਇਤਿਹਾਸ ਦਾ ਇੱਕ ਪੰਨਾ, ਪ੍ਰਤਿਭਾ ਰਾਏ (ਉੜੀਆ) ਦੀ ਮੋਹ ਭੰਗ, ਲਿਪਿ ਫੁਕਨ (ਹਿੰਦੀ) ਦੀ ਨੈਸ਼ਨਲ ਹੈਂਡਲੂਮ, ਈਸ਼ ਮਧੂ ਤਲਵਾਰ (ਹਿੰਦੀ) ਦੀ ਖੜਖੜਾਉਂਦੇ ਪੱਤੇ, ਜਮੀਲ ਅਹਿਮਦ ਪਾਲ (ਸ਼ਾਹਮੁਖੀ) ਦੀ ਮੇਰਾ ਸਾਬਕਾ ਮਿੱਤਰ ਕਹਾਣੀਆਂ ਸ਼ਾਮਲ ਹੋਈਆਂ ਹਨ। ਗਲਪਕਾਰ ਜਰਨੈਲ ਸਿੰਘ ਵੱਲੋਂ ਕੈਨੇਡਾ ਦੇ ਪੂਰਬ ਤੋਂ ਪੱਛਮ ਤੱਕ ਯਾਤਰਾ ਸਿਰਲੇਖ ਹੇਠ ਯਾਤਰਾ ਪ੍ਰਸੰਗ ਵੀ ਹੈ। ਯਾਦਾਂ ਸਿਰਲੇਖ ਹੇਠ ਕਨ੍ਹੱਈਆ ਲਾਲ ਕਪੂਰ ਦੀ ਲਾਹੌਰ ਤੋਂ ਮਾਸਕੋ, ਚਿੱਤਰਕਲਾ ਵਿੱਚ ਪ੍ਰੇਮ ਸਿੰਘ ਜੜ੍ਹੋਂ ਉੱਖੜੇ ਲੋਕਾਂ (1947) ਦੀ ਗੱਲ ਕਰਦਾ ਹੈ। ਸਾਹਿਤ ਚਿੰਤਨ ਵਿੱਚ ਸਰਬਜੀਤ ਕੌਰ, ਕਿਤਾਬਾਂ ਵਿੱਚ ਜੇ ਬੀ ਸੇਖੋਂ, ਲਾਭ ਸਿੰਘ ਖੀਵਾ, ਅਨੁਰਾਗ, ਗੁਰਚਰਨ ਕੌਰ ਕੋਚਰ ਅਤੇ ਹੋਰ ਆਲੋਚਕਾਂ ਵੱਲੋਂ ਕੀਤੀ ਪਰਖ-ਪੜਚੋਲ ਵੀ ਹੈ।

ਪੰਨੇ : 169, ਮੁੱਲ : 60 ਰੁਪਏ, ਸੰਪਾਦਕ : ਬਲਬੀਰ ਮਾਧੋਪੁਰੀ, ਸੰਪਰਕ : ਪੰਜਾਬੀ ਸਾਹਿਤ ਸਭਾ 10, ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110002

## ਸ਼ਬਦ : ਨੰਦ ਲਾਲ ਨੂਰਪੁਰੀ ਵਿਸ਼ੇਸ਼ ਅੰਕ

ਪਿਛਲੇ ਕੁਝ ਸਮੇਂ ਤੋਂ ਸ਼ਬਦ ਵਾਲੇ ਵਿਸ਼ੇਸ਼ ਅੰਕ ਕੱਢ ਰਹੇ ਹਨ। ਇਸ ਲੜੀ ਹੇਠ ਇਸ ਵਾਰ ਪੰਜਾਬ ਦੇ ਲੋਕ ਕਵੀ ਨੰਦ ਲਾਲ ਨੂਰਪੁਰੀ ਬਾਰੇ ਇਹ ਵਿਸ਼ੇਸ਼ ਅੰਕ ਪੇਸ਼ ਕੀਤਾ ਹੈ, ਜਿਸ ਵਿੱਚ ਨੂਰਪੁਰੀ ਦੇ ਜੀਵਨ ਅਤੇ ਰਚਨਾ ਬਾਰੇ ਗਲ ਕਰਦੇ ਵੱਖ-ਵੱਖ ਵਿਦਵਾਨਾਂ ਦੇ ਲੇਖ ਤਾਂ ਹਨ ਹੀ, ਨਾਲ ਹੀ ਨੂਰਪੁਰੀ ਦੇ ਲਿਖੇ ਉਹਨਾਂ ਗੀਤਾਂ ਦਾ ਮੂਲ ਪਾਠ ਵੀ ਪੇਸ਼ ਕੀਤਾ ਹੈ, ਜੋ ਲੋਕਾਂ ਦੀ ਜ਼ੁਬਾਨ 'ਤੇ ਹਨ। ਡਾ. ਜਗਤਾਰ, ਪ੍ਰੋ. ਮੋਹਨ ਸਿੰਘ, ਹਰਨਾਮ ਦਾਸ ਸਹਿਰਾਈ, ਨਾਹਰ ਸਿੰਘ, ਨਕਸ਼ਦੀਪ ਪੰਜਕੋਹਾ, ਡਾ. ਉਮਿੰਦਰ ਜੌਹਲ ਅਤੇ ਹੋਰ ਵਿਦਵਾਨਾਂ ਦੇ ਲੇਖ ਹਨ ਅਤੇ ਨਾਲ ਹੀ ਮੰਗਤੀ ਫਿਲਮ ਦੇ ਸਦਾ-ਬਹਾਰ ਗੀਤ 'ਭੋਲਾ ਪੰਛੀ' ਸਮੇਤ ਉਸ ਦੇ ਹੋਰ ਗੀਤ ਵੀ ਇਸ ਅੰਕ ਦਾ ਹਿੱਸਾ ਹਨ।




ਪੰਨੇ : 112, ਮੁੱਲ : 100 ਰੁਪਏ, ਸੰਪਾਦਕ : ਜਿੰਦਰ, ਸੰਪਰਕ : 984, ਮਾਡਲ ਹਾਊਸ ਜਲੰਧਰ-144003 (ਮੋ:) 98148-03254

## ਸ਼ਬਦ : ਅਪ੍ਰੈਲ-ਜੂਨ 2023

ਸ਼ਬਦ ਦਾ ਇਹ 102ਵਾਂ ਅੰਕ ਹੈ। ਮੇਰਾ ਪੰਨਾ ਸਿਰਲੇਖ ਵਾਲੀ ਸੰਪਾਦਕੀ ਵਿੱਚ ਪੰਜਾਬੀ ਸਾਹਿਤ ਦੇ ਮਿਆਰ ਵਿੱਚ ਆ ਰਹੀ ਗਿਰਾਵਟ ਅਤੇ ਉਸ ਦੇ ਕਾਰਨਾਂ ਦੀ ਗੱਲ ਕੀਤੀ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਹੋਰ ਪ੍ਰਫੁੱਲਤ ਕਰਨ ਦੀ ਆੜ ਹੇਠ ਹੋ ਰਹੀ ਨਾਟਕਬਾਜ਼ੀ ਨੂੰ ਇਸ ਦਾ ਮੁੱਖ ਕਾਰਨ ਮੰਨਿਆ ਹੈ। ਅਵਿਨਾਸ਼ ਮਿਸ਼ਰ ਵੱਲੋਂ ਪ੍ਰਿੰਯਵਦ ਨਾਲ ਮੁਲਾਕਾਤ ਤੇ ਮਕਸੂਦ ਸਾਕਿਬ ਨਾਲ ਖਾਲਿਦ ਫਰਹਾਦ ਧਾਲੀਵਾਲ ਵੱਲੋਂ ਕੀਤੀ ਮੁਲਾਕਾਤ ਕਾਫੀ ਦਿਲਚਸਪ ਹਨ। ਬਾਨੋ ਕੁਦਸੀਆ ਦੀ ਪਾਗਲ ਮੁਹੱਬਤ, ਅਜਾਇਬ ਸਿੰਘ ਹੁੰਦਲ ਦਾ ਡਾ. ਜੁਗਿੰਦਰ ਸਿੰਘ ਰਾਹੀ ਨਾਲ ਜੁੜੀਆਂ ਯਾਦਾਂ ਦਾ ਪਿਟਾਰਾ, ਜੀਤ ਜੋਸ਼ੀ ਡਾ. ਰਾਹੀ ਬਾਰੇ ਨਿੱਠ ਕੇ ਗੱਲ ਕਰਦਾ ਹੈ। ਕਹਾਣੀਆਂ ਵਿੱਚ ਪਾਸ਼ਾ ਬਾਬਾ (ਪ੍ਰਿਯੰਵਦ), ਦੋ ਗੁਆਚੇ ਪਿਉ (ਜਗਜੀਤ ਬਰਾੜ), ਦੁਮੂੰਹੀ (ਇਲਿਆਸ ਘੁੰਮਣ), ਭਰਮਜਾਲ (ਸਿਮਰਨ ਧਾਲੀਵਾਲ) ਸ਼ਾਮਲ ਹਨ। ਰੀਵਿਊਕਾਰੀ ਵਿੱਚ ਡਾ. ਜੇ ਬੀ ਸੇਖੋਂ, ਕੇ ਐੱਲ ਗਰਗ, ਪਰਵੀਨ ਕੁਮਾਰ ਹਾਜ਼ਰ ਹਨ।




ਪੰਨੇ : 144, ਮੁੱਲ : 50 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਰਕ : 984, ਮਾਡਲ ਹਾਊਸ, ਜਲੰਧਰ-144003 (ਮੋ:) 98148-03254

## ਸਾਡਾ ਯੁੱਗ : ਅਪ੍ਰੈਲ 2023

ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਪੰਜਾਬ ਇਕਾਈ ਦਾ ਇਹ ਮਾਸਿਕ ਬੁਲਾਰਾ ਇਸ ਵਾਰ ਮੁੱਖ ਪੰਨੇ 'ਤੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਦੇ ਲੇਖ ਭਾਜਪਾ ਹਰਾਓ, ਦੇਸ਼ ਬਚਾਓ, ਲੋਕ ਬਚਾਓ ਦੇ ਨਾਅਰੇ ਨਾਲ ਸ਼ੁਰੂ ਕੀਤਾ ਹੈ। ਅੰਦਰ ਵੀ ਬੰਤ ਬਰਾੜ ਦਾ ਫਾਸ਼ੀਵਾਦੀ ਤਾਕਤਾਂ ਨੂੰ ਹਰਾਉਣ ਦਾ ਸੱਦਾ ਹੈ। ਨਰਿੰਦਰ ਸੋਹਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰਿਥੀਪਾਲ ਮਾੜੀਮੇਘਾ ਦੇ ਲੇਖ ਵੀ ਹਨ, ਜੋ ਲੋਕ ਚੇਤਨਾ ਨੂੰ ਹਲੂਣ ਅਤੇ ਜਗਾਉਣ ਦੇ ਉਪਰਾਲੇ ਵਜੋਂ ਦੇਖੇ ਜਾ ਸਕਦੇ ਹਨ।




ਪੰਨੇ : 22, ਮੁੱਲ : 10 ਰੁਪਏ, ਸੰਪਾਦਕੀ ਬੋਰਡ : ਭੁਪਿੰਦਰ ਸਾਂਬਰ ਅਤੇ ਹੋਰ ਸੰਪਰਕ : ਮਾਸਿਕ ਸਾਡਾ ਜੁੱਗ, 345-21 ਏ, ਚੰਡੀਗੜ੍ਹ (ਮੋ:) 99142-22879

***- ਹਰਜਿੰਦਰ ਅਟਵਾਲ (ਡਾ.)***

CMYK

ਐਤਵਾਰ, 7 ਮਈ, 2023

24 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 71

ਅੰਕ/NO. : 336

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • SUNDAY, 7 MAY, 2023 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


# ਜਲੰਧਰ ਨੂੰ ਮੁੰਦਰੀ ਦੇ ਨਗ ਵਾਂਗ ਚਮਕਾ ਦਿਆਂਗੇ : ਭਗਵੰਤ ਮਾਨ

## ਕਾਂਗਰਸ ਨੂੰ ਵੋਟ ਦੀ ਜ਼ਰੂਰਤ ਨਹੀਂ, ਭਾਜਪਾ ਨੂੰ ਇੱਕ ਸੀਟ ਨਾਲ ਕੋਈ ਫਰਕ ਨ੍ਹੀਂ ਪੈਂਦਾ, ਸਾਡੇ ਲਈ ਮਹੱਤਵਪੂਰਨ ਸੀਟ : ਕੇਜਰੀਵਾਲ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ 'ਆਪ' ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰੋਡ ਸ਼ੋਅ ਕੱਢਿਆ। ਰੋਡ ਸ਼ੋਅ ਜੋਤੀ ਚੌਂਕ ਤੋਂ ਸ਼ੁਰੂ ਹੋਇਆ। ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ ਨੂੰ ਵੋਟ ਦੀ ਜ਼ਰੂਰਤ ਨਹੀਂ, ਭਾਜਪਾ ਸਰਕਾਰ ਨੂੰ ਇੱਕ ਸੀਟ ਨਾਲ ਕੋਈ ਫਰਕ ਨਹੀਂ ਪਵੇਗਾ, ਪਰ ਸਾਡੇ ਲਈ ਇਹ ਸੀਟ ਬਹੁਤ ਮਹੱਤਵਪੂਰਨ ਹੈ। ਉਨ੍ਹਾ ਲੋਕਾਂ ਤੋਂ ਪੁਛਿਆ ਕਿ ਕਾਂਗਰਸ ਦਾ ਦਿੱਲੀ ਤੋਂ ਕੋਈ ਨੇਤਾ ਚੋਣ 'ਚ ਆਇਆ? ਕੀ ਰਾਹੁਲ ਗਾਂਧੀ ਜਲੰਧਰ 'ਚ ਵੋਟ ਮੰਗਣ ਆਏ। ਲੋਕਾਂ ਨੇ ਨਾ ਕਹਿਣ 'ਤੇ ਕੇਜਰੀਵਾਲ ਨੇ ਕਿਹਾ ਕਿ ਉਹ ਇਸ ਲਈ ਨਹੀਂ ਆਏ, ਕਿਉਂਕਿ ਤੁਹਾਡੇ ਕੀਮਤੀ ਵੋਟ ਦੀ ਉਨ੍ਹਾਂ ਨੂੰ ਜ਼ਰੂਰਤ ਨਹੀਂ। ਉਨ੍ਹਾ ਕਿਹਾ ਕਿ ਇਸ ਵਾਰ ਜਲੰਧਰ ਦੀ ਸੀਟ 11 ਮਹੀਨੇ ਲਈ ਦੇ ਕੇ ਦੇਖੋ,



ਅਗਲੀ ਵਾਰ ਤੁਸੀਂ ਪੰਜਾਬ ਦੀਆਂ 13 ਸੀਟਾਂ ਹੀ ਸਾਡੀ ਝੋਲੀ 'ਚ ਪਾ ਦਿਓਗੇ। ਉਨ੍ਹਾ ਮੀਡੀਆ ਨੂੰ ਕਿਹਾ ਕਿ ਮੀਡੀਆ ਵਾਲੇ ਸਾਡੇ ਜਾਣ ਤੋਂ ਬਾਅਦ ਇਕ ਵਾਰ ਜਨਤਾ ਨੂੰ ਜ਼ਰੂਰ ਪੁੱਛਣ ਕਿ ਇਹ ਸਾਰੇ ਕਿਰਾਏ 'ਤੇ ਤਾਂ ਨਹੀਂ ਲਿਆਂਦੇ ਗਏ। ਵਿਰੋਧੀ ਧਿਰਾਂ 'ਤੇ ਨਿਸ਼ਾਨੇ ਸਾਧਦੇ ਹੋਏ ਕਿਹਾ ਕਿ ਇਥੇ ਕਈ ਪਾਰਟੀਆਂ ਅਜਿਹੀਆਂ ਵੀ ਹਨ, ਜੋ ਕਿਰਾਏ 'ਤੇ ਜਨਤਾ ਨੂੰ ਲਿਆਂਦੀਆਂ ਹਨ, ਪਰ ਇਥੇ ਇਹ ਸਾਰੀ ਜਨਤਾ ਆਪ-ਮੁਹਾਰੇ ਆਈ ਹੈ, ਕੋਈ ਕਿਰਾਏ 'ਤੇ ਨਹੀਂ ਲਿਆਂਦਾ ਗਿਆ। ਭਗਵੰਤ ਮਾਨ ਨੇ ਕਿਹਾ ਕਿ ਅਸੀਂ ਸਿਰਫ 11 ਮਹੀਨੇ ਮੰਗ ਰਹੇ ਹਾਂ, ਤੁਸੀਂ ਕਾਂਗਰਸ ਨੂੰ 60 ਸਾਲ ਵੋਟਾਂ ਪਾਈਆਂ ਹਨ। ਹੁਣ 11 ਮਹੀਨੇ ਸਾਡੇ ਨਾਲ ਲਗਾ ਦਿਓ, ਅੱਗੇ ਅਸੀਂ ਤੁਹਾਨੂੰ ਯਕੀਨ ਦਿਵਾਉਂਦੇ ਹਾਂ ਕਿ ਏਨਾ ਵਧੀਆ ਕੰਮ ਕਰਾਂਗੇ ਕਿ ਅਗਲੀ ਵਾਰੀ ਤੁਹਾਨੂੰ ਕੁਝ ਕਹਿਣ ਦੀ ਲੋੜ ਹੀ ਨਹੀਂ ਪਵੇਗੀ। ਰੋਡ ਸ਼ੋਅ ਕਰਦਿਆਂ ਮਾਨ ਨੇ ਕਿਹਾ ਕਿ ਜਲੰਧਰ ਦੇ ਪਿਮਸ ਹਸਪਤਾਲ ਨੂੰ ਪੰਜਾਬ ਸਰਕਾਰ ਆਪਣੇ ਹੱਥਾਂ 'ਚ ਲਵੇਗੀ ਤੇ ਉਸ ਨੂੰ ਬੇਹਤਰ ਢੰਗ ਨਾਲ ਚਲਾਏਗੀ। ਇਸ ਬਾਰੇ ਹਸਪਤਾਲ ਨੂੰ ਨੋਟਿਸ ਭੇਜ ਦਿੱਤਾ ਗਿਆ ਹੈ। ਜਲੰਧਰ ਸ਼ਹਿਰ ਦਾ ਨਾਂਅ ਖੇਡਾਂ ਦਾ ਸਮਾਨ ਬਣਾਉਣ 'ਚ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਫਰਾਂਸ ਵਿੱਚ ਨਵੰਬਰ 2023 ਵਿੱਚ ਹੋਣ ਵਾਲੀ ਰਗਬੀ ਟੂਰਨਾਮੈਂਟ ਲਈ 2 ਲੱਖ ਬਾਲਾਂ ਜਲੰਧਰ ਬਣ ਰਹੀਆਂ ਹਨ। ਜਲੰਧਰ ਨੂੰ ਮੁੰਦਰੀ ਦੇ ਨਗ ਵਾਂਗ ਚਮਕਾ ਕੇ ਰੱਖਾਂਗੇ। ਝਾੜੂ ਵਾਲਾ ਬਟਨ ਦਬਾਅ ਕੇ ਵਿਕਾਸ ਦਾ ਰਾਹ ਖੋਲ੍ਹੋ। ਉਨ੍ਹਾ ਕਿਹਾ ਕਿ ਭਾਵੇ ਮਸ਼ੀਨ ਵਿੱਚ ਆਪ ਦੇ ਉਮੀਦਵਾਰ ਦਾ

● ਬਾਕੀ ਸਫ਼ਾ 10 'ਤੇ



ਸੀ ਪੀ ਆਈ ਦੇ ਕੌਮੀ ਜਨਰਲ ਸਕੱਤਰ ਡੀ ਰਾਜਾ ਮਹਿਲਾ ਭਲਵਾਨਾਂ ਵੱਲੋਂ ਪਿਛਲੇ 14 ਦਿਨਾਂ ਤੋਂ ਜੰਤਰ ਮੰਤਰ ਵਿੱਚ ਕੀਤੇ ਜਾ ਰਹੇ ਸੰਘਰਸ਼ ਵਿੱਚ ਸ਼ਾਮਲ ਹੋਏ। ਉਨ੍ਹਾ ਭਲਵਾਨਾਂ ਨੂੰ ਸਮਰਥਨ ਦਿੱਤਾ। ਇਸ ਮੌਕੇ ਉਨ੍ਹਾ ਦਿੱਲੀ ਪੁਲਸ ਦੀ ਸਖ਼ਤ ਨਿਖੇਧੀ ਕੀਤੀ। ਭਾਜਪਾ ਸਰਕਾਰ ਨੂੰ ਸਖ਼ਤ ਸ਼ਬਦਾਂ 'ਚ ਕਿਹਾ ਕਿ ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਨੂੰ ਤੁਰੰਤ ਬਰਖਾਸਤ ਕਰੇ।

## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦਾ ਦੋ ਰੋਜ਼ਾ ਸੂਬਾਈ ਅਜਲਾਸ

# ਹਰ ਵਰਗ ਦੇ ਕਾਮਿਆਂ ਨੂੰ ਸੰਘਰਸ਼ਾਂ ਲਈ ਕਮਰਕੱਸੇ ਕਰਨ ਦਾ ਸੱਦਾ

**ਬਠਿੰਡਾ (ਬਖਤੌਰ ਢਿੱਲੋਂ)**

ਦੇਸ਼ ਦੀ ਆਤਮ ਨਿਰਭਰਤਾ 'ਚ ਅਹਿਮ ਯੋਗਦਾਨ ਪਾਉਣ ਵਾਲੇ ਪਬਲਿਕ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਸਪੁਰਦ ਕਰਕੇ ਮੋਦੀ ਸਰਕਾਰ ਨੇ ਉਨ੍ਹਾਂ ਦੇਸ਼ ਭਗਤਾਂ ਨਾਲ ਧਰੋਹ ਕਮਾਉਣ 'ਚ ਕੋਈ ਕਸਰ ਨਹੀਂ ਛੱਡੀ, ਭਾਰਤ ਨੂੰ ਅਜਾਦ ਕਰਵਾਉਣ ਵੇਲੇ ਜਿਨ੍ਹਾਂ ਲੋਕ ਪੱਖੀ ਨਿਜ਼ਾਮ ਸਿਰਜਣ ਦਾ ਬੀੜਾ ਚੁੱਕਿਆ ਸੀ। ਇਹ ਵਿਚਾਰ ਪ੍ਰਗਟ ਕਰਦਿਆਂ ਆਲ ਇੰਡੀਆ ਫੈਡਰੇਸ਼ਨ ਆਫ ਗੌਰਮਿੰਟ ਇੰਪਲਾਈਜ਼ ਦੇ ਪ੍ਰਧਾਨ ਐੱਮ ਐੱਲ ਸਹਿਗਲ ਨੇ ਹਰ ਵਰਗ ਦੇ ਕਾਮਿਆਂ ਨੂੰ ਵੱਡੇ ਸੰਘਰਸ਼ਾਂ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ।




ਇਸ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਸਰਪ੍ਰਸਤ ਕਰਮ ਚੰਦ ਭਾਰਦਵਾਜ ਨੇ ਦੱਸਿਆ ਕਿ ਬਿਜਲੀ ਸੈਕਟਰ ਦੀਆਂ ਦੋਨੋਂ ਕਾਰਪੋਰੇਸ਼ਨਾਂ ਪਾਵਰਕਾਮ ਅਤੇ ਟ੍ਰਾਂਸਕੋ ਦਾ ਵਰਕਲੋਡ ਦਿਨੋ-ਦਿਨ ਵਧ ਰਿਹਾ ਹੈ, ਜਦਕਿ ਸੇਵਾ ਮੁਕਤੀ ਦੀ ਵਜ੍ਹਾ ਕਾਰਨ ਮੁਲਾਜ਼ਮਾਂ ਦੀ ਲਗਾਤਾਰ ਘਟ ਰਹੀ ਗਿਣਤੀ ਦੇ ਵਿਰੁੱਧ ਮੈਨੇਜਮੈਂਟ ਵੱਲੋਂ ਲੋੜ ਮੁਤਾਬਕ ਭਰਤੀ ਨਹੀਂ ਕੀਤੀ ਜਾ ਰਹੀ।

ਉਨ੍ਹਾ ਮੰਗ ਕੀਤੀ ਕਿ ਪ੍ਰਾਈਵੇਟ ਸੈਕਟਰ 'ਚ ਲੱਗੇ ਥਰਮਲ ਪਲਾਂਟਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਕੇ ਬਿਜਲੀ ਸੈਕਟਰ ਨੂੰ ਮੁੜ ਪੈਰਾਂ ਸਿਰ ਕਰਨ ਲਈ ਮੌਜੂਦਾ ਪੰਜਾਬ ਸਰਕਾਰ ਠੋਸ ਉਪਰਾਲੇ ਕਰੇ, ਕਿਉਂਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ

● ਬਾਕੀ ਸਫ਼ਾ 10 'ਤੇ

# ਕੇ ਸੀ ਐੱਫ ਮੁਖੀ ਪੰਜਵੜ ਦੀ ਗੋਲੀਆਂ ਮਾਰ ਕੇ ਹੱਤਿਆ

**ਲਾਹੌਰ/ਅੰਮ੍ਰਿਤਸਰ (ਜਸਬੀਰ ਪੱਟੀ)**-ਲੋੜੀਂਦੇ ਅੱਤਵਾਦੀ ਅਤੇ ਖਾਲਿਸਤਾਨ ਕਮਾਂਡੋ ਫੋਰਸ (ਕੇ ਸੀ ਐੱਫ) ਦੇ ਮੁਖੀ ਪਰਮਜੀਤ ਸਿੰਘ ਪੰਜਵੜ ਉਰਫ਼ ਮਲਿਕ ਸਰਦਾਰ ਸਿੰਘ ਦੀ ਸ਼ਨੀਵਾਰ ਸਵੇਰੇ 6 ਵਜੇ ਲਾਹੌਰ ਦੇ ਜੌਹਰ ਟਾਊਨ ਸਥਿਤ ਸਨਫਲਾਵਰ ਸੁਸਾਇਟੀ 'ਚ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਜਦੋਂ ਉਹ ਸਵੇਰੇ ਆਪਣੇ ਘਰ ਕੋਲ ਸੈਰ ਕਰ ਰਹੇ ਸਨ ਤਾਂ ਉਸ ਸਮੇਂ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਗੰਨਮੈਨ ਸਮੇਤ ਉਸ ਦੀ ਹੱਤਿਆ ਕਰ ਦਿੱਤੀ। ਗੋਲੀਬਾਰੀ 'ਚ ਇੱਕ ਗੰਨਮੈਨ ਵੀ ਜ਼ਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ।



ਪਰਮਜੀਤ ਸਿੰਘ ਦਾ ਜਨਮ ਤਰਨ ਤਾਰਨ ਨੇੜੇ ਪੰਜਵੜ ਪਿੰਡ ਵਿੱਚ ਹੋਇਆ ਸੀ। ਉਹ 1986 'ਚ ਆਪਣੇ ਚਚੇਰੇ ਭਰਾ ਲਾਭ ਸਿੰਘ ਦੁਆਰਾ ਕੱਟੜਪੰਥੀ ਹੋਣ ਤੋਂ ਬਾਅਦ ਕੇ ਸੀ ਐਫ ਵਿੱਚ ਸ਼ਾਮਲ ਹੋ ਗਿਆ, ਜਿਸ ਤੋਂ ਪਹਿਲਾਂ ਉਹ ਸੋਹਲ 'ਚ ਇੱਕ ਕੇਂਦਰੀ ਸਹਿਕਾਰੀ ਬੈਂਕ ਵਿੱਚ ਕੰਮ ਕਰਦਾ ਸੀ। ਲਾਭ ਸਿੰਘ ਦੀ ਮੌਤ ਪਿੱਛੋਂ ਪੰਜਵੜ ਨੇ 1990 ਦਹਾਕੇ 'ਚ ਕੇ ਸੀ ਐੱਫ ਦਾ ਚਾਰਜ ਸੰਭਾਲ ਲਿਆ ਅਤੇ ਪਾਕਿਸਤਾਨ ਜਾ ਕੇ ਪਨਾਹ ਲੈ ਲਈ। ਪਰਮਜੀਤ ਸਿੰਘ ਪੰਜਵੜ ਲਾਹੌਰ 'ਚ ਮਲਿਕ ਸਰਦਾਰ ਸਿੰਘ ਦੇ ਨਾਂਅ ਨਾਲ ਰਹਿੰਦਾ ਸੀ, ਜਦੋਂ ਕਿ ਉਸ ਦੀ ਪਤਨੀ ਅਤੇ ਬੱਚੇ ਜਰਮਨੀ 'ਚ ਰਹਿੰਦੇ ਹਨ। ਪੰਜਵੜ ਦੀ ਪਤਨੀ ਦਾ ਪਿਛਲੇ ਸਾਲ ਸਤੰਬਰ ਵਿੱਚ ਜਰਮਨੀ 'ਚ ਦੇਹਾਂਤ ਹੋ ਗਿਆ ਸੀ।

# 'ਡਬਲ ਇੰਜਣ' ਵਾਲੀ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਸਾਵਧਾਨ ਰਹੋ : ਚਿਦੰਬਰਮ

**ਨਵੀਂ ਦਿੱਲੀ :** ਕਾਂਗਰਸ ਦੇ ਸੀਨੀਅਰ ਨੇਤਾ ਪੀ ਚਿਦੰਬਰਮ ਨੇ ਮਨੀਪੁਰ 'ਚ ਹੋਈ ਹਿੰਸਾ ਦਾ ਹਵਾਲਾ ਦਿੰਦੇ ਹੋਏ ਸ਼ਨੀਵਾਰ ਕਿਹਾ ਕਿ ਕਰਨਾਟਕ ਦੇ ਵੋਟਰਾਂ ਨੂੰ 'ਡਬਲ ਇੰਜਣ' ਦੀ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਚਿਦੰਬਰਮ ਦਾ ਇਹ ਬਿਆਨ ਮਨੀਪੁਰ 'ਚ ਆਦਿਵਾਸੀਆਂ ਅਤੇ ਘੱਟ ਗਿਣਤੀ ਮੇਇਤੀ ਭਾਈਚਾਰੇ ਵਿਚਾਲੇ ਹੋਈ ਹਿੰਸਾ ਦੇ ਮੱਦੇਨਜ਼ਰ ਆਇਆ ਹੈ। ਇਸ ਸੰਘਰਸ਼ 'ਚ 9000 ਤੋਂ ਜ਼ਿਆਦਾ ਲੋਕ ਪ੍ਰਭਾਵਤ ਹੋਏ। ਚਿਦੰਬਰਮ ਨੇ ਟਵਿਟ ਕਰਕੇ ਕਿਹਾ—ਮਨੀਪੁਰ 'ਚ ਡਬਲ ਇੰਜਣ ਦੀ ਸਰਕਾਰ ਦੇ ਨਤੀਜਿਆਂ ਨੂੰ ਦੇਖੋ। ਦੋਵੇਂ ਇੰਜਣ ਫੇਲ੍ਹ ਹੋ ਗਏ। ਅੰਦੂਰਨੀ ਕਲੇਸ਼ ਨਾਲ ਸੂਬਾ ਸਰਕਾਰ ਟੁੱਟ ਚੁੱਕੀ ਹੈ। ਕੇਂਦਰ ਸਰਕਾਰ ਕੋਲ ਸਾਰੇ ਮੁੱਦਿਆਂ ਲਈ ਖੁਸ਼ਫਹਿਮੀ ਫੈਲਾਉਣ ਵਾਲੇ ਉਪਾਅ ਮੌਜੂਦ ਹਨ। ਉਨ੍ਹਾ ਕਿਹਾ—ਨਤੀਜਾ ਇਹ ਕਿ ਮੇਇਤੀ ਅਤੇ ਆਦਿਵਾਸੀ ਭਾਈਚਾਰੇ ਵਿਚਾਲੇ ਖਾਈ ਹੋਰ ਚੌੜੀ ਹੋ ਗਈ ਹੈ। ਉਨ੍ਹਾ ਕਿਹਾ ਕਿ ਜੋ ਭਾਈਚਾਰੇ ਕਾਂਗਰਸ ਦੀਆਂ ਸਰਕਾਰਾਂ ਦੌਰਾਨ ਸ਼ਾਂਤੀਪੂਰਨ ਰਹਿ ਰਹੇ ਸਨ, ਹੁਣ ਯੁੱਧ ਦੇ ਰਸਤੇ 'ਤੇ ਹਨ। ਕਰਨਾਟਕ ਦੇ ਵੋਟਰਾਂ ਨੂੰ ਵੀ ਡਬਲ ਇੰਜਣ ਵਾਲੀ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।



## ਭਾਜਪਾ ਨੇ ਖੜਗੇ ਤੇ ਪਰਵਾਰ ਨੂੰ 'ਕਤਲ' ਕਰਨ ਦੀ ਸਾਜ਼ਿਸ਼ ਰਚੀ : ਕਾਂਗਰਸ

**ਬੰਗਲੌਰ :** ਕਰਨਾਟਕ ਵਿਧਾਨ ਸਭਾ 'ਚ ਵਿਵਾਦਤ ਬਿਆਨਾਂ ਤੋਂ ਬਾਅਦ ਹੁਣ ਨੇਤਾਵਾਂ 'ਤੇ ਵਿਅਕਤੀਗਤ ਹਮਲੇ ਵੀ ਸ਼ੁਰੂ ਕਰ ਦਿੱਤੇ ਹਨ। ਕਾਂਗਰਸ ਦੇ ਜਨਰਲ ਸਕੱਤਰ ਅਤੇ ਕਰਨਾਟਕ ਦੇ ਇੰਚਾਰਜ ਰਣਦੀਪ ਸਿੰਘ ਸੂਰਜੇਵਾਲਾ ਨੇ ਦਾਅਵਾ ਕੀਤਾ ਕਿ ਭਾਜਪਾ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਉਸ ਦੇ ਪਰਵਾਰ ਦੀ ਹੱਤਿਆ ਦੀ ਸਾਜਿਸ਼ ਬਣਾ ਰਹੀ ਹੈ। ਸੂਰਜੇਵਾਲਾ ਨੇ ਸ਼ਨੀਵਾਰ ਨੂੰ ਬੰਗਲੌਰ 'ਚ ਪ੍ਰੈੱਸ ਕਾਨਫਰੰਸ ਕੀਤੀ ਅਤੇ ਇੱਕ ਅਡੀਓ ਸੁਣਾਈ। ਸੂਰਜੇਵਾਲਾ ਨੇ ਆਡੀਓ ਰਿਕਾਰਡਿੰਗ ਵੀ ਸਾਂਝੀ ਕੀਤੀ, ਜਿਸ 'ਚ ਕਥਿਤ ਤੌਰ 'ਤੇ ਕਲਬੁਰਗੀ ਜਿਲ੍ਹੇ ਦੇ ਚਿਤਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਮਣੀਕਾਂਤਾ ਰਾਠੌੜ ਨੂੰ ਕੰਨੜ 'ਚ ਇਹ ਕਹਿੰਦੇ ਹੋਏ ਸੁਣਿਆ ਗਿਆ ਹੈ ਕਿ ਉਹ ਖੜਗੇ, ਉਸ ਦੀ ਪਤਨੀ ਅਤੇ ਬੱਚਿਆਂ ਦਾ ਸਫਾਇਆ ਕਰ ਦੇਵੇਗਾ। ਸੂਰਜੇਵਾਲਾ ਨੇ ਕਿਹਾ ਮਣੀਕਾਂਤ ਰਠੌੜ ਪ੍ਰਧਾਨ ਮੰਤਰੀ ਮੋਦੀ ਅਤੇ ਮੁੱਖ ਮੰਤਰੀ ਬੋਮਈ ਦਾ ਚਹੇਤਾ ਹੈ। ਰਠੌੜ ਨੇ ਪਹਿਲਾਂ ਵੀ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਪੁੱਤ ਅਤੇ ਚਿਤਪੁਰ ਤੋਂ ਪਾਰਟੀ ਉਮੀਦਵਾਰ ਪ੍ਰਿਆਂਕ ਖੜਗੇ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ। ਇਸ ਦੌਰਾਨ ਰਾਠੌੜ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ, 'ਇਹ ਸਭ ਝੂਠ ਹੈ। ਉਹ ਫਰਜੀ ਆਡੀਓ ਹੈ। ਕਾਂਗਰਸ ਹਾਰ ਦੇ ਡਰੋਂ ਬੇਬੁਨਿਆਦ ਦੋਸ਼ ਲਾ ਰਹੀ ਹੈ।'

## ਜਹਾਜ਼ 'ਚ ਔਰਤ ਨੂੰ ਬਿੱਛੂ ਨੇ ਡੰਗਿਆ

**ਨਵੀਂ ਦਿੱਲੀ :** ਏਅਰ ਇੰਡੀਆ ਦੀ ਫਲਾਈਟ 'ਚ ਔਰਤ ਯਾਤਰੀ ਨੂੰ ਬਿੱਛੂ ਦੇ ਕੱਟਣ ਦਾ ਮਾਮਲੇ ਸਾਹਮਣੇ ਆਇਆ ਹੈ। ਇਹ ਘਟਨਾ ਪਿਛਲੇ ਮਹੀਨੇ ਨਾਗਪੁਰ ਤੋਂ ਮੁੰਬਈ ਜਾ ਰਹੀ ਏਅਰ ਇੰਡੀਆ ਦੀ ਉਡਾਨ ਦੌਰਾਨ ਹੋਈ। ਏਅਰ ਲਾਈਨਜ਼ ਵੱਲੋਂ ਸ਼ਨੀਵਾਰ ਇਸ ਮਾਮਲੇ 'ਤੇ ਬਿਆਨ ਜਾਰੀ ਕੀਤਾ ਗਿਆ। ਇਸ 'ਚ ਕਿਹਾ ਗਿਆ ਕਿ ਸਾਡੀ ਉਡਾਨ ਏ ਆਈ-630 'ਤੇ 23 ਅਪ੍ਰੈਲ ਨੂੰ ਇੱਕ ਯਾਤਰੀ ਨੂੰ ਬਿੱਛੂ ਦੇ ਡੰਗਣ ਦੀ ਬਹੁਤ ਹੀ ਦੁਰਲੱਭ ਅਤੇ ਮੰਦਭਾਗੀ ਘਟਨਾ ਵਾਪਰੀ ਸੀ। ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਯਾਤਰੀ ਨੂੰ ਇੱਕ ਡਾਕਟਰ ਨੇ ਦੇਖਿਆ ਅਤੇ ਬਾਅਦ 'ਚ ਹਸਪਤਾਲ 'ਚ ਇਲਾਜ ਤੋਂ ਬਾਅਦ ਉਸ ਔਰਤ ਨੂੰ ਛੁੱਟੀ ਦੇ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਜਹਾਜ਼ਾਂ 'ਚ ਰੀਂਗਣ ਵਾਲੇ ਜੀਵ ਮਿਲਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ।

# ਕੈਨੇਡਾ 'ਚ ਕਬੱਡੀ ਪ੍ਰਮੋਟਰ ਨੀਟੂ ਕੰਗ ਨੂੰ ਗੋਲੀਆਂ ਮਾਰੀਆਂ



**ਜਲੰਧਰ :** ਕੈਨੇਡਾ ਦੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਮਲਜੀਤ ਸਿੰਘ ਕੰਗ (ਨੀਟੂ ਕੰਗ) 'ਤੇ ਉਦੋਂ ਜਾਨਲੇਵਾ ਹਮਲਾ ਹੋਇਆ, ਜਦੋਂ ਉਹ ਆਪਣੇ ਘਰੋਂ ਕਿਤੇ ਬਾਹਰ ਜਾਣ ਲਈ ਨਿਕਲੇ ਸਨ। ਅਣਪਛਾਤੇ ਹਮਲਾਵਰ ਉਸ ਦੀ ਰਿਹਾਇਸ਼ ਦੇ ਬਾਹਰ ਪਹਿਲਾਂ ਹੀ ਇੰਤਜ਼ਾਰ ਕਰ ਰਹੇ ਸਨ ਅਤੇ ਜਿਵੇਂ ਹੀ ਉਹ ਆਪਣੇ ਘਰ ਤੋਂ ਬਾਹਰ ਨਿਕਲਿਆ ਤਾਂ ਉਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਮਗਰੋਂ ਪੈਰਾਮੈਡੀਕਲ ਵੱਲੋਂ ਉਸ ਨੂੰ ਜ਼ਖ਼ਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ। ਦੱਸਿਆ ਗਿਆ ਹੈ ਕਿ ਨੀਟੂ ਕੰਗ ਦੇ ਦੋ ਗੋਲੀਆਂ ਲੱਗੀਆਂ ਹਨ। ਇੱਕ ਉਸ ਦੇ ਪੇਟ 'ਚ ਅਤੇ ਦੂਜੀ ਲੱਤ 'ਚ। ਜ਼ਿਕਰਯੋਗ ਹੈ ਕਿ ਨੀਟੂ ਕੰਗ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਬੀ ਸੀ ਕੈਨੇਡਾ ਨਾਲ ਸੰਬੰਧਤ ਹੈ ਅਤੇ ਪਿਛਲੇ ਲੰਬੇ ਸਮੇਂ ਤੋਂ ਕਬੱਡੀ ਦੀ ਪ੍ਰਮੋਸ਼ਨ ਨਾਲ ਜੁੜਿਆ ਹੋਇਆ ਸੀ। ਉਹ ਜਲੰਧਰ ਦੇ ਉਗੀ ਪਿੰਡ ਦਾ ਰਹਿਣ ਵਾਲਾ ਹੈ। ਕੰਗ ਉੱਤਰੀ ਭਾਰਤ ਸਰਕਲ ਸਟਾਈਲ ਕਬੱਡੀ ਫੈਡਰੇਸ਼ਨ (ਐੱਨ ਆਈ ਸੀ ਕੇ ਐੱਫ) ਦਾ ਵੱਡਾ ਆਗੂ ਹੈ ਅਤੇ ਵਿਸ਼ਵ ਦੇ ਸਭ ਤੋਂ ਮਸ਼ਹੂਰ ਕਬੱਡੀ ਪ੍ਰਮੋਟਰਾਂ 'ਚੋਂ ਇੱਕ ਹੈ।

# ਲਾਈਵ ਸਟ੍ਰੀਮਿੰਗ ਦੌਰਾਨ ਜੱਜ ਬੋਲਦੇ ਸਮੇਂ ਧਿਆਨ ਰੱਖਣ : ਸੀ ਜੇ ਆਈ

**ਨਵੀਂ ਦਿੱਲੀ :** ਚੀਫ਼ ਜਸਟਿਸ ਆਫ਼ ਇੰਡੀਆ ਜਸਟਿਸ ਡੀ ਵਾਈ ਚੰਦਰਚੂੜ ਨੇ ਸ਼ਨੀਵਾਰ ਉਡੀਸ਼ਾ 'ਚ ਇੱਕ ਪ੍ਰੋਗਰਾਮ ਦੌਰਾਨ ਡਿਜੀਟਲ ਇਨਫਰਾਸਟਰਕਚਰ 'ਤੇ ਗੱਲ ਕੀਤੀ। ਸੀ ਜੇ ਆਈ ਨੇ ਕਿਹਾ, ਇੱਕ ਜਸਟਿਸ ਤੋਂ ਤੁਸੀਂ ਕਿਸੇ ਤਰ੍ਹਾਂ ਉਮੀਦ ਲਾ ਸਕਦੇ ਹੋ ਕਿ ਉਹ 15 ਹਜ਼ਾਰ ਸਫਿਆਂ ਦਾ ਰਿਕਾਰਡ ਪੜ੍ਹ ਸਕਦਾ ਹੈ। ਇਸ ਲਈ ਸਾਨੂੰ ਪੇਪਰਲੈੱਸ ਕੋਰਟ ਅਤੇ ਵਰਚੁਅਲ ਕੋਰਟ ਵਰਗੇ ਡਿਜੀਟਲ ਇਨਫਰਾਸਟਰਕਚਰ ਦੀ ਜ਼ਰੂਰਤ ਹੈ। ਸੀ ਜੇ ਆਈ ਨੇ ਕਿਹਾ ਅੱਜਕੱਲ੍ਹ ਜ਼ਿਆਦਾਤਰ ਹਾਈ ਕੋਰਟ ਯੂ ਟਿਊਬ 'ਤੇ ਲਾਈਵ ਸੁਣਵਾਈ ਕਰ ਰਹੇ ਹਨ। ਸੋਸ਼ਲ ਮੀਡੀਆ 'ਤੇ ਪਟਨਾ ਹਾਈ ਕੋਰਟ ਦੇ ਜਸਟਿਸ ਦਾ ਇੱਕ ਕਲਿੱਪ ਸੀ, ਜਿਸ 'ਚ ਉਹ ਆਈ ਏ ਐਸ ਅਫਸਰ ਤੋਂ ਇਹ ਪੁੱਛ ਰਹੇ ਸਨ ਕਿ ਉਨ੍ਹਾ ਸਹੀ ਕੱਪੜੇ ਕਿਉਂ ਨਹੀਂ ਪਾਏ? ਗੁਜਰਾਤ ਹਾਈ ਕੋਰਟ ਦੇ ਜਸਟਿਸ ਇੱਕ ਵਕੀਲ ਨੂੰ ਕਹਿ ਰਹੇ ਸਨ ਕਿ ਉਹ ਮਾਮਲੇ ਲਈ ਤਿਆਰ ਕਿਉਂ ਨਹੀਂ? ਯੂ ਟਿਊਬ 'ਚ ਬਹੁਤ ਸਾਰੀਆਂ ਮਜ਼ਾਕੀਆ ਚੀਜ਼ਾਂ ਚੱਲ ਰਹੀਆਂ ਹਨ, ਜਿਨ੍ਹਾਂ ਨੂੰ ਸਾਨੂੰ ਰੋਕਣ ਦੀ ਜ਼ਰੂਰਤ ਹੈ, ਕਿਉਂਕਿ ਕੋਰਟ 'ਚ ਜੋ ਹੁੰਦਾ ਹੈ, ਉਹ ਬੇਹੱਦ ਗੰਭੀਰ ਮਾਮਲਾ ਹੈ। ਅਸੀਂ ਜੋ ਲਾਈਵ ਸਟ੍ਰੀਮਿੰਗ ਕਰ ਰਹੇ ਹਾਂ, ਉਸ ਦਾ ਇੱਕ ਦੂਜਾ ਪਹਿਲੂ ਵੀ ਹੈ। ਇੱਕ ਜਸਟਿਸ ਦੇ ਰੂਪ 'ਚ ਸਾਨੂੰ ਸਿੱਖਣ ਦੀ ਜ਼ਰੂਰਤ ਹੈ। ਕੋਰਟ 'ਚ ਜੋ ਵੀ ਬੋਲਦੇ ਹਾਂ, ਉਸ ਦਾ ਧਿਆਨ ਰੱਖਣਾ ਹੋਵੇਗਾ, ਕਿਉਂਕਿ ਉਹ ਜਨਤਾ ਦੇ ਦਾਇਰੇ 'ਚ ਆਉਂਦਾ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਮੈਂ ਹਾਲ ਹੀ 'ਚ ਇੱਕ ਐੱਲ ਜੀ ਪੀ ਟੀ ਕਿਊ ਹੈਂਡਬੁੱਕ ਲਾਂਚ ਕੀਤੀ ਹੈ। ਛੇਤੀ ਅਸੀਂ ਜੈਂਡਰ ਲਈ ਸਹੀ ਸ਼ਬਦਾਂ ਦੀ ਇੱਕ ਲੀਗਲ ਗਲੋਸਰੀ ਵੀ ਜਾਰੀ ਕਰਨ ਜਾ ਰਹੇ ਹਾਂ। ਜੇਕਰ ਤੁਸੀਂ 376 ਦਾ ਇੱਕ ਜਜਮੈਂਟ ਪੜ੍ਹੋਗੇ ਤਾਂ ਤੁਹਾਨੂੰ ਪਤਾ ਚੱਲੇਗਾ ਕਿ ਕਈ ਇਸ ਤਰ੍ਹਾਂ ਦੇ ਸ਼ਬਦ ਹਨ, ਜੋ ਸਹੀ ਨਹੀਂ ਹਨ, ਪਰ ਉਨ੍ਹਾਂ ਦਾ ਇਸਤੇਮਾਲ ਹੁੰਦਾ ਹੈ। ਲੀਗਲ ਗਲੋਸਰੀ ਨਾਲ ਸਾਡੀ ਨਿਆਂ ਪਾਲਿਕਾ ਛੋਟੀ ਨਹੀਂ ਹੋਵੇਗੀ ਅਤੇ ਸਮੇਂ ਦੇ ਨਾਲ ਅਸੀਂ ਕਾਨੂੰਨੀ ਭਾਸ਼ਾ ਨੂੰ ਲੈ ਕੇ ਅੱਗੇ ਵਧਾਂਗੇ, ਕਿਉਂਕਿ ਭਾਸ਼ਾ ਨੂੰ ਵਿਸ਼ਾ ਅਤੇ ਚੀਜ਼ਾਂ ਤੋਂ ਜ਼ਿਆਦਾ ਮਹੱਤਵ ਦੇਣਾ ਹੈ।

# ਨੀਰਜ ਨੇ ਦੋਹਾ ਡਾਇਮੰਡ ਲੀਗ 'ਚ ਜਿੱਤਿਆ ਸੋਨਾ




**ਦੋਹਾ :** ਦੇਸ਼ ਨੂੰ ਓਲੰਪਿਕ , ਵਰਲਡ ਚੈਂਪੀਅਨਸ਼ਿਪ ਅਤੇ ਡਾਇਮੰਡ ਲੀਗ ਵਰਗੇ ਵੱਡੇ ਮੁਕਾਬਲਿਆਂ 'ਚ ਤਮਗਾ ਦਿਵਾਉਣ ਵਾਲੇ ਨੀਰਜ ਚੋਪੜਾ ਨੇ ਇੱਕ ਹੋਰ ਕਾਰਨਾਮਾ ਕਰ ਦਿੱਤਾ। ਨੀਰਜ ਚੋਪੜਾ ਡਾਇਮੰਡ ਲੀਗ 'ਚ ਲਗਾਤਾਰ ਦੂਜਾ ਸੋਨੇ ਦਾ ਤਮਗਾ ਜਿੱਤਣ ਵਾਲੇ ਪਹਿਲੀ ਖਿਡਾਰੀ ਬਣ ਗਏ ਹਨ। 25 ਸਾਲਾ ਨੀਰਜ ਚੋਪੜਾ ਨੇ ਦੋਹਾ 'ਚ ਚੱਲ ਰਹੇ ਮੁਕਾਬਲੇ 'ਚ ਭਾਲਾ ਸੁੱਟਣ ਦੇ ਮੁਕਾਬਲੇ ਦੇ ਫਾਇਨਲ 'ਚ ਪਹਿਲੀ ਹੀ ਕੋਸ਼ਿਸ਼ 'ਚ 88.67 ਮੀਟਰ ਦੂਰੀ ਤੱਕ ਭਾਲਾ ਸੁੱਟਿਆ ਅਤੇ ਇਹ ਦੂਰੀ ਅੰਤ 'ਚ ਫੈਸਲਾਕੁੰਨ ਸਾਬਿਤ ਹੋਈ। ਨੀਰਜ ਨੇ 88.67 ਮੀਟਰ ਦੀ ਥਰੋ ਦੇ ਨਾਲ ਸੋਨੇ ਦਾ ਤਮਗਾ ਜਿੱਤਿਆ, ਜਦਕਿ ਦੂਜੇ ਸਥਾਨ 'ਤੇ ਰਹੇ ਯਾਕੂਬ ਵਡਲੇਜਚ ਨੇ 88.63 ਮੀਟਰ ਥਰੋਅ ਸੁੱਟੀ। ਪਿਛਲੇ ਸਾਲ ਨੀਰਜ ਨੇ ਜਿਊਰਿਖ 'ਚ ਡਾਇਮੰਡ ਲੀਗ 'ਚ ਪਹਿਲਾ ਗੋਲਡ ਤਮਗਾ ਜਿੱਤਿਆ ਸੀ। 2022 'ਚ ਨੀਰਜ ਨੇ ਵਰਲਡ ਚੈਂਪੀਅਨਸ਼ਿਪ 'ਚ ਵੀ ਭਾਰਤ ਨੂੰ ਸਿਲਵਰ ਤਮਗਾ ਦਿਵਾਇਆ ਸੀ।

# ਚਾਰਲਸ-3 ਦੀ ਹੋਈ ਤਾਜਪੋਸ਼ੀ

**ਲੰਡਨ :** ਬ੍ਰਿਟੇਨ ਦੇ ਕਿੰਗ ਚਾਰਲਸ ਤੀਜੇ ਅਤੇ ਕਵੀਨ ਕੈਮਿਲਾ ਦਾ ਤਾਜਪੋਸ਼ੀ ਸਮਾਰੋਹ ਵੈਸਟਮਿੰਸਟਰ ਐਬੇ ਚਰਚ ਵਿਖੇ ਹੋਇਆ। ਇਸ ਦੌਰਾਨ ਆਰਚਬਿਸ਼ਪ ਨੇ ਸਾਰੀਆਂ ਰਸਮਾਂ ਤੋਂ ਬਾਅਦ ਕਿੰਗ ਚਾਰਲਸ ਅਤੇ ਕਵੀਨ ਕੈਮਿਲਾ ਨੂੰ ਤਾਜ ਪਹਿਨਾਇਆ। ਕੋਹਿਨੂਰ ਨੂੰ ਤਾਜ ਤੋਂ ਹਟਾ ਦਿੱਤਾ ਗਿਆ ਸੀ, ਜੋ ਰਾਣੀ ਨੇ ਪਹਿਨਿਆ ਸੀ। ਬ੍ਰਿਟਿਸ਼ ਸ਼ਾਹੀ ਪਰਵਾਰ ਦੀ 70 ਸਾਲ ਬਾਅਦ ਤਾਜਪੋਸ਼ੀ ਹੋਈ। ਇਸ ਤੋਂ ਪਹਿਲਾਂ 1953 ਵਿੱਚ ਮਹਾਰਾਣੀ ਐਲਿਜ਼ਾਬੈਥ ਦੀ ਤਾਜਪੋਸ਼ੀ ਹੋਈ ਸੀ। ਚਾਰਲਸ ਉਸ ਸਮੇਂ 4 ਸਾਲ ਦੇ ਸਨ। ਹੁਣ ਕਿੰਗ ਚਾਰਲਸ 74 ਸਾਲ ਦੇ ਹਨ।



ਤਾਜਪੋਸ਼ੀ ਤੋਂ ਬਾਅਦ ਕੈਮਿਲਾ ਨੂੰ ਵੀ ਮਹਾਰਾਣੀ ਦਾ ਦਰਜਾ ਮਿਲ ਗਿਆ। ਵੈਸਟਮਿੰਸਟਰ ਐਬੇ 1066 ਤੋਂ ਹਰ ਬ੍ਰਿਟਿਸ਼ ਤਾਜਪੋਸ਼ੀ ਦਾ ਸਥਾਨ ਰਿਹਾ ਹੈ ਅਤੇ ਸਮਰਾਟ ਚਾਰਲਸ ਅਤੇ ਉਨ੍ਹਾ ਦੀ ਪਤਨੀ ਕੈਮਿਲਾ ਨੇ ਇਸ ਸ਼ਾਨਦਾਰ ਪ੍ਰੰਪਰਾ ਦੀ ਪਾਲਣਾ ਕੀਤੀ। ਸ਼ਾਹੀ ਜੋੜਾ ਬਕਿੰਘਮ

● ਬਾਕੀ ਸਫ਼ਾ 10 'ਤੇ

# ਫੌਜ ਨੇ ਸਾਰੇ 191 ਧਰੁਵ ਹੈਲੀਕਾਪਟਰ ਦੀਆਂ ਉਡਾਨਾਂ ਰੋਕੀਆਂ

**ਨਵੀਂ ਦਿੱਲੀ :** ਫੌਜ ਨੇ ਐਡਵਾਂਸਡ ਲਾਈਟ ਹੈਲੀਕਾਪਟਰ ਧਰੁਵ ਦੇ ਅਪ੍ਰੇਸ਼ਨ ਨੂੰ ਇੱਕ ਮਹੀਨੇ ਲਈ ਰੋਕ ਦਿੱਤਾ ਹੈ। ਜੰਮੂ-ਕਸ਼ਮੀਰ ਦੇ ਕਿਸ਼ਤਵਾੜ 'ਚ 4 ਮਈ ਨੂੰ ਧਰੁਵ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ ਸੀ, ਜਿਸ 'ਚ ਇੱਕ ਜਵਾਨ ਦੀ ਜਾਨ ਚਲੀ ਗਈ ਸੀ। ਇਸ ਨੂੰ ਦੇਖਦੇ ਹੋਏ ਫੌਜ ਨੇ ਆਪਣੇ ਸਾਰੇ 191 ਧਰੁਵ ਹੈਲੀਕਾਪਟਰ ਦੇ ਅਪ੍ਰੇਸ਼ਨ ਬੰਦ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾ 10 ਮਾਰਚ ਨੂੰ ਵੀ ਧਰੁਵ ਹੈਲੀਕਾਪਟਰ ਦੀ ਪੂਰੀ ਫਲੀਟ ਦੇ ਅਪ੍ਰੇਸ਼ਨ 'ਤੇ ਰੋਕ ਲਗਾਈ ਗਈ ਸੀ। ਅਸਲ 'ਚ 8 ਮਾਰਚ ਨੂੰ ਗਸ਼ਤ 'ਤੇ ਨਿਕਲੇ ਧਰੁਵ ਹੈਲੀਕਾਪਟਰ ਦੀ ਮੁੰਬਈ ਦੇ ਕੋਲ ਅਰਬ ਸਾਗਰ 'ਚ ਐਮਰਜੈਂਸੀ ਲੈਂਡਿੰਗ ਕਰਾਉਣੀ ਪਈ ਸੀ, ਇਸ ਤੋਂ ਬਾਅਦ ਫੌਜ ਨੇ ਮਾਮਲੇ ਦੀ ਜਾਂਚ ਪੂਰੀ ਹੋਣ ਤੱਕ ਇਸ ਦੀਆਂ ਸਾਰੀਆਂ ਉਡਾਨਾਂ 'ਤੇ ਰੋਕ ਲਾ ਦਿੱਤੀ ਸੀ।

# 'ਨੋਮੋਫੋਬੀਆ'



**ਨਵੀਂ ਦਿੱਲੀ :** ਸਮਾਰਟ ਫੋਨ ਅੱਜ ਲੋਕਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੋ ਗਿਆ ਹੈ। ਸਮਾਰਟ ਫੋਨ ਤੋਂ ਬਿਨਾਂ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ। ਅੱਜ ਲੋਕ ਕਿਸੇ ਵੀ ਕੀਮਤ 'ਤੇ ਆਪਣੇ ਫੋਨ ਤੋਂ ਦੂਰ ਨਹੀਂ ਹੋਣਾ ਚਾਹੁੰਦੇ। ਓਪੋ ਅਤੇ ਕਾਊਂਟਰ ਪੁਆਇੰਟ ਨੇ ਸਮਾਰਟ ਫੋਨ ਦੇ ਆਦੀ ਹੋਣ ਨੂੰ ਲੈ ਕੇ ਇੱਕ ਸਰਵੇ ਕਰਵਾਇਆ। ਇਸ ਸਰਵੇ ਨੂੰ 'ਨੋਮੋਫੋਬੀਆ' ਦਾ ਨਾਂਅ ਦਿੱਤਾ ਗਿਆ, ਜਿਸ 'ਚ ਹਮੇਸ਼ਾ ਸਤਾਉਂਦਾ ਹੈ ਫੋਨ ਤੋਂ ਦੂਰ ਹੋਣ ਦਾ ਡਰ। ਸਰਵੇ 'ਚ 65 ਫੀਸਦੀ ਯੂਜ਼ਰ ਆਪਣੇ ਸਮਾਰਟ ਫੋਨ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਹਨ। ਉਨ੍ਹਾਂ ਨੂੰ ਹਮੇਸ਼ਾ ਇਸ ਗੱਲ ਦਾ ਡਰ ਸਤਾਉਂਦਾ ਹੈ ਕਿ ਇਸ ਦਾ ਇੰਟਰਨੈੱਟ ਖ਼ਤਮ ਨਾ ਹੋ ਜਾਵੇ, ਫੋਨ ਕਿਤੇ ਡਿੱਗ ਨਾ ਜਾਵੇ ਅਤੇ ਫੋਨ ਨੂੰ ਕਿਸੇ ਵੀ ਸਮੇਂ ਆਪਣੇ ਤੋਂ ਵੱਖ ਨਹੀਂ ਕਰਨਾ ਚਾਹੁੰਦੇ। ਓਪੋ ਅਤੇ ਕਾਊਂਟਰ ਪੁਆਇੰਟ ਦੇ ਇਸ ਸਰਵੇ 'ਚ 1500 ਲੋਕਾਂ ਨੇ ਜਵਾਬ ਦਿੱਤੇ ਸਨ। ਇਸ ਸਰਵੇ 'ਚ ਸ਼ਾਮਲ 60 ਫੀਸਦੀ ਲੋਕਾਂ ਨੇ ਮੰਨਿਆ ਕਿ ਖਰਾਬ ਬੈਟਰੀ ਕਾਰਨ ਉਹ ਆਪਣੇ ਸਮਾਰਟ ਫੋਨ ਬਦਲਾਉਣ ਲਈ ਤਿਆਰ ਹਨ। ਇਸ ਸਰਵੇ 'ਤੇ ਓਪੋ ਇੰਡੀਆ ਦੇ ਚੀਫ਼ ਮਾਰਕੀਟਿੰਗ ਅਫਸਰ ਦਮਯੰਤ ਸਿੰਘ ਖਨੋਰੀਆ ਨੇ ਕਿਹਾ ਕਿ ਇਹ ਸਰਵੇ ਸਾਨੂੰ ਚੰਗੀ ਬੈਟਰੀ ਲਾਈਫ ਵਾਲੇ ਫੋਨ ਲਾਂਚ ਕਰਨ ਲਈ ਪ੍ਰੇਰਿਤ ਕਰਦਾ ਹੈ।

ਇਸ ਸਰਵੇ ਤੋਂ ਪਤਾ ਚੱਲਿਆ ਕਿ ਔਰਤਾਂ ਦੇ ਮੁਕਾਬਲੇ ਮਰਦ ਮੋਬਾਇਲ ਨੂੰ ਲੈ ਕੇ ਜ਼ਿਆਦਾ ਚਿੰਤਤ ਹਨ। ਸਰਵੇ 'ਚ ਸ਼ਾਮਲ 82 ਫੀਸਦੀ ਮਰਦਾਂ ਨੇ ਮੰਨਿਆ ਕਿ ਫੋਨ ਨੂੰ ਲੈ ਕੇ ਉਨ੍ਹਾਂ ਨੂੰ ਜ਼ਿਆਦਾ ਟੈਨਸ਼ਨ ਰਹਿੰਦੀ ਹੈ, ਜਦਕਿ 74 ਫੀਸਦੀ ਔਰਤਾਂ ਨੇ ਕਿਹਾ ਕਿ ਫੋਨ ਦੀ ਬੈਟਰੀ ਅਤੇ ਇੰਟਰਨੈਟ ਨੂੰ ਲੈ ਕੇ ਉਨ੍ਹਾਂ ਨੂੰ ਚਿੰਤਾ ਸਤਾਉਂਦੀ ਹੈ। ਸਰਵੇ 'ਚ ਸ਼ਾਮਲ 92.5 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਪਾਵਰ ਸੇਵਿੰਗ ਮੋਡ ਦਾ ਇਸਤੇਮਾਲ ਕਰਦੇ ਅਤੇ 87 ਫੀਸਦੀ ਨੇ ਕਿਹਾ ਕਿ ਉਹ ਆਪਣੇ ਫੋਨ ਦਾ ਇਸਤੇਮਾਲ ਉਦੋਂ ਕਰਦੇ ਹਨ, ਜਦ ਉਹ ਪੂਰਾ ਚਾਰਜ ਹੋ ਜਾਂਦਾ ਹੈ। ਸਰਵੇ 'ਚ ਸ਼ਾਮਲ 42 ਫੀਸਦੀ ਲੋਕਾਂ ਨੇ ਮੰਨਿਆ ਕਿ ਉਹ ਆਪਣੇ ਫੋਨ ਦਾ ਇਸਤੇਮਾਲ ਮਨੋਰੰਜਨ ਲਈ ਕਰਦੇ ਹਨ ਅਤੇ ਮਨੋਰੰਜਨ ਲਈ ਸੋਸ਼ਲ ਮੀਡੀਆ ਦਾ ਸਹਾਰਾ ਲੈਂਦੇ ਹਨ। ਕਰੀਬ 65 ਫੀਸਦੀ ਲੋਕਾਂ ਨੇ ਕਿਹਾ ਕਿ ਬੈਟਰੀ ਬਚਾਉਣ ਲਈ ਉਨ੍ਹਾਂ ਨੂੰ ਕਈ ਵਾਰ ਫੋਨ ਦਾ ਇਸਤੇਮਾਲ ਬੰਦ ਕਰਨਾ ਪੈਂਦਾ ਹੈ।

## ਅੱਜ-ਨਾਮਾ

ਜ਼ਿਮਨੀ ਚੋਣ ਜਲੰਧਰ ਦੀ ਸਿਖਰ ਪਹੁੰਚੀ,
ਲੱਗ ਗਿਆ ਦਾਅ ਦੇ ਉੱਤੇ ਵੱਕਾਰ ਬੇਲੀ।
ਸਰਗਰਮੀ ਘੱਟ ਨਾ ਜਾਪਦੀ ਕਿਸੇ ਤਰਫੋਂ,
ਕੜਾਕੇ ਕੱਢੂ ਜਿਹਾ ਹੁੰਦਾ ਪਰਚਾਰ ਬੇਲੀ।
ਦੌੜਨ-ਭੱਜਣ ਦੀ ਜਿਨ੍ਹਾਂ ਪਈ ਧੂੜ ਪੱਟੀ,
ਮੋਹਰੀ ਧਿਰਾਂ ਸਮਝੋ ਸਿਰਫ ਚਾਰ ਬੇਲੀ।
ਭਾਸ਼ਣ ਦੇਂਦਾ ਜਾਂ ਲਾਂਵਦਾ ਕੋਈ ਨਾਅਰਾ,
ਹੁੰਦਾ ਤਿੱਖਾ ਤਲਵਾਰ ਜਿਉਂ ਵਾਰ ਬੇਲੀ।
ਮਈ ਦੀ ਅੱਠ ਤਰੀਕ ਤੱਕ ਖੱਪ ਰਹਿਣੀ,
ਹੋ ਜਾਊ ਕੁੱਲ ਪਰਚਾਰ ਫਿਰ ਬੰਦ ਬੇਲੀ।
ਦਿਨੇ-ਰਾਤੀਂ ਫਿਰ ਘਰਾਂ ਦੀ ਬੈੱਲ ਖੜਕੂ,
ਓਦੋਂ ਈ ਦਿੱਸੂਗਾ ਖਿੱਲਰਦਾ ਗੰਦ ਬੇਲੀ।

-ਤੀਸ ਮਾਰ ਖਾਂ

# ਮਾਰਕਸਵਾਦ ਸਾਨੂੰ ਲੋਟੂਆਂ ਦੀ ਪਛਾਣ ਕਰਾ ਕੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਰਾਹ ਦੱਸਦਾ : ਬੰਤ ਬਰਾੜ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਜ਼ਿਲ੍ਹਾ ਕੌਂਸਲ ਚੰਡੀਗੜ੍ਹ ਅਤੇ ਮੋਹਾਲੀ ਸੀ ਪੀ ਆਈ ਵੱਲੋਂ ਮਹਾਨ ਮਾਰਕਸਵਾਦੀ ਚਿੰਤਕ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ 'ਅਜੋਕਾ ਸਮੇਂ 'ਚ ਮਾਰਕਸਵਾਦ ਦੀ ਸਾਰਥਿਕਤਾ' ਵਿਸ਼ੇ 'ਤੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭੁਪਿੰਦਰ ਸਾਂਬਰ ਸਾਬਕਾ ਸੂਬਾ ਸਕੱਤਰ ਨੇ ਵਿਚਾਰ ਪ੍ਰਗਟ ਕਰਦੇ ਕਿਹਾ ਕਿ ਅਮਰੀਕਾ ਦੀ ਅਗਵਾਈ 'ਚ ਸਾਮਰਾਜ ਸੰਸਾਰ ਨੂੰ ਇਕ ਧਰੁਵੀ ਕਰਨਾ ਲੋਚਦਾ ਸੀ, ਜੋ ਫੋਕਾ ਸੁਪਨਾ ਹੀ ਸਾਬਤ ਹੋਇਆ। ਮਾਰਕਸਵਾਦ ਦੀਆਂ ਸਿੱਖਿਆਵਾਂ ਅੱਜ ਵੀ ਸੰਸਾਰ ਭਰ ਦੀਆਂ ਮਜ਼ਦੂਰ ਜਮਾਤਾਂ ਦੀ ਅਗਵਾਈ ਕਰ ਰਹੀਆਂ ਹਨ। ਰੂਸ ਦਾ ਯੂਕਰੇਨ 'ਤੇ ਹਮਲਾ ਅਸਲ 'ਚ ਅਮਰੀਕਾ ਦੀਆਂ ਰੂਸ ਖਿਲਾਫ ਸਾਜ਼ਿਸ਼ਾਂ ਦਾ ਸਿੱਟਾ ਹੈ, ਜੋ ਹੁਣ ਸੰਸਾਰ ਨੂੰ ਸਾਫ਼ ਹੋ ਗਿਆ ਹੈ। ਲਤੀਨੀ ਅਮਰੀਕਾ ਮਾਰਕਸਵਾਦੀ ਰਾਹ ਚੁਣ ਰਿਹਾ ਹੈ, ਜਿਸ ਨੂੰ ਰੋਕਣ ਲਈ ਅਮਰੀਕਾ ਵਾਰ-ਵਾਰ ਕੋਸ਼ਿਸ਼ ਕਰਦਾ ਅਸਫਲ ਹੋ ਰਿਹਾ ਹੈ। ਸੰਸਾਰ ਅਮਨ ਅਤੇ ਮਾਨਵਤਾ ਦੀ ਭਲਾਈ ਲਈ ਮਾਰਕਸਵਾਦੀ ਫਲਸਫ਼ਾ ਹੀ ਇਕੋ ਇਕ ਰਾਹ-ਦਸੇਰਾ ਹੈ।



ਬੰਤ ਬਰਾੜ ਸੂਬਾ ਸਕੱਤਰ ਸੀ ਪੀ ਆਈ ਨੇ ਕਿਹਾ ਕਿ ਕਾਰਲ ਮਾਰਕਸ ਸਾਨੂੰ ਆਰਥਕ, ਰਾਜਨੀਤਕ ਅਤੇ ਵਿਚਾਰਧਾਰਕ ਲੜਾਈ ਲੜ ਕੇ ਹਰ ਪੱਖੋਂ ਤਕੜੇ ਹੋਣ ਦੀ ਪ੍ਰੇਰਨਾ ਦਿੰਦਾ ਹੈ। ਸਾਮਰਾਜੀ ਸ਼ਕਤੀਆਂ ਅਤੇ ਕਾਰਪੋਰੇਟਜ਼ ਖਿਲਾਫ ਇਕਜੁੱਟ ਹੋ ਕੇ ਮਿਹਨਤਕਸ਼ ਕਿਰਤੀ ਜਮਾਤ ਦੀ ਲੁੱਟ ਖਤਮ ਕਰਨ ਦਾ ਹੋਕਾ ਦਿੰਦਾ ਹੈ। ਮਾਰਕਸਵਾਦ ਸਾਨੂੰ ਲੋਟੂਆਂ ਦੀ ਪਛਾਣ ਕਰਾ ਕੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਰਾਹ ਦੱਸਦਾ ਹੈ। ਰੂਸੀ ਇਨਕਲਾਬ ਤੋਂ 100 ਸਾਲ ਬਾਅਦ ਵੀ ਮਾਰਕਸਵਾਦ ਪੁਰਅਮਨ ਢੰਗ ਨਾਲ ਜਿਉਂਦੇ ਹੋਏ ਵਿਕਾਸ ਕਰਨ ਵੱਲ ਪ੍ਰੇਰਦਾ ਹੈ, ਪਰ ਸਾਮਰਾਜੀ ਸ਼ਕਤੀਆਂ ਸੰਸਾਰ ਦੇ ਵੱਖ-ਵੱਖ ਦੇਸ਼ਾਂ ਨੂੰ ਜੰਗ 'ਚ ਧੱਕ ਕੇ ਮੁਨਾਫ਼ੇ ਕਮਾਉਣ ਦੇ ਰਾਹ ਪਈਆਂ ਹੋਈਆਂ ਹਨ। ਅੱਜ ਦੇਸ਼ ਦਾ ਸੰਵਿਧਾਨ, ਜਮਹੂਰੀਅਤ, ਮਾਨਵਤਾ, ਨਿਆਂਇਕ ਵਿਵਸਥਾ ਅਤੇ ਸਾਂਝੀਵਾਲਤਾ ਖ਼ਤਰੇ 'ਚ ਹੈ। ਅੱਜ ਸਮੇਂ ਦੀ ਲੋੜ ਹੈ ਕਿ ਖੱਬੀਆਂ ਤੇ ਜਮਹੂਰੀ ਲੋਕ ਪੱਖੀ ਸ਼ਕਤੀਆਂ/ਤਾਕਤਾਂ ਇਕਜੁੱਟ ਹੋ ਕੇ ਸੰਘਰਸ਼ ਕਰਨ। ਸਮਾਗਮ ਦੌਰਾਨ ਗੁਰਨਾਮ ਕੰਵਰ ਅਤੇ ਭੁਪਿੰਦਰ ਸਿੰਘ ਨੇ ਵੀ ਵਿਚਾਰ ਪ੍ਰਗਟ ਕੀਤੇ। ਸਵਾਗਤੀ ਸ਼ਬਦ ਜਸਪਾਲ ਦੱਪਰ ਸਕੱਤਰ ਸੀ ਪੀ ਆਈ ਮੋਹਾਲੀ ਨੇ ਕਹੇ। ਅੰਤ 'ਚ ਧੰਨਵਾਦ ਮਤਾ ਰਾਜ ਕੁਮਾਰ ਸਕੱਤਰ ਸੀ ਪੀ ਆਈ ਚੰਡੀਗੜ੍ਹ ਨੇ ਪੇਸ਼ ਕੀਤਾ। ਉਪਰੋਕਤ ਤੋਂ ਇਲਾਵਾ ਦੇਵੀ ਦਿਆਲ ਸ਼ਰਮਾ, ਅੰਮ੍ਰਿਤਪਾਲ, ਪ੍ਰੀਤਮ ਸਿੰਘ ਹੁੰਦਲ, ਦਿਲਦਾਰ ਸਿੰਘ, ਗੁਰਦਿਆਲ ਸਿੰਘ, ਗੁਰਚਰਨ ਸਿੰਘ, ਕੇਹਰ ਸਿੰਘ, ਬਲਵਿੰਦਰ ਸਿੰਘ, ਮਹਿੰਦਰਪਾਲ ਸਿੰਘ, ਸੁਰਜੀਤ ਕੌਰ ਕਾਲੜਾ, ਰਮਿੰਦਰਪਾਲ ਸਿੰਘ, ਮਨੱਵਰ, ਲਾਲ ਜੀ ਲਾਲੀ, ਵਿਜੇ ਸ਼ਰਮਾ, ਸੁਭਾਸ਼ ਕੁਮਾਰ, ਗੁਰਮੁਖ ਸਿੰਘ, ਜਰਨੈਲ ਸਿੰਘ, ਗੁਰਚਰਨ ਸਿੰਘ (ਸੀ ਟੀ ਯੂ) ਅਤੇ ਸੇਵੀ ਰਾਇਤ ਸ਼ਾਮਲ ਹੋਏ। ਸਮਾਗਮ ਦੌਰਾਨ ਮੰਚ ਸੰਚਾਲਨ ਕਰਮ ਸਿੰਘ ਵਕੀਲ ਨੇ ਬਾਖ਼ੂਬੀ ਨਿਭਾਇਆ।

CMYK

7-May-Page-7.qxd 5/6/2023 10:44 PM Page 1



# ਕੀੜੀ ਅਫਗਾਨਾ ਕੋਲ ਬਣ ਰਹੇ ਨੈਸ਼ਨਲ ਹਾਈਵੇ 'ਤੇ ਵੱਡੇ ਪੁਲ ਦੇ ਨਾਲ ਛੋਟੇ ਪੁਲ ਦੀ ਮੰਗ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਰਹਿੰਦ ਨਹਿਰ ਦੇ ਕਿਨਾਰੇ ਪਿੰਡ ਕੀੜੀ ਅਫਗਾਨਾ ਕੋਲ ਬਣ ਰਹੇ ਨੈਸ਼ਨਲ ਹਾਈਵੇ 'ਤੇ ਲੱਗ ਰਹੇ ਵੱਡੇ ਪੁਲ ਦੇ ਨਾਲ ਛੋਟੇ ਪੁਲ ਦੀ ਮੰਗ ਸੰਬੰਧੀ ਇਸ ਇਲਾਕੇ ਦੇ 10 ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰ ਵਿਅਕਤੀਆਂ ਨੇ ਬੀ. ਕੇ. ਯੂ ਪੰਜਾਬ ਖੋਸਾ ਦੇ ਸੂਬਾ ਜਨਰਲ ਸਕੱਤਰ ਗੁਰਿੰਦਰ ਸਿੰਘ ਭੰਗੂ ਨਾਲ ਮੀਟਿੰਗ



ਕੀਤੀ। ਮੀਟਿੰਗ ਦੌਰਾਨ ਉਪਰੋਕਤ ਆਗੂ ਨੂੰ ਵੱਡੇ ਪੁਲ ਕਾਰਨ ਆਉਣ ਵਾਲੀ ਦਰਪੇਸ਼ ਮੁਸ਼ਕਲ ਬਾਰੇ ਦੱਸਿਆ ਕਿ ਇਸ ਬਣ ਰਹੇ ਨੈਸ਼ਨਲ ਹਾਈਵੇ ਦੇ ਦੋਵੇਂ ਪਾਸੇ 10 ਪਿੰਡਾਂ ਦੀਆਂ ਜ਼ਮੀਨਾਂ ਹੋਣ ਕਾਰਨ ਜ਼ਮੀਨ ਵਿੱਚ ਆਉਣ-ਜਾਣ ਵਾਸਤੇ ਲਗਭਗ ਦਸ ਪੰਦਰਾਂ ਕਿਲੋਮੀਟਰ ਦਾ ਸਫਰ ਤੈਅ ਕਰਨਾ ਪਵੇਗਾ, ਜ਼ਿੰਮੇਵਾਰ ਵਿਅਕਤੀਆਂ ਨੇ ਮੰਗ ਰੱਖੀ ਗਈ ਕਿ ਛੋਟਾ ਪੁਲ ਬਣਨ ਦੇ ਨਾਲ ਜਿਥੇ ਕਿਸਾਨਾਂ ਨੂੰ ਆਪਣੇ ਰੋਜ਼ ਦੇ ਕੰਮਕਾਜ ਖੇਤਾਂ ਵਿੱਚ ਕਰਨ ਲਈ 10,12 ਕਿਲੋਮੀਟਰ ਦੇ ਸਫਰ ਤੋਂ ਛੁਟਕਾਰਾ ਮਿਲੇਗਾ ਉਥੇ ਹੀ 50 ਪਿੰਡਾਂ ਦੇ ਰਾਹਗੀਰਾਂ ਨੂੰ ਵੀ ਆਉਣ ਜਾਣ ਲਈ ਵੱਡੀ ਰਾਹਤ ਮਿਲੇਗੀ, ਉਪਰੰਤ ਗੁਰਿੰਦਰ ਸਿੰਘ ਭੰਗੂ ਨੇ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਇਸ ਪੁਲ ਦੀ ਤੇ ਕਿਸਾਨਾਂ ਨੂੰ ਆਉਣ ਵਾਲੀ ਸਮੱਸਿਆ ਦੀ ਮੰਗ ਜਲਦੀ ਹੀ ਜਲ ਸਰੋਤ ਦੇ ਪ੍ਰਿਸੀਪਲ ਸੈਕਟਰੀ ਕ੍ਰਿਸ਼ਨ ਕੁਮਾਰ ਦੇ ਧਿਆਨ ਵਿੱਚ ਲਿਆਂਦੀ ਜਾਵੇਗੀ ਅਤੇ ਸਮਾਂ ਲੈ ਕੇ ਮੋਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਮੀਟਿੰਗ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਗੁਰਮੀਤ ਸਿੰਘ ਮਾਣੇਮਾਜਰਾ, ਗੁਰਿੰਦਰ ਸਿੰਘ ਕਤਲੋਰ, ਧੰਨਾ ਸਿੰਘ ਕਤਲੋਰ, ਮਲਕੀਤ ਸਿੰਘ ਬਸੀ ਗੁੱਜਰਾਂ, ਇਲਾਕੇ ਦੇ ਮੋਹਤਵਾਰ ਵਿਅਕਤੀ ਸੁਦਾਗਰ ਸਿੰਘ ਤੁੰਗ, ਹਰਨਾਮ ਸਿੰਘ ਕੀੜੀ ਅਫਗਾਨਾ, ਜਸਵੀਰ ਸਿੰਘ ਨੱਤ, ਦਰਸ਼ਨ ਸਿੰਘ ਮੱਲ੍ਹੀ, ਸ਼ਮਸ਼ੇਰ ਸਿੰਘ ਰਾਣੇਵਾਲ, ਬਲਵਿੰਦਰ ਸਿੰਘ ਨੰਬਰਦਾਰ, ਗੁਰਚਰਨ ਸਿੰਘ ਕੀੜੀ ਅਫਗਾਨਾ, ਕਮਲਜੀਤ ਸਿੰਘ ਨੰਬਰਦਾਰ, ਲਖਵੀਰ ਸਿੰਘ ਸਮਸਪੁਰ, ਮੇਜਰ ਸਿੰਘ ਸਮਸਪੁਰ, ਮਨਪ੍ਰੀਤ ਸਿੰਘ ਕੀੜੀ ਅਫਗਾਨਾ ਹਾਜ਼ਰ ਸਨ।

# ਮਿਆਰੀ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ 'ਚ ਆਮ ਆਦਮੀ ਕਲੀਨਿਕ ਮੀਲ ਪੱਥਰ ਸਾਬਤ ਹੋਏ : ਲਲਿਤ ਮੋਹਨ



**ਨਵਾਂਸ਼ਹਿਰ, (ਮਨੋਜ ਲਾਡੀ)**-ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਲਲਿਤ ਮੋਹਨ ਪਾਠਕ ਨੇ ਅੱਜ ਭਾਰਟਾ ਖੁਰਦ ਵਿਖੇ ਨਵੇਂ ਬਣਾਏ ਗਏ 'ਆਮ ਆਦਮੀ ਕਲੀਨਿਕ' ਦਾ ਲੋਕ ਅਰਪਣ ਕੀਤਾ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਵੀ ਮੌਜੂਦ ਸਨ। ਇਸ ਮੌਕੇ ਲਲਿਤ ਮੋਹਨ ਪਾਠਕ ਨੇ ਦੱਸਿਆ ਕਿ ਅਤਿ ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਇਹ ਕਲੀਨਿਕ ਲੋਕਾਂ ਨੂੰ ਵਿਸ਼ਵ ਪੱਧਰੀ ਇਲਾਜ ਅਤੇ ਜਾਂਚ ਸਹੂਲਤਾਂ ਮੁਫ਼ਤ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਕਲੀਨਿਕਾਂ ਨਾਲ ਪੰਜਾਬ ਵਿੱਚ ਸਿਹਤ ਸੰਭਾਲ ਢਾਂਚੇ 'ਚ ਮਿਸਾਲੀ ਸੁਧਾਰ ਹੋਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਪਹਿਲਾਂ ਹੀ 11 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਅਤੇ 6 ਨਵੇਂ ਕਲੀਨਿਕਾਂ ਨਾਲ ਹੁਣ ਆਮ ਆਦਮੀ ਕਲੀਨਿਕਾਂ ਦੀ ਗਿਣਤੀ 17 ਹੋ ਗਈ ਹੈ। ਜ਼ਿਲ੍ਹੇ ਵਿੱਚ ਹੁਣ ਤੱਕ 26,000 ਤੋਂ ਵੱਧ ਲੋਕਾਂ ਨੇ ਆਮ ਆਦਮੀ ਕਲੀਨਿਕਾਂ ਰਾਹੀਂ ਮੁਫਤ ਇਲਾਜ ਦੀਆਂ ਸਹੂਲਤਾਂ ਦਾ ਲਾਭ ਉਠਾਇਆ ਹੈ। ਇਹ ਕਲੀਨਿਕ ਲੋਕਾਂ ਦੇ ਘਰਾਂ ਦੇ ਨੇੜੇ ਹੋਣ ਕਰਕੇ ਆਮ ਲੋਕਾਂ ਲਈ ਬਹੁਤ ਸਹਾਈ ਸਿੱਧ ਹੋ ਰਹੇ ਹਨ। ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ ਇੱਕੋ ਛੱਤ ਹੇਠ ਓ.ਪੀ.ਡੀ. ਸੇਵਾਵਾਂ, ਟੀਕਾਕਰਨ ਸਹੂਲਤਾਂ, ਮਾਂ ਅਤੇ ਬੱਚੇ ਦੀਆਂ ਸੇਵਾਵਾਂ, ਪਰਵਾਰ ਨਿਯੋਜਨ ਦੀਆਂ ਸਹੂਲਤਾਂ, ਮੁਫ਼ਤ ਲੈਬ ਟੈਸਟ, ਮੁਫ਼ਤ ਦਵਾਈਆਂ ਆਮ ਲੋਕਾਂ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਦੱਸਿਆ ਕਿ ਇਹ ਕਲੀਨਿਕ ਆਮ ਬਿਮਾਰੀਆਂ, ਸੱਟਾਂ ਲਈ ਫਸਟ ਏਡ, ਡਰੈਸਿੰਗ ਅਤੇ ਜ਼ਖ਼ਮਾਂ ਦਾ ਇਲਾਜ ਕਰਕੇ ਆਊਟਡੋਰ ਮਰੀਜ਼ਾਂ ਨੂੰ ਦੇਖਭਾਲ ਪ੍ਰਦਾਨ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰਣਜੀਤ ਹਰੀਸ਼, ਮਨਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਮਨਦੀਪ ਸਿੰਘ, ਗੁਲਸ਼ਨ ਕੁਮਾਰ, ਰਵੀਇੰਦਰ ਸਿੰਘ, ਕੁਲਵੀਰ ਕੌਰ, ਊਸ਼ਾ ਰਾਣੀ, ਅਮਰਜੀਤ ਕੌਰ, ਕ੍ਰਿਸ਼ਨਾ, ਜਸਪਾਲ ਕੌਰ, ਰਜਨੀ, ਜਸਵੰਤ ਕੌਰ, ਸਰਪੰਚ, ਪ੍ਰਿਤਪਾਲ ਸਿੰਘ, ਜਸਵੀਰ ਸਿੰਘ ਉਟਾਲ, ਭੁਪਿੰਦਰ ਸਿੰਘ ਉੜਾਪੜ, ਸੁਖਪ੍ਰੀਤ ਸਿੰਘ, ਰਾਮ ਰਤਨ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਸੱਤ ਮਹੀਨੇ ਪਹਿਲਾਂ ਫੌਤ ਹੋ ਚੁੱਕੀ ਅਧਿਆਪਕਾ ਦਾ ਪੈਨਸ਼ਨ ਕੇਸ ਨਹੀਂ ਭੇਜਿਆ

## ਦੋਸ਼ੀ ਅਧਿਕਾਰੀਆਂ ਖਿਲਾਫ ਹੋਵੇ ਸਖਤ ਕਾਰਵਾਈ : ਮਾਵੀ

**ਮੋਹਾਲੀ , (ਗੁਰਜੀਤ ਬਿੱਲਾ)**- ਸੱਤ ਮਹੀਨੇ ਪਹਿਲਾਂ ਅਚਨਚੇਤੀ ਫੌਤ ਹੋ ਚੁੱਕੀ ਪ੍ਰਾਇਮਰੀ ਅਧਿਆਪਕਾ ਕਰਮਜੀਤ ਕੌਰ ਦਾ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਲਾਹਪ੍ਰਵਾਹੀ ਕਾਰਨ ਅਜੇ ਤੱਕ ਪੈਨਸ਼ਨ ਕੇਸ ਵੀ ਨਹੀਂ ਭੇਜਿਆ ਗਿਆ। ਇੱਥੇ ਹੀ ਬੱਸ ਨਹੀਂ ਸੰਬੰਧਤ ਅਧਿਆਪਕਾ ਦਾ ਅਧਿਆਪਕ ਪਤੀ ਵੀ ਆਪਣੇ ਸਕੂਲ ਲਈ ਮਿੱਡ ਡੇ ਮੀਲ ਲਈ ਸਮਾਨ ਲਿਆਉਣ ਜਾਂਦੇ ਸਮੇਂ ਹੋਏ ਹਾਦਸੇ ਉਪਰੰਤ ਲਗਭਗ ਇੱਕ ਦਹਾਕੇ ਭਰ ਤੋਂ ਕੋਮਾ ਦੀ ਹਾਲਤ ਵਿੱਚ ਪਿਆ ਹੈ। ਪੀੜਤ ਜੋੜੇ ਦੇ ਦੋ ਲੜਕੀਆਂ ਤੇ ਇੱਕ ਲੜਕਾ ਇਸ ਮੌਕੇ ਗੰਭੀਰ ਆਰਥਕ ਸੰਕਟ ਦਾ ਸਾਹਮਣਾ ਕਰਦੇ ਹੋਏ ਰਿਸ਼ਤੇਦਾਰਾਂ 'ਤੇ ਨਿਰਭਰ ਹੋਣ ਲਈ ਮਜਬੂਰ ਹਨ। ਇਸ ਸੰਬੰਧੀ ਲਿਖਤੀ ਪ੍ਰੈਸ ਬਿਆਨ ਰਾਹੀਂ ਵਿਸਥਾਰਪੂਰਵਕ ਗੱਲਬਾਤ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਫੌਤ ਹੋ ਚੁੱਕੀ ਅਧਿਆਪਕਾ ਕਰਮਜੀਤ ਕੌਰ ਮੋਹਾਲੀ ਜ਼ਿਲ੍ਹੇ ਦੇ ਪਿੰਡ ਨਵਾਂ ਸ਼ਹਿਰ ਵਿਖੇ ਬਤੌਰ ਈ ਟੀ ਟੀ ਅਧਿਆਪਕਾ ਸੇਵਾਵਾਂ ਨਿਭਾਅ ਰਹੀ ਸੀ ਤੇ ਬਾਰਾਂ ਸਤੰਬਰ ਦੋ ਹਜ਼ਾਰ ਬਾਈ ਨੂੰ ਉਸ ਦੀ ਮੌਤ ਹੋ ਗਈ ਸੀ। ਸੰਬੰਧਤ ਡੀ ਡੀ ਓ ਦੀ ਇਹ ਜ਼ਿੰਮੇਵਾਰੀ ਬਣਦੀ ਹੁੰਦੀ ਹੈ ਕਿ ਸਮੇਂ ਸਿਰ ਪੀੜਤ ਦੇ ਸਮੂਹ ਬਣਦੇ ਵਿਭਾਗੀ ਲਾਭ ਮ੍ਰਿਤਕ ਕਰਮਚਾਰੀ ਦੇ ਵਾਰਿਸਾਂ ਨੂੰ ਉਪਲਬਧ ਕਰਵਾਉਂਦੇ ਹੋਏ, ਉਨ੍ਹਾਂ ਦਾ ਪੈਨਸ਼ਨ ਕੇਸ ਏ ਜੀ ਪੰਜਾਬ ਨੂੰ ਭੇਜਿਆ ਜਾਵੇ। ਪ੍ਰੰਤੂ ਇਸ ਕੇਸ ਵਿੱਚ ਸਿੱਖਿਆ ਵਿਭਾਗ ਦੇ ਬਲਾਕ ਖਰੜ-2 ਦੇ ਅਧਿਆਕਰੀਆਂ, ਕਰਮਚਾਰੀਆਂ ਦੀ ਲਾਹਪ੍ਰਵਾਹੀ ਦੀ ਸਿਖਰ ਕਿਹਾ ਜਾ ਸਕਦਾ ਹੈ ਕਿ ਇਸ ਪਰਵਾਰ 'ਤੇ ਦੁੱਖਾਂ ਦਾ ਕਹਿਰ ਟੁੱਟਣ ਦੇ ਸੱਤ ਮਹੀਨੇ ਬੀਤਣ ਉਪਰੰਤ ਵੀ ਉਨ੍ਹਾਂ ਦਾ ਪੈਨਸ਼ਨ ਕੇਸ ਉੱਚ ਅਧਿਕਾਰੀਆਂ ਨੂੰ ਨਹੀਂ ਭੇਜਿਆ ਗਿਆ। ਸਾਬਕਾ ਅਧਿਆਪਕ ਆਗੂ ਨੇ ਸੁਆਲ ਖੜ੍ਹਾ ਕੀਤਾ ਕਿ ਇੱਕ ਪਾਸੇ ਤਾਂ ਸੂਬੇ ਅੰਦਰ ਬਦਲਾਅ ਦੇ ਨਾਹਰੇ ਹੇਠ ਬਣੀ ਸਰਕਾਰ ਵੱਲੋਂ ਨਿੱਤ ਦਿਨ ਲੋਕਸੇਵਾ ਦੇ ਦਮਗਜੇ ਮਾਰੇ ਜਾ ਰਹੇ ਹਨ,ਜਦੋਂ ਕਿ ਦੂਜੇ ਪਾਸੇ ਢੀਠ ਹੋ ਚੁੱਕੇ ਬਹੁਤਾਤ ਦਫਤਰੀ ਕਰਮਚਾਰੀ ਤੇ ਅਧਿਕਾਰੀ ਸਮੇਂ ਸਿਰ ਆਪਣੀ ਡਿਊਟੀ ਨਾ ਨਿਭਾਉਂਦੇ ਹੋਏ, ਅਜਿਹੇ ਪੀੜਤ ਪਰਵਾਰਾਂ ਨੂੰ ਬੇਲੋੜੇ ਆਰਥਕ ਸੰਕਟ 'ਚ ਧੱਕ ਰਹੇ ਹਨ। ਹਰਨੇਕ ਸਿੰਘ ਮਾਵੀ ਨੇ ਸਿੱਖਿਆ ਮੰਤਰੀ ਪੰਜਾਬ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਜਿੱਥੇ ਪੀੜਤ ਪਰਵਾਰ ਨੂੰ ਸਮੂਹ ਬਣਦੀਆਂ ਸਹੂਲਤਾਂ ਵਿਆਜ ਸਮੇਤ ਤੁਰੰਤ ਦਿੱਤੀਆਂ ਜਾਣ ਉੱਥੇ ਇਸ ਅਣਗਹਿਲੀ ਲਈ ਜ਼ਿੰਮੇਵਾਰ ਅਧਿਕਾਰੀ, ਕਰਮਚਾਰੀ ਦੀ ਤਨਖਾਹ ਵਿੱਚੋਂ ਬਣਦੇ ਵਿਆਜ ਦੀ ਕਟੌਤੀ ਕਰਕੇ ਉਨ੍ਹਾਂ ਨੂੰ ਮਿਸਾਲੀ ਵਿਭਾਗੀ ਸਜ਼ਾ ਦਿੰਦੇ ਹੋਏ ਜਨਤਾ ਸਾਹਮਣੇ ਇੱਕ ਬਦਲਾਅ ਦੀ ਉਦਾਹਰਣ ਪੇਸ਼ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਕਰਮਚਾਰੀ ਜਾਂ ਅਧਿਕਾਰੀ ਅਜਿਹੀ ਬੱਜਰ ਗਲਤੀ ਦੁਹਰਾਉਣ ਦੀ ਕੁਤਾਹੀ ਨਾ ਕਰੇ।

# ਐੱਸ ਡੀ ਕਾਲਜ 'ਚ ਅੰਤਰਰਾਸ਼ਟਰੀ ਵੈਬੀਨਾਰ ਕਰਵਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)**-ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ, ਜਲੰਧਰ ਵਿਖੇ ਹਿਸਟਰੀ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ। ਵੈਬੀਨਾਰ ਦਾ ਵਿਸ਼ਾ "ਦੁੱਲਾ ਭੱਟੀ: ਇੱਕ ਮਿਥਿਹਾਸਕ ਕਿਰਦਾਰ ਜਾਂ ਇੱਕ ਅਸਲੀ ਹੀਰੋ ?" ਸੀ। ਇਸ ਦਿਨ ਦੇ ਮੁੱਖ ਬੁਲਾਰੇ ਡਾ. ਮਜਹਰ ਅੱਬਾਸ, ਹਿਸਟਰੀ ਵਿਭਾਗ, ਸਰਕਾਰੀ ਕਾਲਜ ਯੂਨੀਵਰਸਿਟੀ ਫੈਸਲਾਬਾਦ, ਪਾਕਿਸਤਾਨ ਤੋਂ ਸਨ। ਵੈਬੀਨਾਰ ਦੀ ਕੋ-ਕਨਵੀਨਰ ਸ੍ਰੀਮਤੀ ਕਵਲਜੀਤ ਕੌਰ ਨੇ ਬੁਲਾਰਿਆਂ ਦੀ ਜਾਣ ਪਛਾਣ ਕਰਵਾਈ। ਡਾ: ਮਜਹਰ ਅੱਬਾਸ ਨੇ ਵਿਸ਼ੇ 'ਤੇ ਪ੍ਰਭਾਵਸ਼ਾਲੀ ਲੈਕਚਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਦੁੱਲਾ ਭੱਟੀ ਇੱਕ ਇਤਿਹਾਸਕ ਸ਼ਖ਼ਸੀਅਤ ਹੈ ਜਿਸ ਨੇ ਪੰਜਾਬ ਦੇ ਸੱਭਿਆਚਾਰ ਦੇ ਇਤਿਹਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਸੰਕਲਪ ਨੂੰ ਵਿਸਥਾਰ ਨਾਲ ਸਮਝਾਉਣ ਲਈ ਪੀਪੀਟੀ ਵੀ ਦਿਖਾਈ। ਵੈਬੀਨਾਰ ਵਿੱਚ ਪਾਕਿਸਤਾਨ ਦੇ ਡੈਲੀਗੇਟ ਵੀ ਸ਼ਾਮਲ ਹੋਏ। ਵੈਬੀਨਾਰ ਦੀ ਕਨਵੀਨਰ ਡਾ: ਰੇਣੂ ਬਾਲਾ ਨੇ ਸਰੋਤਿਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ:) ਪੂਜਾ ਪਰਾਸ਼ਰ ਨੇ ਵੈਬੀਨਾਰ ਦੇ ਸਫਲਤਾਪੂਰਵਕ ਸੰਚਾਲਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਡੀ ਸੀ ਰੰਧਾਵਾ ਵੱਲੋਂ ਖਟਕੜ ਕਲਾਂ ਵਿਖੇ ਆਮ ਆਦਮੀ ਕਲੀਨਿਕ ਦੀ ਸ਼ੁਰੂਆਤ

**ਖਟਕੜ ਕਲਾਂ (ਅਵਤਾਰ ਕਲੇਰ)** ਪੰਜਾਬ ਸਰਕਾਰ ਵੱਲੋਂ ਆਪਣੀ ਵਚਨਬੱਧਤਾ ਅਨੁਸਾਰ ਪਿੰਡਾਂ 'ਚ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਛੇ ਹੋਰ ਆਮ ਆਦਮੀ ਕਲੀਨਿਕ ਲੋਕ ਸੇਵਾ 'ਚ ਅਰਪਿਤ ਕੀਤੇ ਗਏ ਹਨ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ



ਜੱਦੀ ਪਿੰਡ ਖਟਕੜ ਕਲਾਂ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਦਾ ਰਸਮੀ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਖਟਕੜ ਕਲਾਂ ਤੋਂ ਇਲਾਵਾ ਜ਼ਿਲ੍ਹੇ 'ਚ ਜਿਨ੍ਹਾਂ ਹੋਰ ਆਮ ਆਦਮੀ ਕਲੀਨਿਕਾਂ ਨੂੰ ਲੋਕਾਂ ਦੀ ਸੇਵਾ 'ਚ ਅਰਪਿਤ ਕੀਤਾ ਗਿਆ ਹੈ, ਉਨ੍ਹਾਂ 'ਚ ਭਾਰਟਾ ਖੁਰਦ, ਪਨਿਆਲੀ, ਕਮਾਮ, ਔੜ ਅਤੇ ਸੰਧਵਾਂ-ਫਰਾਲਾ ਸ਼ਾਮਲ ਹਨ। ਇਸ ਤਰ੍ਹਾਂ ਹੁਣ ਜ਼ਿਲ੍ਹੇ ਵਿੱਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ 17 ਹੋ ਗਈ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਮਰੀਜ਼ਾਂ ਦੀ ਸਹੂਲਤ ਲਈ ਬੁਨਿਆਦੀ ਢਾਂਚਾ, ਮੈਡੀਕਲ ਸਾਜ਼ੋ-ਸਾਮਾਨ, ਬਿਜਲਈ ਉਪਕਰਨ, ਡਾਕਟਰ ਦਾ ਕਮਰਾ, ਫਾਰਮੇਸੀ ਅਤੇ ਸੈਂਪਲ ਕਲੈਕਸ਼ਨ ਰੂਮ ਅਤੇ ਰਿਸੈਪਸ਼ਨ-ਕਮ-ਵੇਟਿੰਗ ਏਰੀਆ ਅਤੇ ਟਾਇਲਟ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਕਲੀਨਿਕ ਪੇਂਡੂ ਖੇਤਰ ਵਿੱਚ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨੂੰ ਪੂਰਾ ਕਰਨਗੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿਖੇ 78 ਤਰ੍ਹਾਂ ਦੀਆਂ ਦਵਾਈਆਂ ਉਪਲਬਧ ਕਰਵਾਉਣ ਤੋਂ ਇਲਾਵਾ ਐਚ ਬੀ, ਬਲੱਡ ਸ਼ੂਗਰ, ਬਲੱਡ ਗਰੁੱਪ, ਐਚ ਆਈ ਵੀ, ਐਚ ਸੀ ਵੀ (ਕਾਲਾ ਪੀਲੀਆ), ਐਚ ਬੀ ਐਸ ਏ ਜੀ (ਜਿਗਰ ਦੀਆਂ ਬਿਮਾਰੀਆਂ ਨਾਲ ਸਬੰਧਤ), ਵੀ ਡੀ ਆਰ ਐਲ (ਗਰਭ ਦੌਰਾਨ ਜਾਂਚ), ਪਿਸ਼ਾਬ ਰਾਹੀਂ ਸ਼ੂਗਰ ਦੀ ਜਾਂਚ, ਪਿਸ਼ਾਬ ਰਾਹੀਂ ਅਲਬੁਮੇਨ ਦੀ (ਪੀਲੀਆ) ਜਾਂਚ, ਪਿਸ਼ਾਬ ਰਾਹੀਂ ਗਰਭ ਦੀ ਜਾਂਚ, ਖੂਨ ਰਾਹੀਂ ਮਲੇਰੀਆ ਦੀ ਜਾਂਚ ਆਦਿ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਜ਼ਿਲ੍ਹੇ ਵਿੱਚ ਆਮ ਆਦਮੀ ਕਲੀਨਿਕ ਸ਼ੁਰੂ ਹੋਏ ਹਨ, ਨੇੜਲੇ ਖੇਤਰਾਂ ਦੇ 90 ਪ੍ਰਤੀਸ਼ਤ ਮਰੀਜ਼ਾਂ ਦਾ ਇੱਥੇ ਇਲਾਜ ਕੀਤਾ ਜਾ ਰਿਹਾ ਹੈ, ਜਿਸ ਨਾਲ ਕਮਿਊਨਿਟੀ ਹੈਲਥ ਸੈਂਟਰਾਂ ਅਤੇ ਸਬ ਡਵੀਜ਼ਨਲ ਅਤੇ ਜ਼ਿਲ੍ਹਾ ਹਸਪਤਾਲਾਂ 'ਤੇ ਬੋਝ ਘਟਿਆ ਹੈ। ਰੰਧਾਵਾ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਪੰਜਾਬ ਦੇ ਸਿਹਤ ਖੇਤਰ ਵਿੱਚ ਆਮ ਆਦਮੀ ਨੂੰ ਲਾਭ ਪਹੁੰਚਾਉਣ ਲਈ ਇੱਕ ਵੱਡਾ ਕਦਮ ਹੈ। ਇਨ੍ਹਾਂ ਕਲੀਨਿਕਾਂ ਦੇ ਸ਼ੁਰੂ ਹੋਣ ਨਾਲ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਵਿੱਚ ਮਿਸਾਲੀ ਸੁਧਾਰ ਹੋਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਰਜਕਾਰੀ ਸਿਵਲ ਸਰਜਨ ਡਾ. ਜਸਦੇਵ ਸਿੰਘ, ਆਮ ਆਦਮੀ ਕਲੀਨਿਕ ਖਟਕੜ ਕਲਾਂ ਦੇ ਇੰਚਾਰਜ ਡਾਕਟਰ ਸਰਬਜੀਤ ਸਿੰਘ, ਸਮੂਹ ਸਟਾਫ਼, ਖਟਕੜ ਕਲਾਂ ਦੀ ਸਰਪੰਚ ਕੁਲਵਿੰਦਰ ਕੌਰ ਅਤੇ ਸਮੁੱਚੀ ਪੰਚਾਇਤ, ਬੰਗਾ ਤੋਂ ਐਮ ਸੀ ਨਰਿੰਦਰਜੀਤ ਰੱਤੂ, ਸੁਰਿੰਦਰ ਘਈ, ਮੀਨੂ ਅਰੋੜਾ, ਆਪ ਆਗੂ ਸਾਹਿਲ ਅਰੋੜਾ ਅਤੇ ਬਿੰਦਰ ਜੀਤ ਕੌਰ, ਹੈਲਥ ਇੰਸਪੈਕਟਰ ਮਲਕੀਤ ਸਿੰਘ ਤੇ ਬੀ ਈ ਈ ਵਿਕਾਸ ਵਿਰਦੀ ਸਮੇਤ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਅਤੇ ਕਾਰਜਕਾਰੀ ਸਿਵਲ ਸਰਜਨ ਵੱਲੋਂ ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਸਮਾਗਮ 'ਚ ਹਾਜ਼ਰ ਪਤਵੰਤਿਆਂ ਦਾ ਹਾਰ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਅਤੇ ਇਸ ਕਲੀਨਿਕ ਨੂੰ ਮੁਕੰਮਲ ਕਰਕੇ ਲੋਕ ਅਰਪਣ ਕਰਨ 'ਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਬੁੱਧ ਵਿਹਾਰ ਸਿਧਾਰਥ ਨਗਰ ਵਿਖੇ ਬੁੱਧ ਪੂਰਨਿਮਾ ਮਨਾਈ

**ਜਲੰਧਰ**-ਡਾ ਬੀ ਆਰ ਅੰਬੇਡਕਰ ਮੈਮੋਰੀਅਲ ਟਰੱਸਟ ਰਜਿ ਵੱਲੋਂ ਬੁੱਧ ਵਿਹਾਰ ਸਿਧਾਰਥ ਨਗਰ ਵਿੱਚ ਬੁੱਧ ਪੂਰਨਿਮਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ, ਜਿਸ ਵਿੱਚ ਭਾਰੀ ਗਿਣਤੀ 'ਚ ਬੁੱਧ ਦੇ ਪੈਰੋਕਾਰਾਂ ਨੇ ਹਿੱਸਾ ਲਿਆ।

ਪ੍ਰੋਗਰਾਮ ਦੀ ਸ਼ੁਰੂਆਤ ਭੰਤੇ ਰੇਵਤ ਜੀ ਨੇ ਤ੍ਰਿਸ਼ਰਣ ਅਤੇ ਪੰਚਸ਼ੀਲ ਦੇ ਉਚਾਰਣ ਨਾਲ ਕੀਤੀ ਅਤੇ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਉੱਪਰ ਚਾਨਣਾ ਪਾਇਆ। ਸਰਵਸ੍ਰੀ ਰਾਮ ਲਾਲ ਦਾਸ, ਹਰਮੇਸ਼ ਜੱਸਲ, ਰਾਮਨਾਥ ਸੁੰਡਾ, ਸੁਰਿੰਦਰ ਕੁਮਾਰ, ਅਸ਼ੋਕ ਕਲੇਰ, ਸਤਵਿੰਦਰ ਮਦਾਰਾ ਅਤੇ ਪ੍ਰਗਿਆਦੀਪ। ਵਿਦਵਾਨਾਂ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਅੱਜ ਵਿਸ਼ਵ ਭਰ ਵਿੱਚ ਤੀਜੀ ਪ੍ਰਮਾਣੂ ਜੰਗ ਦੇ ਹਾਲਾਤ ਬਣੇ ਹੋਏ ਹਨ। ਅੱਜ ਸੰਸਾਰ ਨੂੰ ਬੁੱਧ ਸੰਦੇਸ਼ ਹੀ ਬਚਾ ਸਕਦਾ ਹੈ। ਸ੍ਰੀ ਹਰਮੇਸ਼ ਜੱਸਲ ਨੇ ਪੰਜਾਬ ਦੇ ਪ੍ਰਾਚੀਨ ਇਤਿਹਾਸ ਉੱਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੰਘੋਲ ਦੀ ਤਰ੍ਹਾਂ ਪੰਜਾਬ ਦੇ ਕਈ ਹੋਰ ਥਾਵਾਂ ਤੋਂ ਬੁੱਧ ਦੇ ਸਿੱਕੇ ਅਤੇ ਅਵਸ਼ੇਸ਼ ਮਿਲਦੇ ਹਨ। ਪੁਰਾਤੱਤਵ ਵਿਭਾਗ, ਜੇ ਪੰਜਾਬ ਦੇ ਥੇਹਾਂ ਦੀ ਖੁਦਵਾਈ ਕਰਵਾਏ ਤਾਂ ਬਹੁਤ ਸਾਰੇ ਬੋਧੀ ਅਵਸ਼ੇਸ਼ ਮਿਲਣਗੇ, ਜੋ ਪੰਜਾਬ ਦੇ ਪ੍ਰਾਚੀਨ ਇਤਿਹਾਸ ਉੱਪਰ ਨਵੀਂ ਰੋਸ਼ਨੀ ਪਾਉਣਗੇ।

# ਕਟਾਰੂ ਚੱਕ ਨੂੰ ਬਰਖਾਸਤ ਕਰਕੇ ਕੀਤਾ ਜਾਵੇ ਗ੍ਰਿਫਤਾਰ : ਮਜੀਠੀਆ

**ਜਲੰਧਰ, (ਸ਼ੈਲੀ ਐਲਬਰਟ)** ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਬਰਖਾਸਤ ਕਰ ਕੇ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਕਿਉਂਕਿ ਹੁਣ ਇਹ ਹੈਰਾਨੀਜਨਕ ਖੁਲਾਸਾ ਹੋ ਗਿਆ ਹੈ ਕਿ ਮੰਤਰੀ ਨੇ ਨਾਬਾਲਗ ਨਾਲ ਬਦਫੈਲੀ ਕੀਤੀ ਤੇ ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਉਹ ਅਜਿਹਾ ਘਿਨੌਣਾ ਅਪਰਾਧ ਕਰਨ ਵਾਲੇ ਦੋਸ਼ੀ ਦਾ ਬਚਾਅ ਕਿਉਂ ਕਰ ਰਹੇ ਹਨ। ਕਰਤਾਰਪੁਰ ਵਿਧਾਨ ਸਭਾ ਹਲਕੇ ਵਿਚ ਅਕਾਲੀ ਦਲ ਤੇ ਬਸਪਾ ਗਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿਚ ਪ੍ਰਚਾਰਕ ਕਰਦਿਆਂ ਸਾਬਕਾ ਮੰਤਰੀ ਨੇ ਕਿਹਾ ਕਿ ਹੁਣ ਜਦੋਂ ਕਟਾਰੂਚੱਕ ਵੱਲੋਂ ਪੀੜਤ ਬਣਾਇਆ ਗਿਆ ਵਿਅਕਤੀ ਸਾਹਮਣੇ ਆ ਗਿਆ ਹੈ ਮੰਤਰੀ ਦੀ ਅਸ਼ਲੀਲ ਵੀਡੀਓ ਜੋ ਪੰਜਾਬ ਦੇ ਰਾਜਪਾਲ ਨੂੰ ਸੌਂਪੀ ਗਈ ਹੈ, ਉਹ ਅਸਲ ਹੈ। ਉਹਨਾਂ ਕਿਹਾ ਕਿ ਇਹ ਵੀਡੀਓ ਹੁਣ ਪਲਿਸ ਕੋਲ ਵੀ ਮੌਜੂਦ ਹੈ ਤਾਂ ਇਸਦੀ ਜਾਂਚ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਨੇ ਹੁਣ ਤੱਕ ਇਸ ਮਾਮਲੇ ਵਿਚ ਕਾਰਵਾਈ ਨਹੀਂ ਕੀਤੀ। ਸਾਬਕਾ ਮੰਤਰੀ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪ ਵੱਲੋਂ ਫੈਲਾਏ ਜਾ ਰਹੇ ਝੂਠ ਤੋਂ ਚੌਕਸ ਰਹਿਣ।

# ਦਿੱਵਿਆ ਦੀ ਪੜ੍ਹਾਈ ਦਾ ਖਰਚਾ ਉਠਾਉਣਗੇ ਪ੍ਰਵਾਸੀ ਭਾਰਤੀ

**ਫਿਲੌਰ (ਨਿਰਮਲ)**- ਫਿਲੌਰ ਵਿਖੇ ਸਥਿਤ ਦਰਬਾਰ ਚਿਸਤੀ ਸਾਬਰੀ ਡੇਰਾ ਬਾਬਾ ਬ੍ਰਹਮ ਦਾਸ ਜੀ ਦੇ ਮੁੱਖ ਸੇਵਾਦਾਰ ਬਾਬਾ ਜਸਪਾਲ ਜੀ ਵੱਲੋਂ ਡੇਰਾ ਬਾਬਾ ਬ੍ਰਹਮ ਦਾਸ ਪਬਲਿਕ ਸਕੂਲ ਦੀ 8ਵੀਂ ਜਮਾਤ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਲੜਕੀ ਦਿਵਿਆ ਨੂੰ ਸਿਲਵਰ ਮੈਡਲ ਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਲੜਕੀ ਨੇ ਆਪਣੇ ਮਾਂ-ਬਾਪ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਲੜਕੀ ਦਿਵਿਆ ਦੀ ਪੜ੍ਹਾਈ 'ਚ ਲਗਨ ਨੂੰ ਦੇਖਦੇ ਪ੍ਰਵਾਸੀ ਭਾਰਤੀ ਲਛਮਣ ਸਿੰਘ ਬੰਗੜ ਤੇ ਡਾਕਟਰ ਵਿਜੇ ਬੰਗੜ ਯੂ ਕੇ ਵੱਲੋਂ ਪੜ੍ਹਾਈ ਦਾ ਸਾਰਾ ਖਰਚਾ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਸਕੂਲ ਮਨੇਜਮੈਂਟ ਕਮੇਟੀ, ਸਮੂਹ ਸਕੂਲ ਸਟਾਫ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਔਰਤ ਪਹਿਲਵਾਨਾਂ ਦੇ ਧਰਨੇ ਦੀ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਹਮਾਇਤ

**ਜਲੰਧਰ (ਸ਼ੈਲੀ ਐਲਬਰਟ)** ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ,ਜਨਰਲ ਸਕੱਤਰ ਗਣੇਸ਼ ਭਗਤ, ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈਸ ਸਕੱਤਰ ਰਗਜੀਤ ਸਿੰਘ, ਸੀਨੀਅਰ ਮੀਤ




ਪ੍ਰਧਾਨ ਬਲਜੀਤ ਸਿੰਘ ਕੁਲਾਰ, ਗੁਰਿੰਦਰ ਸਿੰਘ ਆਦਮਪੁਰ, ਤੀਰਥ ਸਿੰਘ ਬਾਸੀ,ਪ.ਸ.ਸ.ਫ.ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ,ਵਿੱਤ ਸਕੱਤਰ ਅਕਲ ਚੰਦ ਸਿੰਘ, ਪ੍ਰੈਸ ਸਕੱਤਰ ਪਰਨਾਮ ਸਿੰਘ ਸੈਣੀ, ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਅਤੇ ਕੋ ਕਨਵੀਨਰ ਦਿਲਬਾਗ ਸਿੰਘ ਵਲੋਂ ਜੰਤਰ ਮੰਤਰ ਧਰਨੇ ਵਿੱਚ ਯੋਨ ਸ਼ੋਸ਼ਣ ਦਾ ਸ਼ਿਕਾਰ ਔਰਤ ਪਹਿਲਵਾਨਾਂ ਦੇ ਧਰਨੇ ਦੀ ਪੁਰਜੋਰ ਹਿਮਾਇਤ ਕਰਦੇ ਹੋਏ ਪਹਿਲਵਾਨਾਂ 'ਤੇ ਦਿੱਲੀ ਪੁਲਸ ਵਲੋਂ ਕੀਤੇ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਇੱਕ ਪਾਸੇ ਸਖਤ ਮਿਹਨਤ ਕਰਕੇ ਪਹਿਲਵਾਨ ਮੈਡਲ ਜਿੱਤ ਕੇ ਭਾਰਤ ਦਾ ਨਾਂਅ ਰੌਸ਼ਨ ਕਰ ਰਹੇ ਹਨ ਅਤੇ ਦੂਜੇ ਪਾਸੇ ਭਾਜਪਾ ਦੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਰਗੇ ਨੇਤਾ ਪਹਿਲਵਾਨ ਧੀਆਂ ਦਾ ਯੌਨ ਸ਼ੋਸ਼ਣ ਕਰਦੇ ਹਨ, ਜਦੋਂ ਪ੍ਰਧਾਨ ਦੇ ਖਿਲਾਫ ਇਕੱਠੇ ਹੋ ਕੇ ਉਸਨੂੰ ਅਹੁਦੇ ਤੋਂ ਹਟਾਉਣ ਲਈ ਸੰਘਰਸ਼ ਕਰਨ ਤਾਂ ਦਿੱਲੀ ਪੁਲਸ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਲਾਠੀਚਾਰਜ ਕਰਦੀ ਹੈ।

ਇਹ ਲੋਕਤੰਤਰਿਕ ਅਤੇ ਸੰਵਿਧਾਨਕ ਹੱਕਾਂ ਦੀ ਹੱਤਿਆ ਕਰਨ ਦੇ ਬਰਾਬਰ ਹੈ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵਲੋਂ ਜੋਰਦਾਰ ਢੰਗ ਨਾਲ ਇਹ ਮੰਗ ਕੀਤੀ ਜਾਂਦੀ ਹੈ ਕਿ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਤੁਰੰਤ ਅਹੁਦੇ ਤੋਂ ਹਟਾ ਕੇ ਉਸ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ।

# ਕਾਂਗਰਸੀ ਪਰਵਾਰਾਂ ਨੇ ਸਰਪੰਚ ਹਰਕੰਵਲ ਸਿੰਘ ਦੀ ਅਗਵਾਈ ਹੇਠ ਫੜਿਆ 'ਆਪ' ਦਾ ਝਾੜੂ

**ਫਿਲੌਰ, (ਨਿਰਮਲ)**-ਆਮ ਆਦਮੀ ਪਾਰਟੀ ਵਲੋਂ ਜਲੰਧਰ ਜ਼ਿਮਨੀ ਚੋਣ ਨੂੰ ਲੈਕੇ ਪਾਰਟੀ ਉਮੀਦਵਾਰ ਸ਼ੁਸ਼ੀਲ ਰਿੰਕੂ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ 'ਆਪ' ਦੀਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੇ ਪਿਛਲੇ ਇਕ ਸਾਲ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਹਲਕਾ ਫਿਲੌਰ ਦੇ ਬਹੁਤ ਸਾਰੇ ਕਾਂਗਰਸੀ ਪਰਵਾਰ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ। ਇਸ ਮੌਕੇ ਭੁੱਚੋ ਹਲਕੇ ਦੇ ਐਮਐਲਏ ਮਾਸਟਰ ਜਗਸੀਰ ਸਿੰਘ ਨੇ ਇਨ੍ਹਾਂ ਪਰਵਾਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਸਵਾਗਤ ਕਰਕੇ ਉਨ੍ਹਾਂ ਦੀਆਂ ਚੋਣ ਪ੍ਰਚਾਰ ਲਈ ਡਿਊਟੀਆਂ ਲਗਾਈਆਂ। ਸਰਪੰਚ ਹਰਕੰਵਲ ਸਿੰਘ ਬੇਗਮਪੁਰ ਨੇ ਕਿਹਾ ਕਿ ਸਾਡੀ ਟੀਮ 10 ਮਈ ਨੂੰ ਇਲਾਕੇ ਦੇ ਹਰ ਇੱਕ ਬੂਥ 'ਤੇ ਪੂਰੀ ਤਨਦੇਹੀ ਨਾਲ ਜਿੰਮੇਵਾਰੀ ਨਿਭਾਏਗੀ। ਉਨ੍ਹਾਂ ਦਾਅਵਾ ਕੀਤਾ ਕਿ ਆਪ ਉਮੀਦਵਾਰ ਸ਼ੁਸ਼ੀਲ ਰਿੰਕੂ ਫਿਲੌਰ ਹਲਕੇ ਤੋਂ ਵੱਡੀ ਲੀਡ ਪ੍ਰਾਪਤ ਕਰਨਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾਈ ਬੁਲਾਰੇ ਤੇ ਚੇਅਰਮੈਨ ਨੀਲ ਗਰਗ, ਚੇਅਰਮੈਨ ਅਨਿਲ ਠਾਕੁਰ ਸਮੇਤ ਐਡਵੋਕੇਟ ਗੁਰਪ੍ਰੀਤ ਸਿੰਘ, ਸੁਖਜਿੰਦਰ ਰੋਮਾਣਾ, ਚਮਨ ਲਾਲ ਹੈਪੀ, ਮਾਸਟਰ ਸੁਖਦੀਪ ਸਿੰਘ, ਵਿਧਾਇਕ ਦੇ ਪੀਏ ਮਿੱਤਲ, ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੀ।

# ਪ੍ਰਾਈਵੇਟ ਕੰਪਨੀਆਂ ਮੁਨਾਫ਼ੇ ਲਈ ਹੀ ਕਰਦੀਆਂ ਨੇ ਕੰਮ : ਪ੍ਰੋ ਜੈਪਾਲ ਸਿੰਘ

**ਗੁਰਾਇਆ (ਬਿੰਦਰ ਸੁਮਨ)**: ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ) ਵਲੋਂ ਪਿੰਡ ਰੁੜਕਾ ਕਲਾਂ ਵਿਖੇ 'ਨਵ ਉਦਾਰਵਾਦੀ ਨੀਤੀਆਂ ਦੇ ਦੌਰ 'ਚ ਨੌਜਵਾਨਾਂ 'ਤੇ ਪ੍ਰਭਾਵ' ਵਿਸ਼ੇ 'ਤੇ ਇੱਕ ਸੈਮੀਨਾਰ ਕਰਵਾਇਆ ਗਿਆ। ਜਿਸ ਨੂੰ ਪ੍ਰੋ ਜੈਪਾਲ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਸਰਮਾਏਦਾਰ ਪ੍ਰਬੰਧ ਮੁਨਾਫੇ ਅਧਾਰਤ ਹੈ ਜਦੋਂ ਕਿ ਸਮਾਜਵਾਦੀ ਪ੍ਰਬੰਧ ਸਮਾਜ ਦੇ ਭਲੇ ਲਈ ਹੁੰਦਾ ਹੈ। ਇਸ ਮੁਨਾਫੇ ਨੂੰ ਵਧਾਉਣ ਲਈ ਹੀ ਸੰਸਾਰ ਦੀਆਂ ਜੰਗਾਂ ਲੱਗ ਚੁੱਕੀਆਂ ਹਨ ਅਤੇ ਹੁਣ ਅਜੋਕੇ ਦੌਰ 'ਚ ਨਵਉਦਾਰਵਾਦ ਦੇ ਨਾਂਅ ਹੇਠ ਸੰਸਾਰ ਭਰ ਦੀਆਂ ਕੰਪਨੀਆਂ ਆਪਣੀ ਲੁੱਟ ਮਚਾਉਣ ਲਈ ਰਾਹ ਪੱਧਰਾ ਕਰਕੇ ਬੈਠੀਆਂ ਹਨ। ਪ੍ਰੋ ਜੈਪਾਲ ਸਿੰਘ ਨੇ ਅੱਗੇ ਕਿਹਾ ਕਿ ਤਿੰਨ ਕਾਲੇ ਕਾਨੂੰਨ ਵੀ ਅਜਿਹੀਆਂ ਨੀਤੀਆਂ ਦੇ ਸਿੱਟੇ ਵਜੋਂ ਹੀ ਆਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੀਤੀਆਂ ਦਾ ਦੁਰਪ੍ਰਭਾਵ ਸਿਰਫ਼ ਨੌਜਵਾਨਾਂ 'ਤੇ ਹੀ ਨਹੀਂ ਪੈਣਾ ਸਗੋਂ ਸਮਾਜ ਦੇ ਹਰ ਵਰਗ 'ਤੇ ਪੈਣਾ ਹੈ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਿੰਘ



ਸੰਧੂ ਨੇ ਕਿਹਾ ਕਿ ਇਨ੍ਹਾਂ ਨੀਤੀਆਂ ਦਾ ਵਿਰੋਧ ਸੰਘਰਸ਼ ਰਾਹੀਂ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਹਾਕਮ ਧਿਰਾਂ ਤੋਂ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਸੰਧੂ ਨੇ ਕਿਹਾ ਕਿ ਹਾਕਮ ਧਿਰਾਂ ਚਾਹੇ ਜਿਸ ਵੀ ਰੰਗ ਦੀਆਂ ਹੋਣ, ਇਨ੍ਹਾਂ ਦਾ ਨਿਸ਼ਾਨਾਂ ਲੋਕਾਂ ਦਾ ਭਲਾ ਕਰਨਾ ਨਹੀਂ ਸਗੋਂ ਲੁੱਟ ਖਸੁੱਟ ਵਧਾਉਣਾ ਹੀ ਹੈ। ਇਸ ਸੈਮੀਨਾਰ ਦੀ ਪ੍ਰਧਾਨਗੀ ਗਿਆਨ ਸਿੰਘ ਰੁੜਕਾ ਨੇ ਕੀਤੀ। ਇਸ ਮੌਕੇ ਸ਼ਿਵ ਤਿਵਾੜੀ, ਸੰਤੋਖ ਸਿੰਘ ਬਿਲਗਾ, ਡਾ. ਸਰਬਜੀਤ ਮੁਠੱਡਾ ਨੇ ਵੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸੈਮੀਨਾਰਾਂ ਦੀ ਲੜੀ ਜਾਰੀ ਰਹੇਗੀ, ਜਿਸ ਤਹਿਤ 7 ਮਈ ਨੂੰ ਖੇਤੀ ਸੰਕਟ ਅਤੇ ਹੱਲ੍ਹ ਵਿਸ਼ੇ 'ਤੇ ਬਿਲਗਾ ਵਿਖੇ ਅਤੇ ਭਾਰਤ ਦਾ ਦਲਿਤ ਇਤਿਹਾਸ ਵਿਸ਼ੇ 'ਤੇ 17 ਮਈ ਨੂੰ ਫਿਲੌਰ ਵਿਖੇ ਸੈਮੀਨਾਰ ਹੋਵੇਗਾ।

# ਅਕਾਲੀ ਦਲ ਛੱਡ ਕੇ ਪੰਡੋਰੀ ਦੀ ਅਗਵਾਈ 'ਚ ਆਪ 'ਚ ਸ਼ਾਮਲ

**ਮਹਿਤਪੁਰ (ਰਾਜਾ)** ਮਹਿਤਪੁਰ ਵਿਖੇ ਅਕਾਲੀ ਦਲ ਦੇ ਮੈਂਬਰ ਮੇਜਰ ਸਿੰਘ ਸਾਬਕਾ ਸਰਪੰਚ ਅਸਮਾਇਲਪੁਰ, ਰਾਕੇਸ਼ ਕੁਮਾਰ ਮਹਿਤਪੁਰ, ਬਲਵਿੰਦਰ ਸਿੰਘ, ਸੁਨੀਲ ਕੁਮਾਰ, ਰੇਖਾ ਰਾਣੀ ਅਕਾਲੀ ਦਲ ਨੂੰ ਛੱਡ ਕੇ ਪਿੰਦਰ ਪੰਡੋਰੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਪਿੰਦਰ ਪੰਡੋਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਮੰਗਾ ਭਲਵਾਨ ਵੱਲੋਂ ਮਹਿਤਪੁਰ ਵਿਚ ਇਹ ਇਕੱਠ ਕੀਤਾ ਗਿਆ, ਜਿਸ ਵਿੱਚ ਮਹੇੜੂ ਸਰਪੰਚ, ਕੁਲਵੰਤ ਸਿੰਘ, ਬਚਨ ਸਿੰਘ ਸਰਪੰਚ, ਸੋਨੂੰ ਸਰਪੰਚ ਬਾੜਾ, ਅਕਬਰਪੁਰ ਸਰਬਜੀਤ ਸਿੰਘ, ਲੰਬੜਦਾਰ ਅਮਰੀਕ ਸਿੰਘ, ਗੋਪੀ ਜਾਮਾ ਮਲਸੀਆਂ, ਕ੍ਰਿਸ਼ਨ ਕੁਮਾਰ ਬਿੱਟੂ ਅੰਤ ਵਿੱਚ ਮੰਗਾ ਭਲਵਾਨ ਤੇ ਰਾਕੇਸ਼ ਕੁਮਾਰ ਨੇ ਆਏ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਅਮਨ ਕੁਮਾਰ, ਕਰਨ, ਅਜੈ ਕੁਮਾਰ, ਸੰਜੀਵ ਕੁਮਾਰ, ਦੀਪਾ, ਪਰਮਜੀਤ ਪੰਮਾ, ਹਰਮੀਤ ਆਦਿ ਆਗੂ ਹਾਜ਼ਰ ਹੋਏ।

# ਧਾਲੀਵਾਲ ਨੇ ਕੀਤੀਂ ਪਧਿਆਣਾ ਨਾਲ ਮੁਲਾਕਾਤ

**ਆਦਮਪੁਰ (ਪਰਮਜੀਤ ਸਿੰਘ)**—ਹਲਕਾ ਆਦਮਪੁਰ ਦੇ ਪਿੰਡ ਪਧਿਆਣਾ ਵਿਖੇ ਜਲੰਧਰ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਇੱਕ ਮੀਟਿੰਗ ਰੱਖੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਵੱਖ ਵੱਖ ਹਲਕਿਆਂ ਦੇ ਐਮ ਐਲ ਏਜ ਦੇ ਨਾਲ ਨਾਲ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਦੇ ਪ੍ਰਧਾਨ ਜਸਬੀਰ ਸਿੰਘ ਸਾਬੀ ਪਧਿਆਣਾ ਨਾਲ ਵੀ ਗੱਲਬਾਤ ਕੀਤੀ ਗਈ। ਪ੍ਰਧਾਨ ਵੱਲੋਂ ਸੇਵਾ ਸੁਸਾਇਟੀ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਕਾਰਜਾਂ ਤੋਂ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਉਂਦਿਆਂ ਪਿੰਡ ਪਧਿਆਣਾ ਵਿਖੇ ਪਹੁੰਚਣ 'ਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਿੰਡ ਪਧਿਆਣਾ ਦੇ ਸੂਝਵਾਨ ਵੋਟਰ ਆਪਣੀ ਮੱਤ ਦਾ ਸਹੀ ਢੰਗ ਨਾਲ ਇਸਤੇਮਾਲ ਕਰਨਗੇ। ਇਸ ਮੌਕੇ ਨਗਰ ਵਾਇਸ ਪ੍ਰਧਾਨ ਇੰਦਰ ਮਿਨਹਾਸ, ਸੈਕਟਰੀ ਲਖਵੀਰ ਸਿੰਘ,ਕਰਨ ਪੰਚ, ਹੈਪੀ ਪੰਚ, ਜਸਕਰਨ,ਛੋਟੂ, ਗੁਰਵਿੰਦਰ, ਬੌਬੀ, ਆਕਾਸ਼, ਮੇਸੀ ਪਿੰਦਰ ਫੌਜੀ ਰਣਜੀਤ ਅਤੇ ਹੋਰ ਬੇਅੰਤ ਨੌਜਵਾਨ ਵੀਰ ਬਜ਼ੁਰਗ ਮਾਤਾਵਾਂ ਭੈਣਾਂ ਹਾਜਰ ਸਨ ।

# 'ਆਦਿ ਧਰਮ ਮੰਡਲ' ਦਾ 97ਵਾਂ ਸਥਾਪਨਾ ਦਿਵਸ 11 ਜੂਨ ਨੂੰ ਮਨਾਇਆ ਜਾਵੇਗਾ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਉ.ਪੀ.ਰਾਣਾ)** ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਮਾਲਵੇ ਦੇ ਇਲਾਕੇ ਲਹਿਰਾਗਾਗਾ,ਸੁਨਾਮ ਤੇ ਜਗਤਪੁਰਾ ਵਿੱਚ ਸੰਗਤਾਂ ਨੂੰ ਸਤਿਸੰਗ ਰਾਹੀਂ ਆਦਿ ਧਰਮ ਮਿਸ਼ਨ ਨਾਲ ਜੋੜਦਿਆਂ ਵਿਸ਼ੇਸ਼ ਵਿਚਾਰਾਂ ਰਾਹੀਂ ਦੱਸਿਆ ਕਿ "ਆਦਿ ਧਰਮ ਮੰਡਲ" ਦਾ 97ਵਾਂ ਸਥਾਪਨਾ ਦਿਵਸ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ ਦੀ ਸਰਪ੍ਰਸਤੀ ਹੇਠ 11 ਜੂਨ ਦਿਨ ਐਤਵਾਰ ਨੂੰ ਲੁਧਿਆਣਾ ਵਿਖੇ ਬੜੇ ਉਤਸ਼ਾਹ ਤੇ ਸ਼ਰਧਾਪੂਰਵਕ ਮਨਾਇਆ ਜਾਵੇਗਾ। ਉਨਾਂ ਦੱਸਿਆ ਕਿ ਇਨਾਂ ਸਮਾਗਮਾਂ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਆਦਿ ਧਰਮ ਮਿਸ਼ਨ,ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ ਸਾਹਿਬ ਅਤੇ ਗੁਰੂ ਰਵਿਦਾਸ ਸਾਧੂ ਸੰਪ੍ਰਦਾਵਾਂ,ਵੱਖ ਵੱਖ ਡੇਰਿਆਂ ਦੇ ਸੰਤ ਮਹਾਂਪੁਰਸ਼ ਅਤੇ ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੇ। ਉਨਾਂ ਕਿਹਾ ਕਿ 1926 ਵਿੱਚ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ ਜਿਸਦੇ 100 ਸਾਲ ਪੂਰੇ ਹੋਣ ਤੇ 2026 ਵਿੱਚ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ ਦੀ ਸਰਪ੍ਰਸਤੀ ਹੇਠ ਇੱਕ ਲੱਖ ਸੰਗਤਾਂ ਦਾ ਇਕੱਠ ਕੀਤਾ ਜਾਵੇਗਾ। ਉਨਾਂ ਕਿਹਾ ਆਦਿ ਧਰਮ ਮਿਸ਼ਨ ਵਲੋਂ ਸਤਿਗੁਰੂ ਰਵਿਦਾਸ ਜੀ,ਮਹਾਤਮਾ ਜੋਤੀਬਾ ਫੂਲੇ,ਬਾਬੂ ਮੰਗੂ ਰਾਮ ਮੁੱਗੋਵਾਲੀਆ,ਡਾ.ਅੰਬੇਡਕਰ ਸਾਹਿਬ ਅਤੇ ਬਾਬੂ ਕਾਂਸ਼ੀ ਰਾਮ ਦੀ ਕ੍ਰਾਂਤੀਕਾਰੀ ਸ਼ੰਘਰਸ਼ਮਈ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣਾ ਹੀ ਆਦਿ ਧਰਮ ਮਿਸ਼ਨ ਦਾ ਮੁੱਖ ਆਦੇਸ਼ ਹੈ। ਇਸ ਮੌਕੇ ਮਾਸਟਰ ਮਨਜੀਤ ਸਿੰਘ,ਕਰਮਜੀਤ ਸਿੰਘ,ਰਾਮਸਰੂਪ ਸਿੰਘ,ਬਲਜੀਤ ਸਿੰਘ,ਗੁਰਪ੍ਰੀਤ ਸਿੰਘ,ਭਾਈ ਗੁਰਜੀਤ ਸਿੰਘ,ਭਾਈ ਸੁਖਚੈਨ ਸਿੰਘ,ਧੋਨੀ ਸਿੰਘ ਹਾਜਰ ਸਨ।

# ਉੱਘੇ ਉਦਯੋਗਪਤੀਆਂ ਨੇ ਸ਼ੇਖਾਵਤ ਨਾਲ ਕੀਤੀ ਮੁਲਾਕਾਤ



**ਜਲੰਧਰ (ਇਕਬਾਲ ਸਿੰਘ ਉਭੀ)**- ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਬੀਤੀ ਸ਼ਾਮ ਇੱਥੇ ਜਲੰਧਰ ਦੇ ਉੱਘੇ ਉਦਯੋਗਪਤੀਆਂ ਦੇ ਸਮੂਹ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਭਾਜਪਾ ਦੇ ਰਾਸ਼ਟਰੀ ਬੁਲਾਰੇ ਜੈਵੀਰ ਸ਼ੇਰਗਿੱਲ ਦੇ ਨਿਵਾਸ ਸਥਾਨ 'ਤੇ ਕੀਤੀ ਗਈ। ਗੈਰ ਰਸਮੀ ਮੀਟਿੰਗ ਦੌਰਾਨ ਉਦਯੋਗਿਕ ਖੇਤਰ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਦਯੋਗਪਤੀਆਂ ਨੇ ਮੰਤਰੀ ਨੂੰ ਪੰਜਾਬ ਦੀ ਮੌਜੂਦਾ ਉਦਯੋਗਿਕ ਸਥਿਤੀ ਬਾਰੇ ਫੀਡਬੈਕ ਦਿੱਤਾ ਅਤੇ ਆਪ ਦੇ ਸਾਸ਼ਨ ਦੌਰਾਨ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਬਾਰੇ ਵੀ ਜਾਣੂ ਕਰਵਾਇਆ। ਸਨਅਤਕਾਰਾਂ ਨੇ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਉਦਯੋਗਾਂ ਨਾਲ ਸਬੰਧਤ ਅਸਲ ਮੁੱਦਿਆਂ ਨੂੰ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹ ਹੈ। ਇਸ ਦੌਰਾਨ ਖੇਡਾਂ, ਹੈਂਡ ਟੂਲ, ਚਮੜਾ ਆਦਿ ਸਮੇਤ ਵੱਖ-ਵੱਖ ਉਦਯੋਗਾਂ ਦੇ ਉਦਯੋਗਪਤੀਆਂ ਨੇ ਉਦਯੋਗ ਦੀ ਬਿਹਤਰੀ ਲਈ ਸ਼ੇਖਾਵਤ ਨਾਲ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ। ਇਸ ਮੌਕੇ ਸਾਰੇ ਸੁਝਾਵਾਂ ਨੂੰ ਸੁਣਨ ਅਤੇ ਉਦਯੋਗਪਤੀਆਂ ਤੋਂ ਪੂਰੀ ਫੀਡਬੈਕ ਲੈਣ ਤੋਂ ਬਾਅਦ, ਸ਼ੇਖਾਵਤ ਨੇ ਉਦਯੋਗਪਤੀਆਂ ਨੂੰ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਉਦਯੋਗ ਦੇ ਵਿਕਾਸ ਅਤੇ ਤਰੱਕੀ ਲਈ ਵਚਨਬੱਧ ਹੈ। ਮੀਟਿੰਗ ਵਿੱਚ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਮੌਜੂਦ ਸਨ।

# ਚੱਢਾ ਨੇ ਕਿਸ਼ਤੀ ਮੁਹੱਈਆ ਕਰਵਾਉਣ 'ਚ ਕੀਤਾ ਸਹਿਯੋਗ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਸਤਲੁਜ ਦਰਿਆ ਤੋਂ ਇਸ ਪਾਰ ਵਸਦੇ ਕਰੀਬ ਅੱਧਾ ਦਰਜਨ ਪਿੰਡਾਂ ਦੇ ਲੋਕਾਂ ਦੀ ਨਵੀਂ ਕਿਸ਼ਤੀ ਮੁਹੱਈਆ ਕਰਵਾਉਣ ਦੀ ਮੰਗ ਨੂੰ ਪੂਰਾ ਕਰਨ 'ਚ ਸਹਿਯੋਗ ਕੀਤਾ ਹੈ। ਜ਼ਿਕਰਯੋਗ ਹੈ ਕਿ ਬਟਾਰਲਾ, ਟਿੱਬਾ ਟੱਪਰੀਆਂ, ਬਠਲੌਰ ਅਤੇ ਦਹੀਰਪੁਰ ਆਦਿ ਪਿੰਡਾਂ ਦੇ ਲੋਕਾਂ ਦੀ ਸਤਲੁੱਜ ਦਰਿਆ ਤੋਂ ਦੂਸਰੀ ਤਰਫ (ਘਨੌਲੀ) ਜ਼ਮੀਨਾਂ ਹਨ। ਮਗਰ ਉਕਤ ਦਰਿਆ ਲੰਘਣ ਲਈ ਇਨਾਂ ਪਿੰਡਾਂ ਦੇ ਲੋਕਾਂ ਲਈ ਕੇਵਲ ਇਕ ਹੀ ਕਿਸ਼ਤੀ ਸੀ ਜੋ ਖਸਤਾਹਾਲਤ ਹੋ ਚੁੱਕੀ ਸੀ। ਵਿਧਾਇਕ ਚੱਢਾ ਨੇ ਉਕਤ ਪਿੰਡਾਂ ਦੇ ਲੋਕਾਂ ਦੀ ਮੁਸ਼ਕਿਲ ਨੂੰ ਸਮਝਦਿਆਂ ਨਵੀਂ ਕਿਸ਼ਤੀ ਉਪਲੱਬਧ ਕਰਵਾਉਣ 'ਚ ਉਨਾਂ ਦਾ ਸਹਿਯੋਗ ਕੀਤਾ। ਸਰਪੰਚ ਸੁਖਜੰਟ ਸਿੰਘ, ਕਮਲਜੀਤ ਸਿੰਘ ਮਾਧੋਪੁਰ, ਭਜਨ ਸਿੰਘ ਦਹੀਰਪੁਰ, ਕੈਪਟਨ ਸੋਹਣ ਸਿੰਘ ਅਤੇ ਪੰਚ ਹਰਮੇਸ਼ ਦੱਤ ਨੇ ਦੱਸਿਆ ਕਿ ਇਨਾਂ ਪਿੰਡਾਂ ਦੇ ਲੋਕਾਂ ਦੀਆਂ ਸਤਲੁੱਜ ਦਰਿਆ ਤੋਂ ਪਾਰ ਆਪਣੀਆਂ ਜ਼ਮੀਨਾਂ ਹਨ ਅਤੇ ਨਵੀਂ ਕਿਸ਼ਤੀ ਹਾਸਿਲ ਹੋਣ ਨਾਲ ਹੁਣ ਉਕਤ ਜ਼ਮੀਨਾਂ ਦੀ ਦੇਖ-ਰੇਖ ਦਾ ਕੰਮ ਸੁਖਾਲਾ ਹੋ ਜਾਵੇਗਾ। ਇਸ ਤੋਂ ਇਲਾਵਾ ਇਨਾਂ ਲੋਕਾਂ ਦੀਆਂ ਜਿੱਥੇ ਦਰਿਆ ਤੋਂ ਪਾਰ ਘਨੌਲੀ ਦੀ ਤਰਫ਼ ਰਿਸ਼ਤੇਦਾਰੀਆਂ ਹਨ ਉੱਥੇ ਹੀ ਲੋਕ ਧਾਰਮਿਕ ਅਸਥਾਨ ਗੁਰਦੁਆਰਾ ਕੁੰਮਾ ਮਾਸ਼ਕੀ ਸਾਹਿਬ ਵਿਖੇ ਵੀ ਨਤਮਸਤਕ ਹੋਣ ਜਾਂਦੇ ਹਨ। ਵਿਧਾਇਕ ਚੱਢਾ ਦੀ ਤਰਫ਼ੋਂ ਦਫ਼ਤਰ ਇੰਚਾਰਜ ਸਤਨਾਮ ਸਿੰਘ ਨਾਗਰਾ ਅਤੇ ਆਪ ਪਾਰਟੀ ਦੇ ਬਲਾਕ ਪ੍ਰਧਾਨ ਰਾਮ ਪ੍ਰਤਾਪ ਸਰਥਲੀ ਵਿਸ਼ੇਸ਼ ਤੌਰ 'ਤੇ ਪਿੰਡ ਟਿੱਬਾ ਟੱਪਰੀਆਂ ਵਿਖੇ ਪਹੁੰਚੇ। ਇਸ ਮੌਕੇ ਹਾਜ਼ਰ ਦਿਲਵਾਰਾ ਸਿੰਘ, ਭਜਨ ਲਾਲ, ਗੁਰਪ੍ਰੀਤ ਬਟਾਰਲਾ, ਪਰਮਜੀਤ ਸਿੰਘ, ਚੂਹੜ ਸਿੰਘ, ਰਾਕੇਸ਼ ਚੌਧਰੀ, ਜਗਤਾਰ ਸਿੰਘ, ਚਮਨ, ਅਮਰਜੀਤ ਸਿੰਘ, ਸੋਮਨਾਥ, ਦਾਰਾ ਸਿੰਘ, ਬਚਨ ਅਤੇ ਪੰਚ ਰਾਜ ਕੁਮਾਰ ਆਦਿ ਨੇ ਉਕਤ ਸਹਿਯੋਗ ਲਈ ਵਿਧਾਇਕ ਚੱਢਾ ਦਾ ਧੰਨਵਾਦ ਕੀਤਾ।

# ਜਲ ਸ਼ਕਤੀ ਅਭਿਆਨ ਤਹਿਤ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ: ਸ਼ਸ਼ੀ ਬਾਲਾ ਦੀ ਅਗਵਾਈ ਵਿੱਚ ਜਲ ਸ਼ਕਤੀ ਅਭਿਆਨ ਤਹਿਤ ਪੀਣ ਵਾਲੇ ਪਾਣੀ ਦੀ ਮਹੱਤਤਾ ਅਤੇ ਸਾਂਭ ਸੰਭਾਲ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਫਾਈਨ ਆਰਟ ਦੇ ਸਹਿਯੋਗ ਨਾਲ ਇੱਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਪੀਣ ਵਾਲੇ ਪਾਣੀ ਦੀ ਮਹੱਤਤਾ ਅਤੇ ਸੰਭਾਲ ਸਬੰਧੀ ਨੁਕਤਿਆਂ ਨੂੰ ਆਪਣੇ ਪੋਸਟਰਾਂ ਰਾਹੀਂ ਪ੍ਰਦਰਸ਼ਿਤ ਕੀਤਾ। ਇਸ ਮੁਕਾਬਲੇ ਵਿੱਚ ਬੀ.ਏ.6 ਵਾਂ ਸਮੈਸਟਰ ਦੀ ਜਸਮੀਤ ਕੌਰ ਨੇ ਪਹਿਲਾ ਸਥਾਨ ,ਰਾਹੁਲ ਨੇ ਦੂਸਰਾ ਅਤੇ ਰਾਜਵਿੰਦਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਡਾ: ਸ਼ਸ਼ੀ ਬਲਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਲ ਹੀ ਜੀਵਨ ਹੈ ਪਾਣੀ ਤੋਂ ਬਿਨਾਂ ਧਰਤੀ ਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਸਾਡਾ ਸਾਰਿਆਂ ਦਾ ਇਹ ਫਰਜ ਬਣਦਾ ਹੈ ਕਿ ਅਸੀਂ ਪੀਣ ਵਾਲੇ ਪਾਣੀ ਦੀ ਸਾਂਭ ਸੰਭਾਲ ਲਈ ਖੁਦ ਵੀ ਯਤਨ ਕਰੀਏ ਅਤੇ ਦੂਸਰਿਆਂ ਨੂੰ ਵੀ ਯਤਨਸ਼ੀਲ ਹੋਣ ਲਈ ਪ੍ਰੇਰਿਤ ਕਰੀਏ। ਇਸ ਮੌਕੇ ਪ੍ਰੋ: ਰਮਿੰਦਰਜੀਤ ਕੌਰ,ਪ੍ਰੋ: ਸੋਨੀਆਂ ਚਾਹਲ,ਪ੍ਰੋ: ਰੌਬਿਨ, ਪ੍ਰੋ: ਜਗਜੀਤ ਸਿੰਘ, ਪ੍ਰੋ: ਗੁਰਦੇਵ ਸਿੰਘ,ਪ੍ਰੋ: ਸ਼ੈਫਾਲੀ ਵਾਲੀਆਂ, ਪ੍ਰੋ: ਹਰਮੇਸ਼ ਸਿੰਘ,ਚੌਧਰੀ ਭੁਪਿੰਦਰ ਸਿੰਘ ਅਤੇ ਹੋਰ ਵਿਦਿਆਰਥੀ ਹਾਜਰ ਸਨ।

# ਡਾਕਟਰ ਅੰਬੇਦਕਰ ਦਾ ਜਨਮ ਦਿਨ ਅੱਜ ਮਨਾਇਆ ਜਾਵੇਗਾ

**ਫਗਵਾੜਾ ( ਜਸਵਿੰਦਰ ਢੱਡਾ )** ਭਾਰਤ ਰਤਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ ਪਿੰਡ ਚੱਕ ਪਰੇਮਾ ਵਿਖੇ 7 ਮਈ ਨੂੰ ਸ਼ਾਮ 5 ਵਜੇ ਤੋਂ ਰਾਤ 8 ਵਜੇ ਤੱਕ ਮਨਾਇਆ ਜਾ ਰਿਹਾ ਹੈ । ਇਸ ਸਮਾਗਮ ਦੇ ਮੁੱਖ ਮਹਿਮਾਨੀ ਸੋਮ ਪ੍ਰਕਾਸ਼ ਕੈਂਥ ਕੇਂਦਰੀ ਰਾਜ ਮੰਤਰੀ ਤੇ ਜਥੇਦਾਰ ਸਰਵਣ ਸਿੰਘ ਕੁਲਾਰ ਮੈਂਬਰ ਐਸ ਜੀ ਪੀ ਸੀ ਹੋਣਗੇ। ਇਸ ਮੌਕੇ ਆਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਵਲੋਂ ਨਾਟਕ ਤੇ ਕੋਰੀਓਗ੍ਰਾਫੀ ਪੇਸ਼ ਕੀਤੀਆਂ ਜਾਣਗੀਆਂ ਤੇ ਬੁੱਧੀਜੀਵੀਆਂ ਵਲੋਂ ਅੰਬੇਦਕਰ ਜੀ ਦੇ ਜੀਵਨ ਤੇ ਸੰਘਰਸ਼ 'ਤੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਮੌਕੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ

**ਅੱਡਾ ਸਰਾਂ , ( ਕਾਜਲ )**- ਅੱਡਾ ਮਸੀਤਪਲਕੋਟ ਵਿਖੇ ਬੀਤੇ ਦਿਨੀ ਵਾਪਰੇ ਸੜਕ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ, ਜਿਸ ਦੀ ਪਛਾਣ ਸੋਹਣ ਲਾਲ ਸੋਨੂ ਪੁੱਤਰ ਚਮਨ ਲਾਲ ਵਾਸੀ ਅਸਰਫਪੁਰ ਦੇ ਰੂਪ ਵਿਚ ਹੋਈ ਹੈ। ਟਾਂਡਾ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨ ਦੇ ਅਧਾਰ 'ਤੇ ਬੋਲੈਰੋ ਗੱਡੀ ਦੇ ਅਣਪਛਾਤੇ ਚਾਲਕ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਚਮਨ ਲਾਲ ਨੇ ਦੱਸਿਆ ਕਿ 3 ਮਈ ਦੀ ਸ਼ਾਮ ਨੂੰ ਜਦੋ ਉਸਦਾ ਪੁੱਤਰ ਪਿੰਡ ਮਸੀਤਪਲ ਕੋਟ ਵੱਲ ਕਿਸੇ ਦੇ ਜਨਰੇਟਰ ਦੀ ਸਰਵਿਸ ਕਰਨ ਆਇਆ ਸੀ ਤਾਂ ਅੱਡਾ ਮਸੀਤਪਲਕੋਟ ਨਜ਼ਦੀਕ ਉਸਦੇ ਮੋਟਰਸਾਈਕਲ ਵਿਚ ਬੋਲੈਰੋ ਗੱਡੀ ਨੇ ਟੱਕਰ ਮਾਰ ਦਿੱਤੀ ਸੀ। ਗੰਭੀਰ ਹਾਲਤ ਵਿਚ ਸੋਨੂ ਨੂੰ ਹੁਸ਼ਿਆਰਪੁਰ ਦੇ ਸਰਕਾਰੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਪੁਲਸ ਨੇ ਹਾਦਸੇ ਲਈ ਜਿੰਮੇਵਾਰ ਬੋਲੈਰੋ ਗੱਡੀ ਦੇ ਚਾਲਕ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਖਾਧ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਢੁੱਕਵੇਂ ਉਪਰਾਲੇ ਕਰ ਰਿਹੈ ਸਿਹਤ ਵਿਭਾਗ : ਡਾ. ਜਸਦੇਵ ਸਿੰਘ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ )** ਕਾਰਜਕਾਰੀ ਸਿਵਲ ਸਰਜਨ ਡਾ. ਜਸਦੇਵ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਆਮ ਲੋਕਾਂ ਲਈ ਪੌਸ਼ਟਿਕ ਆਹਾਰ ਦੇ ਸੇਵਨ ਲਈ ਖਾਧ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਢੁੱਕਵੇਂ ਉਪਰਾਲੇ ਕਰ ਰਿਹਾ ਹੈ। ਇਸੇ ਕੜੀ ਤਹਿਤ ਕਾਰਜਕਾਰੀ ਸਿਵਲ ਸਰਜਨ ਡਾ. ਜਸਦੇਵ ਸਿੰਘ ਨੇ ਅੱਜ ਅਤਿ ਆਧੁਨਿਕ ਉਪਕਰਣਾਂ ਨਾਲ ਲੈਸ ਮੋਬਾਈਲ ਫੂਡ ਸੇਫਟੀ ਵੈਨ ਨੂੰ ਜ਼ਿਲ੍ਹੇ ਵਿਚ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਵੈਨ ਵਿੱਚ ਮੌਕੇ 'ਤੇ ਹੀ ਭੋਜਨ ਪਦਾਰਥਾਂ ਦੀ ਗੁਣਵੱਤਾ ਦੀ ਜਾਂਚ ਕਰਨ ਦੀ ਸਮਰੱਥਾ ਹੈ। ਇਸ ਵੈਨ ਵਿਚ ਲੱਗੀਆਂ ਮਸ਼ੀਨਾਂ ਰਾਹੀਂ ਵੱਖ-ਵੱਖ ਖਾਧ ਪਦਾਰਥਾਂ ਜਿਵੇਂ ਦੁੱਧ, ਦਹੀਂ, ਪਨੀਰ, ਖੋਇਆ, ਵੇਸਣ, ਹਲਦੀ, ਚਿੱਲੀ ਪਾਊਡਰ, ਮਠਿਆਈਆਂ, ਦੇਸੀ ਘਿਓ, ਜੂਸ, ਡਰਿੰਕਸ ਆਦਿ ਦੀ ਮੌਕੇ 'ਤੇ ਜਾਂਚ ਕਰਕੇ ਰਿਪੋਰਟ ਦਿੱਤੀ ਜਾਵੇਗੀ। ਇਹ ਵੈਨ 5 ਮਈ ਤੋਂ 8 ਮਈ, 2023 ਤੱਕ ਬਲਾਚੌਰ ਅਤੇ 9 ਮਈ ਤੋਂ 11 ਮਈ, 2023 ਤੱਕ ਨਵਾਂਸ਼ਹਿਰ ਅੰਦਰ ਖਾਧ ਪਦਾਰਥਾਂ ਦੇ ਸੈਂਪਲ ਲੈ ਕੇ ਉਨ੍ਹਾਂ ਦੀ ਗੁਣਵੱਤਾ ਬਾਰੇ ਲੋਕਾਂ ਨੂੰ ਜਾਣੂ ਕਰਵਾਏਗੀ। ਕੋਈ ਵੀ ਵਿਅਕਤੀ 50 ਰੁਪਏ ਦਾ ਭੁਗਤਾਨ ਕਰਕੇ ਆਪਣੇ ਭੋਜਨ ਪਦਾਰਥਾਂ ਦੀ ਗੁਣਵੱਤਾ ਦੀ ਜਾਂਚ ਕਰਵਾ ਸਕਦਾ ਹੈ। ਡਾ. ਜਸਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜਾਗਰੂਕਤਾ ਮੁਹਿੰਮ ਵੱਡੇ ਪੱਧਰ ਉੱਤੇ ਮਿਲਾਵਟਖੋਰਾਂ ਦਾ ਪਰਦਾਫਾਸ਼ ਕਰਨ ਲਈ ਕਾਰਗਰ ਸਿੱਧ ਹੋਵੇਗੀ, ਕਿਉਂਕਿ ਇਸ ਮੁਹਿੰਮ ਰਾਹੀਂ ਆਮ ਲੋਕਾਂ ਨੂੰ ਇਹ ਆਸਾਨੀ ਨਾਲ ਪਤਾ ਲੱਗ ਜਾਵੇਗਾ ਕਿ ਉਹ ਮਿਲਾਵਟੀ ਭੋਜਨ ਖਾ ਰਹੇ ਹਨ ਜਾਂ ਨਹੀਂ ਅਤੇ ਇਸ ਤਰ੍ਹਾਂ ਜ਼ਿਲ੍ਹੇ ਦੇ ਲੋਕ ਸੁਰੱਖਿਅਤ ਭੋਜਨ ਨੂੰ ਯਕੀਨੀ ਬਣਾ ਸਕਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਮਾਸ ਮੀਡੀਆ ਅਤੇ ਸੂਚਨਾ ਅਫਸਰ ਦਲਜੀਤ ਸਿੰਘ, ਸਿਵਲ ਸਰਜਨ ਦੇ ਪੀਏ ਅਜੇ ਕੁਮਾਰ, ਫੂਡ ਸੇਫ਼ਟੀ ਅਫ਼ਸਰ ਸੰਗੀਤਾ ਸਹਿਦੇਵ, ਦਿਨੇਸ਼ਜੋਤ ਸਿੰਘ ਤੇ ਹੈਲਥ, ਇੰਸਪੈਕਟਰ ਸ਼ਿਲੰਦਰ ਸਿੰਘ, ਰਾਜੀਵ ਕੁਮਾਰ, ਡਿਪਟੀ ਜ਼ਿਲ੍ਹਾ ਮਾਸ ਮੀਡੀਆ ਅਤੇ ਸੂਚਨਾ ਅਫਸਰ ਤਰਸੇਮ ਲਾਲ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਹਾਜ਼ਰ ਸਨ।



# ਮੁਲਾਜਮਾਂ ਨੇ ਰੋਹ ਭਰਪੂਰ ਰੋਸ ਮਾਰਚ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਕੀਤਾ ਪ੍ਰਦਰਸ਼ਨ

**ਜਲੰਧਰ,( ਰਾਜੇਸ਼ ਥਾਪਾ, ਸ਼ੈਲੀ ਐਲਬਰਟ)** - ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਵੱਡੇ ਅਰਸੇ ਤੋਂ ਕੰਮ ਕਰਦੇ ਆਊਟਸੋਰਸ ਅਤੇ ਇਨਲਿਸਟਮੈਂਟ ਮੁਲਾਜਮਾਂ ਨੂੰ ਉਨ੍ਹਾਂ ਦੇ ਸਬੰਧਤ ਪਿੱਤਰੀ ਵਿਭਾਗਾਂ 'ਚ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ 'ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ' ਦੇ ਪਲੇਟਫਾਰਮ ਤੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਹਜਾਰਾਂ ਦੀ ਗਿਣਤੀ ਵਿਚ ਠੇਕਾ ਮੁਲਾਜਮਾਂ ਵਲੋਂ ਇਕੱਠੇ ਹੋ ਕੇ ਜਲੰਧਰ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ। ਪ੍ਰਦਰਸ਼ਨ ਦੇ ਦੌਰਾਨ ਵੱਖ-ਵੱਖ ਚੌਕਾਂ ਵਿਚ ਠੇਕਾ ਮੁਲਾਜਮਾਂ ਨੇ ਮੌਜੂਦਾ ਸਰਕਾਰ ਦੇ ਲੋਕ ਵਿਰੋਧੀ ਅਪਣਾਏ ਜਾ ਰਹੇ ਕਾਰਨਾਮਿਆਂ ਨੂੰ ਲੋਕਾਂ ਦੇ ਸੱਥ ਵਿਚ ਉਜਾਗਰ ਕਰਕੇ ਸੰਦੇਸ਼ ਦਿੱਤਾ ਕਿ ਵੋਟਾਂ 'ਤੇ ਝਾਕ ਛੱਡ ਕੇ ਚੱਲ ਰਹੇ ਸੰਘਰਸ਼ ਦਾ ਸਾਥ ਦੇਣਾ ਚਾਹੀਦਾ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਮੋਰਚੇ ਦੇ ਸੂਬਾਈ ਆਗੂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਪਵਨਦੀਪ ਸਿੰਘ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਸਿੰਘ ਨੀਲੋਂ, ਜਸਪ੍ਰੀਤ ਸਿੰਘ ਗਗਨ ਅਤੇ ਸੁਰਿੰਦਰ ਕੁਮਾਰ ਨੇ ਕਿਹਾ ਕਿ ਅੱਜ ਕਿਸਾਨ, ਮਜਦੂਰ, ਛੋਟੇ ਦੁਕਾਨਦਾਰ, ਮੁਲਾਜਮ ਵਰਗ ਮਹਿੰਗਾਈ ਅਤੇ ਬੇਰੁਜਗਾਰੀ ਦੀ ਮਾਰ ਥੱਲੇ ਪਿਸ ਰਹੇ ਹਨ। ਮੌਜੂਦਾ ਪੰਜਾਬ ਸਰਕਾਰ ਜਿਹੜੀ ਪਿਛਲੀਆਂ ਸਰਕਾਰਾਂ ਦਾ ਬਦਲ ਪੇਸ਼ ਕਰਨ ਦੇ ਦਾਅਵੇ ਕਰਦੀ ਸੀ, ਪਰ ਇਸ ਸਰਕਾਰ ਨੇ ਬਦਲ ਤਾਂ ਪੇਸ਼ ਕੀ ਕਰਨਾ ਸੀ, ਸਗੋਂ ਪਹਿਲੀਆਂ ਸਰਕਾਰਾਂ ਤੋਂ ਵੀ ਅਗਾਂਹ ਮਿਹਨਤਕਸ਼ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਥਾਂ ਕਾਰਪੋਰੇਟ ਘਰਾਣਿਆਂ ਦੀ ਲੁੱਟ ਅਤੇ ਮੁਨਾਫੇ ਕਮਾਉਣ ਦੇ ਹਿੱਤਾਂ ਦੀ ਪੂਰਤੀ ਲਈ ਸੂਬੇ ਦੇ ਲੋਕਾਂ ਨਾਲ ਝੂਠ ਅਤੇ ਧੋਖੇ ਦੀ ਖੇਡ ਨੂੰ ਜਾਰੀ ਰੱਖਿਆ ਗਿਆ ਹੈ ਅਤੇ ਲੋਕ ਸੇਵਾ ਲਈ ਉਸਾਰੇ ਹੋਏ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟਰਾਂ ਦੇ ਹੱਥ ਵਿਚ ਸੌਂਪ ਕੇ ਅੰਨ੍ਹੀ ਲੁੱਟ ਕਰਵਾਉਣ ਦੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆ ਹਨ। ਉਥੇ ਇਸਦੇ ਨਾਲ ਹੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਮੇ ਅਰਸੇ ਤੋਂ ਆਊਟਸੋਰਸ ਅਤੇ ਇਨਲਿਸਟਮੈਂਟ ਦੇ ਰੂਪ ਵਿੱਚ ਕੰਮ ਕਰਦੇ ਕਾਮਿਆਂ ਜੋਕਿ ਸਬੰਧਤ ਵਿਭਾਗਾਂ ਵਿਚ ਮਰਜ ਕਰਕੇ ਰੈਗੂਲਰ ਕਰਨ, ਆਪਣੇ ਪੱਕੇ ਰੁਜਗਾਰ, ਘੱਟੋ-ਘੱਟ ਉਜਰਤ ਦੇ ਕਾਨੂੰਨ ਅਨੁਸਾਰ ਗੁਜਾਰੇ ਯੋਗ ਤਨਖਾਹ, ਬਰਾਬਰ ਕੰਮ ਲਈ ਬਰਾਬਰ ਤਨਖਾਹ, ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਵਿਰੁੱਧ ਅਤੇ ਹੋਰ ਭੱਖਦੀਆਂ ਅਹਿਮ ਮੰਗਾਂ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰਦੇ ਆ ਰਹੇ ਹਨ, ਇਨ੍ਹਾਂ ਕਾਮਿਆਂ ਦੀਆਂ 'ਮੰਗਾਂ-ਮਸਲਿਆਂ' ਦਾ ਹੱਲ ਆਪਸੀ ਗੱਲਬਾਤ ਰਾਹੀ ਹੋਣ ਦੇ ਉਦੇਸ਼ ਨਾਲ ਪਿਛਲੇ 1 ਸਾਲ ਤੋਂ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਮੀਟਿੰਗ ਕਰਨ ਲਈ ਵਾਰ ਵਾਰ ਪੱਤਰ ਲਿੱਖ ਕੇ ਬੇਨਤੀ ਕਰ ਰਹੇ ਹਨ। ਜਿਸ 'ਤੇ ਭਾਵੇਂ ਕਿ ਮੁੱਖ ਮੰਤਰੀ ਪੰਜਾਬ ਵਲੋਂ 10 ਵਾਰ ਲਿਖਤੀ ਰੂਪ ਵਿਚ ਮੀਟਿੰਗ ਕਰਨ ਲਈ ਸਮਾਂ ਤੈਅ ਕੀਤਾ ਗਿਆ ਪਰ ਐਨ ਮੌਕੇ 'ਤੇ ਆ ਕੇ ਆਪਣੇ ਜ਼ਰੂਰੀ ਰੁਝੇਵਿਆਂ ਦਾ ਬਹਾਨਾ ਲਗਾ ਕੇ ਮੀਟਿੰਗ ਕਰਨ ਤੋਂ ਇਨਕਾਰ ਕੀਤਾ ਗਿਆ ਹੈ। ਪ੍ਰਦਰਸ਼ਨ ਦੌਰਾਨ ਮੋਰਚੇ ਦੇ ਪਲੇਟਫਾਰਮ ਤੋਂ ਲੋਕਾਂ ਦੇ ਨਾਂਅ ਸੰਦੇਸ਼ ਦਿੱਤਾ ਗਿਆ ਕਿ ਸਰਕਾਰਾਂ ਤੋਂ ਝਾਕ ਕਰਕੇ ਸਾਡੀਆਂ 'ਮੰਗਾਂ-ਮਸਲਿਆਂ' ਦਾ ਹੱਲ ਨਹੀਂ ਹੋਣਾ, ਇਸ ਕਰਕੇ ਸਾਡਾ ਮਕਸਦ ਕਿਸੇ ਨੂੰ ਜਿਤਾਉਣਾ ਜਾਂ ਹਰਾਉਣਾ ਨਹੀਂ ਹੈ। ਅਸੀਂ ਲੋਕਾਂ ਨੂੰ ਅਪੀਲ ਕਰਦੇ ਕਿ ਲੋਕੋ ਇਨ੍ਹਾਂ ਕੋਲੋ ਖਹਿੜਾ ਛੱਡ ਕੇ ਇਕੱਠੇ ਹੋਵੋ ਅਤੇ ਸੰਘਰਸ਼ ਦਾ ਰਸਤਾ ਚੁਣੋ ਅਤੇ ਏਕਤਾ ਬਣਾ ਕੇ ਆਪਣੀਆਂ 'ਮੰਗਾਂ-ਮਸਲਿਆਂ' ਦਾ ਹੱਲ ਕਰਨ ਲਈ ਸਰਕਾਰਾਂ ਨੂੰ ਮਜਬੂਰ ਕਰੋ।

7-MAY-PAGE-8.qxd 5/6/2023 10:36 PM Page 1



# ਪਹਿਲਵਾਨਾਂ ਦੇ ਸਮਰਥਨ 'ਚ 9 ਨੂੰ ਦੇਸ਼ ਭਰ 'ਚ ਕੀਤੇ ਜਾਣਗੇ ਪ੍ਰਦਰਸ਼ਨ : ਏਟਕ

**ਲੁਧਿਆਣਾ (ਐੱਮ ਐੱਸ ਭਾਟੀਆ)**

ਦਿੱਲੀ ਤੋਂ ਜਾਰੀ ਇੱਕ ਸਰਕੂਲਰ ਵਿੱਚ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਕੌਮੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਨੇ ਕਿਹਾ ਕਿ ਸਾਨੂੰ 9 ਮਈ ਨੂੰ ਦੇਸ਼ ਭਰ ਵਿੱਚ ਜਿੱਥੇ ਵੀ ਸੰਭਵ ਹੋਵੇ, ਮਸ਼ਾਲ ਜਲੂਸ ਸਮੇਤ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਪਹਿਲਵਾਨਾਂ ਦੇ ਜਾਇਜ਼ ਸੰਘਰਸ਼ ਨਾਲ ਆਪਣੀ ਇਕਜੁੱਟਤਾ ਨੂੰ ਪ੍ਰਗਟ ਕਰਨਾ ਚਾਹੀਦਾ ਹੈ। 9 ਮਈ ਫਾਸ਼ੀਵਾਦ 'ਤੇ ਜਿੱਤ ਦਾ ਦਿਨ ਹੈ, ਉਹ ਦਿਨ ਜਦੋਂ ਜ਼ਾਲਮਾਂ ਦੀ ਅਸਹਿਮਤੀ ਦੀ ਆਵਾਜ਼ ਨੂੰ ਕੁਚਲਣ, ਪ੍ਰਗਟਾਵੇ ਦੀ ਆਜ਼ਾਦੀ ਨੂੰ ਮਾਰਨ ਤੇ ਮਨੁੱਖਤਾ ਵਿਰੁੱਧ ਸ਼ਾਸਕਾਂ ਦੇ ਕੁਕਰਮਾਂ ਦੇ ਕਿਸੇ ਵੀ ਵਿਰੋਧ ਨੂੰ ਚੁੱਪ ਕਰਵਾਉਣ ਵਾਲਿਆਂ ਦੀ ਹਾਰ ਹੋਈ ਸੀ। ਸਾਨੂੰ ਇਨਸਾਫ ਦੀ ਮੰਗ ਕਰਨ ਵਾਲੇ ਪਹਿਲਵਾਨਾਂ ਨੂੰ ਆਪਣਾ ਸਮਰਥਨ ਦੇ ਕੇ ਤੇ ਰਾਜ ਕਰਨ ਵਾਲਿਆਂ ਨੂੰ ਇਹ ਯਾਦ ਦਿਵਾਉਣਾ ਚਾਹੀਦਾ ਹੈ ਕਿ ਤੁਸੀਂ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਵੋਗੇ ਅਤੇ ਅੰਤ ਵਿੱਚ ਸਿਆਣਪ ਤੇ ਇਨਸਾਫ ਦੀ ਆਵਾਜ਼ ਦੀ ਜਿੱਤ ਹੋਵੇਗੀ। ਮਿਹਨਤ ਨਾਲ ਦੇਸ਼ ਲਈ ਤਮਗੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ਦੇ ਧਰਨੇ ਦਾ ਅੱਜ 13ਵਾਂ ਦਿਨ ਹੈ। ਉਨ੍ਹਾਂ ਦੀ ਮਦਦ ਦੂਜੇ ਪੁਰਸ਼ ਸਾਥੀਆਂ ਦੁਆਰਾ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਮੈਡਲ ਜਿੱਤਣ ਦੇ ਨਾਲ-ਨਾਲ ਸਰਕਾਰ ਦੁਆਰਾ ਦਿੱਤੇ ਪੁਰਸਕਾਰ ਵੀ ਪ੍ਰਾਪਤ ਕੀਤੇ ਹਨ। ਅਸੀਂ ਜਾਣਦੇ ਹਾਂ ਕਿ ਉਹ ਨਿਆਂ ਦੀ ਮੰਗ ਕਰ ਰਹੇ ਹਨ ਤੇ ਭਾਰਤੀ ਪਹਿਲਵਾਨ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਵੱਲੋਂ ਕਥਿਤ ਜਿਨਸੀ ਸ਼ੋਸ਼ਣ ਲਈ ਸਜ਼ਾ ਦੀ ਮੰਗ ਕਰ ਰਹੇ ਹਨ (ਜਿਵੇਂ ਕਿ ਐੱਫ ਆਈ ਆਰਜ਼ ਵਿੱਚ ਜ਼ਿਕਰ ਕੀਤਾ ਗਿਆ ਹੈ)। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਹੀ ਦਿੱਲੀ ਪੁਲਸ ਨੇ ਐੱਫ ਆਈ ਆਰ ਵੀ ਦਰਜ ਕੀਤੀਆਂ ਸਨ। ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਰਾਜਨੀਤਕ ਪਾਰਟੀਆਂ, ਟਰੇਡ ਯੂਨੀਅਨਾਂ ਤੇ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਲੇਖਕਾਂ ਤੇ ਨਾਟਕ ਸੰਗਠਨਾਂ ਸਮੇਤ ਸਮਾਜ ਦੇ ਵੱਖ-ਵੱਖ ਵਰਗਾਂ ਦਾ ਸਮਰਥਨ ਮਿਲ ਰਿਹਾ ਹੈ। ਸਾਡੀਆਂ ਦਿੱਲੀ ਏਟਕ ਯੂਨੀਅਨਾਂ ਵੀ ਪਹਿਲਾਂ ਧਰਨਾ ਸਥਲ ਜੰਤਰ-ਮੰਤਰ 'ਤੇ ਗਈਆਂ ਸਨ। ਪੁਲਸ ਨੇ ਬਿਨਾਂ ਕਿਸੇ ਭੜਕਾਹਟ ਦੇ 3 ਮਈ ਦੀ ਰਾਤ ਨੂੰ ਪਹਿਲਵਾਨਾਂ 'ਤੇ ਹਮਲਾ ਕਰ ਦਿੱਤਾ ਸੀ ਅਤੇ ਇਸ ਦੌਰਾਨ ਧਰਨੇ 'ਤੇ ਬੈਠੇ ਕੁਝ ਵਿਅਕਤੀ ਜ਼ਖਮੀ ਹੋ ਗਏ ਸਨ ਤੇ ਮਹਿਲਾ ਪਹਿਲਵਾਨਾਂ ਨੂੰ ਪੁਰਸ਼ ਪੁਲਸ ਨੇ ਘੇਰ ਕੇ ਧੱਕਾ ਦੇ ਦਿੱਤਾ ਸੀ। ਖਬਰ ਮਿਲਣ 'ਤੇ ਉਨ੍ਹਾਂ ਨੂੰ ਕਵਰ ਕਰਨ ਗਈ ਪੱਤਰਕਾਰ ਸਾਕਸ਼ੀ ਜੋਸ਼ੀ ਨਾਲ ਵੀ ਕੁੱਟਮਾਰ ਕੀਤੀ ਗਈ ਤੇ ਉਸ ਦੇ ਕੱਪੜੇ ਪਾੜ ਦਿੱਤੇ ਗਏ।

5 ਮਈ ਨੂੰ ਅਮਰਜੀਤ ਕੌਰ ਜਨਰਲ ਸਕੱਤਰ, ਸੁਕੁਮਾਰ ਦਾਮਲੇ ਕੌਮੀ ਸਕੱਤਰ ਤੇ ਵਿਦਿਆਸਾਗਰ ਗਿਰੀ ਕੌਮੀ ਮੀਤ ਪ੍ਰਧਾਨ ਦੀ ਅਗਵਾਈ ਵਿੱਚ ਏ.ਆਈ.ਟੀ.ਯੂ.ਸੀ. ਦਾ ਇੱਕ ਵਫਦ ਸਾਡੀ ਹਮਾਇਤ ਨੂੰ ਦੁਹਰਾਉਣ ਲਈ ਧਰਨੇ ਵਾਲੀ ਥਾਂ 'ਤੇ ਗਿਆ ਸੀ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਬਚਾਉਣ ਲਈ ਹੁਣੇ ਕੰਮ ਕਰਨਾ ਚਾਹੀਦਾ ਹੈ।

# ਪੈਨਸ਼ਨਰ ਅੱਜ ਜਲੰਧਰ 'ਚ ਕਰਨਗੇ ਝੰਡਾ ਮਾਰਚ

**ਧੂਰੀ (ਸੁਖਦੇਵ ਧੂਰੀ)**-ਪੰਜਾਬ ਦੇ ਸਮੂਹ ਮੁਲਾਜ਼ਮ ਤੇ ਪੈਨਸ਼ਨਰ 7 ਮਈ ਨੂੰ ਪੰਜਾਬ ਸਰਕਾਰ ਦੇ ਜਲੰਧਰ ਜ਼ਿਮਨੀ ਚੋਣ ਨੱਕ ਵਿੱਚ ਦਮ ਕਰਨ ਲਈ ਜਲੰਧਰ ਹਲਕੇ ਵਿੱਚ ਵਿਸ਼ਾਲ ਝੰਡਾ ਮਾਰਚ ਕਰਨਗੇ। ਇਸ ਸਬੰਧੀ ਵੱਖ ਵੱਖ ਜਥੇਬੰਦੀਆਂ ਵੱਲੋਂ ਡਿਊਟੀਆਂ ਲਗਾਈਆਂ ਗਈਆਂ ਹਨ। ਇਸੇ ਕੜੀ ਵਜੋਂ ਸਥਾਨਕ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਦਫਤਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਹੈ ਕਿ ਹੋਰਨਾਂ ਬਲਾਕਾਂ ਦੀ ਤਰ੍ਹਾਂ ਧੂਰੀ ਤੋਂ ਵੀ ਇੱਕ ਵਹੀਕਲ ਪੈਨਸ਼ਨਰਜ਼ ਵੱਲੋਂ ਵੀ ਲੈ ਕੇ ਜਾਇਆ ਜਾਵੇਗਾ। ਇਸ ਸਬੰਧੀ ਤਿਆਰੀਆਂ ਨੂੰ ਅੰਤਿਮ ਰੂਪ ਦਿੰਦੇ ਹੋਏ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਸੁਖਦੇਵ ਸ਼ਰਮਾ ਤੇ ਜਨਰਲ ਸਕੱਤਰ ਡਾਕਟਰ ਅਮਰਜੀਤ ਸਿੰਘ ਨੇ ਕਿਹਾ ਕਿ ਜਲੰਧਰ ਹਲਕੇ ਦੇ ਝੰਡਾ ਮਾਰਚ ਲਈ ਪੈਨਸ਼ਨਰਾਂ 'ਚ ਭਾਰੀ ਉਤਸ਼ਾਹ ਹੈ।

## ਵਜੀਦਪੁਰ 'ਚ ਅੱਖਾਂ ਦਾ ਮੁਫਤ ਕੈਂਪ 14 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਜੀਦਪੁਰ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ ਰਮੇਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਦੁਰਗਾ ਮਾਤਾ ਮੰਦਰ ਵਿਖੇ ਕੀਤੀ ਗਈ।

ਮੀਟਿੰਗ ਦੌਰਾਨ ਜਨਰਲ ਸੈਕਟਰੀ ਕਾਹਨ ਚੰਦ ਸ਼ਰਮਾ ਨੇ ਦੱਸਿਆ ਕਿ ਸੁਸਾਇਟੀ ਦੀ ਸਹਿਮਤੀ ਨਾਲ ਦੁਰਗਾ ਮਾਤਾ ਮੰਦਰ ਵਜੀਦਪੁਰ ਵਿਖੇ 14 ਮਈ ਨੂੰ ਅੱਖਾਂ ਦਾ ਦੂਜਾ ਵਿਸ਼ਾਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਉਦਘਾਟਨ ਹਲਕਾ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਕਰਨਗੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਭਾਸ਼ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਬਲਰਾਮ ਸ਼ਰਮਾ, ਤਰਸੇਮ ਸ਼ਰਮਾ, ਜਗਜੀਤ ਸ਼ਰਮਾ, ਮੀਤ ਪ੍ਰਧਾਨ ਈਸ਼ਵਰ ਦਾਸ ਸ਼ਰਮਾ, ਕੈਸ਼ੀਅਰ ਵਿਪਨ ਸ਼ਰਮਾ, ਮੀਤ ਪ੍ਰਧਾਨ ਮਨਦੀਪ ਸ਼ਰਮਾ, ਕਾਰਜਕਰਤਾ ਗੁਲਸ਼ਨ ਸ਼ਰਮਾ, ਸੰਦੀਪ ਸ਼ਰਮਾ, ਵਿੱਕੀ ਸ਼ਰਮਾ, ਰਜਨੀਸ਼, ਨਰਿੰਦਰ ਸ਼ਰਮਾ, ਵਿਪਨ ਸ਼ਰਮਾ, ਰਮੇਸ਼ ਸ਼ਰਮਾ, ਸੁਰਜੀਤ ਸਿੰਘ, ਦਲੀਪ ਸਿੰਘ ਆਦਿ ਹਾਜ਼ਰ ਸਨ।

# ਮੋਗਾ ਜ਼ਿਲ੍ਹੇ 'ਚ 12 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਤ

## ਨਵੇਂ ਆਮ ਆਦਮੀ ਕਲੀਨਿਕ ਸਿਹਤ ਖੇਤਰ 'ਚ ਵੱਡੀ ਕ੍ਰਾਂਤੀ : ਵਿਧਾਇਕ




ਉਦਘਾਟਨ ਕਰਦੇ ਹੋਏ ਮੋਗਾ ਤੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ।

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਉੱਚ ਦਰਜੇ ਦੀਆਂ ਸਿਹਤ ਸਹੂਲਤਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਹੱਈਆ ਕਰਵਾਉਣ ਦੇ ਮਕਸਦ ਵਜੋਂ ਸੂਬੇ ਭਰ ਵਿੱਚ ਪਹਿਲਾਂ ਤੋਂ 500 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ। ਇਨ੍ਹਾਂ ਦੀ ਸਫਲਤਾ ਤੋਂ ਬਾਅਦ ਹੁਣ ਪੰਜਾਬ 'ਚ 80 ਹੋਰ ਨਵੇਂ ਮੁਹੱਲਾ ਕਲੀਨਿਕ ਲੋਕਾਂ ਨੂੰ ਪ੍ਰਭਾਵਸ਼ਾਲੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਖੁੱਲ੍ਹ ਚੁੱਕੇ ਹਨ।

ਇਨ੍ਹਾਂ ਨਵੇਂ ਬਣੇ ਕਲੀਨਿਕਾਂ ਵਿੱਚੋਂ 12 ਆਮ ਆਦਮੀ ਕਲੀਨਿਕ ਜ਼ਿਲ੍ਹਾ ਮੋਗਾ ਦੇ ਹਿੱਸੇ ਆਏ ਹਨ, ਜਿਨ੍ਹਾਂ ਦੀ ਰਸਮੀ ਸ਼ੁਰੂਆਤ ਅੱਜ ਵੱਖ ਵੱਖ ਵਿਧਾਇਕਾਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੁਆਰਾ ਕੀਤੀ ਗਈ। ਮੋਗਾ ਦੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਆਮ ਆਦਮੀ ਕਲੀਨਿਕ ਕਿਸ਼ਨਪੁਰਾ ਤੇ ਜਲਾਲਾਬਾਦ ਦਾ ਉਦਘਾਟਨ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਆਮ ਆਦਮੀ ਕਲੀਨਿਕ ਸੁਖਾਨੰਦ ਤੇ ਚੰਦ ਨਵਾਂ ਦਾ ਉਦਘਾਟਨ ਵਿਧਾਇਕ ਬਾਘਾ ਪੁਰਾਣਾ ਅੰਮ੍ਰਿਤਪਾਲ ਸਿੰਘ ਸੁਖਾਨੰਦ, ਲੋਪੋਂ ਦੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਭਾਸ਼ ਚੰਦਰ, ਆਮ ਆਦਮੀ ਕਲੀਨਿਕ ਮਾਣੂੰਕੇ ਦਾ ਉਦਘਾਟਨ ਉੱਪ ਮੰਡਲ ਮੈਜਸਟ੍ਰੇਟ ਸ੍ਰੀ ਰਾਮ ਸਿੰਘ, ਆਮ ਆਦਮੀ ਕਲੀਨਿਕ ਪੱਤੋ ਹੀਰਾ ਸਿੰਘ ਡਾ. ਸੁਖਪ੍ਰੀਤ ਸਿੰਘ ਐੱਸ.ਐੱਮ.ਓ., ਆਮ ਆਦਮੀ ਕਲੀਨਿਕ ਖੋਸਾ ਰਣਧੀਰ ਦਾ ਉਦਘਾਟਨ ਐੱਸ.ਐੱਮ.ਓ. ਰਜੇਸ਼ ਅੱਤਰੀ, ਆਮ ਆਦਮੀ ਕਲੀਨਿਕ ਰਾਉਕੇ ਕਲਾਂ ਦਾ ਉਦਘਾਟਨ ਐੱਸ.ਐੱਮ.ਓ. ਡਾ. ਸੰਜੇ ਪਵਾਰ, ਆਮ ਆਦਮੀ ਕਲੀਨਿਕ ਕੋਕਰੀ ਕਲਾਂ ਦਾ ਉਦਘਾਟਨ ਐੱਸ.ਐੱਮ.ਓ. ਰਜੇਸ਼ ਮਿੱਤਲ ਵੱਲੋਂ ਕੀਤਾ ਗਿਆ। ਸਮੂਹ ਵਿਧਾਇਕਾਂ ਨੇ ਵੱਖ-ਵੱਖ ਮੁਹੱਲਾ ਕਲੀਨਿਕਾਂ ਦੇ ਉਦਘਾਟਨੀ ਸਮਾਰੋਹ 'ਚ ਆਪਣੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਿਹਤ ਤੇ ਸਿੱਖਿਆ ਖੇਤਰ 'ਚ ਮਿਸਾਲੀ ਤਬਦੀਲੀਆਂ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ।

ਨਵੇਂ ਬਣੇ ਆਮ ਆਦਮੀ ਕਲੀਨਿਕ ਸਿਹਤ ਖੇਤਰ ਵਿੱਚ ਇੱਕ ਵੱਡੀ ਕ੍ਰਾਂਤੀ ਸਾਬਿਤ ਹੋ ਰਹੇ ਹਨ। ਇਨ੍ਹਾਂ ਆਮ ਆਦਮੀ ਕਲੀਨਿਕਾਂ ਨਾਲ ਸਿਹਤ ਖੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ। ਉਨ੍ਹਾਂ ਦੱਸਿਆ ਪਹਿਲਾਂ ਖੁੱਲ੍ਹੇ ਕਲੀਨਿਕਾਂ ਵਾਂਗ, ਇਨ੍ਹਾਂ ਕਲੀਨਿਕਾਂ ਵਿੱਚ ਵੀ ਵੱਖ-ਵੱਖ ਤਰ੍ਹਾਂ ਦੇ 45 ਟੈਸਟ ਤੇ 75 ਤਰ੍ਹਾਂ ਦੀਆਂ ਦਵਾਈਆਂ ਬਿਲਕੁਲ ਮੁਫ਼ਤ ਮੁਹੱਈਆ ਜਾਣਗੀਆਂ।

## ਮਹਿਲਾ ਐੱਸ ਐੱਚ ਓ ਖਤਰੇ ਤੋਂ ਬਾਹਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਥਾਣਾ ਗੋਲੇਵਾਲਾ ਦੀ ਇੰਚਾਰਜ ਸਬ-ਇੰਸਪੈਕਟਰ ਜੋਗਿੰਦਰ ਕੌਰ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਹੈ। ਬੀਤੇ ਸ਼ੁੱਕਰਵਾਰ ਰਾਤ ਨੂੰ ਡੀ ਐੱਮ ਸੀ ਲੁਧਿਆਣਾ ਵਿੱਚ ਉਸ ਦਾ ਸਫਲ ਆਪ੍ਰੇਸ਼ਨ ਕੀਤਾ ਗਿਆ ਤੇ ਗੋਲੀ ਕੱਢ ਦਿੱਤੀ ਗਈ ਹੈ। ਇਸ ਦੇ ਨਾਲ ਹੀ ਗੋਲੀਬਾਰੀ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਥਾਣਾ ਸਿਟੀ ਫਰੀਦਕੋਟ ਦੇ ਇੰਚਾਰਜ ਕਹਿ ਰਹੇ ਹਨ ਕਿ ਘਟਨਾ ਦੀ ਜਾਂਚ ਕੀਤੀ ਜਾਵੇਗੀ। ਇਸ ਮਾਮਲੇ 'ਚ ਪੁਲਸ ਵੱਲੋਂ ਪਹਿਲੀ ਨਜ਼ਰੇ ਇਹ ਦੱਸਿਆ ਜਾ ਰਿਹਾ ਹੈ ਕਿ ਸਰਵਿਸ ਰਿਵਾਲਵਰ ਲਾਕਰ 'ਚ ਰੱਖਣ ਦੌਰਾਨ ਅਚਾਨਕ ਗੋਲੀ ਚੱਲਣ ਨਾਲ ਇਹ ਘਟਨਾ ਵਾਪਰੀ ਹੈ, ਪਰ ਘਟਨਾ ਦੀ ਸਹੀ ਜਾਣਕਾਰੀ ਐੱਸ ਆਈ ਜੋਗਿੰਦਰ ਕੌਰ ਤੋਂ ਹੀ ਪੁੱਛਗਿੱਛ ਤੋਂ ਬਾਅਦ ਸਪੱਸ਼ਟ ਹੋ ਸਕੇਗੀ। ਫਿਲਹਾਲ ਉਨ੍ਹਾਂ ਦੀ ਸਿਹਤ 'ਚ ਸੁਧਾਰ ਦੱਸਿਆ ਜਾ ਰਿਹਾ ਹੈ।

## ਸਕੂਲ 'ਚ ਹੈਂਡ ਵਾਸ਼ਿੰਗ ਡੇਅ ਮਨਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਸਕੂਲ ਚੱਕ ਚਿੱਬੜਾਂਵਾਲੀ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਬਲਾਕ ਕੋਆਰਡੀਨੇਟਰ ਅਨੀਤਾ ਰਾਣੀ ਦੀ ਅਗਵਾਈ 'ਚ ਹੈਂਡ ਵਾਸ਼ਿੰਗ ਡੇਅ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਨੀਤਾ ਰਾਣੀ ਨੇ ਕਿਹਾ ਕਿ ਇਹ ਦਿਨ ਮਨਾਉਣ ਦਾ ਮਕਸਦ ਵਿਦਿਆਰਥਈਆਂ ਨੂੰ ਆਪਣੇ ਹੱਥਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਨੂੰ ਪ੍ਰੇਰਤ ਕਰਨਾ ਸੀ, ਕਿਉਂਕਿ ਜੇਕਰ ਆਪਣੇ ਹੱਥ ਹੀ ਸਾਫ ਨਾ ਹੋਣਗੇ ਤਾਂ ਅਨੇਕਾਂ ਬਿਮਾਰੀਆਂ ਲੱਗ ਸਕਦੀਆਂ ਨੇ। ਇਸ ਲਈ ਹਮੇਸ਼ਾ ਹੱਥਾਂ ਨੂੰ ਸਾਫ ਰੱਖਣਾ ਚਾਹੀਦਾ ਹੈ ਤੇ ਸਮੇਂ-ਸਮੇਂ ਸਿਰ ਸੈਨੇਟਾਈਜ਼ ਕਰਦੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਨੇ ਹਮੇਸ਼ਾ ਆਪਣੇ ਹੱਥਾਂ ਦੀ ਸਫਾਈ ਕਰਦੇ ਰਹਿਣ ਦਾ ਸੰਕਲਪ ਵੀ ਲਿਆ। ਇਸ ਮੌਕੇ ਸਮੂਹ ਸਕੂਲ ਸਟਾਫ ਮੌਜੂਦ ਸਨ।

## ਕਾਤਰਾਂ

### ਕੁਲਦੀਪ ਸਿੰਘ ਨੇ ਚੌਕੀ ਇੰਚਾਰਜ ਵਜੋਂ ਚਾਰਜ ਸੰਭਾਲਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੁੱਝ ਸਮਾਂ ਪਹਿਲਾਂ ਸਿਟੀ ਪੁਲਸ ਚੌਕੀ ਇੰਚਾਰਜ ਪਾਤੜਾਂ ਵਜੋਂ ਸੇਵਾ ਨਿਭਾਅ ਕੇ ਗਏ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਮੁੜ ਤੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੀ ਪੁਲਸ ਚੌਕੀ ਮਵੀ ਦੇ ਇੰਚਾਰਜ ਦਾ ਅਹੁਦਾ ਸੰਭਾਲ ਲਿਆ ਹੈ। ਉਹ ਸ਼ੰਭੂ ਤੋਂ ਬਦਲ ਕੇ ਇੱਥੇ ਆਏ ਹਨ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਇਲਾਕੇ ਵਿੱਚ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਰਹੇਗੀ। ਨਸ਼ਾ ਤਸਕਰਾਂ ਨੂੰ ਸਖਤ ਤਾੜਨਾ ਕਰਦਿਆਂ ਉਨ੍ਹਾ ਕਿਹਾ ਕਿ ਉਨ੍ਹਾਂ ਦੇ ਇਲਾਕੇ ਵਿੱਚ ਅਜਿਹਾ ਗੈਰ-ਕਾਨੂੰਨੀ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

### ਹਜ਼ੂਰ ਸਾਹਿਬ ਵਿਖੇ ਲੰਗਰਾਂ ਲਈ ਕਣਕ ਦਾ ਟਰੱਕ ਰਵਾਨਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲੰਗਰਾਂ ਲਈ ਪਿਛਲੇ ਕਈ ਸਾਲਾਂ ਤੋਂ ਇਲਾਕੇ ਦੀਆਂ ਸੰਗਤਾਂ ਵੱਲੋਂ ਕਣਕ ਇਕੱਠੀ ਕਰਕੇ ਭੇਜੀ ਜਾਂਦੀ ਹੈ, ਜਿਸ ਤਹਿਤ ਟਰੱਕ ਯੂਨੀਅਨ ਮਾਛੀਵਾੜਾ ਤੋਂ ਕਣਕ ਦਾ ਟਰੱਕ ਰਵਾਨਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਨਸ਼ੀ ਅਵਤਾਰ ਸਿੰਘ ਰੰਧਾਵਾ ਨੇ ਦੱਸਿਆ ਕਿ ਹਜ਼ੂਰ ਸਾਹਿਬ ਦੇ ਲੰਗਰਾਂ ਵਿੱਚ ਇਲਾਕੇ ਦਾ ਦਸਵੰਧ ਕਣਕ ਦੇ ਰੂਪ ਵਿੱਚ ਪਾਉਣ ਦੀ ਸ਼ੁਰੂਆਤ ਕਈ ਸਾਲ ਪਹਿਲਾਂ ਕੀਤੀ ਗਈ ਸੀ, ਜਿਸ ਵਿੱਚ ਹੁਣ ਇਸ ਇਲਾਕੇ ਤੋਂ ਇਲਾਵਾ ਖੰਨਾ, ਅਮਲੋਹ, ਜਸਪਾਲੋਂ, ਮਾਛੀਵਾੜਾ, ਖਬੜਾ (ਰੋਪੜ), ਫਿਲੌਰ ਆਦਿ ਤੋਂ ਇਕੱਠੀ ਕੀਤੀ ਗਈ ਕਣਕ ਨੂੰ ਗੁਰਦੁਆਰਾ ਸਾਹਿਬ ਤੱਕ ਪਹੁੰਚਾਉਣ ਲਈ ਟਰੱਕ ਯੂਨੀਅਨ ਮਾਛੀਵਾੜਾ ਆਪਣੀ ਸੇਵਾ ਨਿਭਾਅ ਰਹੀ ਹੈ। ਇਸ ਮੌਕੇ ਮਨੋਜ ਕੁਮਾਰ, ਜਸਵੀਰ ਸਿੰਘ, ਰਜਿੰਦਰ ਕੁਮਾਰ, ਵਰਿੰਦਰ ਸਿੰਘ, ਸ਼ਰਨਜੀਤ ਸਿੰਘ, ਬਿੱਟੂ ਸਚਦੇਵਾ ਮੌਜੂਦ ਸਨ।

### ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਬਠਿੰਡਾ ਚੌਕ 'ਚ ਮੌਜੂਦ ਸੀ ਤਾਂ ਸਾਹਮਣੇ ਖੇਤਾਂ ਵੱਲ ਜਾਂਦੀ ਕੱਚੀ ਪਹੀ ਵਿੱਚ ਇੱਕ ਮੋਟਰਸਾਈਕਲ ਕੋਲ ਦੋ ਨੌਜਵਾਨ ਨੀਰਜ ਕੁਮਾਰ ਵਾਸੀ ਪਟੇਲ ਨਗਰ ਮਲੋਟ ਤੇ ਰਾਹੁਲ ਮੌਂਗਾ ਵਾਸੀ ਗੁਰੂ ਨਾਨਕ ਨਗਰੀ ਮਲੋਟ ਖੜੇ ਸਨ, ਜੋ ਕਿ ਇੱਕ ਮੋਮੀ ਲਿਫ਼ਾਫ਼ੇ ਦੀ ਫ਼ਰੋਲਾ ਫਰਾਲੀ ਕਰ ਰਹੇ ਸਨ ਅਤੇ ਜਦੋਂ ਪੁਲਸ ਪਾਰਟੀ ਉਨ੍ਹਾਂ ਕੋਲ ਗਈ ਤਾਂ ਉਹ ਘਬਰਾ ਗਏ ਅਤੇ ਮੌਕੇ ਤੋਂ ਖਿਸਕਣ ਲੱਗੇ ਤਾਂ ਪੁਲਸ ਪਾਰਟੀ ਨੇ ਉਕਤ ਨੌਜਵਾਨਾਂ ਨੂੰ ਰੋਕ ਲਿਆ ਅਤੇ ਉਨ੍ਹਾਂ ਦੀ ਤਲਾਸ਼ੀ ਲੈਣ ਉਪਰੰਤ ਉਨ੍ਹਾਂ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਿਵਲ ਸਰਜਨ ਦਫਤਰ ਦੀ ਲਾਪ੍ਰਵਾਹੀ; ਛੁੱਟੀ ਵਾਲੇ ਦਿਨ ਵੀ ਜਗਦੀ ਰਹੀ ਲਾਈਟ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬਿਜਲੀ ਸੰਕਟ ਨੂੰ ਲੈ ਕੇ ਸਰਕਾਰੀ ਦਫਤਰਾਂ ਦੇ ਸਮੇਂ ਵਿੱਚ ਬਦਲਾਵ ਕਰਕੇ ਸਵੇਰੇ ਸਾਢੇ ਸੱਤ ਵਜੇ ਤੋਂ ਦੋ ਵਜੇ ਤੱਕ ਕੀਤਾ ਗਿਆ ਹੈ। ਸਰਕਾਰ ਵੱਲੋਂ ਇਹ ਕ੍ਰਾਂਤੀਕਾਰੀ ਕਦਮ ਸਰਕਾਰੀ ਦਫਤਰਾਂ ਵਿੱਚ ਬਿਜਲੀ ਦੀ ਖਪਤ ਨੂੰ ਘਟਾਉਣ ਲਈ ਕੀਤਾ ਗਿਆ ਹੈ। ਇਸ ਦੇ ਬਾਵਜੂਦ ਕੁੱਝ ਸਰਕਾਰੀ ਦਫਤਰ ਸਰਕਾਰ ਦੇ ਇਨ੍ਹਾਂ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਨਜ਼ਰ ਆ ਰਹੇ। ਇਸ ਮਾਮਲੇ 'ਚ ਸਿਵਿਲ ਸਰਜਨ ਫਾਜ਼ਿਲਕਾ ਦੇ ਦਫਤਰ ਦੀ ਲਾਪ੍ਰਵਾਹੀ ਵੀ ਸਾਹਮਣੇ ਆਈ ਹੈ, ਜਿੱਥੇ ਸ਼ਨੀਵਾਰ ਨੂੰ ਛੁੱਟੀ ਵਾਲੇ ਦਿਨ ਵੀ ਦਫਤਰ ਦੇ ਬਾਹਰ ਦੀ ਲਾਈਟ ਦਿਨ ਵੇਲੇ ਜਗਦੀ ਨਜ਼ਰ ਆਈ। ਸ਼ਨੀਵਾਰ ਤੇ ਐਤਵਾਰ ਨੂੰ ਛੁੱਟੀ ਹੋਣ ਕਾਰਨ ਸਿਵਿਲ ਸਰਜਨ ਫਾਜ਼ਿਲਕਾ ਦਾ ਦਫਤਰ ਵੀ ਬੰਦ ਸੀ ਤੇ ਇਸ ਦੇ ਗੇਟ ਨੂੰ ਤਾਲੇ ਲੱਗੇ ਹੋਏ ਸਨ। ਇਸ ਦੇ ਨਾਲ ਹੀ ਸਿਵਿਲ ਸਰਜਨ ਦਫਤਰ ਦੇ ਬਾਹਰ ਲੱਗੀ ਲਾਈਟ ਦਿਨ ਵੇਲੇ ਵੀ ਜਗ ਰਹੀ ਸੀ। ਅਗਲੇ ਦੋ ਦਿਨਾਂ ਤੱਕ ਦਫਤਰ ਬੰਦ ਰਹੇਗਾ ਤੇ ਸੰਭਵ ਹੈ ਕਿ ਇਹ ਇਸੇ ਤਰ੍ਹਾਂ ਹੀ ਦੋ ਦਿਨਾਂ ਤੱਕ ਦਿਨ ਰਾਤ ਜਗਦੀ ਰਹੇਗੀ, ਜਿਸ ਕਾਰਨ ਇਹ ਸਿਵਿਲ ਸਰਜਨ ਦਫਤਰ ਫਾਜ਼ਿਲਕਾ ਦੀ ਇੱਕ ਵੱਡੀ ਲਾਪ੍ਰਵਾਹੀ ਹੈ।

ਜਦੋਂ ਇਸ ਬਾਰੇ ਸਿਵਿਲ ਸਰਜਨ ਫਾਜ਼ਿਲਕਾ ਡਾ. ਸਤੀਸ਼ ਕੁਮਾਰ ਗੋਇਲ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਸ਼ਨੀਵਾਰ ਤੇ ਐਤਵਾਰ ਨੂੰ ਛੁੱਟੀ ਹੋਣ ਕਾਰਨ ਉਨ੍ਹਾਂ ਦਾ ਦਫਤਰ ਬੰਦ ਹੈ। ਉਨ੍ਹਾ ਕਿਹਾ ਕਿ ਇਹ ਅਣਜਾਣੇ ਵਿੱਚ ਕਿਸੇ ਕਰਮਚਾਰੀ ਵੱਲੋਂ ਜਗਦੀ ਛੱਡ ਦਿੱਤੀ ਹੋਵੇਗੀ।

# ਡੀ ਟੀ ਐੱਫ ਵੱਲੋਂ ਕੁਸ਼ਤੀ ਸੰਘ ਦੇ ਮੁਖੀ ਨੂੰ ਗ੍ਰਿਫਤਾਰ ਕਰਨ ਦੀ ਮੰਗ

**ਧੂਰੀ (ਸੁਖਦੇਵ ਧੂਰੀ)**-ਅਧਿਆਪਕਾਂ ਦੀ ਸੰਘਰਸ਼ਸ਼ੀਲ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਮਹਿਲਾ ਪਹਿਲਵਾਨਾਂ ਵੱਲੋਂ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਅਧੀਨ ਦਰਜ ਕੀਤੇ ਮਾਮਲੇ ਵਿੱਚ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਇਹ ਮਾਮਲਾ ਬਹੁਤ ਗੰਭੀਰ ਹੈ। ਕੁਸ਼ਤੀ 'ਚ ਭਾਰਤ ਲਈ ਨਾਮਣਾ ਖੱਟਣ ਵਾਲੇ ਖਿਡਾਰੀਆਂ ਦੁਆਰਾ ਲਾਏ ਗਏ ਦੋਸ਼ ਸੰਗੀਨ ਹਨ। ਦੋਸ਼ੀ ਦਾ ਅਪਰਾਧਕ ਪਿਛੋਕੜ ਤੇ ਉਸ ਨੂੰ ਸੱਤਾ ਦਾ ਥਾਪੜਾ ਜੱਗ-ਜ਼ਾਹਰ ਹੈ। ਇਸ 'ਤੇ ਪਹਿਲਾਂ ਵੀ ਅਨੇਕਾਂ ਅਪਰਾਧਕ ਮਾਮਲੇ ਦਰਜ ਹਨ। ਅਜਿਹੇ 'ਚ ਜੇਕਰ ਖਿਡਾਰਨਾਂ ਉਸ ਉੱਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾ ਰਹੀਆਂ ਹਨ ਤਾਂ ਬਿਨਾਂ ਕਿਸੇ ਦੇਰੀ ਦੇ ਇਸ ਮਾਮਲੇ ਵਿੱਚ ਉਸ ਨੂੰ ਹਿਰਾਸਤ ਵਿੱਚ ਲੈ ਕੇ ਮਾਮਲੇ ਦੀ ਜਾਂਚ-ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਅਪਰਾਧਕ ਪਿਛੋਕੜ ਵਾਲੇ ਵਿਅਕਤੀਆਂ ਦਾ ਸੱਤਾ ਵਿੱਚ ਅਤੇ ਅਜਿਹੇ ਅਹਿਮ ਅਹੁਦਿਆਂ 'ਤੇ ਹੋਣਾ ਭਾਰਤ ਦੀ ਰਾਜਨੀਤਕ ਪ੍ਰਣਾਲੀ ਦੀ ਤ੍ਰਾਸਦੀ ਹੈ। ਅੰਤਰਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਨੂੰ ਜੇਕਰ ਇੱਕ ਅਸਰ-ਰਸੂਖ ਵਾਲੇ ਵਿਅਕਤੀ ਖਿਲਾਫ ਜਾਂਚ ਕਰਾਉਣ ਲਈ ਵੀ ਧਰਨੇ ਲਗਾਉਣੇ ਪੈਣ ਤਾਂ ਇਹ ਦੇਸ਼ ਲਈ ਸ਼ਰਮਨਾਕ ਹੈ। ਆਗੂਆਂ ਨੇ ਬੀਤੀ ਰਾਤ ਦਿੱਲੀ ਪੁਲਸ ਦੁਆਰਾ ਧਰਨੇ ਵਾਲੀ ਜਗ੍ਹਾ 'ਤੇ ਖਿਡਾਰੀਆਂ ਨਾਲ ਧੱਕਾ-ਮੁੱਕੀ ਕਰਨ ਦੀਆਂ ਖਬਰਾਂ ਦੇ ਮੱਦੇਨਜ਼ਰ ਦਿੱਲੀ ਪੁਲਸ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ। ਆਗੂਆਂ ਨੇ ਇਨ੍ਹਾਂ ਖਿਡਾਰਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੇ ਹੋਏ ਕੇਂਦਰ ਸਰਕਾਰ ਤੋਂ ਦੋਸ਼ੀ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ।

# ਖਿਡਾਰੀਆਂ ਵੱਲੋਂ ਪਹਿਲਵਾਨਾਂ ਦੇ ਧਰਨੇ ਦੀ ਜ਼ੋਰਦਾਰ ਹਮਾਇਤ



ਮੀਟਿੰਗ ਉਪਰੰਤ ਓਲੰਪੀਅਨ ਪਹਿਲਵਾਨਾਂ ਦੇ ਦਿੱਲੀ ਧਰਨੇ ਦੀ ਹਮਾਇਤ ਦਾ ਐਲਾਨ ਕਰਦੇ ਹੋਏ ਖਿਡਾਰੀ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਸਕੂਲ ਲਹਿਰਾ ਮੁਹੱਬਤ ਦੇ ਖੇਡ ਗਰਾਊਂਡ ਵਿਖੇ ਕ੍ਰਿਕਟ, ਕਬੱਡੀ ਤੇ ਬਾਲੀਵਾਲ ਦੀ ਪ੍ਰੈਕਟਿਸ ਕਰਦੇ ਖਿਡਾਰੀ ਨੌਜਵਾਨਾਂ ਦੀ ਮੀਟਿੰਗ ਸਮਾਜ ਸੇਵੀ ਤੇ ਸਾਬਕਾ ਮੁਲਾਜ਼ਮ ਆਗੂ ਜਗਜੀਤ ਸਿੰਘ ਲਹਿਰਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਦਿੱਲੀ ਜੰਤਰ-ਮੰਤਰ ਵਿਖੇ ਓਲੰਪੀਅਨ ਪਹਿਲਵਾਨ ਫੋਗਾਟ, ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਦੀ ਅਗਵਾਈ 'ਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਪਹਿਲਵਾਨਾਂ ਦੇ ਹੱਕ ਵਿੱਚ ਦਿੱਤੇ ਜਾ ਰਹੇ ਧਰਨੇ ਦੌਰਾਨ ਪੁਲਸ ਵੱਲੋਂ ਰਾਤ ਸਮੇਂ ਕੀਤੇ ਜਬਰ ਤੇ ਸ਼ਰੇਆਮ ਧੱਕੇਸ਼ਾਹੀ ਦੀ ਸਖਤ ਨਿਖੇਧੀ ਕਰਦਿਆਂ ਪਹਿਲਵਾਨਾਂ ਦੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕੀਤੀ ਗਈ ਅਤੇ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਤੇ ਭਾਜਪਾ ਐੱਮ. ਪੀ. ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਫੁੱਟਬਾਲ ਕੋਚ ਸੁਸ਼ੀਲ, ਕ੍ਰਿਕਟ ਖਿਡਾਰੀ ਅਨਮੋਲ, ਗੋਰਾ, ਜਗਦੀਪ, ਸੰਦੀਪ ਪੇਂਦੂ, ਜਗਤਾਰ ਸਿੰਘ ਮਣਕੀ, ਕਬੱਡੀ ਖਿਡਾਰੀ ਹਰਜਿੰਦਰ, ਹਰਪ੍ਰੀਤ, ਜੈ ਦੀਪ, ਵਿਸ਼ਾਲ, ਨਰਿੰਦਰ, ਗੁਰਸੇਵਕ ਸਿੰਘ ਤੇ ਬਾਲੀਵਾਲ ਖਿਡਾਰੀ ਰਾਜਭੁਪਿੰਦਰ ਸਿੰਘ, ਮਾ. ਅਮਨਦੀਪ ਸਿੰਘ, ਹਰਿੰਦਰ ਸਿੰਘ ਗੋਰਾ ਤੇ ਗੁਰਵੀਰ ਸਿੰਘ ਸਮੇਤ ਹੋਰ ਨੌਜਵਾਨ ਤੇ ਬੱਚੇ ਹਾਜ਼ਰ ਸਨ।

# ਮੌਜੂਦਾ ਸਰਕਾਰ ਵੀ ਪੈਨਸ਼ਨਰਜ਼ ਤੇ ਮੁਲਾਜ਼ਮ ਵਿਰੋਧੀ ਨੀਤੀਆਂ 'ਤੇ ਚੱਲ ਰਹੀ : ਪਵਨ ਕੌਸ਼ਲ

**ਦੋਰਾਹਾ (ਹਰਮਿੰਦਰ ਸਿੰਘ ਸੇਠ)**

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਉੱਪਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਲੋਕ ਵਿਰੋਧੀ ਤੇ ਪੈਨਸ਼ਨਰਜ਼ ਅਤੇ ਮੁਲਾਜ਼ਮ ਵਿਰੋਧੀ ਨੀਤੀਆਂ ਉੱਪਰ ਚੱਲਣ ਦਾ ਦੋਸ਼ ਲਗਾਇਆ ਗਿਆ। ਪਵਨ ਕੁਮਾਰ ਕੌਸ਼ਲ ਨੇ ਸਰਕਾਰ 'ਤੇ ਚੋਣਾਂ ਦੌਰਾਨ ਤੇ ਪੈਨਸ਼ਨਰਜ਼ ਜਾਇੰਟ ਫਰੰਟ ਦੇ ਆਗੂਆਂ ਨਾਲ ਹੋਈਆਂ ਮੀਟਿੰਗਾਂ ਅੰਦਰ ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਦੇ ਵਾਅਦਿਆਂ ਤੋਂ ਪਿੱਛੇ ਹਟਣਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵਿਸ਼ਵਾਸਘਾਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਐੱਮ ਐੱਲ ਏ ਤੇ ਮੰਤਰੀਆਂ 'ਤੇ ਕਥਿਤ ਭ੍ਰਿਸ਼ਟਾਚਾਰ ਅਤੇ ਅਨੈਤਿਕ ਗਤੀ ਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਲੱਗ ਰਹੇ ਹਨ।

ਐਸੋਸੀਏਸ਼ਨ ਦੇ ਸਕੱਤਰ ਗੁਰਦਿਆਲ ਦਲਾਲ ਨੇ ਪੈਨਸ਼ਨਰਜ਼ ਦੀਆਂ ਮੰਗਾਂ ਪ੍ਰਤੀ ਸਰਕਾਰ ਦੀ ਅਣਗਹਿਲੀ ਦੀ ਨਿਖੇਧੀ ਕਰਦਿਆਂ ਪੰਜਾਬ ਅੰਦਰ ਫੈਲ ਰਹੇ ਨਸ਼ਿਆਂ ਦੀ ਪ੍ਰਕੋਪੀ ਉੱਪਰ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਨੂੰ ਨਸ਼ਿਆਂ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ ਕਰਾਰ ਦਿੱਤਾ। ਕਰਮ ਸਿੰਘ ਜਟਾਣਾ ਨੇ ਸਰਕਾਰ ਵੱਲੋਂ ਮੰਗਾਂ ਨਾ ਮੰਨਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਜਲੰਧਰ ਲੋਕ ਸਭਾ ਹਲਕੇ ਅੰਦਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਰਕਾਰ ਵਿਰੁੱਧ ਕੀਤੇ ਵਿਰੋਧ ਮਾਰਚ ਸਰਕਾਰ ਨੂੰ ਕਰਾਰਾ ਸਬਕ ਸਿਖਾਉਣਗੇ। ਐਸੋਸੀਏਸ਼ਨ ਦੇ ਸਰਪ੍ਰਸਤ ਮੁਰਾਰੀ ਲਾਲ ਗੋਇਲ ਨੇ ਸਰਕਾਰ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਨੂੰ ਇੱਕ ਕਾਰਗਰ ਹਥਿਆਰ ਦੱਸਿਆ।

ਪਿਆਰਾ ਸਿੰਘ ਅੜੈਚਾਂ ਨੇ ਮੌਜੂਦਾ ਸਰਕਾਰ ਨੂੰ ਪਹਿਲੀਆਂ ਸਰਕਾਰਾਂ ਤੋਂ ਵੀ ਨਖਿੱਧ ਦੱਸਦਿਆਂ ਕਿਹਾ ਕਿ ਇਸ ਸਰਕਾਰ ਦੀਆਂ ਲੋਕ, ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦਾ ਪਿਛਲੀਆਂ ਸਰਕਾਰਾਂ ਨਾਲੋਂ ਕੋਈ ਫਰਕ ਨਹੀਂ, ਸਗੋਂ ਦੋ ਕਦਮ ਅੱਗੇ ਨਿਕਲ ਗਈ ਹੈ। ਰੂਪਿੰਦਰ ਸਿੰਘ ਨੇ ਪੰਜਾਬ ਅੰਦਰ ਸਿਹਤ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਪਿੰਡਾਂ ਦੀਆਂ ਡਿਸਪੈਂਸਰੀਆਂ ਖਤਮ ਕਰਕੇ ਉਨ੍ਹਾਂ ਦੇ ਨਾਂਅ ਆਮ ਆਦਮੀ ਕਲੀਨਿਕ ਰੱਖ ਕੇ ਲੋਕਾਂ ਨੂੰ ਹਨੇਰੇ 'ਚ ਰੱਖ ਰਹੀ ਹੈ। ਮੀਟਿੰਗ ਵਿੱਚ ਦਰਸ਼ਨ ਸਿੰਘ, ਰਣਜੀਤ ਸਿੰਘ ਟਿਵਾਣਾ ਤੇ ਅਵਤਾਰ ਸਿੰਘ ਸੈਣੀ ਨੇ ਵੀ ਆਪਣੇ ਵਿਚਾਰ ਰੱਖੇ।

# ਯੂਨੈਸਕੋ ਤੇ ਐੱਨ ਸੀ ਈ ਆਰ ਟੀ ਵੱਲੋਂ ਪ੍ਰਿੰਸੀਪਲ ਧਮੀਜਾ ਬਣੇ ਮਾਸਟਰ ਟਰੇਨਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ ਬੀ ਐੱਸ ਈ) ਨਵੀਂ ਦਿੱਲੀ ਤੇ ਸੈਂਟਰਲ ਆਫ ਐਕਸੀਲੈਂਸ ਚੰਡੀਗੜ੍ਹ ਵੱਲੋਂ ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਤੇ ਸੱਭਿਆਚਾਰਕ ਸੰਗਠਨ ਯੂਨੈਸਕੋ ਤੇ ਐੱਨ ਸੀ ਈ ਆਰ ਟੀ ਦੇ ਸਹਿਯੋਗ ਨਾਲ ਸੀ ਬੀ ਐੱਸ ਈ ਮਾਨਤਾ ਪ੍ਰਾਪਤ ਸਕੂਲਾਂ ਦੇ ਸਿਹਤ ਤੇ ਤੰਦਰੁਸਤੀ ਪ੍ਰੋਗਰਾਮ ਲਈ ਮਾਸਟਰ ਟ੍ਰੇਨਰ ਪੰਜ ਰੋਜ਼ਾ ਵਰਕਸ਼ਾਪ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੇ ਭਾਗ ਲਿਆ। ਇਸ ਵਰਕਸ਼ਾਪ ਦੀ ਟ੍ਰੇਨਿੰਗ ਡਾ. ਰਾਮ ਸ਼ੰਕਰ ਡਾਇਰੈਕਟਰ ਆਫ ਟ੍ਰੇਨਿੰਗ ਸੀ ਬੀ ਐੱਸ ਈ ਨਵੀਂ ਦਿੱਲੀ, ਪ੍ਰੋਫੈਸਰ ਸਰੋਜ ਯਾਦਵ ਅਕਾਦਮਿਕ ਡੀਨ (ਐੱਨ ਸੀ ਈ ਆਰ ਟੀ), ਪ੍ਰੋਫੈਸਰ ਦਿਨੇਸ਼ ਪ੍ਰਸਾਦ ਡਾਇਰੈਕਟਰ ਐੱਨ ਸੀ ਈ ਆਰ ਟੀ, ਪ੍ਰਸ਼ਾਂਤ ਯਾਦਵ ਸਲਾਹਕਾਰ (ਯੂਨੈਸਕੋ) ਵੱਲੋਂ ਬੜੇ ਹੀ ਵਧੀਆ ਢੰਗ ਨਾਲ ਦਿੱਤੀ ਗਈ। ਇਹ ਵਰਕਸ਼ਾਪ #202 ਵਿੱਦਿਅਕ ਤਕਨਾਲੋਜੀ ਦੀ ਕੇਂਦਰੀ ਸੰਸਥਾ, ਨੈਸ਼ਨਲ ਕਾਉਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐੱਨ ਸੀ ਆਰ ਟੀ) ਨਵੀਂ ਦਿੱਲੀ ਵਿਖੇ ਲਗਾਈ ਗਈ। ਇਹ ਪੰਜ ਰੋਜ਼ਾ ਵਰਕਸ਼ਾਪ ਸੀ ਬੀ ਐੱਸ ਈ ਮਾਨਤਾ ਪ੍ਰਾਪਤ ਸਕੂਲਾਂ ਦੇ ਸਿਹਤ ਤੇ ਤੰਦਰੁਸਤੀ ਪ੍ਰੋਗਰਾਮ ਦੇ ਰੋਲ ਆਊਟ ਲਈ ਮਾਸਟਰ ਟ੍ਰੇਨਰਾਂ ਦੀ ਸਿਖਲਾਈ ਉੱਪਰ ਅਧਾਰਤ ਸੀ। ਇਸ ਵਰਕਸ਼ਾਪ 'ਚ ਵਿਦਿਆਰਥੀਆਂ ਦੀ ਸਿਹਤ, ਸੁਰੱਖਿਆ, ਲਿੰਗ ਸਮਾਨਤਾ, ਨਿੱਜੀ ਸਾਫ਼ ਸਫ਼ਾਈ, ਜਿਨਸੀ ਅਪਰਾਧ ਤੋਂ ਬੱਚਿਆਂ ਦੀ ਸੁਰੱਖਿਆ (ਪੋਸਕੋ) ਬਾਰੇ ਸਿਖਲਾਈ ਦਿੱਤੀ ਗਈ। ਪ੍ਰਿੰਸੀਪਲ ਧਮੀਜਾ ਦਾ ਕਹਿਣਾ ਹੈ ਕਿ ਅਸੀਂ ਇਸ ਪ੍ਰੋਗਰਾਮ ਤੋਂ ਜੋ ਸਿੱਖਿਆ ਹੈ, ਉਹ ਅਸੀਂ ਆਪਣੇ ਸਕੂਲ 'ਚ ਲਾਗੂ ਕਰਾਂਗੇ, ਜਿਸ ਨਾਲ ਸਕੂਲ ਦੇ ਵਿਦਿਆਰਥੀਆਂ ਦਾ ਭਵਿੱਖ ਸੁਨਹਿਰੀ ਬਣੇਗਾ ਤੇ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਸਹਿਯੋਗ ਪ੍ਰਾਪਤ ਹੋਵੇਗਾ। ਪੰਕਜ ਧਮੀਜਾ ਦੀ ਇਸ ਪ੍ਰਾਪਤੀ 'ਤੇ ਸਕੂਲ ਮੈਨੇਜਮੈਂਟ ਤੇ ਸਮੂਹ ਸਟਾਫ਼ ਵੱਲੋਂ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੂੰ ਇਸ ਵਰਕਸ਼ਾਪ ਵਿਖੇ ਆਪਣਾ ਯੋਗਦਾਨ ਦੇਣ ਤੇ ਵਿਦਿਆਰਥੀਆਂ ਦੇ ਮੁੱਢਲੇ ਵਿਕਾਸ ਲਈ ਚੁੱਕੇ ਜਾ ਰਹੇ ਕਦਮਾਂ ਦੀ ਪ੍ਰਸ਼ੰਸਾ ਕੀਤੀ ਗਈ।

# ਨਗਰ ਪੰਚਾਇਤ ਵੱਲੋਂ ਚੁੱਕੇ ਕਰੇਟ ਛਾਣ ਰਹੇ ਹਨ ਦਫਤਰ ਦੀ ਖਾਕ



ਚੁੱਕੇ ਗਏ ਕਰੇਟ ਨਗਰ ਪੰਚਾਇਤ ਦਫਤਰ ਵਿਖੇ ਪਏ ਹੋਏ।

**ਭੀਖੀ (ਧਰਮਵੀਰ ਸ਼ਰਮਾ)**-ਪਿਛਲੇ ਕਈ ਦਿਨ ਪਹਿਲਾਂ ਨਗਰ ਪੰਚਾਇਤ ਦਫਤਰ ਵੱਲੋਂ ਆਲਾ ਅਧਿਕਾਰੀਆਂ ਦੇ ਇਸ਼ਾਰੇ 'ਤੇ ਚੁੱਕੇ ਗਏ ਇੱਕ ਸਬਜ਼ੀ ਵਿਕਰੇਤਾ ਦੇ 2 ਸਬਜ਼ੀ ਦੇ ਕਰੇਟ, ਜਿਨ੍ਹਾਂ ਵਿੱਚ ਇੱਕ ਆਲੂਆਂ ਤੇ ਇੱਕ ਖੀਰਿਆਂ ਦਾ ਭਰਿਆ ਹੋਇਆ ਸੀ, ਅੱਜ ਵੀ ਦਫਤਰ ਦੀ ਖਾਕ ਛਾਣ ਰਹੇ ਹਨ, ਜਿਸ ਵਿੱਚ ਪਈ ਸਬਜ਼ੀ ਸੜ ਕੇ ਖਰਾਬ ਹੋ ਚੁੱਕੀ ਹੈ, ਪ੍ਰੰਤੂ ਹਾਲੇ ਤੱਕ ਦਫਤਰ ਵੱਲੋਂ ਨਾ ਤਾਂ ਉਕਤ ਸਬਜ਼ੀ ਵਿਕਰੇਤਾ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਰੇਹੜੀਆਂ ਵਾਲਿਆਂ ਵੱਲੋਂ ਕੀਤੇ ਗਏ ਨਜਾਇਜ਼ ਕਬਜ਼ਿਆਂ ਸਬੰਧੀ ਕੋਈ ਕਾਰਵਾਈ ਕੀਤੀ ਗਈ ਹੈ। ਇਸ ਸਬੰਧੀ ਪੀੜਤ ਕਾਲਾ ਸਿੰਘ ਨੇ ਦੱਸਿਆ ਕਿ ਨਗਰ ਪੰਚਾਇਤ ਵੱਲੋਂ ਉਸ ਦੇ ਸਬਜ਼ੀ ਨਾਲ ਭਰੇ ਕਰੇਟ ਚੁੱਕ ਕੇ ਦਫਤਰ ਲਿਜਾਏ ਗਏ ਸਨ, ਪ੍ਰੰਤੂ ਉਸ ਦੇ ਹਾਲੇ ਤੱਕ ਕਰੇਟ ਨਹੀਂ ਮੋੜੇ ਗਏ।

ਉਨ੍ਹਾਂ ਦੱਸਿਆ ਕਿ ਅਜਿਹਾ ਕਰਨ ਨਾਲ ਜਿੱਥੇ ਉਸ ਦੀ ਸਬਜ਼ੀ ਖਰਾਬ ਹੋਣ ਨਾਲ ਉਸ ਨੂੰ ਆਰਥਿਕ ਨੁਕਸਾਨ ਝੱਲਣਾ ਪਿਆ ਹੈ, ਉੱਥੇ ਉਹ ਸਬੰਧਤ ਵਿਅਕਤੀਆਂ ਦੇ ਕਰੇਟ ਨਾ ਮੋੜਨ ਕਾਰਨ ਪ੍ਰੇਸ਼ਾਨ ਹੈ। ਇਸ ਸਬੰਧੀ ਜਦੋਂ ਸਥਾਨਕ ਕਾਰਜ ਸਾਧਕ ਅਫਸਰ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਉਕਤ ਵਿਅਕਤੀ ਦੇ ਕਰੇਟ ਜਬਤ ਕੀਤੇ ਗਏ ਹਨ।

# ਬਾਰ ਐਸੋਸੀਏਸ਼ਨ ਵੱਲੋਂ ਜੱਜ ਸਹਿਬਾਨਾਂ ਨੂੰ ਵਿਦਾਇਗੀ ਪਾਰਟੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨ ਪਾਲ ਸਿੰਘ ਤੱਤਲਾ ਦੀ ਅਗਵਾਈ ਹੇਠ ਬਾਰ ਐਸੋਸੀਏਸ਼ਨ ਦੇ ਦਫਤਰ ਵਿਖੇ ਇੱਕ ਸਮਾਗਮ ਹੋਇਆ, ਜਿਸ 'ਚ ਸਮਾਣਾ ਤੋਂ ਬਦਲ ਕੇ ਗਏ ਜੱਜ ਮੈਡਮ ਮਮਤਾ ਕੱਕੜ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਤੇ ਸਿਮਰਨ ਸਿੰਘ ਸਿਵਲ ਜੱਜ ਜੂਨੀਅਰ ਡਵੀਜ਼ਨ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਸਮਾਣਾ ਵਿਖੇ ਨਵੇਂ ਆਏ ਜੱਜ ਸਾਹਿਬਾਨਾਂ ਰਜਿੰਦਰ ਸਿੰਘ ਨਾਗਪਾਲ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ ਤੇ ਜੱਜ ਮੈਡਮ ਏਕਤਾ ਸੈਦਾ ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨ ਸਿੰਘ ਪਾਲ ਤੱਤਲਾ ਨੇ ਦੱਸਿਆ ਕਿ ਜੱਜ ਮੈਡਮ ਮਮਤਾ ਕੱਕੜ ਸਮਾਣਾ ਤੋਂ ਬਦਲ ਕੇ ਫੂਲ ਜ਼ਿਲ੍ਹਾ ਬਠਿੰਡਾ ਵਿਖੇ ਗਏ ਹਨ, ਜਦੋਂਕਿ ਜੱਜ ਸਿਮਰਨ ਸਿੰਘ ਪਦ ਉੱਨਤ ਹੋ ਕੇ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਬਣ ਕੇ ਬਠਿੰਡਾ ਵਿਖੇ ਗਏ ਹਨ। ਅੱਜ ਸਮੁੱਚੀ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਉਕਤ ਜੱਜ ਸਾਹਿਬਾਨਾਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਨਵੇਂ ਆਏ ਜੱਜ ਸਾਹਿਬਾਨਾਂ ਦਾ ਸਵਾਗਤ ਕੀਤਾ ਗਿਆ।

ਬਾਰ ਪ੍ਰਧਾਨ ਨੇ ਨਵੇਂ ਆਏ ਜੱਜ ਸਾਹਿਬਾਨਾਂ ਨੂੰ ਸਮਾਣਾ ਬਾਰ ਨੂੰ ਆਉਂਦੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਤੇ ਬੈਂਚ ਵੱਲੋਂ ਬਾਰ ਨੂੰ ਸਹਿਯੋਗ ਦੇਣ ਲਈ ਕਿਹਾ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਬਾਰ ਮੈਂਬਰ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਸੈਕਟਰੀ ਗੁਰਜੋਤ ਸਿੰਘ ਵਿਰਕ, ਨਵਜੋਤ ਗਰਗ, ਪ੍ਰਿਤਪਾਲ ਸਿੰਘ ਰਵੇਲ, ਜਗਮੀਤ ਕੌਰ, ਸਿਵਚਰਨ ਵਰਤੀਆ, ਖਵਾਬ ਸੋਨੀ, ਜੁਗਰਾਜ ਸਿੰਘ ਵੜੈਚ, ਕਰਮਜੀਤ ਸਿੰਘ ਰੰਧਾਵਾ, ਨਵਦੀਪ ਸਿੰਘ ਢਿੱਲੋਂ, ਦਵਿੰਦਰ ਸਿੰਘ ਢਿੱਲੋਂ, ਕੁਲਵੰਤ ਸਿੰਘ ਢਿੱਲੋਂ, ਹਰਮਨਦੀਪ ਸਿੰਘ ਸਿੱਧੂ, ਕਸ਼ਮੀਰ ਸਿੰਘ ਵਿਰਕ, ਬਲਬੀਰ ਸਿੰਘ ਧਨੋਆ, ਇੰਦਰਜੀਤ ਸਿੰਘ ਸਲੂਜਾ, ਸੀਤਾ ਰਾਮ ਬਾਂਸਲ, ਹਰਪ੍ਰੀਤ ਸਿੰਘ ਅਤਾਲਾਂ ਤੋਂ ਇਲਾਵਾ ਹੋਰ ਵੀ ਬਾਰ ਮੈਂਬਰ ਹਾਜ਼ਰ ਸਨ।

# ਪਾਥਵੇਜ਼ ਗਲੋਬਲ ਸਕੂਲ 'ਚ ਵਿਸ਼ਵ ਅਥਲੈਟਿਕਸ ਦਿਵਸ ਮਨਾਇਆ




**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਵਿਸ਼ਵ ਅਥਲੈਟਿਕ ਦਿਵਸ ਮਨਾਇਆ ਗਿਆ। ਇਹ ਦਿਵਸ ਹਰ ਸਾਲ ਲਗਭਗ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਲੋਕਾਂ ਨੂੰ ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਹੈ ਤੇ ਸਰੀਰਕ ਤੰਦਰੁਸਤੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਸਵੇਰ ਦੀ ਸਭਾ ਦੌਰਾਨ ਇਸ ਦਿਨ ਦੇ ਨਾਲ ਸੰਬੰਧਤ ਪ੍ਰਸ਼ਨੋਤਰੀ ਮੁਕਾਬਲਾ ਵੀ ਕਰਵਾਇਆ ਗਿਆ ਤੇ ਅਲੱਗ-ਅਲੱਗ ਸਪੀਚਾਂ ਰਾਹੀਂ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਦੇ ਮਹੱਤਵ ਤੋਂ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਸਕੂਲ ਵੱਲੋਂ ਅਥਲੈਟਿਕਮੀਟ ਦਾ ਵੀ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਕ੍ਰਮਵਾਰ 50 ਮੀਟਰ, 100 ਮੀਟਰ ਤੇ 200 ਮੀਟਰ ਦੌੜ ਮੁਕਾਬਲੇ ਅਤੇ ਰਿਲੇਅ ਰੇਸ ਮੁਕਾਬਲੇ ਵੀ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ ਨਰਸਰੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਦੇ ਮਾਣਯੋਗ ਪ੍ਰਿੰਸੀਪਲ ਸ੍ਰ. ਹਰਵੰਤ ਸਿੰਘ, ਡਾਇਰੈਕਟਰ ਸ਼੍ਰੀ ਬੀ. ਐੱਲ. ਵਰਮਾ, ਸਕੂਲ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ-ਚੇਅਰਮੈਨ ਅਵਤਾਰ ਸਿੰਘ ਸੌਂਧ, ਪ੍ਰਧਾਨ ਜਸਵਿੰਦਰ ਸਿੰਘ ਸਿੱਧੂ, ਜੋਗਿੰਦਰ ਸਿੰਘ ਸੌਂਧ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਧ ਨੇ ਵਿਦਿਆਥੀਆਂ ਦਾ ਹੌਸਲਾ ਵਧਾਇਆ।

# ਡੀ ਟੀ ਐੱਫ ਵੱਲੋਂ ਸਿੱਖਿਆ ਤੇ ਅਧਿਆਪਕ ਮੰਗਾਂ ਸੰਬੰਧੀ ਮੁੱਖ ਮੰਤਰੀ ਨਾਲ ਮੀਟਿੰਗ

## ਪੇਂਡੂ ਭੱਤੇ ਦੀ ਬਹਾਲੀ, ਓ ਡੀ ਐੱਲ ਤੇ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ



**ਸ੍ਰੀ ਮੁਕਤਸਰ ਸਾਹਿਬ ਸ਼ਮਿੰਦਰਪਾਲ/ਪੂਜਾ)**

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ ਟੀ ਐੱਫ) ਵੱਲੋਂ ਬੀਤੀ 30 ਅਪ੍ਰੈਲ ਨੂੰ ਜਲੰਧਰ ਵਿਖੇ ਕੀਤੀ ਅਧਿਆਪਕਾਂ ਦੀ ਵਿਆਪਕ ਸ਼ਮੂਲੀਅਤ ਅਧਾਰਤ ਸੂਬਾਈ ਰੈਲੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ 'ਚ ਆਏ ਵਫ਼ਦ ਨਾਲ ਅਹਿਮ ਮੀਟਿੰਗ ਕੀਤੀ ਗਈ ਹੈ, ਜਿਸ ਵਿੱਚ 125 ਓ ਡੀ ਐੱਲ ਅਧਿਆਪਕਾਂ (7654, 3442 ਤੇ 5178 ਵਿਭਾਗੀ ਭਰਤੀਆਂ) ਦੇ ਪੈਂਡਿੰਗ ਰੈਗੂਲਰ ਆਰਡਰ ਜਾਰੀ ਕਰਨ, ਪਿਕਟਸ ਸੁਸਾਇਟੀ ਅਧੀਨ 7000 ਕੰਪਿਊਟਰ ਅਧਿਆਪਕਾਂ ਦੀ ਸਿੱਖਿਆ ਵਿਭਾਗ 'ਚ ਸ਼ਿਫਟਿੰਗ ਤੇ ਲੱਖਾਂ ਮੁਲਾਜ਼ਮਾਂ ਦੇ ਪਿਛਲੇ ਸਮੇਂ ਦੌਰਾਨ ਕੱਟੇ ਗਏ ਪੇਂਡੂ ਤੇ ਬਾਰਡਰ ਇਲਾਕਾ ਭੱਤੇ ਬਹਾਲ ਕਰਨ ਸਬੰਧੀ ਵਿਸ਼ੇਸ਼ ਧਿਆਨ ਦੇ ਕੇ ਹੱਲ ਕਰਨ ਦਾ ਭਰੋਸਾ ਮਿਲਿਆ ਹੈ। ਡੀ.ਟੀ.ਐੱਫ. ਦੇ ਪ੍ਰਧਾਨ ਵਿਕਰਮ ਦੇਵ, ਜਨਰਲ ਸਕੱਤਰ ਮੁਕੇਸ਼ ਕੁਮਾਰ, ਬਲਜਿੰਦਰ ਗਰੇਵਾਲ, ਕੰਪਿਊਟਰ ਅਧਿਆਪਕਾਂ ਦੇ ਆਗੂਆਂ ਰਾਖੀ ਮੰਨਨ ਤੇ ਪਰਮਵੀਰ ਪਟਿਆਲਾ ਨੇ ਦੱਸਿਆ ਕਿ ਜਥੇਬੰਦੀ ਨੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਨੂੰ ਨਾਲ ਲੈ ਕੇ ਬਦਲਾਅ ਦੀ ਗਰੰਟੀ ਦੇਣ ਦੇ ਬਾਵਜੂਦ ਅਧਿਆਪਕਾਂ ਤੇ ਸਿੱਖਿਆ ਨਾਲ ਸਬੰਧਤ ਬਹੁਤ ਸਾਰੇ ਮਾਮਲੇ ਜਿਉਂ ਦੇ ਤਿਉਂ ਖੜੇ ਹਨ। ਖਾਸ ਤੌਰ 'ਤੇ ਹਜ਼ਾਰਾਂ ਪ੍ਰਾਇਮਰੀ ਸਕੂਲਾਂ ਦੇ ਸਿੰਗਲ ਅਧਿਆਪਕ ਹੋਣ, ਖ਼ਤਮ ਕੀਤੀਆਂ ਪੋਸਟਾਂ ਬਹਾਲ ਨਾ ਹੋਣ, ਪ੍ਰਾਇਮਰੀ ਤੇ ਸੈਕੰਡਰੀ ਅਧਿਆਪਕਾਂ ਤੇ ਨਾਨ-ਟੀਚਿੰਗ ਦੀਆਂ ਸਾਰੀਆਂ ਪੈਂਡਿੰਗ ਤਰੱਕੀਆਂ, ਸਾਲ 2018 ਦੇ ਨਿਯਮਾਂ ਤਹਿਤ ਲਗਾਈ ਵਿਭਾਗੀ ਪ੍ਰੀਖਿਆ ਦੀ ਸ਼ਰਤ ਹਟਾਉਣਾ ਤੇ ਪੈਂਡਿੰਗ ਭਰਤੀਆਂ ਮੁਕੰਮਲ ਨਾ ਹੋਣਾ ਅਤੇ ਸਮੂਹ ਕੱਚੇ ਅਧਿਆਪਕਾਂ ਦਾ ਪੱਕੇ ਨਾ ਹੋਣ ਦਾ ਹਵਾਲਾ ਦਿੱਤਾ ਗਿਆ, ਜਿਸ 'ਤੇ ਮੁੱਖ ਮੰਤਰੀ ਨੇ ਦੱਸਿਆ ਕਿ 16 ਮਈ ਨੂੰ ਜਥੇਬੰਦੀ ਦੀ ਸਿੱਖਿਆ ਮੰਤਰੀ ਦੀ ਹਾਜ਼ਰੀ ਵਿੱਚ ਪੈਨਲ ਮੀਟਿੰਗ ਕਰਵਾਈ ਜਾਵੇਗੀ ਤੇ ਮੰਗਾਂ ਦਾ ਹੱਲ ਕੱਢਿਆ ਜਾਵੇਗਾ। ਜਥੇਬੰਦੀ ਵੱਲੋਂ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਨਵੀਂ ਸਿੱਖਿਆ ਨੀਤੀ-2020 ਨੂੰ ਪੰਜਾਬ ਵਿੱਚ ਲਾਗੂ ਕਰਨ 'ਤੇ ਸਖ਼ਤ ਇਤਰਾਜ਼ ਦਰਜ ਕਰਵਾਉਂਦੇ ਹੋਏ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ ਦੀ ਮੰਗ 'ਤੇ ਮੁੱਖ ਮੰਤਰੀ ਨੇ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਪੀ.ਐੱਮ. ਸ਼੍ਰੀ ਯੋਜਨਾ ਸਬੰਧੀ ਮੁੱਖ ਮੰਤਰੀ ਵੱਲੋਂ ਮੌਕੇ 'ਤੇ ਹੀ ਸਿੱਖਿਆ ਮੰਤਰੀ ਨਾਲ ਫੋਨ 'ਤੇ ਗੱਲ ਕਰਦਿਆਂ ਹਦਾਇਤ ਕੀਤੀ ਕਿ ਇਸ ਯੋਜਨਾ ਦੀ ਆੜ ਵਿੱਚ ਕੇਂਦਰ ਸਰਕਾਰ ਦਾ ਆਪਣਾ ਪਾਠਕ੍ਰਮ ਤੇ ਨੀਤੀ ਲਾਗੂ ਕਰਨ ਦਾ ਨਿਸ਼ਾਨਾ ਹੋਣ ਦੀ ਸੂਰਤ ਵਿੱਚ ਇਸ ਨੂੰ ਲਾਗੂ ਨਾ ਕੀਤਾ ਜਾਵੇ।

# ਜ਼ਿਲ੍ਹਾ ਸੰਗਰੂਰ 'ਚ ਬੰਦ ਪਏ ਨਹਿਰੀ ਖ਼ਾਲਿਆਂ ਨੂੰ ਮੁੜ ਬਹਾਲ ਕਰਨ ਦੀ ਮੁਹਿੰਮ ਸ਼ੁਰੂ : ਜੋਰਵਾਲ

## ਰਾਜੋਮਾਜਰਾ 'ਚ ਕਿਸਾਨਾਂ ਦੇ ਸਹਿਯੋਗ ਨਾਲ ਪਾਇਲਟ ਪ੍ਰੋਜੈਕਟ ਨੂੰ ਸਫ਼ਲਤਾ ਨਾਲ ਕੀਤਾ ਲਾਗੂ



ਨਹਿਰੀ ਖਾਲਿਆਂ ਦਾ ਨਰੀਖਣ ਕਰਦੇ ਡਿਪਟੀ ਕਮਿਸ਼ਨਰ ਜੋਰਵਾਲ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਅਹਿਮ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਦੇ ਚਿਰਾਂ ਤੋਂ ਬੰਦ ਪਏ ਖ਼ਾਲਿਆਂ ਵਿੱਚ ਪਾਣੀ ਸਪਲਾਈ ਨੂੰ ਮੁੜ ਸ਼ੁਰੂ ਕਰਨ ਲਈ ਪ੍ਰਕਿਰਿਆ ਜ਼ਮੀਨੀ ਤੌਰ 'ਤੇ ਆਰੰਭ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਪਾਣੀ ਦੇ ਪੱਧਰ ਦਾ ਦਿਨੋਂ ਦਿਨ ਹੇਠਾਂ ਡਿੱਗਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਤੇ ਜੀਵਨ ਦੀ ਹੋਂਦ ਦੇ ਇਸ ਅਨਮੋਲ ਖ਼ਜ਼ਾਨੇ ਨੂੰ ਬਚਾਉਣਾ ਸਭ ਦਾ ਨੈਤਿਕ ਫਰਜ਼ ਬਣ ਗਿਆ ਹੈ। ਉਨ੍ਹਾ ਕਿਹਾ ਕਿ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਪੁੱਟਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਪਿਛਲੇ ਵਰ੍ਹੇ ਨਵੰਬਰ ਵਿੱਚ ਧੂਰੀ ਸਬ ਡਵੀਜ਼ਨ ਦੇ ਪਿੰਡ ਰਾਜੋਮਾਜਰਾ ਵਿਖੇ ਬੰਦ ਪਈ ਨਹਿਰੀ ਖਾਲ ਨੂੰ ਬਹਾਲ ਕਰਨ ਦਾ ਪਾਇਲਟ ਪ੍ਰੋਜੈਕਟ ਆਰੰਭਿਆ ਗਿਆ ਸੀ, ਜਿਸ ਨੂੰ ਸਾਡੀ ਮਿਹਨਤੀ ਟੀਮ ਨੇ ਸਫ਼ਲਤਾ ਦਾ ਜਾਮਾ ਪਹਿਨਾਇਆ ਹੈ। ਉਨ੍ਹਾ ਕਿਹਾ ਕਿ ਰਾਜੋਮਾਜਰਾ ਦੇ ਕਿਸਾਨ ਵੀਰਾਂ ਨੇ ਇਸ ਕਾਰਜ ਲਈ ਭਰਪੂਰ ਸਹਿਯੋਗ ਦਿੱਤਾ ਤੇ ਬੰਦ ਪਏ ਖਾਲੇ ਵਾਲੇ ਹਿੱਸੇ ਨੂੰ ਆਪਣੀ ਸਹਿਮਤੀ ਨਾਲ ਪ੍ਰਸ਼ਾਸਨ ਨੂੰ ਮੁਹੱਈਆ ਕਰਵਾਇਆ ਅਤੇ ਇਸੇ ਸਦਕਾ ਹੀ ਅਸੀਂ ਇਹ ਪ੍ਰੋਜੈਕਟ ਸਫ਼ਲਤਾ ਨਾਲ ਲਾਗੂ ਕਰ ਸਕੇ ਹਾਂ। ਉਨ੍ਹਾ ਦੱਸਿਆ ਕਿ ਕਿਸਾਨਾਂ ਦੇ ਸਹਿਯੋਗ ਸਦਕਾ ਹੀ ਭਗਵਾਨਪੁਰਾ, ਤੋਲਾਵਾਲ, ਨਮੋਲ, ਰਤਨਗੜ੍ਹ ਪਾਟਿਆਂਵਾਲੀ, ਸਲੇਮਗੜ੍ਹ, ਸ਼ੇਰਪੁਰ, ਅਲਾਲ ਤੇ ਮੂਲੋਵਾਲ ਵਿਖੇ ਇਸੇ ਉਦੇਸ਼ ਦੀ ਪੂਰਤੀ ਹਿੱਤ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸੇ ਦੌਰਾਨ ਅੱਜ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਦਿੜ੍ਹਬਾ ਦੇ ਪਿੰਡ ਸਮੂਰਾਂ ਵਿਖੇ ਸਹਾਇਕ ਕਮਿਸ਼ਨਰ ਅੰਡਰ ਟ੍ਰੇਨਿੰਗ ਨਿਤੇਸ਼ ਜੈਨ ਤੇ ਐੱਸ.ਡੀ.ਐੱਮ. ਰਾਜੇਸ਼ ਸ਼ਰਮਾ ਵੱਲੋਂ ਨਹਿਰੀ ਖਾਲ ਨੂੰ ਬਹਾਲ ਕਰਨ ਦੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਐੱਸ.ਡੀ.ਐੱਮ. ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਸਬ ਡਵੀਜ਼ਨ ਦਿੜ੍ਹਬਾ ਅਧੀਨ 35 ਪਿੰਡ ਆਉਂਦੇ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਧੇਰੇ ਵਰਤੋਂ ਕਰਨ ਲਈ ਲਗਾਤਾਰ ਪ੍ਰੇਰਿਆ ਜਾ ਰਿਹਾ ਹੈ ਤੇ ਕਿਸਾਨਾਂ ਨੂੰ ਇਸ ਦੇ ਫਾਇਦਿਆਂ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

# ਜਨਤਕ ਜਥੇਬੰਦੀਆਂ ਵੱਲੋਂ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਮਾਰਚ



**ਲੰਬੀ/ਡੱਬਵਾਲੀ (ਪੱਤਰ ਪ੍ਰੇਰਕ)**-ਜਿਨਸੀ ਸ਼ੋਸ਼ਣ ਦਾ ਸ਼ਿਕਾਰ ਤੇ ਇਨਸਾਫ ਲਈ ਜੂਝ ਰਹੀਆਂ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਨਿੱਤਰਦਿਆਂ ਇਲਾਕੇ ਦੀਆਂ ਜਨਤਕ ਜਥੇਬੰਦੀਆਂ ਦੇ ਸੱਦੇ 'ਤੇ ਔਰਤਾਂ, ਕਿਸਾਨਾਂ, ਖੇਤ ਮਜ਼ਦੂਰਾਂ, ਬਿਜਲੀ ਕਾਮਿਆਂ, ਰਿਟਾਇਰੀ ਮੁਲਾਜ਼ਮਾਂ ਤੇ ਮਿੱਡ ਮੀਲ ਵਰਕਰਾਂ ਵੱਲੋਂ ਡੱਬਵਾਲੀ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਉਨ੍ਹਾਂ ਜਿਨਸੀ ਸ਼ੋਸ਼ਣ ਦੇ ਕਥਿਤ ਦੋਸ਼ੀ ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਨੂੰ ਫੌਰੀ ਗ੍ਰਿਫਤਾਰ ਕਰਨ ਦੀਆਂ ਮੰਗ ਕਰਦਿਆਂ ਮੋਦੀ ਸਰਕਾਰ ਨੂੰ ਸਖਤ ਚਿਤਾਵਨੀ ਦਿੱਤੀ ਕਿ ਉਹ ਪਹਿਲਵਾਨਾਂ ਦੇ ਹੱਕੀ ਘੋਲ ਨੂੰ ਤਾਰਪੀਡੋ ਕਰਨ ਦੇ ਹੱਥਕੰਡਿਆਂ ਤੋਂ ਬਾਜ ਆਵੇ। ਰੋਸ ਮਾਰਚ ਤੋਂ ਪਹਿਲਾਂ ਮੰਡੀ ਕਿੱਲਿਆਂਵਾਲੀ ਵਿਖੇ ਦੇਵੀ ਲਾਲ ਪਾਰਕ ਲਾਗੇ ਇਕੱਤਰ ਹੋਏ ਲੋਕਾਂ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਭਾਕਿਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਗੁਰਪਾਸ ਸਿੰਘ, ਟੀ ਐੱਸ ਯੂ ਦੇ ਆਗੂ ਸਤਪਾਲ ਬਾਦਲ, ਮਿੱਡ ਡੇ ਮੀਲ ਵਰਕਰ ਯੂਨੀਅਨ ਦੀ ਆਗੂ ਰਾਜ ਰਾਣੀ, ਮਹਿਲਾ ਖੇਤ ਮਜ਼ਦੂਰ ਆਗੂ ਤਾਰਾਵੰਤੀ ਤੇ ਜਸਪਾਲ ਕੌਰ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਦਿਲਾਵਰ ਸਿੰਘ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦੇਣ ਦੀ ਥਾਂ ਉਨ੍ਹਾਂ ਦੇ ਹੱਕੀ ਸੰਘਰਸ਼ ਨੂੰ ਪੁਲਸ ਜਬਰ ਦੇ ਜ਼ੋਰ ਤਾਰਪੀਡੋ ਕਰਨ, ਪਹਿਲਵਾਨਾਂ ਦੇ ਹੱਕ 'ਚ ਨਿੱਤਰੇ ਵਿਦਿਆਰਥੀਆਂ, ਪੱਤਰਕਾਰਾਂ ਤੇ ਕਿਸਾਨਾਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰਨ ਦੀ ਸਖਤ ਨਿਖੇਧੀ ਕਰਦਿਆਂ ਜਿਨਸ਼ੀ ਸ਼ੋਸ਼ਣ ਦੇ ਦੋਸ਼ੀ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਤੇ ਉਸ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਹਕੂਮਤ ਦਾ ਪਹਿਲਾਂ ਵੀ ਕਈ ਕੇਸਾਂ ਵਿੱਚ ਔਰਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਬਿਲਕੀਸ ਬਾਨੋ ਕੇਸ ਵਿੱਚ ਸਮੂਹਿਕ ਰੇਪ ਤੇ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਮੁਆਫ਼ ਕਰਕੇ ਰਿਹਾਅ ਕਰਨਾ ਭਾਜਪਾ ਦਾ ਔਰਤ ਵਿਰੋਧੀ ਹੋਣ ਦੀ ਹਕੀਕਤ ਨੂੰ ਹੀ ਦਰਸਾਉਂਦਾ ਹੈ। ਉਨ੍ਹਾਂ ਐਲਾਨ ਕੀਤਾ ਕਿ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਆਉਣ ਵਾਲੇ ਦਿਨਾਂ 'ਚ ਸੰਘਰਸ਼ ਨੂੰ ਹੋਰ ਵੀ ਤੇਜ਼ ਤੇ ਵਿਸ਼ਾਲ ਕੀਤਾ ਜਾਵੇਗਾ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਹਿੰਦੀ ਕਵਿਤਾ ਉਚਾਰਨ ਪ੍ਰਤੀਯੋਗਤਾ



**ਜਗਰਾਓਂ (ਨਛੱਤਰ ਸੰਧੂ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਰਵਿੰਦਰਪਾਲ ਕੌਰ ਨੇ ਦੱਸਿਆ ਕਿ ਸਕੂਲ ਦੇ ਕਿੰਡਰਗਾਰਡਨ ਦੇ ਵਿਦਿਆਰਥੀਆਂ ਵੱਲੋਂ ਹਿੰਦੀ ਦੀਆਂ ਵੱਖ-ਵੱਖ ਕਵਿਤਾਵਾਂ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਪ੍ਰਤੀਯੋਗਤਾ ਦੌਰਾਨ ਨਰਸਰੀ 'ਚੋਂ ਹਰਸ਼ਿਤਾ ਨੇ ਪਹਿਲਾ, ਰਾਇਨਾ ਕੌਰ ਨੇ ਦੂਜਾ ਤੇ ਕ੍ਰਿਸ਼ਨ ਗਰਗ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਐੱਲ.ਕੇ.ਜੀ. 'ਚੋਂ ਗਗਨਦੀਪ ਸਿੰਘ ਤੇ ਸਾਦਿਕਾ ਨੇ ਪਹਿਲਾ, ਕੁਸਾਨ ਮਲਹੋਤਰਾ ਤੇ ਭਵਯਾ ਧੀਰ ਨੇ ਦੂਜਾ ਅਤੇ ਸਨਾਇਆ ਜੈਨ ਤੇ ਪ੍ਰਭਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਯੂ ਕੇ ਜੀ 'ਚੋਂ ਭਵਯਮ ਗਰਗ, ਕ੍ਰਿਸਨਮ ਜਿੰਦਲ ਤੇ ਅਮਾਇਰਾ ਨੇ ਪਹਿਲਾ, ਕਸਵੀ ਸ਼ਰਮਾ, ਦਿਲਸ਼ਾਨ ਸਿੰਘ ਤੇ ਸਹਿਜ ਕੋਹਲੀ ਨੇ ਦੂਜਾ ਅਤੇ ਦਾਵਿਸਾ, ਯਾਨੀਸ਼ ਬਾਂਸਲ ਤੇ ਚਕਸਿਤ ਕਾਲਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਰਵਿੰਦਰਪਾਲ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਤੇ ਵਧਾਈ ਦੇ ਕੇ ਹੌਸਲਾ ਅਫਜ਼ਾਈ ਕੀਤੀ। ਮੈਡਮ ਰਵਿੰਦਰਪਾਲ ਕੌਰ ਨੇ ਬੱਚਿਆਂ ਨੂੰ ਅਜਿਹੀ ਪ੍ਰਤੀਯੋਗਤਾਵਾਂ 'ਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਨਾ ਦਿੱਤੀ, ਤਾਂ ਕਿ ਉਹ ਅੱਗੇ ਆ ਕੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਚਮਕਾ ਸਕਨ। ਇਸ ਮੌਕੇ ਮੈਡਮ ਸੀਮਾ ਬੱਸੀ, ਮੈਡਮ ਸਤਵਿੰਦਰ ਕੌਰ ਤੇ ਕਿੰਡਰ ਗਾਰਡਨ ਦਾ ਸਮੂਹ ਸਟਾਫ ਹਾਜ਼ਰ ਸੀ।

# ਜ਼ੀਰਾ, ਖੋਸਾ ਦਲ ਸਿੰਘ ਤੇ ਵਕੀਲਾਂ ਵਾਲਾ 'ਚ ਆਮ ਆਦਮੀ ਕਲੀਨਿਕ ਕੀਤੇ ਲੋਕ ਅਰਪਿਤ

**ਜ਼ੀਰਾ (ਨਰਿੰਦਰ ਅਨੇਜਾ)**

ਪੰਜਾਬ ਸਰਕਾਰ ਰਾਜ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਰਾਜ ਦੇ ਲੋਕਾਂ ਨੂੰ ਮਿਆਰੀ ਸਿਹਤ ਤੇ ਸਿੱਖਿਆ ਸਹੂਲਤਾਂ ਦੇਣ ਦੇ ਵਾਅਦੇ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਆਰਵਿੰਦ ਕੇਜਰੀਵਾਲ ਵੱਲੋਂ ਹੁਣ ਤੱਕ ਤਕਰੀਬਨ 580 ਆਮ ਆਦਮੀ ਕਲੀਨਿਕ ਰਾਜ ਦੇ ਲੋਕਾਂ ਨੂੰ ਸਮਰਪਤ ਕੀਤੇ ਗਏ ਹਨ। ਇਹ ਪ੍ਰਗਟਾਵਾ ਐੱਸ.ਡੀ.ਐੱਮ. ਜ਼ੀਰਾ ਸ੍ਰੀ ਗਗਨਦੀਪ ਸਿੰਘ ਆਮ ਆਦਮੀ ਕਲੀਨਿਕ ਲੋਕ-ਅਰਪਿਤ ਕਰਨ ਮੌਕੇ ਕੀਤਾ। ਇਸ ਮੌਕੇ ਹਲਕਾ ਜ਼ੀਰਾ ਦੇ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਦੇ ਸਪੁੱਤਰ ਸ੍ਰੀ ਸ਼ੰਕਰ ਕਟਾਰੀਆ ਜ਼ੀਰਾ ਤੇ ਭਰਾ ਸ੍ਰੀ ਉਦੇਸ਼ ਕਟਾਰੀਆ ਖੋਸਾ ਦਲ ਸਿੰਘ ਤੋਂ ਇਲਾਵਾ ਵਕੀਲਾਂ ਵਾਲਾ ਵਿਖੇ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਐੱਸ.ਡੀ.ਐੱਮ. ਗਗਨਦੀਪ ਸਿੰਘ ਨੇ ਕਿਹਾ ਕਿ ਇਨ੍ਹਾਂ ਅਤਿ ਆਧੁਨਿਕ ਕਲੀਨਿਕਾਂ ਵਿੱਚ ਮਰੀਜ਼ਾਂ ਦੇ ਇਲਾਜ ਲਈ ਵਧੀਆ ਸਿਹਤ ਸੇਵਾਵਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੈਬੋਰਟਰੀ ਟੈਸਟ, ਦਵਾਈਆਂ ਆਦਿ ਸੇਵਾਵਾਂ ਲੋਕਾਂ ਨੂੰ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।



ਐੱਸ ਡੀ ਐੱਮ ਗਗਨਦੀਪ ਸਿੰਘ ਤੇ ਉਨ੍ਹਾਂ ਨਾਲ ਸੰਕਰ ਕਟਾਰੀਆ ਰੀਬਨ ਕੱਟ ਕੇ ਲੋਕਾਂ ਨੂੰ ਮੁਹੱਲਾ ਕਲੀਨਿਕ ਅਰਪਿਤ ਕਰਦੇ ਹੋਏ।

ਇਸ ਮੌਕੇ ਉਦੇਸ਼ ਕਟਾਰੀਆ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਲੋਕਾਂ ਨੂੰ ਇਲਾਜ ਲਈ ਦੂਰ ਨਹੀਂ ਜਾਣਾ ਪਵੇਗਾ, ਸਗੋਂ ਇਲਾਜ ਤੇ ਟੈਸਟ ਆਮ ਆਦਮੀ ਕਲੀਨਿਕ ਵਿੱਚ ਹੀ ਕੀਤੇ ਜਾਣਗੇ। ਇਸ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਇਸ ਮੌਕੇ ਸ੍ਰੀ ਸ਼ੰਕਰ ਕਟਾਰੀਆ ਨੇ ਦੱਸਿਆ ਕਿ ਸੂਬਾ ਸਰਕਾਰ ਇੱਕ ਮਜ਼ਬੂਤ ਤੇ ਸਿਹਤਮੰਦ ਪੰਜਾਬ ਬਾਉਣ ਦੀ ਵਚਨਬੱਧਤਾ ਨਾਲ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਕਦਮ ਪੁੱਟ ਰਹੀ ਹੈ। ਇਹ ਕਲੀਨਿਕ ਇਸ ਗੱਲ ਨੂੰ ਧਿਆਨ 'ਚ ਰੱਖ ਕੇ ਖੋਲ੍ਹੇ ਜਾ ਰਹੇ ਹਨ ਕਿ ਸਿਹਤ ਸੰਭਾਲ ਹਰੇਕ ਨਾਗਰਿਕ ਦਾ ਅਧਿਕਾਰ ਹੈ। ਇਸ ਮੌਕੇ ਡਾ. ਗੁਰਮੇਜ ਰਾਮ ਗੁਰਾਇਆ ਐੱਸ ਐੱਮ ਓ, ਵਿਪਿਨ ਕੁਮਾਰ ਨਾਇਬ ਤਹਿਸੀਲਦਾਰ, ਡਾ. ਕਰਨਬੀਰ ਸਿੰਘ, ਵਿਕਰਮਜੀਤ ਸਿੰਘ ਬਲਾਕ ਐਜੂਕੇਟਰ, ਵਿਸ਼ਾਲ ਕੁਮਾਰ, ਸਰਬਜੀਤ ਸਿੰਘ, ਹਰਪਾਲ ਸਿੰਘ ਗਿੱਲ ਆਪ ਆਗੂ, ਬਰਜਿੰਦਰ ਸਿੰਘ ਖੋਸਾ, ਕੁਲਵੰਤ ਸਿੰਘ ਭਾਗੋ ਕੇ, ਨਿਰਵੈਰ ਸਿੰਘ ਹੋਲਾਂਵਾਲੀ, ਮੰਦਿਤ ਸਿੰਘ ਖੋਸਾ, ਮਨੋਜ ਕੱਕੜ, ਹੀਰਾ, ਨਰਿੰਦਰ ਸਿੰਘ ਮੱਖੂ, ਜਸਪਾਲ ਸਿੰਘ ਗਿੱਲ ਤੇ ਲੋਕ ਵੱਡੀ ਗਿਣਤੀ 'ਚ ਹਾਜ਼ਰ ਸਨ।

## ਕਾਤਰਾਂ

### 10 ਗ੍ਰਾਮ ਸਮੈਕ ਬਰਾਮਦ

**ਬਰੇਟਾ (ਗੋਬਿੰਦ ਸ਼ਰਮਾ)**-ਸ਼ਹਿਰ ਅੰਦਰ ਪੁਲਸ ਨੇ ਮੁਖਬਰ ਦੀ ਇਤਲਾਹ 'ਤੇ ਵਿਦੇਸ਼ੀ ਨੌਜਵਾਨ ਅਧਿਆਪਕ ਲੜਕੀ ਦੇ ਘਰ ਛਾਪਾਮਾਰੀ ਕੀਤੀ ਗਈ। ਜਾਂਚ ਪੜਤਾਲ ਕਰਨ ਉਪਰੰਤ ਉਸ ਨੂੰ ਸਕੂਲ ਪ੍ਰਿੰਸੀਪਲ ਤੇ ਚੇਅਰਮੈਨ ਦੇ ਨਾਲ ਘਰ ਭੇਜ ਦਿੱਤਾ ਗਿਆ। ਪੁਲਸ ਵੱਲੋਂ ਇੱਕ ਨੌਜਵਾਨ ਤੋਂ 10 ਗ੍ਰਾਮ ਸਮੈਕ ਬਰਾਮਦ ਕੀਤੀ ਗਈ। ਪੁਲਸ ਪ੍ਰਸ਼ਾਸਨ ਮੁਤਾਬਕ ਇਹ ਨੌਜਵਾਨ ਨਾਈਜੀਰੀਅਨ ਵਿਦੇਸ਼ੀ ਲੜਕੀ ਇੱਕ ਨਾਮੀ ਗ੍ਰਾਮੀ ਸਕੂਲਾਂ ਵਿੱਚ ਅਧਿਆਪਕ ਦੇ ਤੌਰ 'ਤੇ ਕੰਮ ਕਰਦੀ ਹੈ। ਐੱਸ ਐੱਚ ਓ ਥਾਣਾ ਸਿਟੀ ਸੁਖਜੀਤ ਸਿੰਘ ਨੇ ਦੱਸਿਆ ਕਿ ਜਿਸ ਦੀ ਗੱਲਬਾਤ ਕਈ ਵਾਰ ਸਮੈਕ 'ਚ ਫੜੇ ਗਏ ਮਨਪ੍ਰੀਤ ਸਿੰਘ ਮੋਨੂੰ ਨਾਲ ਮਿੱਤਰਤਾ ਦੇ ਤੌਰ 'ਤੇ ਹੁੰਦੀ ਸੀ, ਪਰ ਇਸ ਅਧਿਆਪਕ ਲੜਕੀ ਕੋਲੋਂ ਪੁੱਛਗਿੱਛ ਦੌਰਾਨ ਅਜਿਹਾ ਕੁਝ ਵੀ ਨਹੀਂ ਮਿਲਿਆ।

### ਹਰਦੇਵ ਸਿੰਘ ਨੇ ਟ੍ਰੈਫਿਕ ਇੰਚਾਰਜ ਦਾ ਅਹੁਦਾ ਸੰਭਾਲਿਆ



**ਪਾਤੜਾਂ (ਪੱਤਰ ਪ੍ਰੇਰਕ)**-ਟ੍ਰੈਫਿਕ ਪੁਲਸ ਪਾਤੜਾਂ ਦੇ ਨਵੇਂ ਇੰਚਾਰਜ ਹਰਦੇਵ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਪਾਤੜਾਂ ਸ਼ਹਿਰ ਵਿੱਚ ਟ੍ਰੈਫਿਕ ਇੰਚਾਰਜ ਵਜੋਂ ਆਪਣੀ ਸੇਵਾ ਨਿਭਾਅ ਚੁੱਕੇ ਹਨ ਤੇ ਹੁਣ ਉਨ੍ਹਾਂ ਨੂੰ ਦੁਬਾਰਾ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਇਥੇ ਫਰਜ਼ ਨਿਭਾਉਣ ਦੀ ਜ਼ਿੰਮੇਵਾਰੀ ਲਾਈ ਗਈ ਹੈ, ਜਿਸ ਨੂੰ ਪਹਿਲਾਂ ਵਾਂਗ ਹੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਤੇ ਸੜਕੀ ਨਿਯਮਾਂ ਨੂੰ ਛਿੱਕੇ ਟੰਗ ਕੇ ਗਲਤ ਡਰਾਇਵਿੰਗ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਾਂਗਾ ਤਾਂ ਕਿ ਨਿੱਤ ਦਿਨ ਵਾਪਰਦੇ ਸੜਕੀ ਹਾਦਸਿਆਂ ਵਿੱਚ ਜਾਂਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਨ।

### ਭਮਾ ਕਲਾਂ 'ਚ ਨਸ਼ਾ ਛੁਡਾਊ ਜਾਗਰੂਕਤਾ ਕੈਂਪ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਂਗਟ ਦੇ ਪਿੰਡ ਭਮਾ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਨਸ਼ੇ ਛੁਡਾਉਣ ਸੰਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਬਲਾਕ ਦੀ ਸੁਪਰਵਾਈਜ਼ਰ ਵੀਨਾ ਕੁਮਾਰੀ, ਬਲਾਕ ਪੋਸ਼ਣ ਕੋਆਰਡੀਨੇਟਰ ਤੇ ਸਬੰਧਤ ਸਰਕਲ ਦੀਆਂ ਆਂਗਨਵਾੜੀ ਵਰਕਰਾਂ ਤੇ ਨੌਜਵਾਨਾਂ ਨੇ ਭਾਗ ਲਿਆ। ਆਂਗਨਵਾੜੀ ਵਰਕਰ ਕਰਮਜੀਤ ਕੌਰ ਤੇ ਮਨਮਿੰਦਰ ਕੌਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

### ਹੋਲੀ ਹਾਰਟ ਸਕੂਲ 'ਚ ਟ੍ਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਏ.ਐੱਸ.ਆਈ. ਕੇਵਲ ਸਿੰਘ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ, ਸੁਖਜਿੰਦਰ ਸਿੰਘ (ਟ੍ਰੈਫਿਕ ਪੁਲਸ ਹੈੱਡ ਕੁਆਟਰ) ਆਪਣੀ ਪੂਰੀ ਟੀਮ ਨਾਲ ਆਏ। ਇਸ ਮੌਕੇ ਸਾਰੇ ਡਰਾਈਵਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਕੂਲ ਬੱਸ ਧਿਆਨ ਨਾਲ ਚਲਾਉਣੀ ਚਾਹੀਦੀ ਹੈ। ਨਾਲ ਹੀ ਰੋਡ ਸੇਫਟੀ, ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਹੋਣਾ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬੱਸ ਦੀ ਰਫਤਾਰ ਘੱਟ ਰੱਖਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੱਡੀ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਅਨੀਂਦਰੇ 'ਚ ਡਰਾਈਵ ਕਰਨੀ ਚਾਹੀਦੀ ਹੈ, ਕਿਉਂਕਿ ਹਜ਼ਾਰਾਂ ਹੀ ਜ਼ਿੰਦਗੀਆਂ ਇੱਕ ਡਰਾਈਵਰ ਦੇ ਹੱਥ ਹੁੰਦੀਆਂ ਹਨ। ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵੀ ਪੂਰੀ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਲਾਇਸੈਂਸ ਦਾ ਹੋਣਾ ਕਿੰਨਾ ਜ਼ਰੂਰੀ ਹੈ ਤੇ ਨਾਲ ਹੀ ਜੁਰਮਾਨਿਆਂ ਬਾਰੇ ਵੀ ਦੱਸਿਆ। ਉਨ੍ਹਾ ਨਾਲ ਹੀ ਸਾਈਬਰ ਕ੍ਰਾਈਮ ਬਾਰੇ ਸਾਰਿਆਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਈ ਪੂਰੀ ਟੀਮ ਨੂੰ ਸਨਮਾਨਤ ਕੀਤਾ। ਇਸ ਮੌਕੇ ਪੂਰਾ ਸਕੂਲ ਸਟਾਫ ਹਾਜ਼ਰ ਸੀ।

# ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੱਤਿਆ ਭਾਰਤੀ ਸਕੂਲ ਪਿੰਡ ਲੱਖੋਵਾਲ ਵਿਖੇ ਡਿਜੀਟਲ ਐਨਰਜ਼ੀ ਮਾਈਨਿੰਗ ਵੱਲੋਂ ਪ੍ਰਾਇਮਰੀ ਵਿੰਗ ਦੇ 170 ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਕੰਪਨੀ ਦੇ ਐਗਜ਼ੀਕਿਊਟਿਵ ਅੰਮ੍ਰਿਤਪਾਲ ਸਮਰਾਲਾ ਤੇ ਸੁਰਿੰਦਰ ਸਿੰਘ ਬੇਦੀ ਦੀ ਅਗਵਾਈ 'ਚ ਪੁੱਜੀ ਟੀਮ ਦਾ ਸਕੂਲ ਮੁਖੀ ਏਕਤਾ ਸ਼ਰਮਾ ਤੇ ਸਟਾਫ਼ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਅੰਮ੍ਰਿਤਪਾਲ ਸਮਰਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਅੰਦਰ ਸਾਡੀ ਕੰਪਨੀ ਮਾਈਨਿੰਗ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਤੇ ਨਾਲ ਜੁੜਨ ਵਾਲੇ ਅਨੇਕਾਂ ਨਿਵੇਸ਼ਕਾਂ ਨੂੰ ਵਧੀਆ ਮੁਨਾਫ਼ਾ ਪ੍ਰਦਾਨ ਕਰਵਾ ਰਹੀ ਹੈ। ਇਸ ਦੇ ਨਾਲ ਹੀ ਦੇਸ਼ ਦੇ ਵੱਖ-ਵੱਖ ਕੋਨਿਆਂ 'ਚ ਆਪਣੀਆਂ ਸੋਸ਼ਲ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ, ਜਿਸ ਰਾਹੀਂ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ, ਲੋੜਵੰਦਾਂ ਲਈ ਰਾਸ਼ਨ ਸਮੇਤ ਹੋਰ ਕਈ ਪ੍ਰਕਾਰ ਦੇ ਕਾਰਜ ਸ਼ਾਮਲ ਹਨ। ਇਸ ਮੌਕੇ ਟੀਮ ਮੈਂਬਰਾਂ 'ਚ ਹਰਬੰਸ ਲਾਲ ਚਾਨਣਾ, ਸਰਬਜੀਤ ਸਿੰਘ ਲੌਂਗੀਆ, ਕਰਮਜੀਤ ਸਿੰਘ ਢਿੱਲੋਂ, ਰਵਿੰਦਰ ਕੁਮਾਰ, ਕਮਲਜੀਤ ਕੌਰ, ਸਰਬਜੀਤ ਕੌਰ, ਗਗਨਦੀਪ ਕੌਰ ਤੇ ਸਕੂਲ ਸਟਾਫ਼ 'ਚ ਰਮਨ ਕੁਮਾਰ, ਗੁਰਜੀਤ ਕੌਰ, ਮਨਦੀਪ ਕੌਰ, ਬਲਜੀਤ ਕੌਰ ਤੇ ਹਰਪ੍ਰੀਤ ਕੌਰ ਸ਼ਾਮਲ ਸਨ। ਅੰਤ ਵਿੱਚ ਸਕੂਲ ਮੁਖੀ ਏਕਤਾ ਸ਼ਰਮਾ ਵੱਲੋਂ ਡਿਜੀਟਲ ਐਨਰਜ਼ੀ ਮਾਈਨਿੰਗ ਕੰਪਨੀ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ।

# ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਤੁਰੰਤ ਗ੍ਰਿਫ਼ਤਾਰੀ ਲਈ ਸੰਘਰਸ਼ ਦਾ ਦਿੱਤਾ ਸੱਦਾ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਤਰਕਸ਼ੀਲ ਸੁਸਾਇਟੀ ਦੇ ਸਾਬਕਾ ਮੀਡੀਆ ਮੁਖੀ ਮਾ. ਅਜਾਇਬ ਜਲਾਲਆਣਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਅਸੀਂ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰਦੇ ਹਾਂ। ਸੂਬਾਈ ਮੀਡੀਆ ਮੁਖੀ ਸਮੀਤ ਸਿੰਘ ਦਾ ਕਹਿਣਾ ਹੈ ਕਿ ਸੁਸਾਇਟੀ ਵੱਲੋਂ ਸਮੂਹ ਖੇਡ ਫੈਡਰੇਸ਼ਨਾਂ 'ਚੋਂ ਸਿਆਸੀ ਆਗੂਆਂ ਤੇ ਉੱਚ ਅਧਿਕਾਰੀਆਂ ਨੂੰ ਤੁਰੰਤ ਬਰਖ਼ਾਸਤ ਕਰਨ ਦੀ ਵੀ ਕੀਤੀ ਮੰਗ ਕੀਤੀ ਗਈ ਹੈ। ਤਰਕਸ਼ੀਲ ਸੁਸਾਇਟੀ ਦੀ ਸੂਬਾ ਕਮੇਟੀ ਨੇ ਕਿਹਾ ਕਿ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਪਹਿਲਵਾਨਾਂ ਨੂੰ ਦਿੱਲੀ ਪੁਲਿਸ ਵੱਲੋਂ ਕੁੱਟ ਮਾਰ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰਨ ਅਤੇ ਧੱਕੇ ਨਾਲ ਧਰਨਾ ਖਤਮ ਕਰਾਉਣ ਦੀ ਗੈਰ ਕਾਨੂੰਨੀ ਅਤੇ ਤਾਨਾਸ਼ਾਹੀ ਕਾਰਵਾਈ ਦਾ ਸਖ਼ਤ ਵਿਰੋਧ ਕਰਦਿਆਂ ਦੋਸ਼ੀ ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਤੇ ਮੁੱਖ ਮੁਲਜ਼ਮ ਬ੍ਰਿਜ ਭੂਸ਼ਨ ਅਤੇ ਹੋਰਨਾਂ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ।ਸੁਸਾਇਟੀ ਦੇ ਸੂਬਾਈ ਆਗੂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਬ੍ਰਿਜ ਭੂਸ਼ਨ ਦੇ ਖਿਲਾਫ ਪੋਕਸੋ ਐਕਟ ਤਹਿਤ ਐਫ਼ ਆਈ ਆਰ ਦਰਜ ਹੋਣ ਦੇ ਬਾਵਜੂਦ ਦਿੱਲੀ ਪੁਲਸ ਵੱਲੋਂ ਉਸ ਨੂੰ ਅਖੌਤੀ ਜਾਂਚ ਦੇ ਨਾਂਅ ਹੇਠ ਜਾਣ ਬੁੱਝ ਕੇ ਗ੍ਰਿਫ਼ਤਾਰ ਨਾ ਕਰਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਕੀਤੀ ਜਾ ਰਹੀ ਹੈ। ਤਰਕਸ਼ੀਲ ਆਗੂਆਂ ਨੇ ਮੋਦੀ ਸਰਕਾਰ ਵਲੋਂ ਹਿੰਦੂਤਵੀ ਫਾਸ਼ੀਵਾਦੀ ਏਜੰਡੇ ਹੇਠ ਆਦਿਵਾਸੀਆਂ, ਦਲਿਤਾਂ, ਘੱਟ ਗਿਣਤੀ ਮੁਸਲਮਾਨਾਂ, ਇਸਾਈਆਂ, ਸਮਾਜਿਕ ਕਾਰਕੁੰਨਾਂ, ਬੁੱਧੀਜੀਵੀਆਂ ਤੇ ਕਿਸਾਨਾਂ ਮਜ਼ਦੂਰਾਂ ਉਤੇ ਯੋਜਨਾਬੱਧ ਸਾਜ਼ਿਸ਼ ਹੇਠ ਕੀਤੇ ਜਾ ਰਹੇ ਫ਼ਿਰਕੂ ਹਿੰਸਕ ਹਮਲਿਆਂ ਦਾ ਡਟਵਾਂ ਵਿਰੋਧ ਕਰਨ ਲਈ ਦੇਸ਼ ਭਰ ਦੀਆਂ ਲੋਕ ਪੱਖੀ ਜਥੇਬੰਦੀਆਂ ਨੂੰ ਸਾਂਝੇ ਮੰਚ ਹੇਠ ਇਕਜੁੱਟ ਹੋ ਕੇ ਜਮਹੂਰੀਅਤ, ਸੰਵਿਧਾਨ ਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਫ਼ੈਸਲਾਕੁੰਨ ਸੰਘਰਸ਼ ਕਰਨ ਦਾ ਸੱਦਾ ਦਿੱਤਾ।

# ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਪਿਕਨਿਕ ਦਾ ਆਨੰਦ ਮਾਣਿਆ

**ਅਜੀਤਵਾਲ (ਨਛੱਤਰ ਸੰਧੂ)**

ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਦੇ ਵਿਦਿਆਰਥੀਆਂ ਨੇ ਪਿਕਨਿਕ ਦਾ ਖੂਬ ਆਨੰਦ ਮਾਣਿਆ। ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਰਬਪਖੀ ਸ਼ਖ਼ਸੀਅਤ ਦੇ ਵਿਕਾਸ ਨੂੰ ਮੁੱਖ ਰੱਖ ਕੇ ਵੱਖ-ਵੱਖ ਮੁਕਾਬਲਿਆਂ ਤੇ ਸਰਗਰਮੀਆਂ ਕਰਵਾਈਆਂ ਜਾਂਦੀਆਂ ਰਹਿੰਦੀਆਂ ਹਨ, ਇਸੇ ਲੜੀ ਤਹਿਤ ਇਸ ਸਾਲ ਨਰਸਰੀ ਜਮਾਤ ਤੋਂ ਦੂਸਰੀ ਜਮਾਤ ਦੇ ਵਿਦਿਆਰਥੀਆਂ ਨੂੰ ਪਿਕਨਿਕ ਤੇ ਲਿਜਾਇਆ ਗਿਆ। ਉਨ੍ਹਾ ਦੱਸਿਆ ਪਿਕਨਿਕ 'ਤੇ ਲਿਜਾਣ ਦਾ ਪ੍ਰਬੰਧ ਸਕੂਲ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਸਾਰੇ ਵਿਦਿਆਰਥੀ ਮੋਗਾ ਦੇ ਗੀਤਾ ਭਵਨ ਗਏ, ਜਿੱਥੇ ਕਿ ਉਨ੍ਹਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਰਾਈਡਜ਼ ਜਿਵੇਂ ਕਿ ਪੇਂਡੂਲਮ, ਜੰਪਿੰਗਜ਼, ਮੈਰੀਗੋਅ ਰਾਊਂਡਜ਼, ਬਲੈਕਬੁੱਲ, ਲੌਂਗਮੈਨ, ਰਾਕੇਟ ਆਦਿ ਝੂਲਿਆਂ ਦਾ ਆਨੰਦ ਮਾਣਿਆ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਮੈਡਮ ਪਰਮਜੀਤ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਪਾਰਕ 'ਚ ਵਿਦਿਆਰਥੀਆਂ ਨੇ ਭਰਪੂਰ ਮਨੋਰੰਜਨ ਕੀਤਾ ਤੇ ਸਕੂਲ ਵੱਲੋਂ ਵਿਦਿਆਰਥੀਆਂ ਦੇ ਮਨੋਰੰਜਨ ਦੇ ਨਾਲ ਨਾਲ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਗਿਆ। ਇਹ ਵੀ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵੱਲੋਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਪੜ੍ਹਾਈ ਦੇ ਨਾਲ ਨਾਲ ਗਤੀਵਿਧੀਆਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ।



# ਲੁਹਾਰਾ 'ਚ ਚਾਰ ਰੋਜ਼ਾ ਕਾਸਕੋ ਟੂਰਨਾਮੈਂਟ ਸ਼ੁਰੂ



**ਦੋਦਾ (ਵਕੀਲ ਬਰਾੜ)**-ਨੇੜਲੇ ਪਿੰਡ ਲੁਹਾਰਾ ਵਿਖੇ ਚਾਰ ਰੋਜ਼ਾ ਕਾਸਕੋ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਆਗੂ ਵਰਿੰਦਰ ਸਿੰਘ ਨੇ ਕੀਤਾ। ਟੂਰਨਾਮੈਂਟ ਦਾ ਪਹਿਲਾ ਮੈਚ ਪਿੰਡ ਭੁੱਲਰ ਤੇ ਫਰੀਦਕੋਟ ਦੀਆਂ ਟੀਮਾਂ ਵਿਚਕਾਰ ਹੋਇਆ। ਇਸ ਸਮੇਂ ਸੰਬੋਧਨ ਕਰਦਿਆਂ ਵਰਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਟੂਰਨਾਮੈਂਟ ਕਰਵਾਉਣੇ, ਸਮੇਂ ਦੀ ਮੰਗ ਹੈ। ਇਨ੍ਹਾਂ ਟੂਰਨਾਮੈਂਟਾਂ ਨਾਲ ਜੁੜੇ ਨੌਜਵਾਨ ਨਸ਼ੇ ਦੇ ਭਿਆਨਕ ਮੱਕੜ ਜਾਲ ਵਿੱਚੋਂ ਬਚੇ ਰਹਿੰਦੇ ਹਨ ਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਚੰਗੀ ਤਰ੍ਹਾਂ ਨਿਭਾਅ ਸਕਦੇ ਹਨ। ਉਨ੍ਹਾ ਕਿਹਾ ਕਿ ਪਿੰਡਾਂ ਵਿੱਚ ਪਹਿਲਾਂ ਵਾਂਗ ਵੱਖ ਵੱਖ ਖੇਡਾਂ ਦੇ ਟੂਰਨਾਮੈਂਟ ਕਰਵਾਏ ਜਾਣੇ ਚਾਹੀਦੇ ਹਨ ਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਹਰ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜਨ ਤੇ ਨੌਜਵਾਨਾਂ ਵਿੱਚ ਲੀਡਰਸ਼ਿਪ, ਸਹਿਣਸ਼ੀਲਤਾ ਤੇ ਮਿਲਜੁਲ ਕੇ ਰਹਿਣ ਦੇ ਗੁਣ ਪੈਦਾ ਹੁੰਦੇ ਹਨ। ਇਸ ਲਈ ਨੌਜਵਾਨਾਂ ਨੂੰ ਹਰ ਤਰ੍ਹਾਂ ਦੀਆਂ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਇਸ ਸਮੇਂ ਪ੍ਰਭਜੋਤ ਸਿੰਘ ਨੰਬਰਦਾਰ, ਹਰਮਨ ਸਿੰਘ ਬਰਾੜ, ਸੁਮੀਤ ਬਰਾੜ, ਹਰਜੀਤ ਸਿੰਘ ਬਰਾੜ ਹਾਜ਼ਰ ਸਨ। ਇਸ ਟੂਰਨਾਮੈਂਟ ਦੀਆਂ ਜੇਤੂ ਟੀਮਾਂ ਲਈ ਪਹਿਲਾ ਇਨਾਮ 8100 ਰੁਪਏ ਤੇ ਟਰਾਫੀ ਅਤੇ ਦੂਸਰਾ ਇਨਾਮ 5100 ਰੁਪਏ ਤੇ ਟਰਾਫੀ ਦਿੱਤੀ ਜਾਵੇਗੀ।

# ਭਲਕੇ ਹਜ਼ਾਰਾਂ ਕਿਸਾਨ ਪਹਿਲਵਾਨਾਂ ਦੇ ਸਮਰਥਨ ਲਈ ਦਿੱਲੀ ਪੁੱਜਣਗੇ

**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀ ਰਾਸ਼ਟਰ ਪੱਧਰ ਦੀ ਆਨਲਾਈਨ ਮੀਟਿੰਗ ਬੁਲਾਈ ਗਈ, ਜਿਸ ਵਿੱਚ ਭਾਰਤ ਦੇ ਕਈ ਰਾਜਾਂ ਦੇ ਆਗੂ, ਜਿਨ੍ਹਾਂ ਵਿੱਚ ਸ੍ਰੀ ਕੁਰਬੁਰੂ ਸਾਂਤਾ ਕੁਮਾਰ, ਜਗਜੀਤ ਸਿੰਘ ਡੱਲੇਵਾਲ, ਸ਼ਿਵ ਕੁਮਾਰ ਕੱਕਾ, ਗੁਰਿੰਦਰ ਸਿੰਘ ਭੰਗੂ, ਜਰਨੈਲ ਸਿੰਘ, ਅਭਿਮੰਨਿਊ ਕੋਹਾੜ, ਲਖਵਿੰਦਰ ਸਿੰਘ, ਇੰਦਰਜੀਤ ਸਿੰਘ ਕੋਟ ਬੁੱਢਾ, ਬਲਦੇਵ ਸਿੰਘ ਸਿਰਸਾ, ਸੁਖਦੇਵ ਸਿੰਘ ਭੋਜਰਾਜ, ਵਿਮਲ ਸ਼ਰਮਾ, ਸੇਵਾ ਸਿੰਘ ਆਰੀਆ, ਕੇ ਵੀ ਬਿੱਜੂ, ਸਚਿਨ ਮੋਹਪਾਤਰਾ, ਸੰਕਰ ਧਾਰੇਕਰ, ਜੇਕੇ ਪਟੇਲ, ਸੁਖਜਿੰਦਰ ਸਿੰਘ ਖੋਸਾ, ਇੰਦਰਜੀਤ ਸਿੰਘ ਪੰਨੀ ਵਾਲਾ, ਐਡਵੋਕੇਟ ਕੰਵਰਜੀਤ ਸਿੰਘ, ਰਾਹੁਲ ਰਾਜ, ਆਤਮਾ ਰਾਮ ਝੋਰੜ, ਤਨਵੀਰ ਅਹਿਮਦ, ਮੁਨੀਸ਼ ਤਿਵਾੜੀ, ਅਕਸ਼ੈ ਨਰਵਾਲ, ਸੁਖਪਾਲ ਸਿੰਘ ਡੱਫਰ, ਬਲਬੀਰ ਸਿੰਘ ਰੰਧਾਵਾ, ਅਮਰਜੀਤ ਸਿੰਘ ਰੜਾ, ਸਤਨਾਮ ਸਿੰਘ ਬਾਗੜੀਆਂ, ਹਰਸੁਰਿੰਦਰ ਸਿੰਘ ਕਿਸ਼ਨਗੜ੍ਹ, ਰਘਬੀਰ ਸਿੰਘ ਭੰਗਾਲਾ, ਗੁਰਚਰਨ ਸਿੰਘ ਭਿੱਖੀ, ਬਾਬਾ ਕੰਵਲਜੀਤ ਸਿੰਘ ਪੰਡੋਰੀ, ਰਜਿੰਦਰ ਸਿੰਘ ਬੈਨੀਪਾਲ, ਸਮਸ਼ੇਰ ਸਿੰਘ ਸੇਰਾ ਆਦਿ ਨੇ ਹਿੱਸਾ ਲਿਆ। ਮੀਟਿੰਗ ਉਪਰੰਤ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂ ਗੁਰਿੰਦਰ ਸਿੰਘ ਭੰਗੂ ਤੇ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ 8 ਮਈ ਨੂੰ ਪੂਰੇ ਭਾਰਤ ਵਿੱਚੋਂ ਹਜ਼ਾਰਾਂ ਕਿਸਾਨ ਪਹਿਲਵਾਨਾਂ ਦੇ ਸਮਰਥਨ ਲਈ ਦਿੱਲੀ ਜੰਤਰ ਮੰਤਰ ਪਹੁੰਚਣਗੇ। ਮੋਰਚੇ ਨੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਬਰਖਾਸਤ ਕਰਨ ਦੀ ਮੰਗ ਕੀਤੀ ਹੈ।

# ਢੰਡਿਆਲ ਦੇ ਨੌਜਵਾਨਾਂ ਦੇ 12 ਸਾਲਾ ਸੰਘਰਸ਼ ਨੂੰ ਪਿਆ ਬੂਰ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿਛਲੇ ਇੱਕ ਦਹਾਕੇ ਤੋਂ ਖੇਡ ਗਰਾਊਂਡ ਲਈ ਸੰਘਰਸ਼ ਕਰ ਰਹੇ ਪਿੰਡ ਢੰਡਿਆਲ ਦੇ ਨੌਜਵਾਨਾਂ ਦੀ ਮਿਹਨਤ ਨੂੰ ਉਸ ਵੇਲੇ ਬੂਰ ਪੈ ਗਿਆ, ਜਦੋਂ ਪੰਚਾਇਤ ਨੇ ਦੋ ਏਕੜ ਹੋਰ ਜ਼ਮੀਨ ਖੇਡ ਗਰਾਊਂਡ ਲਈ ਛੱਡ ਦਿੱਤੀ। ਇਸ ਤਰ੍ਹਾਂ ਖੇਡ ਗਰਾਊਡ ਲਈ ਕੁੱਲ ਤਿੰਨ ਕਿੱਲੇ ਜ਼ਮੀਨ ਹੋ ਗਈ ਹੈ। ਪੰਚਾਇਤ ਵੱਲੋਂ ਲਏ ਗਏ ਫੈਸਲੇ ਨਾਲ ਪਿੰਡ ਦੇ ਨੌਜਵਾਨਾਂ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਨੌਜਵਾਨ ਆਗੂ ਰਾਜੂ ਢੰਡਿਆਲ ਨੇ ਦੱਸਿਆ ਕਿ ਪਿੰਡ ਦੇ ਜੰਮਪਲ ਕੌਮੀ ਪੱਧਰ ਦੇ ਖਿਡਾਰੀ ਗੁਰਸੇਵਕ ਅੰਮ੍ਰਿਤਰਾਜ ਤੇ ਤਰਸੇਮ ਸਿੰਘ ਪ੍ਰਧਾਨ ਦੇ ਯਤਨਾਂ ਸਦਕਾ ਸਰਪੰਚ ਚਮਕੌਰ ਸਿੰਘ ਦੀ ਅਗਵਾਈ ਹੇਠ ਪਹਿਲੀ ਵਾਰ ਅੱਧਾ ਕਿੱਲਾ ਪੰਚਾਇਤੀ ਜ਼ਮੀਨ ਖੇਡ ਮੈਦਾਨ ਹੋਣ ਲਈ ਰਾਖਵੀਂ ਰੱਖੀ ਗਈ, ਇਸ ਤੋਂ ਬਾਅਦ 2019 ਵਿੱਚ ਸਰਪੰਚ ਗੁਰਜੀਤ ਕੌਰ ਨੇ ਅੱਧਾ ਕਿੱਲਾ ਹੋਰ ਜ਼ਮੀਨ ਖੇਡ ਗਰਾਊਂਡ ਨੂੰ ਦੇਣ ਦਾ ਫੈਸਲਾ ਕੀਤਾ, ਪ੍ਰੰਤੂ ਗਰਾਊਂਡ ਬਣਾਉਣ ਲਈ ਜਗ੍ਹਾ ਪੂਰੀ ਨਾ ਹੋਣ ਕਰਕੇ ਨੌਜਵਾਨਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਪਿੰਡ ਦੀ ਪੰਚਾਇਤ ਨੇ ਸਰਪੰਚ ਗੁਰਜੀਤ ਕੌਰ ਦੀ ਅਗਵਾਈ ਵਿੱਚ ਨੌਜਵਾਨਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਦੋ ਕਿੱਲੇ ਹੋਰ ਪੰਚਾਇਤੀ ਜ਼ਮੀਨ ਵਿੱਚੋਂ ਖੇਡ ਗਰਾਊਂਡ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਗਿਆ। ਨੌਜਵਾਨਾਂ ਵੱਲੋਂ ਪੰਚਾਇਤ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਪ੍ਰਸ਼ਾਸਨ ਅਤੇ ਸਰਕਾਰ ਦੀ ਮਦਦ ਨਾਲ ਇਹ ਜ਼ਮੀਨ ਉੱਤੇ ਵਧੀਆ ਸਟੇਡੀਅਮ ਤਿਆਰ ਕਰਾਇਆ ਜਾਵੇਗਾ।



ਪੰਚਾਇਤ ਵੱਲੋਂ ਖੇਡ ਗਰਾਊਂਡ ਲਈ ਰੱਖੀ ਜ਼ਮੀਨ ਸਬੰਧੀ ਜਾਣਕਾਰੀ ਦਿੰਦੇ ਹੋਏ ਨੌਜਵਾਨ।

# ਪ੍ਰਸ਼ਾਸਨ ਵੱਲੋਂ ਕੁਲੈਕਟਰ ਰੇਟਾਂ 'ਚ ਕੀਤੇ ਜਾ ਰਹੇ ਸਾਲਾਨਾ ਵਾਧੇ ਤੋਂ ਲੋਕ ਖ਼ਫਾ

■ ਪ੍ਰਾਪਰਟੀ ਡੀਲਰਾਂ ਨੇ ਪ੍ਰਸ਼ਾਸਨ ਪਾਸੋਂ ਨਜ਼ਰਸਾਨੀ ਦੀ ਕੀਤੀ ਮੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਮੀਨਾਂ ਤੇ ਪਲਾਟਾਂ ਦੀਆਂ ਕੀਮਤਾਂ 'ਚ ਕੀਤੇ ਜਾ ਰਹੇ ਵਾਧੇ ਦੀ ਕਨਸੋਅ 60 ਪ੍ਰਤੀਸ਼ਤ ਤੋਂ ਵੱਧ ਮਿਲਣ 'ਤੇ ਸ਼ਹਿਰ ਵਾਸੀਆਂ ਤੇ ਪ੍ਰਾਪਰਟੀ ਡੀਲਰਾਂ 'ਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ। ਇਸ ਸਬੰਧੀ ਪ੍ਰਾਪਰਟੀ ਡੀਲਰਾਂ ਦੇ ਇੱਕ ਵਫ਼ਦ ਨੇ ਏ ਡੀ ਸੀ ਨਾਲ ਮੁਲਾਕਾਤ ਕਰਕੇ ਕੁਲੈਕਟਰ ਰੇਟ 'ਚ ਵਾਧਾ ਘੱਟ ਤੋਂ ਘੱਟ ਕਰਨ ਦੀ ਮੰਗ ਕੀਤੀ ਹੈ। ਵਫ਼ਦ 'ਚ ਸ਼ਾਮਲ ਅਸ਼ੋਕ ਚੁੱਘ ਪ੍ਰਧਾਨ, ਮੀਤ ਪ੍ਰਧਾਨ ਕਰਮਜੀਤ ਕਰਮਾ, ਪਰਮਿੰਦਰ ਬੇਰੀ, ਇਸ਼ਾਨ ਚੁੱਘ, ਵਰੁਣ ਬੰਟੀ, ਨਰਿੰਦਰ ਬਾਂਸਲ, ਗੁਰਪ੍ਰੀਤ ਐੱਮ ਸੀ, ਅਸ਼ੋਕ ਟੋਪੀ ਨੇ ਦੱਸਿਆ ਕਿ ਪ੍ਰਾਪਰਟੀ ਦੀਆਂ ਕੀਮਤਾਂ 'ਚ ਪਿਛਲੇ ਵਰ੍ਹੇ ਜੁਲਾਈ 2022 ਵਿੱਚ 35 ਤੋਂ 60 ਪ੍ਰਤੀਸ਼ਤ ਤੱਕ ਦਾ ਵਾਧਾ ਕੀਤਾ ਗਿਆ ਸੀ, ਜਿਸ ਕਰਕੇ ਖਰੀਦਦਾਰ ਉੱਪਰ ਇਸ ਦਾ ਭਾਰੀ ਬੋਝ ਪਿਆ। ਜੇਕਰ ਹੁਣ ਇਸ ਵਰ੍ਹੇ ਮੁੜ 60 ਤੋਂ 80 ਪ੍ਰਤੀਸ਼ਤ ਤੱਕ ਦਾ ਵਾਧਾ ਕੀਤਾ ਗਿਆ ਤਾਂ ਪ੍ਰਾਪਰਟੀ ਦਾ ਧੰਦਾ ਬਿਲਕੁਲ ਹੀ ਚੌਪਟ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਰਜਿਸਟਰੀਆਂ ਦਾ ਅਸ਼ਟਾਮ ਘਟਾਕੇ ਲੋਕਾਂ ਨੂੰ ਰਜਿਸਟਰੀਆਂ ਕਰਾਉਣ ਲਈ ਰਾਹਤ ਦੇ ਰਹੀ ਹੈ ਤੇ ਦੂਜੇ ਪਾਸੇ ਪ੍ਰਸ਼ਾਸਨ ਕੁਲੈਕਟਰ ਰੇਟਾਂ 'ਚ ਵਾਧਾ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕੁਲੈਕਟਰ ਰੇਟ 'ਚ ਵਾਧਾ ਘੱਟ ਤੋਂ ਘੱਟ ਕੀਤਾ ਜਾਵੇ। ਵਫ਼ਦ ਨੂੰ ਭਰੋਸਾ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਿਕ੍ਰਮਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਕੁਲੈਕਟਰ ਰੇਟ ਵਧਾਉਣ ਲਈ ਸਰਵੇ ਕੀਤਾ ਜਾ ਰਿਹਾ ਹੈ ਤੇ ਲੋੜ ਅਨੁਸਾਰ ਹੀ ਰੇਟ ਵਿੱਚ ਵਾਧਾ ਕੀਤਾ ਜਾਵੇਗਾ।

# ਕੱਚਾ ਤੇ ਆਊਟਸੋਰਸਿੰਗ ਸਾਂਝਾ ਮੁਲਾਜ਼ਮ ਫਰੰਟ ਦੇ ਆਗੂਆਂ ਦੀ ਮੁੱਖ ਮੰਤਰੀ ਨਾਲ ਮੀਟਿੰਗ

**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਦੇ ਵੱਖ-ਵੱਖ ਵਿਭਾਗਾਂ, ਕਾਰਪੋਰੇਸ਼ਨਾਂ, ਬੋਰਡਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਕੱਚੇ ਤੇ ਆਊਟਸੋਰਸਿੰਗ ਮੁਲਾਜ਼ਮ ਦੀਆਂ ਜਥੇਬੰਦੀਆਂ ਦੇ ਕੱਚੇ ਤੇ ਆਊਟਸੋਰਸਿੰਗ ਸਾਂਝਾ ਮੁਲਾਜ਼ਮ ਫਰੰਟ ਪੰਜਾਬ ਵੱਲੋਂ, ਸਮੁੱਚੇ ਮੁਲਾਜ਼ਮਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਫਰੰਟ ਵੱਲੋਂ ਇੱਕ ਅਪ੍ਰੈਲ ਤੋਂ ਵੀਹ ਅਪ੍ਰੈਲ ਤੱਕ ਸਭ ਡਵੀਜ਼ਨਾਂ, ਡਿਪਟੀ ਕਮਿਸ਼ਨਰਾਂ, ਹਲਕਾ ਵਿਧਾਇਕਾਂ ਰਾਹੀਂ ਮੁੱਖ ਮੰਤਰੀ ਜੀ ਨੂੰ ਮੰਗ ਪੱਤਰ ਦਿੱਤੇ ਗਏ ਸਨ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਫਰੰਟ ਦੇ ਕਨਵੀਨਰ ਸਰਬਜੀਤ ਸਿੰਘ, ਕਨਵੀਨਰ ਬਲਵੀਰ ਸਿੰਘ ਸਿਵੀਆ, ਸੂਬਾਈ ਆਗੂ ਹਰਜੀਤ ਕੌਰ ਸਮਰਾਲਾ, ਦਲਵੀਰ ਸਿੰਘ ਕਜੌਲੀ, ਰਛਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੰਗਾਂ ਨੂੰ ਲੈ ਕੇ ਚਾਰ ਮਈ ਨੂੰ ਜਲੰਧਰ ਵਿਖੇ ਪੰਜਾਬ ਦੇ ਕੋਨੇ ਕੋਨੇ ਤੋਂ ਜੰਗਲਾਤ ਵਰਕਰਾਂ, ਜਲ ਸਪਲਾਈ ਤੇ ਹੋਰ ਵਿਭਾਗਾਂ ਦੇ ਵਰਕਰਾਂ ਨੇ ਰੈਲੀ ਤੇ ਮੁਜ਼ਾਹਰਾ ਕੀਤਾ ਗਿਆ ਸੀ। ਸੰਘਰਸ਼ ਦੌਰਾਨ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਫਗਵਾੜਾ ਵਿਖੇ ਫਰੰਟ ਦੇ ਆਗੂਆਂ ਦੀ ਮੀਟਿੰਗ ਕਰਵਾਈ। ਮੀਟਿੰਗ ਵਿੱਚ ਬਲਵੀਰ ਸਿੰਘ ਗਿੱਲਾਂ ਵਾਲਾ ਤੇ ਬਲਕਾਰ ਸਿੰਘ ਭੱਖੜਾ, ਨਿਰਮਲ ਸਿੰਘ ਸਰਵਾਲੀ ਵੱਲੋਂ ਜੰਗਲਾਤ ਵਿਭਾਗ ਵਿੱਚ ਹਜ਼ਾਰਾਂ ਕੱਚੇ ਮਸਟਰੋਲ ਮੁਲਾਜ਼ਮਾਂ ਬਾਰੇ ਦੱਸਿਆ ਕਿ ਵਰਕਰ ਜੰਗਲਾਤ ਵਿਭਾਗ ਵਿੱਚ 30-30 ਸਾਲਾਂ ਤੋਂ ਕਾਮੇ ਕੱਚੇ ਕੰਮ ਕਰ ਰਹੇ ਹਨ, ਉਥੇ ਹੀ ਪੰਜ ਹਜ਼ਾਰ ਤੋਂ ਜ਼ਿਆਦਾ ਵਰਕਰਾਂ ਦੇ 2016 ਵਿੱਚ ਮੈਡੀਕਲ ਵੀ ਹੋ ਚੁੱਕੇ ਹਨ। ਮੁੱਖ ਮੰਤਰੀ ਨੇ ਸਾਰੇ ਆਗੂਆਂ ਦੀ ਗੱਲਬਾਤ ਸੁਣਦਿਆਂ ਕਿਹਾ ਕਿ ਕੱਚੇ ਤੇ ਆਊਟਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨਾ ਮੇਰੀ ਪਹਿਲ ਹੈ, ਕੁੱਝ ਕਾਨੂੰਨੀ ਅੜਿੱਕਿਆਂ ਨੂੰ ਦੂਰ ਕਰਦਿਆਂ ਛੇਤੀ ਹੀ ਕੱਚੇ ਕਾਮਿਆਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ। ਮੀਟਿੰਗ ਉਪਰੰਤ ਸਮੁੱਚੇ ਆਗੂਆਂ ਨੇ ਕੱਚੇ ਤੇ ਆਊਟਸੋਰਸਿੰਗ ਸਾਂਝਾ ਮੁਲਾਜ਼ਮ ਫਰੰਟ ਦੀ ਅਗਵਾਈ ਵਿੱਚ ਸੰਘਰਸ਼ ਤੇ ਏਕਤਾ, ਹੋਰ ਏਕਤਾ ਕਾਇਮ ਰੱਖਣ ਦੀ ਅਪੀਲ ਕੀਤੀ ਗਈ। ਨਾਲ ਹੀ ਮੁੱਖ ਮੰਤਰੀ ਸਾਹਿਬ ਦਾ ਮੀਟਿੰਗ ਲਈ ਕੀਮਤੀ ਸਮਾਂ ਦੇਣ ਲਈ ਧੰਨਵਾਦ ਕੀਤਾ।



# ਚੋਰੀ ਦੇ ਮਾਮਲੇ 'ਚ ਪਿਉ-ਪੁੱਤ ਕਾਬੂ



**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਪੁਲਸ ਨੇ ਪਿੰਡ ਧਲੇਵਾਂ ਦੇ ਬਾਬਾ ਨਾਗਾ ਦੇ ਡੇਰੇ ਵਿੱਚ ਬੀਤੇ ਦਿਨ ਚੋਰੀ ਹੋਣਦੇ ਮਾਮਲੇ ਵਿੱਚ ਪਿੰਡ ਦੇ ਹੀ ਇੱਕ ਪਿਤਾ-ਪੁੱਤਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਚੋਰੀ ਦਾ ਸਾਮਾਨ ਬਰਾਮਦ ਕੀਤਾ ਹੈ। ਐੱਸ ਐੱਚ ਓ ਭੀਖੀ ਰੁਪਿੰਦਰ ਕੌਰ ਸਿੱਧੂ ਨੇ ਦੱਸਿਆ ਕਿ ਬੀਤੇ ਦਿਨੀਂ ਪਿੰਡ ਧਲੇਵਾਂ ਦੇ ਨਾਗਾ ਬਾਬੇ ਦੇ ਡੇਰੇ ਵਿੱਚ ਚੋਰੀ ਹੋ ਗਈ ਸੀ, ਜਿਸ ਵਿੱਚ ਅਣਪਛਾਤੇ ਲੋਕਾਂ ਵੱਲੋਂ ਸੁਜਾਤਾ ਦਾ ਜੂਸਰ, ਖੰਡ, ਤੇਲ, ਸਿਲੰਡਰ ਤੇ ਚੌਲ ਆਦਿ ਚੋਰੀ ਕਰ ਲਏ ਗਏ ਸਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਡੇਰੇ ਦੀ ਕਮੇਟੀ ਦੇ ਪ੍ਰਧਾਨ ਜਸਵੀਰ ਸਿੰਘ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਚੋਰਾਂ ਦੀ ਭਾਲ਼ ਸ਼ੁਰੂ ਕਰ ਦਿੱਤੀ ਸੀ।

ਉਨ੍ਹਾਂ ਦੱਸਿਆ ਕਿ ਭੀਖੀ ਪੁਲਸ ਨੇ ਮੁੱਦਈ ਦੇ ਨਾਲ ਇਸ ਮਾਮਲੇ ਨੂੰ ਟਰੇਸ ਕਰਦਿਆਂ ਸਿਵਜੀ ਸਿੰਘ ਪੁੱਤਰ ਮਿੱਠੂ ਸਿੰਘ ਤੇ ਮਿੱਠੂ ਸਿੰਘ ਪੁੱਤਰ ਭੂਰਾ ਸਿੰਘ ਵਾਸੀ ਧਲੇਵਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਸਿਲੰਡਰ, 20 ਕਿੱਲੋ ਖੰਡ, ਇੱਕ ਜੂਸਰ ਸੁਜਾਤਾ, 15 ਕਿੱਲੋ ਸਰ੍ਹੋਂ ਦਾ ਤੇਲ ਤੇ 20 ਕਿੱਲੋ ਚੌਲ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਵਿਸ਼ਵਕਰਮਾ ਸਮਾਜ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਇਆ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਖਾਲਸਾ ਰਾਜ ਦੇ ਉਸਰੀਏ, ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਦਿਨ ਸ੍ਰੀ ਵਿਸ਼ਵਕਰਮਾ ਸਮਾਜ ਭਲਾਈ ਸਭਾ ਵੱਲੋਂ ਪ੍ਰਧਾਨ ਜਸਵੰਤ ਸਿੰਘ ਸਰਹਿੰਦ ਦੀ ਪ੍ਰਧਾਨਗੀ ਹੇਠ ਮੁੱਖ ਦਫ਼ਤਰ ਵਿੱਚ ਮਨਾਇਆ ਗਿਆ। ਸ੍ਰੀ ਵਿਸ਼ਵਕਰਮਾ ਸਮਾਜ ਭਲਾਈ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸਰਹਿੰਦ ਤੇ ਚੇਅਰਮੈਨ ਮਾਸਟਰ ਹਰਜੀਤ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸੋਚੀ ਸਮਝੀ ਨੀਤੀ ਰਾਹੀ ਵਿਸ਼ਵਕਰਮਾ ਸਮਾਜ ਦੇ ਦੇਸ ਅਤੇ ਸਿੱਖੀ ਲਈ ਪਾਏ ਗਏ ਯੋਗਦਾਨ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਆਪਣੀਆਂ ਵੋਟਾਂ ਲਈ ਦਿਨ ਮਨਾ ਕੇ ਖਾਨਾਪੂਰਤੀ ਕੀਤੀ ਜਾ ਰਹੀ ਹੈ, ਜਦੋਂਕਿ ਇਸ ਮਹਾਨ ਨਾਇਕ ਦਾ ਜਨਮ ਦਿਨ ਹਰ ਜ਼ਿਲ੍ਹੇ 'ਚ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲ ਕਾਲਜਾਂ 'ਚ ਸਿੱਖਿਆਦਾਇਕ ਸੈਮੀਨਾਰ ਕਰਾ ਕੇ ਮਨਾਉਣ ਨੂੰ ਤਰਜ਼ੀਹ ਦੇਣੀ ਚਾਹੀਦੀ ਸੀ ਤਾਂ ਜੁ ਨਵੀ ਪੀੜ੍ਹੀ ਇਨ੍ਹਾਂ ਮਹਾਨ ਨਾਇਕਾਂ ਦੇ ਇਤਿਹਾਸ ਬਾਰੇ ਜਾਣੂ ਹੋ ਸਕਦੀ। ਉਨ੍ਹਾਂ ਜੱਸਾ ਸਿੰਘ ਰਾਮਗੜ੍ਹੀਆਂ ਦੇ ਨਾਂਅ 'ਤੇ ਵੱਡਾ ਇੰਸਟੀਚਿਊਟ ਖੋਲ੍ਹਣ ਦੀ ਵੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ 27 ਅਪ੍ਰੈਲ 2023 ਨੂੰ ਫ਼ਤਿਹਗੜ੍ਹ ਸਾਹਿਬ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਪਹੁੰਚੇ ਖਾਲਸਾ ਫਤਹਿ ਮਾਰਚ ਦੌਰਾਨ ਬੁੱਤ ਦਾ ਕੀਤਾ ਗਿਆ ਨਿਰਾਦਰ ਤੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਪ੍ਰਬੰਧ ਵੱਲੋਂ ਸਥਾਈ ਰਾਮਗੜ੍ਹੀਆਂ ਭਾਈਚਾਰੇ ਨਾਲ ਅਗਾਊਂ ਮੀਟਿੰਗ ਨਾ ਕਰਨ ਬਾਰੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੋਸ ਚਿੱਠੀਆਂ ਵੀ ਕੱਢੀਆਂ ਗਈਆਂ।



ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਬਚਨ ਸਿੰਘ ਵਿਰਦੀ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਨਾਇਕ ਤੇ ਖਾਲਸਾ ਰਾਜ ਦੇ ਉਸਰੱਈਏ ਦੀ ਸਿੱਖ ਕੌਮ ਲਈ ਦਿੱਤੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ, ਜਦੋਂ ਕਿ ਸਮੇਂ ਦੀਆਂ ਹਕੂਮਤਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਹਾਨ ਯੋਧੇ ਨੂੰ ਮਾਰਚਾਂ ਤੇ ਬੁੱਤ ਤੱਕ ਹੀ ਸੀਮਤ ਕਰ ਦਿੱਤਾ।

ਇਸ ਮੌਕੇ ਵਿੱਤ ਸਕੱਤਰ ਕੰਵਲ ਸ਼ਨ ਸੁਰਜਨ ਨੇ ਮੰਗ ਕੀਤੀ ਅਜਿਹੇ ਮਹਾਨ ਨਾਇਕਾਂ ਦੀ ਜੀਵਨੀ ਸਕੂਲਾਂ ਦੇ ਸਿਲੇਬਸ 'ਚ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੁ ਸਾਡੇ ਬੱਚੇ ਬਹਾਦਰ ਸੂਰਬੀਰਾਂ ਦਾ ਇਤਿਹਾਸ ਜਾਣ ਸਕਣ। ਇਸ ਮੌਕੇ 80 ਸਾਲਾ ਦੇ ਹੋ ਚੁੱਕੇ ਸਮਾਜ ਦੇ ਸੀਨੀਅਰ ਮੈਂਬਰ ਕੰਵਲ ਕ੍ਰਿਸ਼ਨ ਸੁਰਜਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜੱਗਾ ਸਿੰਘ ਚਨਾਰਥਲ, ਮਾਸਟਰ ਰਾਮ ਸਿੰਘ ਸਾਨੀਪੁਰ, ਲਾਭ ਸਿੰਘ ਮਾਸਟਰ, ਮਨਜੀਤ ਸਿੰਘ ਝੰਬਾਲਾ, ਮੇਹਰ ਸਿੰਘ ਮਾਣਕੂੰ, ਮਹਿਮਾ ਸਿੰਘ, ਜਗਤਾਰ ਸਿੰਘ, ਸਤਨਾਮ ਸਿੰਘ ਨੇ ਕਿਹਾ ਕਿ ਸਾਡੇ ਸੰਸਥਾ ਨੂੰ ਅਧੁਨਿਕ ਤਕਨੀਕਾਂ ਨਾਲ ਜੋੜ ਕੇ ਆਨਲਾਈਨ ਪ੍ਰਚਾਰ ਪ੍ਰਸਾਰ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਮੌਕੇ ਲੱਡੂ, ਬਰਫ਼ੀ, ਚਾਹ, ਬਿਸਕੁਟ, ਮੱਠੀਆਂ ਦਾ ਲੰਗਰ ਵੀ ਲਾਇਆ ਗਿਆ।

# ਸਿਲਵਰ ਮੈਡਲ ਜੇਤੂ ਖਿਡਾਰੀ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਹੋਈ ਦੂਜੀ ਇੰਡੋ ਨੇਪਾਲ ਇੰਟਰਨੈਸ਼ਨਲ ਤਾਇਕਵੋਂਡੋ ਚੈਂਪੀਅਨਸ਼ਿਪ ਖੇਡਾਂ ਵਿੱਚ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਬੱਚਿਆਂ ਨੇ ਪੰਜਾਬ ਟੀਮ ਵਜੋਂ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਤਜਰਬੇਕਾਰ ਤੇ ਮਿਹਨਤੀ ਕੋਚ ਇੰਦਰ ਕੁਮਾਰ ਦੀ ਅਗਵਾਈ ਹੇਠ ਵੱਖ ਵੱਖ ਸਕੂਲਾਂ ਨੂੰ ਪਛਾੜਦੇ ਹੋਏ ਗੋਲਡ, ਬ੍ਰੋਨਜ ਤੇ ਸਿਲਵਰ ਮੈਡਲ ਹਾਸਲ ਕਰਕੇ ਖੇਡ ਦੇ ਮੈਦਾਨ ਵਿੱਚ ਮੱਲਾਂ ਮਾਰੀਆਂ ਹਨ। ਪਿੰਡ ਦਾ ਨਾਮ ਰੌਸ਼ਨ ਕਰਨ ਵਾਲੇ ਮਨਜੀਤ ਸਿੰਘ ਨੂੰ ਪਿੰਡ ਦੀ ਪੰਚਾਇਤ ਵੱਲੋਂ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਬਰਾਸ ਦੀ ਸੰਤਪੁਰਾ ਨਗਰ ਪੰਚਾਇਤ ਦੇ ਸਰਪੰਚ ਗੁਰਮੀਤ ਸਿੰਘ ਨੇ ਦੱਸਿਆ ਕਿ ਸਕੂਲ ਮੁਖੀ ਅਰਨਵ ਸਰਕਾਰ ਦੀ ਦੇਖ-ਰੇਖ ਹੇਠ ਜਿੱਥੇ ਬੱਚੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ, ਉਥੇ ਖੇਡਾਂ ਵਿੱਚ ਵੀ ਨਾਮਣਾ ਖੱਟ ਰਹੇ ਹਨ। ਸਾਡੇ ਪਿੰਡ ਦੇ ਹੋਣਹਾਰ ਵਿਦਿਆਰਥੀ ਮਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਬਰਾਸ ਨੇ ਸਿਲਵਰ ਮੈਡਲ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਨਮਾਨਤ ਕਰਨ ਮੌਕੇ ਸਮਸ਼ੇਰ ਸਿੰਘ, ਅੰਗਰੇਜ ਸਿੰਘ, ਹਰਜੱਜ ਸਿੰਘ, ਸਦੀਕ ਖਾਨ, ਹਰਦੀਪ ਸਿੰਘ ਤੇ ਰਜਿੰਦਰ ਸਿੰਘ ਮੌਜੂਦ ਸਨ।

# ਸਿਵਲ ਹਸਪਤਾਲ 'ਚ ਕੈਂਸਰ ਜਾਗਰੂਕਤਾ ਕੈਂਪ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਇੰਨਰਵ੍ਹੀਲ ਕਲੱਬ ਫਾਜ਼ਿਲਕਾ ਵੱਲੋਂ ਸਿਵਿਲ ਹਸਪਤਾਲ 'ਚ ਕੈਂਸਰ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਐੱਸ ਐੱਮ ਓ ਡਾ. ਰੋਹਿਤ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਾ. ਏਰਿਕ ਤੇ ਡਾ. ਪੂਜਾ ਵੱਲੋਂ ਕੈਂਸਰ ਪ੍ਰਤੀ ਜਾਗਰੂਕ ਕੀਤਾ ਗਿਆ। ਡਾ. ਏਰਿਕ ਵੱਲੋਂ ਓਰਲ ਕੈਂਸਰ (ਮੂੰਹ ਦੇ ਕੈਂਸਰ) ਬਾਰੇ ਤੇ ਡਾ. ਪੂਜਾ ਵੱਲੋਂ ਔਰਤਾਂ ਵਿੱਚ ਹੁੰਦੇ ਬ੍ਰੈਸਟ ਕੈਂਸਰ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ. ਅਰਪਿਤ ਗੁਪਤਾ, ਡਾ. ਅਸੀਮ ਮੈਣੀ ਤੇ ਇੰਨਰਵ੍ਹੀਲ ਕਲੱਬ ਦੇ ਪ੍ਰਧਾਨ ਮੈਡਮ ਮੀਨੂ ਗੋਇਲ ਤੋਂ ਇਲਾਵਾ ਡਾ. ਸ਼ਰੂਤੀ ਗੁਪਤਾ, ਲਸ਼ਮੀ ਧੂੜੀਆ, ਸਨੇਹ ਲਤਾ, ਸ਼ਾਰਦਾ ਤੇ ਹੋਰ ਮੈਂਬਰ ਹਾਜ਼ਰ ਸਨ।

## ਯੂਨੀਵਰਸਲ ਕਾਲਜ ਵੱਲੋਂ ਛੱਤਬੀੜ 'ਚ ਐੱਨ ਐੱਨ ਐੱਸ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਯੂਨੀਵਰਸਲ ਕਾਲਜ ਪਾਤੜਾਂ ਤੇ ਵਣ ਸੁਰੱਖਿਆ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੰਜਾਬ ਰਾਜ ਦੇ ਮਸ਼ਹੂਰ ਛਤਬੀੜ ਚਿੜੀਆਘਰ ਵਿਖੇ ਇੱਕ ਰੋਜ਼ਾ ਐੱਨ ਐੱਨ ਐੱਸ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 150 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਰੇਂਜ ਅਫਸਰ ਹਰਪਾਲ ਸਿੰਘ ਤੇ ਜਗਦੀਪ ਸਿੰਘ ਨੇ ਬੱਚਿਆਂ ਨੂੰ ਜੰਗਲੀ ਜੀਵਾਂ ਦੀ ਸੁਰੱਖਿਆ ਕਰਨ ਲਈ ਪ੍ਰੇਰਨਾ ਦਿੱਤੀ ਤੇ ਕਿਹਾ ਕਿ ਜੰਗਲੀ ਜੀਵ ਵੀ ਇਨਸਾਨ ਦੀ ਤਰ੍ਹਾਂ ਵਿਵਹਾਰ ਚਾਹੁੰਦੇ ਹਨ। ਇਸ ਕੈਂਪ ਨੂੰ ਲੈ ਕੇ ਬੱਚਿਆਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਵਿਦਿਆਰਥੀਆਂ ਨੇ ਚਿੜੀਆਘਰ ਦੀ ਕੰਟੀਨ ਦੇ ਆਸ-ਪਾਸ ਸਾਫ-ਸਫਾਈ ਕੀਤੀ। ਕਾਲਜ ਦੇ ਚੇਅਰਮੈਨ ਵਰਿੰਦਰ ਸਿੰਘ ਨੇ ਚਿੜੀਆਘਰ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਕਾਲਜ ਦੇ ਡਾਇਰੈਕਟਰ ਅਮਰੀਸ਼ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

7-MAY-PAGE-1.qxd 5/6/2023 10:15 PM Page 2



## ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦਾ 205ਵਾਂ ਜਨਮ ਦਿਹਾੜਾ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਉੱਨੀਵੀਂ ਸਦੀ 'ਚ ਜਰਮਨ ਵਿੱਚ ਪੈਦਾ ਹੋਣ ਵਾਲੇ ਦੁਨੀਆਂ ਦੇ ਮਹਾਨ ਫਿਲਾਸਫਰਾਂ ਦੀ ਮੋਹਰਲੀ ਕਤਾਰ ਵਿੱਚ ਗਿਣੇ ਜਾਂਦੇ ਕਾਰਲ ਮਾਰਕਸ ਦਾ 205ਵਾ ਜਨਮ ਦਿਵਸ ਮਨਾਉਂਦਿਆਂ ਉਸਦੇ ਮਜ਼ਦੂਰ ਵਰਗ ਲਈ ਲਿਖੇ ਸਿਧਾਂਤਾਂ ਨੂੰ ਯਾਦ ਕੀਤਾ ਜਾਂਦਾ ਹੈ। ਕਾਰਲ ਮਾਰਕਸ ਦਾ ਕਹਿਣਾ ਸੀ ਕਿ ਮੰਦੀ ਦੇ ਵਾਰ ਵਾਰ ਆਉਣ ਦਾ ਮੁੱਖ ਕਾਰਨ ਪੂੰਜੀਵਾਦ ਹੈ, ਜੋ ਇਸ ਦੇ ਖਾਤਮੇ ਤੱਕ ਆਉਂਦੀ ਰਹੇਗੀ। ਉਨ੍ਹਾਂ ਇਹ ਵੀ ਲਿਖਿਆ ਕਿ ਸਮਾਜਵਾਦ ਦੀ ਸਿਰਜਣਾ ਲਈ ਲੋਕਾਂ ਨੂੰ ਬੁਰਜੂਆਜ਼ੀ ਪੂੰਜੀਵਾਦ ਦਾ ਮੁਕਾਬਲਾ ਕਰਨਾ ਹੋਵੇਗਾ, ਜੋ ਆਪਣੇ ਵੱਧ ਤੋਂ ਵੱਧ ਮੁਨਾਫੇ ਲਈ ਮਜ਼ਦੂਰਾਂ ਦੀ ਕਿਰਤ ਦੀ ਲੁੱਟ ਕਰਦੇ ਹੋਏ ਆਪਣੀ ਪੂੰਜੀ ਵਿੱਚ ਲਗਾਤਾਰ ਵਾਧਾ ਕਰਦੇ ਆ ਰਹੇ ਹਨ ਤੇ ਇਹ ਵਿਚਾਰਧਾਰਾ ਹੀ ਅਸਲ ਵਿੱਚ ਮਾਰਕਸਵਾਦੀ ਵਿਚਾਰਧਾਰਾ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਰਲ ਮਾਰਕਸ ਦੇ 205ਵੇਂ ਜਨਮ ਦਿਵਸ ਨੂੰ ਮਨਾਉਣ ਲਈ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਕਾ. ਸੁਰਜੀਤ ਸਿੰਘ ਗਗੜਾ ਵੱਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਪੂੰਜੀਪਤੀ ਗਰੀਬਾਂ ਨੂੰ ਕੁਝ ਕੁ ਮੁਫ਼ਤ ਦੀਆਂ ਸਹੂਲਤਾਂ ਦੇ ਕੇ ਤੇ ਧਾਰਮਿਕ ਆਗੂਆਂ ਨੂੰ ਸ਼ਹਿ ਦੇ ਕੇ ਲੋਕਾਂ ਨੂੰ ਧਰਮਾਂ ਵਿੱਚ ਇਸ ਕਦਰ ਉਲਝਾ ਕੇ ਰਖ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਹੱਕਾਂ ਤੇ ਪੂੰਜੀਪਤੀਆਂ ਵੱਲੋਂ ਕੀਤੀ ਜਾ ਰਹੀ ਲੁੱਟ ਦਾ ਖਿਆਲ ਤੱਕ ਨਹੀਂ ਆਉਣ ਦਿੰਦੇ।

## ਸ਼ਹੀਦ ਹੌਲਦਾਰ ਬਲਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ



**ਧੂਰੀ (ਸੁਖਦੇਵ ਧੂਰੀ)**-ਪਿੰਡ ਸ਼ੇਰਪੁਰ ਸੋਢੀਆਂ ਦੇ ਸ਼ਹੀਦ ਹੌਲਦਾਰ ਬਲਜੀਤ ਸਿੰਘ ਦੀ 16ਵੀਂ ਬਰਸੀ ਮੌਕੇ ਪਰਵਾਰ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਪਿੰਡ ਸ਼ੇਰਪੁਰ ਸੋਢੀਆਂ ਦੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ਼ਹੀਦ ਹੌਲਦਾਰ ਬਲਜੀਤ ਸਿੰਘ ਨੂੰ ਅਸ਼ੋਕ ਕੁਮਾਰ ਲੱਖਾ ਚੇਅਰਮੈਨ ਗਊ ਸੇਵਾ ਕਮਿਸ਼ਨ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ, ਆਮ ਆਦਮੀ ਪਾਰਟੀ ਦੇ ਟਰੇਡ ਵਿੰਗ ਦੇ ਸੈਕੇਟਰੀ ਸਤਿੰਦਰ ਸਿੰਘ ਚੱਠਾ, ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਅੰਮ੍ਰਿਤ ਬਰਾੜ ਤੇ ਹੋਰ 'ਆਪ' ਆਗੂਆਂ ਅਤੇ ਸਾਬਕਾ ਫੌਜੀਆਂ ਵੱਲੋਂ ਸ਼ਹੀਦ ਹੌਲਦਾਰ ਬਲਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਵਿਖੇ ਅੱਤਵਾਦੀਆਂ ਨਾਲ਼ ਲੋਹਾ ਲੈਂਦਿਆਂ ਸ਼ਹੀਦੀ ਪ੍ਰਾਪਤ ਕੀਤੀ ਤੇ ਸ਼ਹੀਦ ਬਲਜੀਤ ਸਿੰਘ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਅਜਿਹੇ ਸੂਰਵੀਰਾਂ ਕਰਕੇ ਭਾਰਤ ਦੇ ਲੋਕ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ। ਇਸ ਮੌਕੇ ਸ਼ਹੀਦ ਹੌਲਦਾਰ ਬਲਜੀਤ ਸਿੰਘ ਦੇ ਪਿਤਾ ਸੰਪੂਰਨ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਅਮਰਦੀਪ ਸਿੰਘ ਧਾਂਦਰਾ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਰਭਜਨ ਸਿੰਘ, ਪ੍ਰੀਤ ਧੂਰੀ, ਹਰਪ੍ਰੀਤ ਸਿੰਘ ਗਿੱਲ, ਮਾਸਟਰ ਜਗਰੂਪ ਸਿੰਘ ਧਾਂਦਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਬਕਾ ਫੌਜੀ, ਇਲਾਕਾ ਨਿਵਾਸੀ ਤੇ ਪਿੰਡ ਵਾਸੀ ਹਾਜ਼ਰ ਸਨ।

## ਗਿਆਨ ਸਾਗਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤੇ ਗੋਲਡ ਮੈਡਲ



**ਬਰੇਟਾ (ਗੋਬਿੰਦ ਸ਼ਰਮਾ)**-ਬਠਿੰਡਾ ਵਿਖੇ ਪੰਜਾਬ ਗੋਜੂ ਰਿਊ ਸਪੋਰਟਸ ਕਰਾਟੇ ਡੂ ਐਸੋਸੀਏਸ਼ਨ ਵੱਲੋਂ ਓਪਨ ਪੰਜਾਬ ਸਟੇਟ ਕਰਾਟੇ ਖੇਡਾਂ ਕਰਾਈਆਂ ਗਈਆਂ ਸਨ। ਇਨ੍ਹਾਂ ਖੇਡਾਂ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੇ ਦੋ ਬੱਚਿਆਂ ਨੇ ਵੀ ਹਿੱਸਾ ਲਿਆ। ਪ੍ਰਗਟ ਸਿੰਘ ਅੱਠਵੀਂ ਜਮਾਤ ਦੇ ਵਿਦਿਆਰਥੀ ਤੇ ਜਸਪ੍ਰੀਤ ਕੌਰ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਨੇ ਪੰਜਾਬ ਦੇ ਬਾਕੀ ਸਕੂਲਾਂ ਦੇ ਬੱਚਿਆਂ ਨੂੰ ਪਛਾੜਦੇ ਹੋਏ ਇਨ੍ਹਾਂ ਖੇਡਾਂ ਵਿੱਚ ਜਿੱਤ ਹਾਸਲ ਕੀਤੀ ਤੇ ਪਹਿਲਾਂ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੇ ਨਾਂਅ ਰੌਸ਼ਨ ਕੀਤਾ। ਬੱਚੇ ਦੇ ਮਾਪਿਆਂ ਤੇ ਸਮੂਹ ਸਟਾਫ਼ ਵਿੱਚ ਬਹੁਤ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਸਕੂਲ ਦੇ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਤੇ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਵਿਦਿਆਰਥੀਆਂ ਨੂੰ ਗੋਲਡ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ ਤੇ ਭਵਿੱਖ ਵਿੱਚ ਬੱਚਿਆਂ ਨੂੰ ਖੇਡਾਂ ਵੱਲ ਜਾਣ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਤੇ ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਬੱਚੇ, ਬੱਚਿਆਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਗਈ।

## ਵਿਦਿਆਰਥੀਆਂ ਲਈ ਪ੍ਰਤਿਭਾ ਖੋਜ ਪ੍ਰੋਗਰਾਮ ਦਾ ਆਯੋਜਨ



**ਮਲੋਟ (ਗੁਰਮੀਤ ਸਿੰਘ ਮੱਕੜ)**-ਡੀ.ਏ.ਵੀ. ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਪ੍ਰਤਿਭਾ ਖੋਜ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਟੇਲੈਂਟ ਹੰਟ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਜਿਹੇ ਪ੍ਰੋਗਰਾਮ ਕਰਾ ਕੇ ਸਾਨੂੰ ਸਕੂਲ ਦੇ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਬਾਹਰ ਲਿਆਉਣਾ ਹੈ ਤਾਂ ਜੁ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ। ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਅਧਿਆਪਕਾਂ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਦੇ ਹਨ। ਇਸ ਮੌਕੇ 'ਤੇ ਗਿਆਰ੍ਹਵੀਂ ਜਮਾਤ ਦੇ ਸਮੂਹ ਅਧਿਆਪਕ ਹਾਜ਼ਰ ਸਨ।

## ਐਸ ਐਫ਼ ਸੀ ਕਾਨਵੈਂਟ ਸਕੂਲ 'ਚ ਜੈਵਿਕ ਬੀਜ ਗਤੀਵਿਧੀ ਦਾ ਆਯੋਜਨ



**ਮੋਗਾ (ਅਮਰਜੀਤ ਬੱਬਰੀ)**-ਜੈਵਿਕ ਖੇਤੀ ਜਾਂ ਕੁਦਰਤੀ ਖੇਤੀ ਖੇਤੀ ਦਾ ਉਹ ਤਰੀਕਾ ਹੈ, ਜਿਸ ਵਿੱਚ ਜੈਵਿਕ ਜਾਂ ਕੁਦਰਤੀ ਖਾਦਾਂ, ਹਰੀ ਖਾਦ ਤੇ ਕੁਦਰਤੀ ਤੌਰ 'ਤੇ ਤਿਆਰ ਕੀਟਨਾਸ਼ਕਾਂ ਅਤੇ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਬੱਚਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਐਸ.ਐਫ.ਸੀ ਕਾਨਵੈਂਟ ਸਕੂਲ ਜਲਾਲਾਬਾਦ ਵਿਖੇ ਇੱਕ ਜੈਵਿਕ ਬੀਜ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਵੀਂ ਜਮਾਤ ਦੇ ਬੱਚਿਆਂ ਨੇ ਸਬਜ਼ੀਆਂ ਦੇ ਆਰਗੈਨਿਕ ਬੀਜ ਲਏ। ਉਨ੍ਹਾਂ ਤੋਂ ਗੇਂਦਾਂ ਬਣਾਈਆਂ ਤੇ ਉਨ੍ਹਾਂ ਨੂੰ ਲਾਉਣ ਦੇ ਢੰਗ ਤਰੀਕਿਆਂ ਬਾਰੇ ਦੱਸਿਆ ਗਿਆ। ਇਸ ਗਤੀਵਿਧੀ ਵਿੱਚ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਤੋਂ ਬਾਅਦ ਚੌਥੀ ਜਮਾਤ ਦੇ ਬੱਚਿਆਂ ਲਈ ਅੰਤਾਕਸ਼ਰੀ ਗਤੀਵਿਧੀ ਕਰਾਈ ਗਈ, ਜਿਸ ਵਿੱਚ ਬੱਚਿਆਂ ਨੂੰ ਅੰਗਰੇਜ਼ੀ ਸਾਊਂਡ ਦਿੱਤੀ ਗਈ। ਅੰਤ ਪ੍ਰਿੰਸੀਪਲ ਪਵਨਦੀਪ ਕੌਰ ਨੇ ਬੱਚਿਆਂ ਨੂੰ ਇਸ ਗਤੀਵਿਧੀ ਦਾ ਮੰਤਵ ਦੱਸਿਆ ਤੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹਰ ਖੇਤਰ ਵਿੱਚ ਜਾਣ ਲਈ ਗਿਆਨ ਹੋਣਾ ਚਾਹੀਦਾ ਹੈ।

## 'ਹੈਵਨ ਸੈਲੂਨ ਐਂਡ ਅਕੈਡਮੀ' ਵਿਖੇ ਵਾਲ਼ ਡਿਜ਼ਾਈਨ ਐਡਵਾਂਸਡ ਡਿਪਲੋਮਾ ਸ਼ੁਰੂ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਹੈਵਨ ਸੈਲੂਨ ਐਂਡ ਅਕੈਡਮੀ ਵੱਲੋਂ ਨਵੇਂ ਪ੍ਰਵੇਸ਼ ਕਰਨ ਵਾਲੇ ਜੋ ਸੁੰਦਰਤਾ ਤੇ ਤੰਦਰੁਸਤੀ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ, ਉਹ ਨਜ਼ਦੀਕੀ 'ਹੈਵਨ ਸੈਲੂਨ ਐਂਡ ਅਕੈਡਮੀ' ਵਿਖੇ ਐਡਵਾਂਸਡ ਡਿਪਲੋਮਾ ਇਨ ਕਾਸਮੈਟੋਲੋਜੀ ਅਤੇ ਹੇਅਰ ਡਿਜ਼ਾਈਨ ਕਰਕੇ ਦੂਜਿਆਂ ਨਾਲੋਂ ਅੱਗੇ ਵਧ ਸਕਦੇ ਹਨ। ਇਸ ਵਿੱਚ ਮੁੱਖ ਤੌਰ 'ਤੇ ਸੁੰਦਰਤਾ, ਵਾਲ਼ਾਂ ਅਤੇ ਮੇਕਅਪ ਦੇ ਸਾਰੇ ਪਹਿਲੂਆਂ ਵਿੱਚ ਪੇਸ਼ੇਵਰ ਹੁਨਰ ਕੋਰਸ, ਸੁਹਜ-ਸਾਸ਼ਤਰ ਵਿੱਚ ਐਡਵਾਂਸਡ ਡਿਪਲੋਮਾ ਤੇ ਵਾਲ਼ਾਂ, ਚਮੜੀ ਅਤੇ ਮੇਕਅਪ ਵਿੱਚ ਵਾਲ਼ਾਂ ਦੇ ਡਿਜ਼ਾਈਨ, ਮੇਕਅਪ ਅਤੇ ਨੇਲ ਆਰਟ ਵਿੱਚ ਪੇਸ਼ੇਵਰ ਪੱਧਰ ਦੇ ਫਾਊਂਡੇਸ਼ਨ ਪੱਧਰ ਦੇ ਕੋਰਸਾਂ ਤੋਂ ਇਲਾਵਾ ਬ੍ਰਾਈਡਲ ਮਹਿੰਦੀ ਐਪਲੀਕੇਸ਼ਨ ਸ਼ਾਮਲ ਹਨ ਤੇ ਜਿਹੜੇ ਲੋਕ ਇਨ੍ਹਾਂ ਕੋਰਸਾਂ ਵਿੱਚ ਯੋਗਤਾ ਪੂਰੀ ਕਰਦੇ ਹਨ, ਉਹ ਗਲੈਮਰ, ਫੈਸ਼ਨ ਹਫਤਿਆਂ ਦੇ ਨਾਲ-ਨਾਲ ਫਿਲਮ ਉਦਯੋਗ ਦੀ ਦੁਨੀਆ ਵਿੱਚ ਸਫਲ ਸਿਖਿਆਰਥੀਆਂ ਵਜੋਂ ਫ੍ਰੀਲਾਂਸ ਬਿਊਟੀਸ਼ੀਅਨ ਵਜੋਂ ਕੰਮ ਕਰ ਸਕਦੇ ਹਨ। ਇਸ ਤੋਂ ਇਲਾਵਾ ਹੇਵਨ ਸੈਲੂਨ ਐਂਡ ਅਕੈਡਮੀ ਵਿਖੇ ਵਾਲਾਂ ਦੇ ਝੜਨ, ਡੈਂਡਰਫ ਅਤੇ ਹੇਅਰ ਸਪਾ ਦੇ ਪੇਸ਼ੇਵਰ ਇਲਾਜ ਕੀਤੇ ਜਾਂਦੇ ਹਨ। ਇਸ ਮੌਕੇ ਹੈਵਨ ਸੈਲੂਨ ਐਂਡ ਅਕੈਡਮੀ ਦੀ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ ਤੇ ਮੈਨੇਜਿੰਗ ਡਾਇਰੈਕਟਰ ਪਵਨ ਮਨਚੰਦਾ ਨੇ ਦਸਿਆ ਕਿ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਬਿਹਤਰ ਬਣਾਉਣ ਲਈ ਬਿਊਟੀ ਕੋਰਸ ਕਰਾਓ। ਉਨ੍ਹਾਂ ਦੱਸਿਆ ਕਿ ਸਾਡੇ ਟਰੇਨਰਾਂ ਵਿੱਚ ਮਨਪ੍ਰੀਤ ਕੌਰ (ਵਾਲ਼ਾਂ ਦੇ ਮਾਹਿਰ), ਪ੍ਰਦੀਪ ਕੌਰ (ਨਹੁੰਆਂ ਦੇ ਮਾਹਿਰ), ਮਨੂ ਸ਼ਿੰਗਾਰ ਸਪੈਸ਼ਲਿਸਟ ਹਨ। ਇਸ ਤੋਂ ਇਲਾਵਾ ਗੁਰਪ੍ਰੀਤ ਕੌਰ ਤੇ ਹੋਰਾਂ ਨੇ ਸਰਟੀਫ਼ਿਕੇਟ ਪ੍ਰਾਪਤ ਕੀਤੇ।

# ਕਾਰਲ ਮਾਰਕਸ ਦੇ ਜਨਮ ਦਿਨ ਮੌਕੇ 31 ਮੈਂਬਰੀ ਸੂਬਾ ਜਥੇਬੰਦਕ ਕਮੇਟੀ ਦਾ ਗਠਨ



**ਮਾਨਸਾ (ਪਮਾਰ)**-ਮਜ਼ਦੂਰ ਜਮਾਤ ਦੇ ਮਹਾਨ ਆਗੂ ਤੇ ਇਨਕਲਾਬੀ ਸਿਧਾਂਤਕਾਰ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਏ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਜਥੇਬੰਦਕ ਇਜਲਾਸ ਵਲੋਂ ਭਗਵੰਤ ਸਮਾਓ ਤੇ ਹਰਵਿੰਦਰ ਸੇਮਾ ਨੂੰ ਜਥੇਬੰਦੀ ਵਿਚੋਂ ਖਾਰਜ ਕਰਕੇ, ਜਥੇਬੰਦੀ ਦੀ 31 ਮੈਂਬਰੀ ਨਵੀਂ ਸੂਬਾ ਜਥੇਬੰਦਕ ਕਮੇਟੀ ਦਾ ਗਠਿਨ ਕਰ ਦਿੱਤਾ ਗਿਆ। ਕਾਮਰੇਡ ਨਿਰਮਲ ਸਿੰਘ ਛੱਜਲਵਿੰਡੀ, ਘੁਮੰਡ ਸਿੰਘ ਖਾਲਸਾ ਉਗਰਾਹਾਂ, ਸ਼ਿੰਦਰ ਕੌਰ ਹਰੀਗੜ੍ਹ, ਵਿਜੇ ਕੁਮਾਰ ਸੋਹਲ ਤੇ ਵਿਜੇ ਕੁਮਾਰ ਭੀਖੀ ਦੀ ਪ੍ਰਧਾਨਗੀ ਹੇਠ ਹੋਏ ਇਸ ਜਥੇਬੰਦਕ ਇਜਲਾਸ ਵਿਚ ਸੂਬੇ ਦੇ 10 ਜ਼ਿਲਿਆਂ 'ਚੋਂ ਆਏ ਚੋਣਵੇਂ ਆਗੂ ਤੇ ਵਰਕਰ ਹਾਜਰ ਹੋਏ। ਇਜਲਾਸ ਨੇ ਲੁਧਿਆਣਾ ਗੈਸ ਕਾਂਡ ਲਈ ਦੋਸ਼ੀ ਮੁਨਾਫ਼ਾਖੋਰ ਕੰਪਨੀਆਂ ਨੂੰ ਸਜ਼ਾ ਤੇ ਹਰਜਾਨੇ ਪਾਉਣ ਦੀ ਮੰਗ ਦੇ ਨਾਲ ਇਸ ਕਾਂਡ 'ਚ ਮਾਰੇ ਗਏ ਅਣਭੋਲ ਲੋਕਾਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ।

ਇਜਲਾਸ ਵਿਚ ਮਜ਼ਦੂਰ ਮੁਕਤੀ ਮੋਰਚੇ ਤੇ ਇਸ ਦੇ ਆਗੂਆਂ ਦੀ ਕਾਰਗੁਜ਼ਾਰੀ ਬਾਰੇ ਚਰਚਾ ਵਿਚ ਜਥੇਬੰਦੀ ਦੇ ਸੂਬਾ ਉਪ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ, ਗੁਰਪ੍ਰੀਤ ਸਿੰਘ ਰੂੜੇ ਕੇ, ਗੁਰਮੀਤ ਸਿੰਘ ਨੰਦਗੜ੍ਹ, ਵਿਜੇ ਕੁਮਾਰ ਭੀਖੀ, ਹਰਮਨਦੀਪ ਹਿੰਮਤਪੁਰਾ, ਘੁਮੰਡ ਸਿੰਘ ਉਗਰਾਹਾਂ, ਗੁਰਸੇਵਕ ਸਿੰਘ ਮਾਨ, ਨਰਿੰਦਰ ਕੌਰ ਸਮੇਤ ਕਈ ਡੈਲੀਗੇਟਾਂ ਨੇ ਅਪਣੇ ਵਿਚਾਰ ਪੇਸ਼ ਕੀਤੇ। ਮਜ਼ਦੂਰ ਆਗੂਆਂ ਨੇ ਕਿਹਾ ਕਿ ਮਾਰਕਸਵਾਦ ਲੈਨਿਨਵਾਦ ਹੀ ਮਜ਼ਦੂਰ ਜਮਾਤ ਦੀ ਮੁਕਤੀ ਤੇ ਬੁਨਿਆਦੀ ਸਮਾਜਿਕ ਤਬਦੀਲੀ ਦੀ ਵਿਗਿਆਨਕ ਵਿਚਾਰਧਾਰਾ ਹੈ, ਪਰ ਜਥੇਬੰਦੀ ਦੇ ਮੋਹਰੀ ਆਗੂ ਭਗਵੰਤ ਸਮਾਉ, ਹਰਵਿੰਦਰ ਸੇਮਾ ਤੇ ਉਨਾਂ ਦੇ ਕੁਝ ਪੈਰੋਕਾਰ ਐਲਾਨੀਆ ਇਸ ਇਨਕਲਾਬੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਚੁੱਕੇ ਹਨ। ਇਸ ਕਰਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦਾ ਇਹ ਜਥੇਬੰਦਕ ਇਜਲਾਸ ਸੂਬਾ ਪ੍ਰਧਾਨ ਭਗਵੰਤ ਸਮਾਂਉ ਤੇ ਸੂਬਾ ਸਕੱਤਰ ਹਰਵਿੰਦਰ ਸਿੰਘ ਸੇਮਾ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਦਕਰ ਜੀ ਜੀਵਨ ਭਰ ਜਾਤ-ਪਾਤ ਦੇ ਬੀਜ ਨਾਸ ਲਈ ਪ੍ਰਤੀਬੱਧ ਰਹੇ, ਪਰ ਉਕਤ ਆਗੂ ਜਾਤੀ ਨਫ਼ਰਤ ਫੈਲਾਉਣ ਵਾਲਾ ਪ੍ਰਚਾਰ ਕਰ ਰਹੇ ਹਨ। ਉਹ ਤਮਾਮ ਪੇਂਡੂ ਮਜ਼ਦੂਰਾਂ ਤੇ ਸ਼ਹਿਰੀ ਗਰੀਬਾਂ ਦੇ ਸੰਘਰਸ਼ ਨੂੰ ਵਿਚਾਰਧਾਰਕ ਸੇਧ ਦੇਣ ਵਾਲੀ ਪਾਰਟੀ ਸੀਪੀਆਈ (ਐਮ ਐਲ) ਲਿਬਰੇਸ਼ਨ ਦੇ ਉਨ੍ਹਾਂ ਆਗੂਆਂ ਖਿਲਾਫ਼ ਕੂੜ ਪ੍ਰਚਾਰ ਕਰ ਰਹੇ ਹਨ, ਜੋ ਮਜ਼ਦੂਰਾਂ ਦੇ ਹਰ ਸੰਘਰਸ਼ 'ਚ ਡਟ ਕੇ ਖੜਦੇ ਰਹੇ ਹਨ ਅਤੇ ਮਜ਼ਦੂਰ ਆਗੂਆਂ ਦੇ ਬਰਾਬਰ ਜੇਲ੍ਹਾਂ ਕੱਟਦੇ ਰਹੇ ਹਨ। ਸਰਬਸੰਮਤੀ ਨਾਲ ਸਾਰੇ ਅਹੁਦੇਦਾਰਾਂ ਸਮੇਤ ਜਥੇਬੰਦੀ ਦੀ ਪਿਛਲੀ ਸੂਬਾ ਕਮੇਟੀ ਨੂੰ ਭੰਗ ਕਰਨ ਦਾ ਮਤਾ ਪਾਸ ਕਰਨ ਤੋਂ ਬਾਅਦ 31 ਮੈਂਬਰੀ ਨਵੀਂ ਸੂਬਾ ਜਥੇਬੰਦਕ ਕਮੇਟੀ ਦੀ ਚੋਣ ਕੀਤੀ ਗਈ। ਇਸ ਕਮੇਟੀ ਵਲੋਂ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੂੰ ਸੂਬਾ ਪ੍ਰਧਾਨ ਤੇ ਕਾਮਰੇਡ ਗੁਰਪ੍ਰੀਤ ਸਿੰਘ ਰੂੜੇਕੇ ਨੂੰ ਸੂਬਾ ਜਨਰਲ ਸਕੱਤਰ, ਗੁਰਮੀਤ ਸਿੰਘ ਨੰਦਗੜ੍ਹ ਨੂੰ ਵਿੱਤ ਸਕੱਤਰ, ਦੋ ਉਪ ਪ੍ਰਧਾਨ ਵਿਜੇ ਕੁਮਾਰ ਭੀਖੀ ਤੇ ਨਿਰਮਲ ਸਿੰਘ ਛੱਜਲਵਿੰਡੀ, ਸਹਾਇਕ ਸਕੱਤਰ ਵਿਜੇ ਕੁਮਾਰ ਸੋਹਲ ਅਤੇ ਪ੍ਰੈਸ ਸਕੱਤਰ ਹਰਮਨਦੀਪ ਹਿੰਮਤਪੁਰਾ ਨੂੰ ਚੁਣਿਆ ਗਿਆ।

ਇਜਲਾਸ ਵਲੋਂ ਪ੍ਰਵਾਨ ਕੀਤੇ ਮਤਿਆਂ ਵਿਚ ਸੂਬੇ 'ਚ ਜਥੇਬੰਦੀ ਦੀ ਮੈਂਬਰਸ਼ਿਪ ਕਰਨ ਤੋਂ ਬਾਅਦ ਜ਼ਿਲਿਆਂ ਦੇ ਅਤੇ ਸੂਬੇ ਦਾ ਡੈਲੀਗੇਟ ਇਜਲਾਸ ਕਰਨ, ਭਗਵੰਤ ਮਾਨ ਸਰਕਾਰ ਦੇ ਘੋਰ ਮਜ਼ਦੂਰ ਦੋਖੀ ਰਵਈਏ ਦੀ ਸਖਤ ਨਿਖੇਧੀ ਕਰਨ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਤੇ ਕੰਮ ਦੇ ਦਿਨ ਵਧਾ ਕੇ 200 ਕਰਨ, ਲੋੜਵੰਦ ਬੇਜ਼ਮੀਨਿਆਂ ਨੂੰ ਰਿਹਾਇਸ਼ੀ ਪਲਾਟ ਅਤੇ ਤੀਜੇ ਹਿੱਸੇ ਦੀ ਪੰਚਾਇਤੀ ਜਮੀਨ ਰਿਜ਼ਰਵ ਕੀਮਤ 'ਤੇ ਖੇਤੀ ਲਈ ਦਲਿਤ ਮਜ਼ਦੂਰਾਂ ਨੂੰ ਦੇਣ, ਪੇਂਡੂ ਤੇ ਸ਼ਹਿਰੀ ਗ਼ਰੀਬਾਂ ਲਈ ਸਿਹਤ ਤੇ ਸਿੱਖਿਆ ਵਰਗੀਆਂ ਬੁਨਿਆਦੀ ਸੇਵਾਵਾਂ ਮੁਫਤ ਪ੍ਰਦਾਨ ਕਰਨ ਦੀਆਂ ਮੰਗਾਂ ਪ੍ਰਮੁੱਖਤਾ ਨਾਲ ਉਠਾਈਆਂ ਗਈਆਂ।

## ਜਲਦ ਤੋਂ ਜਲਦ ਮੰਗਾਂ ਹੱਲ ਕਰਨ ਦਾ ਦਿੱਤਾ ਭਰੋਸਾ



**ਬਰੇਟਾ (ਗੋਬਿੰਦ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਬਿਨਾਂ ਕਿਸੇ ਮਹੀਨਾਵਾਰ ਤਨਖ਼ਾਹ ਦੇ ਇਕ ਤੁਛ ਜਿਹੇ ਮਾਣ ਭੱਤੇ 'ਤੇ ਕੰਮ ਕਰ ਰਹੇ ਮੋਟੀਵੇਟਰ ਵਰਕਰਾਂ ਦੀ ਮੀਟਿੰਗ ਮੁੱਖ ਮੰਤਰੀ ਨਾਲ ਹੋਈ। ਮੀਟਿੰਗ ਦੌਰਾਨ ਵਰਕਰਾਂ ਨੂੰ ਕਿਸੇ ਕੈਟਾਗਰੀ ਵਿੱਚ ਸ਼ਾਮਲ ਕਰਕੇ ਮਹੀਨਾਵਾਰ ਤਨਖਾਹ ਲਾਉਣ ਸਬੰਧੀ ਗੱਲਬਾਤ ਹੋਈ। ਯੂਨੀਅਨ ਆਗੂਆਂ ਨੇ ਦੱਸਿਆ ਕੀ 2 ਮਈ ਨੂੰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਜੋਤੀ ਚੌਂਕ ਜਲੰਧਰ ਵਿਖੇ ਪੋਲ ਖੋਲ੍ਹ ਕਰਕੇ ਚੌਕ ਜਾਮ ਕੀਤਾ ਸੀ। ਉਸ ਉਪਰੰਤ ਆਮ ਆਦਮੀ ਪਾਰਟੀ ਦੇ ਮੋਗਾ ਤੋਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਦੀ ਮੁਲਾਕਾਤ ਮੁੱਖ ਮੰਤਰੀ ਪੰਜਾਬ ਨਾਲ ਕਰਵਾਉਣ ਦਾ ਵਾਅਦਾ ਕੀਤਾ ਸੀ। ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਮੰਗਾਂ ਅਤੇ ਗਿਣਤੀ 'ਤੇ ਚਰਚਾ ਕਰਦੇ ਉਨ੍ਹਾਂ ਨਾਲ ਮੌਜੂਦ ਪ੍ਰਿੰਸੀਪਲ ਸਕੱਤਰ ਨੂੰ ਮੰਗਾਂ ਦਾ ਜਲਦ ਤੋਂ ਜਲਦ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਜ਼ਿਕਰਯੋਗ ਹੈ ਕਿ ਲੋਹੜੀ ਵਾਲੇ ਦਿਨ ਮੁੱਖ ਮੰਤਰੀ ਵੱਲੋਂ 6 ਹਜ਼ਾਰ ਮੁਲਾਜ਼ਮ ਪੱਕੇ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿੱਚ ਮੋਟੀਵੇਟਰ ਵਰਕਰਾਂ ਦਾ ਨਾਂਅ ਵੀ ਸ਼ਾਮਲ ਸੀ, ਪਰ ਕਈ ਮਹੀਨੇ ਬੀਤਣ ਤੋਂ ਬਾਅਦ ਵੀ ਵਰਕਰਾਂ ਦੀ ਕੋਈ ਸੁਣਵਾਈ ਨਹੀਂ ਹੋਈ। ਇਸੇ ਰੋਸ ਦੇ ਚੱਲਦੇ ਮੋਟੀਵੇਟਰ ਵਰਕਰਾਂ ਨੇ ਜਲੰਧਰ ਜ਼ਿਮਨੀ ਚੋਣ ਦੌਰਾਨ ਸਰਕਾਰ ਖ਼ਿਲਾਫ਼ ਪੋਲ ਖੋਲ੍ਹ ਪੈਦਲ ਮਾਰਚ ਕੀਤਾ ਗਿਆ ਸੀ। ਇਸ ਮੌਕੇ ਵੱਖ-ਵੱਖ ਸੁਖਬੀਰ ਚੀਮਾ, ਰਵਿੰਦਰ ਅਲੀਸ਼ੇਰ, ਰਣਜੀਤ ਰਾਣਾ, ਰੰਮੀ ਸਿੰਘ, ਸਿਮਰਨ ਸਿੰਘ ਤੇ ਅਮਨ ਤਰਨਤਾਰਨ ਹਾਜ਼ਰ ਰਹੇ।

## ਸਪਰਿੰਗ ਕਾਨਵੈਂਟ ਸਕੂਲ 'ਚ ਖੇਡ ਮੁਕਾਬਲੇ ਕਰਵਾਏ

**ਬਾਘਾ ਪੁਰਾਣਾ (ਮਨੀ ਸਿਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਹਫਤੇ ਦੇ ਅਖੀਰ 'ਚ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਤਾਂ ਜੋ ਖਿਡਾਰੀ ਆਪਣੀ ਖੇਡ ਦਾ ਵਧੀਆ ਪ੍ਰਦਸ਼ਨ ਦੇ ਸਕਣ। ਇਸ ਸ਼ਨੀਵਾਰ ਸਕੂਲ ਵਿੱਚ ਇੰਟਰਾਮਿਊਰਲ ਹਾਊਸ ਵਾਈਜ਼ ਵਾਲੀਬਾਲ ਦੇ ਮੈਚ ਕਰਵਾਏ ਗਏ, ਜਿਸ ਵਿੱਚ ਸੀਨੀਅਰ ਵਰਗ 'ਚ ਸਫਾਇਰ ਹਾਊਸ ਦੀ ਟੀਮ ਡਾਇਮੰਡ ਹਾਊਸ ਦੀ ਟੀਮ ਨੂੰ 3-0 ਨਾਲ ਹਰਾ ਕੇ ਫਾਈਨਲ 'ਚ ਪਹੁੰਚੀ। ਫਾਈਨਲ ਮੈਚ ਵਿੱਚ ਸਫਾਇਰ ਹਾਊਸ ਦੀ ਟੀਮ ਨੇ ਇਮਰਾਲਡ ਹਾਊਸ ਦੀ ਟੀਮ ਨੂੰ 2-1 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਵਰਗ ਦੇ ਫਾਈਨਲ ਮੈਚ ਵਿੱਚ ਡਾਇਮੰਡ ਹਾਊਸ ਦੀ ਟੀਮ ਨੇ ਫਸਵੇਂ ਮੁਕਾਬਲੇ ਵਿੱਚ ਇਮਰਾਲਡ ਹਾਊਸ ਦੀ ਟੀਮ ਨੂੰ 2-1 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਨਰ ਸਿੰਘ ਬਰਾੜ, ਸਕੂਲ ਡਾਇਰੈਕਟਰ ਅਮਨਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਡੀ ਪੀ ਈ ਹਰਜਿੰਦਰ ਸਿੰਘ ਤੇ ਡੀ ਪੀ ਈ ਹਰਦੀਪ ਕੌਰ ਅਤੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਜਿਵੇਂ ਬੱਚੇ ਹੁਣ ਸਕੂਲ ਦੇ ਇੰਟਰਾਮਿਊਰਲ ਵਿੱਚ ਵਧੀਆ, ਪ੍ਰਦਰਸ਼ਨ ਕਰ ਰਹੇ ਹਨ, ਇਸੇ ਤਰ੍ਹਾਂ ਉਹ ਅੱਗੇ ਜਾ ਕੇ ਸਕੂਲ ਵਾਈਸ ਕੰਪੀਟੀਸ਼ਨ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕਰਨਗੇ।



## ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਰਾਮਗੜ੍ਹੀਆ ਧਰਮਸ਼ਾਲਾ ਵਿਖੇ ਰਾਮਗੜ੍ਹੀਆ ਸਭਾ ਸਮਾਣਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜ਼ੀ ਜਨਮ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਢਾਡੀ ਭਾਨ ਸਿੰਘ ਭੌਰਾ ਦੇ ਜਥੇ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਬਲਜੀਤ ਕੌਰ ਪੀ ਐੱਚ ਡੀ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਮੌਕੇ ਲੋਕ ਸੰਪਰਕ ਵਿਭਾਗ ਮੰਤਰੀ ਚੇਤਨ ਸਿੰਘ ਜੋੜਾਮਾਜਰਾ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਰਾਮਗੜ੍ਹੀਆ ਬਰਾਦਰੀ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀਆਂ ਸ਼ਹਿਰ ਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਰਾਮਗੜ੍ਹੀਆ ਧਰਮਸ਼ਾਲਾ ਨੂੰ ਪੂਰਾ ਕਰਨ ਲਈ 5 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਠੇਕੇਦਾਰ ਅੰਗਰੇਜ ਸਿੰਘ ਨੇ ਆਏ ਹੋਏ ਮਹਿਮਾਨਾਂ ਤੇ ਸੰਗਤਾਂ ਨੂੰ ਜੀ ਆਇਆਂ ਆਖਿਆ। ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਹਲਕਾ ਸਮਾਣਾ ਐੱਸ ਸੀ ਵਿੰਗ ਦੇ ਪ੍ਰਧਾਨ ਡਾਕਟਰ ਸੁਰਜੀਤ ਸਿੰਘ ਦਹੀਆ ਤੇ ਚੇਤਨ ਸਿੰਘ ਜੌੜੇਮਾਜਰਾ ਦੇ ਪੀ ਏ ਗੁਰਦੇਵ ਸਿੰਘ ਟਿਵਾਣਾ ਨੇ ਵੀ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਸਮਾਗਮ ਵਿੱਚ ਅੱਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਮਦਨ ਮਿੱਤਲ, ਨਗਰ ਕੌਂਸਲ ਸਮਾਣਾ ਦੇ ਪ੍ਰਧਾਨ ਅਸ਼ਵਨੀ ਗੁਪਤਾ, ਸਾਬਕਾ ਪ੍ਰਧਾਨ ਨਗਰ ਕੌਂਸਲ ਸਮਾਣਾ ਕਪੂਰ ਚੰਦ ਬਾਂਸਲ, ਪਾਤੜਾਂ ਨਗਰ ਕੌਂਸਲ ਦੇ ਪ੍ਰਧਾਨ ਰਣਬੀਰ ਸਿੰਘ ਯਾਦਵ, ਪ੍ਰਿੰਸੀਪਲ ਹਰਬੰਸ ਸਿੰਘ ਨਾਗੀ, ਹੀਰਾ ਸਿੰਘ ਕੋਮਲ, ਕੌਂਸਲਰ ਸੰਦੀਪ ਲੂੰਬਾ, ਕੌਂਸਲਰ ਪਰਮਜੀਤ ਸਿੰਘ ਬੱਬੂ, ਕੌਂਸਲਰ ਸੁਖਬੀਰ ਸਿੰਘ ਸੰਧੂ, ਬਲਾਕ ਕਾਂਗਰਸ ਕਮੇਟੀ ਸਮਾਣਾ ਦੇ ਪ੍ਰਧਾਨ ਮੰਗਤ ਮਵੀ, ਬਲਬੀਰ ਸਿੰਘ ਪ੍ਰਧਾਨ ਗੁਰਦੁਆਰਾ ਰਾਮਗੜ੍ਹੀਆ ਸਮਾਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਵਾਸੀ ਤੇ ਸੰਗਤਾਂ ਹਾਜ਼ਰ ਸਨ।

## ਪਤੀ-ਪਤਨੀ ਦੀ ਭੇਦਭਰੀ ਹਾਲਤ 'ਚ ਗੋਲੀਆਂ ਲੱਗਣ ਨਾਲ ਮੌਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸ਼ਹਿਰ ਦੇ ਨਾਕਾ ਨੰ: 07 ਦੇ ਨਜ਼ਦੀਕ ਨਾਮੀ ਪਰਵਾਰ ਦੇ ਘਰ ਵਿਚੋਂ ਦੋ ਜੀਆਂ ਦੀਆਂ ਭੇਦਭਰੀ ਹਾਲਤ 'ਚ ਮ੍ਰਿਤਕ ਦੇਹਾਂ ਮਿਲੀਆਂ। ਪਰਮਜੀਤ ਸਿੰਘ ਪੁੱਤਰ ਅਜੈਬ ਸਿੰਘ, ਜੋ ਕਿ ਘਰ 'ਚ ਆਪਣੀ ਪਤਨੀ ਸੁਖਜਿੰਦਰ ਕੌਰ ਨਾਲ ਰਹਿੰਦੇ ਸਨ, ਜਦਕਿ ਉਨ੍ਹਾਂ ਦੀ ਇਕਲੌਤੀ ਬੇਟੀ, ਜੋ ਵਿਆਹੀ ਹੋਈ ਹੈ। ਨਜ਼ਦੀਕੀ ਲੋਕਾਂ ਦੇ ਦੱਸਣ ਮੁਤਾਬਕ ਪਰਮਜੀਤ ਸਿੰਘ ਰੋਜ਼ਾਨਾ ਹੀ ਸਵੇਰੇ ਜਲਦੀ ਉੱਠਦੇ ਸਨ, ਪਰ ਸ਼ਨੀਵਾਰ ਜਦੋਂ ਦਿਨ ਚੜ੍ਹਦੇ ਤੱਕ ਕੋਠੀ 'ਚੋਂ ਕੋਈ ਬਾਹਰ ਨਾ ਨਿਕਲਿਆਂ ਤਾਂ ਲੋਕਾਂ ਨੇ ਘਰ ਜਾ ਕੇ ਦੇਖਿਆ ਤਾਂ ਉਹ ਦੋਵੇਂ ਮ੍ਰਿਤਕ ਪਏ ਸਨ।

ਪੁਲਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਲਾਸ਼ਾਂ ਨੂੰ ਕਬਜੇ 'ਚ ਲਿਆ। ਗੈਰ-ਪ੍ਰਮਾਣਿਕ ਸੂਤਰਾਂ ਅਨੁਸਾਰ ਪਤੀ ਪਤਨੀ ਦੇ ਗੋਲੀਆਂ ਲੱਗਣ ਦੇ ਨਿਸ਼ਾਨ ਸਨ। ਲਾਸ਼ਾਂ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ 'ਚ ਰਖਵਾ ਦਿੱਤਾ ਹੈ।

# ਪੈਨਸ਼ਨਰਜ਼ ਵੱਲੋਂ ਪੈਨਸ਼ਨਾਂ ਨਾ ਪਾਉਣ 'ਤੇ ਰੋਸ ਪ੍ਰਦਰਸ਼ਨ

**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਪੰਜਾਬ ਨੈਸ਼ਨਲ ਬੈਂਕ, ਮੇਨ ਬ੍ਰਾਂਚ ਸੰਗਰੂਰ ਦੇ ਪ੍ਰਬੰਧਕਾਂ ਵਿਰੁੱਧ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਮਹੀਨਾ ਅਪ੍ਰੈਲ ਦੀਆਂ ਪੈਨਸ਼ਨਾਂ ਨਾ ਪਾਉਣ ਕਾਰਨ ਰੋਸ ਪ੍ਰਦਰਸ਼ਨ ਕੀਤਾ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਅਰਜਨ ਸਿੰਘ, ਸਰਪ੍ਰਸਤ ਸ੍ਰੀ ਜਗਦੀਸ਼ ਸ਼ਰਮਾ, ਮੇਲਾ ਸਿੰਘ ਪੁੰਨਾਵਾਲ, ਬਿੱਕਰ ਸਿੰਘ ਸਿਬੀਆ ਨੇ ਦੱਸਿਆ ਕਿ ਆਰ.ਬੀ.ਆਈ. ਦੀਆਂ ਹਦਾਇਤਾਂ ਅਨੁਸਾਰ ਪੈਨਸ਼ਨਾਂ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋਣੀਆਂ ਚਾਹੀਦੀਆਂ ਹਨ, ਪ੍ਰੰਤੂ ਅਫਸੋਸ ਨਾਲ ਦੱਸਿਆ ਜਾ ਰਿਹਾ ਹੈ ਕਿ 4 ਮਈ ਤੱਕ ਵੀ ਅਪ੍ਰੈਲ ਮਹੀਨੇ ਦੀਆਂ ਪੈਨਸ਼ਨਾਂ ਖਾਤਿਆਂ ਵਿੱਚ ਨਹੀਂ ਪਾਈਆਂ ਗਈਆ, ਜਿਸ ਕਰਕੇ ਪੀ.ਐੱਨ.ਬੀ. ਬੈਂਕ ਦੀ ਮੈਨੇਜਮੈਂਟ ਵਿਰੁੱਧ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਰੈਲੀ ਵਿੱਚ ਪਹੁੰਚੇ ਬੈਂਕ ਮੈਨੇਜਰ ਸ੍ਰੀ ਐੱਨ ਕੇ ਬਾਂਸਲ ਵੱਲੋਂ ਪੈਨਸ਼ਨਰਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਸੈਂਟਰਲਾਈਜ਼ ਪੈਨਸ਼ਨ ਪ੍ਰੋਸੈਸਿੰਗ ਸੈਂਟਰ ਲੁਧਿਆਣਾ ਵਿੱਚ ਕੋਈ ਟੈਕਨੀਕਲ ਖਰਾਬੀ ਹੋਣ ਕਰਕੇ ਪੈਨਸ਼ਨਾਂ ਖਾਤਿਆਂ ਵਿੱਚ ਪਾਉਣ ਲਈ ਦੇਰੀ ਹੋ ਰਹੀ ਹੈ ਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਪੈਨਸ਼ਨ 2 ਦਿਨਾਂ ਦੇ ਅੰਦਰ-ਅੰਦਰ ਪਾ ਦਿੱਤੀ ਜਾਵੇਗੀ। ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰੈੱਸ ਸਕੱਤਰ ਸੀਤਾ ਰਾਮ ਸ਼ਰਮਾ ਨੇ ਐਲਾਨ ਕੀਤਾ ਕਿ ਜੇਕਰ 7 ਮਈ ਤੱਕ ਪੈਨਸ਼ਨਾਂ ਖਾਤਿਆਂ ਵਿੱਚ ਨਹੀਂ ਪਾਈਆਂ ਜਾਂਦੀਆਂ ਤਾਂ 8 ਮਈ ਨੂੰ ਬੈਂਕ ਦੇ ਗੇਟ ਅੱਗੇ ਜ਼ਿਲ੍ਹਾ ਪੱਧਰੀ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਬੈਂਕ ਪ੍ਰਬੰਧਕਾਂ ਦੀ ਹੋਵੇਗੀ। ਇਸ ਮੌਕੇ ਰੈਲੀ ਵਿੱਚ ਕੁਲਵੰਤ ਸਿੰਘ, ਰਾਮ ਲਾਲ ਸ਼ਰਮਾ, ਮੋਹਨ ਸਿੰਘ ਬਾਵਾ, ਸੁਖਦੇਵ ਸਿੰਘ, ਤਾਰਾ ਸਿੰਘ, ਨਰਾਤਾ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।



## ...ਸਫ਼ਾ 5 ਦੇ ਬਾਕੀ

### ਜਲੰਧਰ ਨੂੰ ਮੁੰਦਰੀ ਦੇ ..

ਨੰਬਰ 2 'ਤੇ ਹੈ, ਪਰ ਆਉਣਾ ਪਹਿਲੇ ਨੰਬਰ 'ਤੇ ਹੈ। ਇਸ ਮੌਕੇ ਆਪ ਦੇ ਦੋਵੇਂ ਮੁੱਖ ਮੰਤਰੀਆਂ ਦਾ ਭਾਸ਼ਣ ਸੁਣਨ ਲਈ ਲੋਕ ਤਿੱਖੀ ਧੁੱਪ 'ਚ ਵੀ ਖੜੇ ਰਹੇ। ਮਾਨ ਨੇ ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ ਬੋਲੇ ਸੋ ਨਿਹਾਲ ਦਾ ਜੈਕਾਰਾ ਲਾਇਆ, ਜਦ ਕਿ ਕੇਜਰੀਵਾਲ ਨੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਾਏ। ਕੇਜਰੀਵਾਲ ਤੇ ਮਾਨ ਨੇ ਕਿਹਾ ਕਿ ਅਗਲੇ ਸਾਲ ਮਈ 'ਚ ਫਿਰ ਤੋਂ ਲੋਕ ਸਭਾ ਚੋਣਾਂ ਹਨ। ਤੁਸੀਂ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਸੁਸ਼ੀਲ ਰਿੰਕੂ 'ਤੇ 11 ਮਹੀਨੇ ਲਈ ਭਰੋਸਾ ਕਰਕੇ ਦੇਖੋ। ਤੁਸੀਂ 60 ਸਾਲ ਕਾਂਗਰਸ ਨੂੰ ਦਿੱਤੇ, ਸਾਨੂੰ ਸਿਰਫ਼ 11 ਮਹੀਨੇ ਦਿਓ। ਜੇ ਕੰਮ ਪਸੰਦ ਨਾ ਆਇਆ ਤਾਂ ਅਗਲੇ ਸਾਲ ਲੋਕ ਸਭਾ ਚੋਣਾਂ 'ਚ ਤੁਸੀਂ ਸਾਨੂੰ ਬੇਸ਼ੱਕ ਵੋਟ ਨਾ ਪਾਉਣਾ। ਕੇਜਰੀਵਾਲ ਨੇ ਕਿਹਾ ਕਿ 11 ਮਹੀਨਿਆ 'ਚ ਹੀ ਅਸੀਂ ਵਿਕਾਸ ਦੇ ਇਸ ਤਰ੍ਹਾਂ ਦੇ ਕੰਮ ਕਰਕੇ ਦਿਖਾਵਾਂਗੇ ਕਿ ਅਗਲੇ ਸਾਲ ਤੁਸੀਂ 13 ਦੀਆਂ 13 ਸੀਟਾਂ ਸਾਡੀ ਝੋਲੀ 'ਚ ਪਾਓਗੇ। ਮਾਨ ਨੇ ਕਿਹਾ ਜਿਸ ਥਾਂ ਤੋਂ ਅਸੀਂ ਅੱਜ ਰੋਡ ਸ਼ੋਅ ਸ਼ੁਰੂ ਕੀਤਾ, ਉਸੇ ਸਥਾਨ ਤੋਂ ਅਸੀਂ ਜਲੰਧਰ 'ਚ ਖੇਡ ਯੂਨੀਵਰਸਿਟੀ ਖੋਲ੍ਹਣ ਦਾ ਐਲਾਨ ਕੀਤਾ ਸੀ। ਉਨ੍ਹਾ ਕਿਹਾ ਕਿ ਅੱਜ ਉਹ ਮੁੰਬਈ ਲਈ ਇੱਕ ਟਰੱਕ ਨੂੰ ਹਰੀ ਝੰਡੀ ਦੇ ਕੇ ਮੁੰਬਈ ਲਈ ਰਵਾਨਾ ਕਰਕੇ ਆਏ ਹਨ। ਉਨ੍ਹਾ ਕਿਹਾ ਕਿ ਫਰਾਂਸ 'ਚ ਰਗਬੀ ਵਰਲਡ ਕੱਪ ਹੋ ਰਿਹਾ ਹੈ। ਉਸ ਲਈ 2 ਲੱਖ ਬਾਲ ਦਾ ਆਰਡਰ ਮਿਲਿਆ ਹੈ।

### ਹਰ ਵਰਗ ਦੇ ਕਾਮਿਆਂ...

ਪਾਰਟੀ ਦੇ ਆਗੂਆਂ ਵੱਲੋਂ ਪਿਛਲੀਆਂ ਸਰਕਾਰਾਂ ਦੇ ਦੌਰ 'ਚ ਹੋਏ ਬਿਜਲੀ ਸਮਝੌਤਿਆਂ ਨੂੰ ਰੱਦ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਖੇਤਰ ਦੇ ਜਿਹੜੇ ਥਰਮਲ ਪਲਾਂਟਾਂ ਨੂੰ ਬੰਦ ਕੀਤਾ ਜਾ ਚੁੱਕਿਆ ਹੈ ਜਾਂ ਜਾ ਰਿਹਾ ਹੈ, ਉਨ੍ਹਾਂ ਲਈ ਕਿਸਾਨਾਂ ਤੋਂ ਕੌਡੀਆ ਦੇ ਭਾਅ ਹਾਸਲ ਕੀਤੀਆਂ ਜ਼ਮੀਨਾਂ ਨੂੰ ਸਸਤੇ ਰੇਟਾਂ 'ਤੇ ਧਨਕੁਬੇਰਾਂ ਦੇ ਹਵਾਲੇ ਕਰਨ ਦੀ ਬਜਾਏ ਉਨ੍ਹਾਂ ਵਾਲੀਆਂ ਥਾਵਾਂ 'ਤੇ ਪਰਾਲੀ ਅਧਾਰਤ ਅਤੇ ਮੈਗਾ ਸੋਲਰ ਪਲਾਂਟ ਸਥਾਪਤ ਕੀਤੇ ਜਾਣ। ਸਵਾਗਤੀ ਕਮੇਟੀ ਦੇ ਪ੍ਰਧਾਨ ਜਗਜੀਤ ਸਿੰਘ ਜੋਗਾ ਨੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਦੋ ਰੋਜ਼ਾ ਸੂਬਾਈ ਅਜਲਾਸ ਚ ਸ਼ਾਮਲ ਹੋਏ ਡੈਲੀਗੇਟਾਂ ਨੂੰ ਜੀ ਆਇਆਂ ਕਿਹਾ, ਜਦਕਿ ਕੌਮੀ ਪੱਧਰ ਦੇ ਕਿਸਾਨ ਆਗੂਅ ਹਰਦੇਵ ਅਰਸ਼ੀ ਤੇ ਬਲਕਰਨ ਸਿੰਘ ਬਰਾੜ ਤੋਂ ਇਲਾਵਾ ਕੁਲ ਹਿੰਦ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਲਜ਼ਾਰ ਗੋਰੀਆ ਨੇ ਭਰਾਤਰੀ ਸੰਦੇਸ਼ ਦਿੱਤੇ। ਅਜਲਾਸ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਸੰਧੂ ਕਰ ਰਹੇ ਹਨ।

### ਚਾਰਲਸ-3 ਦੀ...

ਪੈਲੇਸ ਤੋਂ ਵੈਸਟਮਿੰਸਟਰ ਐਬੇ ਤੱਕ ਬੱਘੀ ਵਿਚ ਸਵਾਰ ਹੋ ਕੇ ਤਾਜਪੋਸ਼ੀ ਵਾਲੀ ਥਾਂ 'ਤੇ ਪਹੁੰਚਿਆ। ਤਾਜਪੋਸ਼ੀ ਤੋਂ ਬਾਅਦ ਚਾਰਲਸ ਅਤੇ ਕੈਮਿਲਾ 'ਗੋਲਡ ਸਟੇਟ ਕੋਚ' ਵਿੱਚ ਮਹਿਲ ਪਰਤ ਗਏ। ਚਾਰਲਸ ਨੂੰ ਕੈਂਟਰਬਰੀ ਦੇ ਆਰਚਬਿਸ਼ਪ ਜਸਟਿਨ ਵੇਲਬੀ ਵੱਲੋਂ ਤਾਜ ਪਹਿਨਾਇਆ ਗਿਆ, ਜੋ ਇੰਗਲੈਂਡ ਦੇ ਰਾਜੇ ਦੀ ਸ਼ਕਤੀ ਦਾ ਪ੍ਰਤੀਕ ਹੈ। ਇਸ ਦੌਰਾਨ ਹਿੰਦੂ, ਸਿੱਖ, ਮੁਸਲਿਮ, ਬੋਧੀ ਅਤੇ ਯਹੂਦੀ ਭਾਈਚਾਰਿਆਂ ਦੇ ਧਾਰਮਕ ਆਗੂ ਅਤੇ ਨੁਮਾਇੰਦੇ ਵੀ ਮੌਜੂਦ ਸਨ।

## ਚਾਈਲਡ ਵੈੱਲਫੇਅਰ ਕਮੇਟੀ ਵੱਲੋਂ ਪੁਲਸ ਪ੍ਰਸ਼ਾਸਨ ਨਾਲ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੱਚਿਆਂ ਦੀ ਭਲਾਈ ਤੇ ਸੁਰੱਖਿਆ ਨੂੰ ਲੈ ਕੇ ਸਰਕਾਰ ਵੱਲੋਂ ਬਣਾਈ ਗਈ ਚਾਈਲਡ ਵੈੱਲਫੇਅਰ ਕਮੇਟੀ ਫ਼ਿਰੋਜ਼ਪੁਰ ਦੇ ਚੇਅਰਪਰਸਨ ਐਡਵੋਕੇਟ ਹਰੀਸ਼ ਢੀਂਗਰਾ, ਮੈਂਬਰ ਐਡਵੋਕੇਟ ਜੇ. ਐੱਸ. ਸੋਢੀ, ਮੈਂਬਰ ਐਡਵੋਕੇਟ ਸੁਰਿੰਦਰਪਾਲ ਸਿੰਘ, ਐਡਵੋਕੇਟ ਦਮਨਪ੍ਰੀਤ ਕੌਰ, ਡੀ.ਸੀ.ਪੀ.ਓ. ਅਸ਼ੀਸ਼ ਸ਼ਰਮਾ ਤੇ ਚਾਈਲਡ ਲਾਈਨ ਦੇ ਆਗੂ ਅਮਰੀਕ ਸਿੰਘ ਸਮੇਤ ਪੁਲਸ ਪ੍ਰਸ਼ਾਸਨ ਨਾਲ ਬੈਠਕ ਕੀਤੀ ਗਈ, ਜਿਸ ਦੀ ਅਗਵਾਈ ਡੀ.ਐੱਸ.ਪੀ. ਕ੍ਰਾਈਮ ਅਗੇਂਸਟ ਵੂਮੈਨ ਤੇ ਚਿਲਡਰਨ ਵਰੁਣਜੀਤ ਸਿੰਘ ਅਤੇ ਐੱਸ ਐੱਚ ਓ ਵੂਮੈਨ ਸੈੱਲ ਰਜਨੀ ਬਾਲਾ ਨੇ ਕੀਤੀ। ਮੀਟਿੰਗ ਵਿੱਚ ਜ਼ਿਲ੍ਹੇ ਦੇ 14 ਥਾਣਿਆਂ ਤੋਂ ਬੁਲਾਈ ਗਈ ਮਹਿਲਾ ਸਿਪਾਹੀਆਂ ਨੂੰ ਸੰਬੋਧਨ ਕਰਦੇ ਹੋਏ ਚਾਈਲਡ ਵੈੱਲਫੇਅਰ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਕਿਸੇ ਵੀ ਲਾਪਤਾ ਬੱਚੇ ਦੇ ਮਿਲਣ ਦੀ ਸਥਿਤੀ ਵਿੱਚ ਥਾਣੇ ਅੰਦਰ ਤਾਇਨਾਤ ਮਹਿਲਾ ਸਿਪਾਹੀ ਆਪਣੇ ਵਿਵੇਕ ਤੇ ਸਹਿਣਸ਼ੀਲਤਾ ਨਾਲ ਬੱਚੇ ਨਾਲ ਘਰੇਲੂ ਵਰਤਾਓ ਕਰਦੇ ਹੋਏ ਬੱਚੇ ਦੀ ਸਾਂਭ-ਸੰਭਾਲ ਕਰਨ ਤੇ ਇਸ ਦੀ ਸੂਚਨਾ ਤੁਰੰਤ ਚਾਈਲਡ ਵੈੱਲਫੇਅਰ ਕਮੇਟੀ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਅਪਰਾਧਿਕ ਮਾਮਲੇ ਵਿੱਚ ਸ਼ਾਮਲ ਹੋਣ ਵਾਲੇ ਛੋਟੇ ਬੱਚੇ ਦੀ ਪੁੱਛਗਿੱਛ ਸਿਵਲ ਵਰਦੀ ਵਿੱਚ ਕੀਤੀ ਜਾਵੇ ਤੇ ਬੱਚਿਆਂ 'ਤੇ ਕਿਸੇ ਵੀ ਤਰ੍ਹਾਂ ਦਾ ਸਰੀਰਕ ਤੇ ਮਾਨਸਿਕ ਤਸ਼ੱਦਦ ਨਾ ਦਿੱਤਾ ਜਾਵੇ। ਚਾਈਲਡ ਵੈੱਲਫੇਅਰ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਬੱਚਿਆਂ ਕੋਲੋਂ ਗੈਰ-ਕਾਨੂੰਨੀ ਢੰਗ ਨਾਲ ਨਜਾਇਜ਼ ਕੰਮ ਕਰਵਾਉਣ ਵਾਲਿਆਂ ਉੱਪਰ ਨਿਗਰਾਨੀ ਰੱਖੀ ਜਾਵੇ ਤੇ ਸਖ਼ਤ ਕਾਰਵਾਈ ਕਰਦੇ ਹੋਏ ਰੋਕਥਾਮ ਲਗਾਈ ਜਾਵੇ।

## ਮਜ਼ਦੂਰ ਮੁਕਤੀ ਮੋਰਚਾ ਵੱਲੋਂ ਨਸ਼ਿਆਂ ਖਿਲਾਫ ਥਾਣੇ ਦਾ ਘਿਰਾਓ ਭਲਕੇ



ਮੀਟਿੰਗ ਦੌਰਾਨ ਹਾਜ਼ਰ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਤੇ ਵਰਕਰ।

**ਭੀਖੀ (ਧਰਮਵੀਰ ਸ਼ਰਮਾ)**-ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਅਗਵਾਈ ਹੇਠ ਲਿਬਰੇਸ਼ਨ ਦੇ ਕੇਂਦਰੀ ਆਗੂ ਰਾਜਵਿੰਦਰ ਰਾਣਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਵਾਈਸ ਪ੍ਰਧਾਨ ਵਿਜੈ ਕੁਮਾਰ ਭੀਖੀ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਤਹਿਸੀਲ ਸਕੱਤਰ ਗੁਰਸੇਵਕ ਸਿੰਘ ਮਾਨ, ਸੂਬਾ ਆਗੂ ਗੁਰਜੰਟ ਸਿੰਘ ਮਾਨਸਾ ਦੀ ਹਾਜ਼ਰੀ ਵਿੱਚ ਜੱਗਾ ਸਿੰਘ ਉੱਭਾ, ਸਤਨਾਮ ਸਿੰਘ, ਸੋਹਣ ਸਿੰਘ ਉੱਭਾ ਦੀ ਪ੍ਰਧਾਨਗੀ ਹੇਠ ਭੀਖੀ ਬਲਾਕ ਦੇ ਪਿੰਡ ਉੱਭਾ ਵਿੱਚ ਪੁਰਾਣੀ ਪਿੰਡ ਕਮੇਟੀ ਨੂੰ ਰੱਦ ਕਰਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸਬੰਧਤ ਆਇਰਲਾ ਦੀ 21 ਮੈਂਬਰੀ ਪਿੰਡ ਇਕਾਈ ਦੀ ਚੋਣ ਕੀਤੀ ਗਈ, ਜਿਸ ਦੇ ਪ੍ਰਧਾਨ ਸੋਹਣ ਸਿੰਘ ਉੱਭਾ, ਮੀਤ ਪ੍ਰਧਾਨ ਜੱਗਾ ਸਿੰਘ ਉੱਭਾ, ਜਗਤਾਰ ਸਿੰਘ ਉੱਭਾ, ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਹੈਪੀ ਸਿੰਘ, ਗੁਰਜੰਟ ਸਿੰਘ ਖਾਲਸਾ ਤੇ ਕੇਵਲ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ। ਉੱਭਾ ਇਕਾਈ ਨੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਅਗਵਾਈ ਹੇਠ ਕੰਮ ਕਰਨ ਦਾ ਐਲਾਨ ਕੀਤਾ। ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀਆਂ ਜਨਤਕ ਜਥੇਬੰਦੀਆਂ ਵੱਲੋਂ 8 ਮਈ ਨੂੰ ਨਸ਼ਿਆਂ ਖਿਲਾਫ਼ ਮੁਹਿੰਮ ਵਿੱਚ 'ਨਸ਼ੇ ਨਹੀਂ ਰੁਜ਼ਗਾਰ' ਦੇ ਸਵਾਲ 'ਤੇ ਮਾਨਸਾ ਦੇ ਸਿਟੀ ਥਾਣਾ-1 ਦੇ ਘਿਰਾਓ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਉੱਭਾ ਦੇ ਸੈਂਕੜੇ ਮਜ਼ਦੂਰਾਂ ਨੇ ਲਿਬਰੇਸ਼ਨ ਪਾਰਟੀ ਦੇ ਭਗਵੰਤ ਸਿੰਘ ਸਮਾਓਂ ਤੋਂ ਮੋਰਚੇ ਵਿੱਚ ਆਏ ਫੰਡ ਦਾ ਹਿਸਾਬ ਮੰਗਣ, ਭਗਵੰਤ ਸਿੰਘ ਸਮਾਓਂ ਵੱਲੋਂ ਭਾਜਪਾ ਆਗੂ ਨੂੰ ਬੁਲਾਉਣ ਖਿਲਾਫ ਸਖਤ ਨੋਟਿਸ ਭੇਜਣ 'ਤੇ ਭਗਵੰਤ ਸਿੰਘ ਸਮਾਉਂ ਵੱਲੋਂ ਕੀਤੀਆਂ ਆਪਹੁਦਰੀਆਂ ਪਾਰਟੀ ਸਿਧਾਂਤਾਂ ਖਿਲਾਫ਼ ਚੱਲਣ ਤੇ ਪਾਰਟੀ ਮੈਂਬਰਸ਼ਿਪ ਤੋਂ ਖ਼ਾਰਜ ਕਰਨ ਦੀ ਹਮਾਇਤ ਕੀਤੀ ਤੇ ਪਿੰਡ ਦੇ ਮਜ਼ਦੂਰਾਂ ਨੇ ਲਿਬਰੇਸ਼ਨ ਦੇ ਸੰਘਰਸ਼ਾਂ ਦੇ ਨਾਲ ਡਟਣ ਦਾ ਐਲਾਨ ਕੀਤਾ।

## ਆਂਗਨਵਾੜੀ ਵਰਕਰ ਯੂਨੀਅਨ ਦੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਲ ਆਂਗਨਵਾੜੀ ਵਰਕਰ ਯੂਨੀਅਨ ਪੰਜਾਬ (ਸੀਟੂ) ਦੇ ਵਫ਼ਦ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ, ਜਨਰਲ ਸਕੱਤਰ ਸੁਭਾਸ਼ ਰਾਣੀ, ਵਿੱਤ ਸਕੱਤਰ ਅੰਮ੍ਰਿਤਪਾਲ ਕੌਰ, ਮੀਤ ਪ੍ਰਧਾਨ ਕ੍ਰਿਸ਼ਨਾ ਕੁਮਾਰੀ, ਜੁਆਇੰਟ ਸਕੱਤਰ ਗੁਰਦੀਪ ਕੌਰ, ਨਿਰਲੇਪ ਕੌਰ ਸਮੇਤ ਹੋਰ ਆਗੂ ਸ਼ਾਮਲ ਹੋਏ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਜਨਰਲ ਸਕੱਤਰ ਕਾਂਤਾ ਰਾਣੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇ ਲੰਮੇ ਸਮੇਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਧਿਆਨ ਨਾਲ ਸੁਣਦੇ ਹੋਏ ਕੁਝ ਮੰਗਾਂ ਨੂੰ ਤੁਰੰਤ ਹੱਲ ਕਰਨ ਦੇ ਹੁਕਮ ਦਿੱਤੇ ਹਨ।ਉਨ੍ਹਾਂ ਨੇ ਦੱਸਿਆ ਕਿ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣਭੱਤੇ ਨੂੰ ਲੈ ਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਨੀਤੀ ਮੈਟਰ ਹੈ, ਇਸ ਨੂੰ ਛੇਤੀ ਹੱਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 0 ਤੋਂ 6 ਸਾਲ ਦੇ ਬੱਚਿਆਂ ਨੂੰ ਆਂਗਨਵਾੜੀ ਸੈਂਟਰਾਂ ਵਿੱਚ ਭੇਜਣ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਵਿਭਾਗੀ ਮੰਤਰੀ ਨੂੰ ਫ਼ੋਨ ਕਰਕੇ ਸਿੱਖਿਆ ਮੰਤਰੀ ਨਾਲ ਗੱਲ ਕਰਕੇ ਮਸਲੇ ਦਾ ਹੱਲ ਕਰਨ ਲਈ ਕਿਹਾ ਹੈ।ਇਸ ਤੋਂ ਇਲਾਵਾ ਤਿੰਨ ਜ਼ਿਲ੍ਹਿਆਂ ਵਿੱਚ ਆਂਗਨਵਾੜੀ ਸੈਂਟਰਾਂ 'ਚ ਐੱਨ ਜੀ ਓ ਵੱਲੋਂ ਦਿੱਤੀ ਜਾ ਰਹੀ ਫੀਡ 'ਤੇ ਤੁਰੰਤ ਐਕਸ਼ਨ ਲੈਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਸਰਕਾਰ ਸੈਂਟਰਾਂ ਵਿੱਚ ਵਧੀਆ ਫੀਡ ਦੇ ਰਹੀ ਹੈ ਤਾਂ ਇਨ੍ਹਾਂ ਜ਼ਿਲ੍ਹਿਆਂ ਵਿੱਚ ਐੱਨ ਜੀ ਓ ਨੂੰ ਕੰਮ ਕਿਉਂ ਦਿੱਤਾ ਗਿਆ ਹੈ। ਉਨ੍ਹਾਂ ਤੁਰੰਤ ਵਿਭਾਗੀ ਮੰਤਰੀ ਨੂੰ ਕਿਹਾ ਕਿ ਐੱਨ ਜੀ ਓ ਤੋਂ ਕੰਮ ਵਾਪਸ ਲੈ ਕੇ ਸੈਂਟਰਾਂ ਵਿੱਚ ਦਿੱਤਾ ਜਾਵੇਗਾ।ਇਸ ਮੌਕੇ ਜਸਪਾਲ ਕੌਰ, ਜਸਵਿੰਦਰ ਕੌਰ, ਰਜਵੰਤ ਕੌਰ, ਰਣਜੀਤ ਕੌਰ, ਕਿਰਨ ਬਾਲਾ ਹਾਜ਼ਰ ਸਨ।

## ਸੇਵਾ ਭਾਰਤੀ ਨੂੰ ਸਿਲਾਈ ਮਸ਼ੀਨਾਂ ਭੇਟ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੰਮੇ ਸਮੇਂ ਤੋਂ ਚਲਦਾ ਮੁਫਤ ਸਿਲਾਈ ਸੈਂਟਰ ਸੇਵਾ ਭਾਰਤੀ, ਜਿੱਥੇ ਬਹੁਤ ਲੜਕੀਆਂ ਸਿਖਲਾਈ ਪ੍ਰਾਪਤ ਕਰ ਰਹੀਆਂ ਹਨ, ਦੀ ਸੇਵਾ ਨੂੰ ਦੇਖਦੇ ਹੋਏ ਕੁੱਝ ਸਮਾਜ ਸੇਵੀ ਲੋਕਾਂ ਨੇ ਸੇਵਾ ਭਾਰਤੀ ਨੂੰ ਸਿਲਾਈ ਮਸ਼ੀਨਾਂ ਦਾਨ ਕੀਤੀਆਂ ਹਨ। ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਰਮੇਸ਼ ਕੁਮਾਰ ਗੋਇਲ ਨੇ ਦੱਸਿਆ ਕਿ ਅੱਜ ਸੇਵਾ ਭਾਰਤੀ ਰਾਮਪੁਰਾ ਫੂਲ ਦੇ ਮਾਤਾ ਸ਼ਕੁੰਤਲਾ ਦੇਵੀ ਸਿਲਾਈ ਸੈਂਟਰ ਨੂੰ ਉੱਘੇ ਸਮਾਜ ਸੇਵੀ ਤਰਸੇਮ ਜੇਠੀ ਵੱਲੋਂ ਦੋ ਮਸ਼ੀਨਾਂ, ਪ੍ਰੋਫੈਸਰ ਸੰਜੀਵ ਕੁਮਾਰ ਗਰਗ ਤੇ ਚੇਅਰਮੈਨ ਰਾਜੀਵ ਕੁਮਾਰ ਗਰਗ ਵੱਲੋਂ ਇੱਕ ਇੱਕ ਸਿਲਾਈ ਮਸ਼ੀਨ ਦਾ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸੇਵਾ ਭਾਰਤੀ ਦੇ ਪ੍ਰਧਾਨ ਤੇ ਸਮੂਹ ਮੈਂਬਰਾਂ ਵੱਲੋਂ ਸੰਸਥਾ ਨੂੰ ਸਹਿਯੋਗ ਲਈ ਇਨ੍ਹਾਂ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਹੈ।

## ਕਾਨੂੰਗੋ ਦੀ ਕੁੱਟਮਾਰ ਨੂੰ ਲੈ ਕੇ ਮਾਮਲਾ ਦਰਜ

**ਬਰੇਟਾ (ਰੀਤਵਾਲ)**-ਨਜ਼ਦੀਕੀ ਪਿੰਡ ਸਿਰਸੀਵਾਲਾ ਵਿਖੇ ਇੱਕ ਵਿਅਕਤੀ ਖਿਲਾਫ ਕਾਨੂੰਗੋ ਦੀ ਕੁੱਟਮਾਰ ਕਰਨ ਤੇ ਡਿਊਟੀ ਵਿੱਚ ਵਿਘਨ ਪਾਉਣ ਖਿਲਾਫ ਪੁਲਸ ਵੱਲੋਂ ਕਾਰਵਾਈ ਕੀਤੇ ਜਾਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਜਸਵੰਤ ਸਿੰਘ ਕਾਨੂੰਗੋ ਤੇ ਉਸ ਦਾ ਸਹਾਇਕ ਹਰਜੀਤ ਸਿੰਘ ਪਿੰਡ ਸਿਰਸੀਵਾਲਾ ਵਿਖੇ ਜਗਮੇਲ ਸਿੰਘ ਦੀ ਜ਼ਮੀਨ ਦੀ ਤਕਸੀਮ ਦੇ ਕੇਸ 'ਤੇ ਕਬਜ਼ਾ ਕਾਰਵਾਈ ਕਰਨ ਲਈ ਬਹੁੜੇ ਸਨ ਤਾਂ ਜਗਮੇਲ ਸਿੰਘ ਦੇ ਭਰਾ ਹਰਦਿਆਲ ਸਿੰਘ ਨੇ ਉਸ ਦੀ ਕੁੱਟਮਾਰ ਕੀਤੀ ਤੇ ਸਰਕਾਰੀ ਕੰਮ ਵਿੱਚ ਵਿਘਨ ਪਾਇਆ, ਜਿਸ ਤਹਿਤ ਪੁਲਸ ਨੇ ਜਸਵੰਤ ਸਿੰਘ ਕਾਨੂੰਗੋ ਦੇ ਬਿਆਨਾਂ 'ਤੇ ਹਰਦਿਆਲ ਸਿੰਘ ਖਿਲਾਫ ਕਾਰਵਾਈ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਡਿਪਟੀ ਕਮਿਸ਼ਨਰ ਵੱਲੋਂ ਅਨਾਜ ਮੰਡੀ ਦਾ ਦੌਰਾ, ਖਰੀਦ ਤੇ ਲਿਫਟਿੰਗ ਦਾ ਲਿਆ ਜਾਇਜ਼ਾ

**ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਲਿਫਟਿੰਗ 'ਚ ਤੇਜ਼ੀ ਲਿਆਉਣ ਦੇ ਦਿੱਤੇ ਆਦੇਸ਼**



ਡਿਪਟੀ ਕਮਿਸ਼ਨਰ ਖਰੀਦ ਤੇ ਲਿਫਟਿੰਗ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ।

**ਜਲਾਲਾਬਾਦ (ਜੀਤ ਕੁਮਾਰ)**-ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ (ਆਈ.ਏ.ਐੱਸ.) ਨੇ ਜਲਾਲਾਬਾਦ ਦੀ ਮੁੱਖ ਅਨਾਜ ਮੰਡੀ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਮੰਡੀ ਵਿਖੇ ਚੱਲ ਰਹੇ ਖਰੀਦ ਪ੍ਰਬੰਧਾਂ ਤੇ ਲਿਫਟਿੰਗ ਪ੍ਰਕਿਰਿਆ ਦਾ ਜਾਇਜ਼ਾ ਲਿਆ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਲਿਫਟਿੰਗ ਪ੍ਰਕਿਰਿਆ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਖਰੀਦ ਏਜੰਸੀ ਦੇ ਅਧਿਕਾਰੀਆਂ, ਟਰਾਂਸਪੋਰਟਰਾਂ ਤੇ ਹੋਰ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਖਰੀਦ ਪ੍ਰਕਿਰਿਆ ਵਿੱਚ ਕੋਈ ਢਿੱਲ-ਮੱਠ ਨਹੀਂ ਹੋਣੀ ਚਾਹੀਦੀ ਤੇ ਤੈਅ ਸਮੇਂ ਅੰਦਰ ਸਾਰੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇ।

ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਿਸਾਨਾਂ ਨੂੰ ਕਣਕ ਦੇ ਇਸ ਸੀਜ਼ਨ ਦੌਰਾਨ ਕੋਈ ਖੱਜਲ-ਖੁਆਰੀ ਨਾ ਹੋਣ ਦਿੱਤੀ ਜਾਵੇ ਤੇ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਨਾਲੋ ਨਾਲ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜਿਵੇਂ ਹੀ ਆਪਣੀ ਫਸਲ ਲੈ ਕੇ ਮੰਡੀਆਂ ਵਿੱਚ ਪਹੁੰਚ ਕਰਦਾ ਹੈ, ਉਸ ਦੀ ਨਾਲੋ-ਨਾਲ ਖਰੀਦ ਕਰਵਾਈ ਜਾਵੇ। ਉਸ ਉਪਰੰਤ ਫਸਲ ਦੀ ਲਿਫਟਿੰਗ ਤੇ ਕਿਸਾਨਾਂ ਨੂੰ ਉਨ੍ਹਾਂ ਦੀ ਬਣਦੀ ਫਸਲ ਦੀ ਅਦਾਇਗੀ ਵੀ ਤੈਅ ਸਮੇਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 6,76,777 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚ ਵੱਖ-ਵੱਖ ਖਰੀਦ ਏਜੰਸੀਆਂ ਤੇ ਵਪਾਰੀਆਂ ਵੱਲੋਂ 6,76,708 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ 1322.721 ਕਰੋੜ ਰੁਪਏ ਦੀ ਅਦਾਇਗੀ ਦੇ ਅਡਵਾਈਜ਼ ਜਨਰੇਟ ਕੀਤੇ ਗਏ, ਜੋ ਬੈਂਕਿੰਗ ਟਰਾਂਸਫਰ ਪ੍ਰਣਾਲੀ ਅਧੀਨ ਹਨ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਵੱਲੋਂ 1,82,163 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 1,84,742 ਮੀਟ੍ਰਿਕ ਟਨ, ਪਨਸਪ ਵੱਲੋਂ 1,82,419 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਵੱਲੋਂ 1,03,038 ਮੀਟ੍ਰਿਕ ਟਨ, ਭਾਰਤੀ ਖੁਰਾਕ ਨਿਗਮ ਵੱਲੋਂ 8384 ਮੀਟ੍ਰਿਕ ਟਨ ਤੇ ਵਪਾਰੀਆਂ ਵੱਲੋਂ 15,962 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ। ਉਨ੍ਹਾ ਕਿਹਾ ਕਿ ਲਿਫਟਿੰਗ ਦੀ ਪ੍ਰਕਿਰਿਆ ਵੀ ਨਿਰਵਿਘਨ ਚੱਲ ਰਹੀ ਹੈ ਤੇ ਹੁਣ ਤੱਕ 3,81,519 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕੀਤੀ ਗਈ ਹੈ। ਇਸ ਮੌਕੇ ਸਕੱਤਰ ਮਾਰਕਿਟ ਕਮੇਟੀ ਬਲਜਿੰਦਰ ਸਿੰਘ, ਅੰਕੁਸ਼ ਮੁਟਨੇਜਾ ਤੋਂ ਇਲਾਵਾ ਸਬੰਧਤ ਏਜੰਸੀਆਂ ਦੇ ਅਧਿਕਾਰੀ ਤੇ ਹੋਰ ਮੈਂਬਰ ਮੌਜੂਦ ਸਨ। ਇਸੇ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਮਾਰਕਿਟ ਕਮੇਟੀ ਜਲਾਲਾਬਾਦ ਵਿੱਚ ਮੌਜੂਦ ਸੇਵਾ ਕੇਂਦਰ ਦਾ ਨਿਰੀਖਣ ਵੀ ਕੀਤਾ ਗਿਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

7-May-PAGE-11-Majha-23.qxd 5/6/2023 11:07 PM Page 1



# ਸਿਵਲ ਸਰਜਨ ਵੱਲੋਂ ਸੀ ਐੱਚ ਸੀ ਧਾਰੀਵਾਲ ਤੇ ਨੌਸ਼ਹਿਰਾ ਮੱਝਾ ਸਿੰਘ ਦਾ ਅਚਨਚੇਤ ਦੌਰਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਵੱਲੋਂ ਅੱਜ ਕਮਿਊਨਿਟੀ ਸਿਹਤ ਕੇਂਦਰ (ਸੀਐੱਚਸੀ) ਧਾਰੀਵਾਲ ਅਤੇ ਸੀਐਚਸੀ ਨੌਸ਼ਹਿਰਾ ਮੱਝਾ ਸਿੰਘ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਸਿਵਲ ਸਰਜਨ ਡਾ. ਮਾਂਡੀ ਨੇ ਉੱਕਤ ਦੋਵਾਂ ਕਮਿਊਨਿਟੀ ਸਿਹਤ ਕੇਂਦਰਾਂ ਦਾ ਨਿਰੀਖਣ ਕਰਦੇ ਸਮੇਂ ਓ.ਪੀ.ਡੀ. ਰਿਕਾਰਡ, ਦਵਾਈਆਂ ਦਾ ਰਿਕਾਰਡ ਆਦਿ ਚੈੱਕ ਕਰਨ ਤੋਂ ਇਲਾਵਾ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਮਰੀਜ਼ਾਂ ਨੂੰ ਮਿਲ ਰਹੀਆਂ ਮੈਡੀਕਲ ਸੇਵਾਵਾਂ ਦਾ ਜਾਇਜ਼ਾ ਵੀ ਲਿਆ। ਇਸ ਮੌਕੇ ਡਾ.ਮਾਂਡੀ ਨੇ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ 'ਤੇ ਤਸੱਲੀ ਜ਼ਾਹਰ ਕਰਦਿਆਂ ਸਟਾਫ ਨੂੰ ਹੋਰ ਮਿਹਨਤ ਤੇ ਸੇਵਾ ਭਾਵਨਾ ਨਾਲ ਆਪਣੀ ਡਿਊਟੀ ਕਰਨ ਦੀ ਗੱਲ ਕਹੀ। ਇਸ ਮੌਕੇ ਸਿਵਲ ਸਰਜਨ ਡਾ.ਹਰਭਜਨ ਰਾਮ ਮਾਂਡੀ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਦੌਰੇ ਦਾ ਮਕਸਦ, ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਹੇਠਲੇ ਪੱਧਰ ਤੱਕ ਪਹੁੰਚ ਰਹੀਆਂ ਹਨ ਜਾਂ ਨਹੀਂ ਅਤੇ ਸਟਾਫ ਦਾ ਡਿਊਟੀ ਤੇ ਸਮੇਂ ਸਿਰ ਹਾਜ਼ਰ ਹੋਣ ਦਾ ਪਤਾ ਕਰਨਾ ਸੀ। ਉਨ੍ਹਾਂ ਕਿਹਾ ਸੀਐੱਚਸੀ ਧਾਰੀਵਾਲ ਅਤੇ ਸੀਐੱਚਸੀ ਨੌਸ਼ਹਿਰਾ ਮੱਝਾ ਸਿੰਘ ਵਿੱਚ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ ਵੱਲੋਂ ਮਰੀਜਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਕੀਤੇ ਜਾ ਰਹੇ ਯਤਨਾਂ ਅਤੇ ਹਸਪਤਾਲ ਦੀ ਕਾਰਗੁਜ਼ਾਰੀ ਤੋਂ ਉਹ ਸੰਤੁਸ਼ਟ ਹਨ। ਉਨ੍ਹਾਂ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਪੰਜਾਬ ਸਰਕਾਰ ਵਲੋਂ ਪੰਜਾਬ ਪੱਧਰ ਤੇ ਕਰਵਾਏ ਸਰਵਿਆਂ ਵਿੱਚ ਵੀ ਕਮਿਊਨਿਟੀ ਸਿਹਤ ਕੇਂਦਰ ਧਾਰੀਵਾਲ ਨੂੰ ਏ ਗਰੇਡ ਮਿਲਿਆ ਸੀ। ਉਪਰੰਤ ਸਿਵਲ ਸਰਜਨ ਡਾ. ਮਾਂਡੀ ਵਲੋਂ ਡਾਕਟਰਾਂ ਨਾਲ ਮੀਟਿੰਗ ਕਰਦਿਆਂ ਸਮੂਹ ਸਟਾਫ ਸਮੇਂ ਸਿਰ ਡਿਊਟੀ ਦਾ ਪਾਬੰਦ ਹੋਣ ਦੀ ਹਦਾਇਤ ਕੀਤੀ ਅਤੇ ਮੈਡੀਕਲ ਸਟਾਫ ਨੂੰ ਕਿਹਾ ਉਹ ਮਰੀਜ਼ਾਂ ਦਾ ਇਲਾਜ ਕਰਨ ਦੇ ਇਲਾਵਾ ਲੋਕਾਂ 'ਚ ਬਿਮਾਰੀਆਂ ਤੋਂ ਬਚਣ ਲਈ ਜਾਗਰੂਕਤਾ ਵੀ ਲਿਆਉਣ ਤਾਂ ਜੋ ਜਾਗਰੂਕਤਾ ਨਾਲ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਇਸ ਮੌਕੇ ਡਾ. ਅਮਰਿੰਦਰ ਸਿੰਘ ਕਲੇਰ ਹੋਮਿਓਪੈਥੀ ਅਫਸਰ ਸੀਐੱਚਸੀ ਧਾਰੀਵਾਲ, ਡਾ. ਗੁਰਬਚਨ ਸਿੰਘ, ਡਾ. ਗਗਨਦੀਪ ਕੌਰ, ਡਾ. ਸੰਜੀਵ, ਡਾ. ਜਨਾਥਨ, ਫਾਰਮੇਸ਼ੀ ਅਫਸਰ ਜਸਪਾਲ ਸਿੰਘ ਕੰਗ, ਤਸਵੀਰ ਸਿੰਘ, ਸੁਖਚੈਨ ਸਿੰਘ ਆਦਿ ਸਮੇਤ ਸਿਹਤ ਕੇਂਦਰ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਪਹਿਲਾਂ ਲੇਟ ਤੇ ਹੁਣ ਘੱਟ ਪੈਨਸ਼ਨ ਮਿਲਣ 'ਤੇ ਪੈਨਸ਼ਨਰਾਂ 'ਚ ਰੋਸ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਨੈਸ਼ਨਲ ਬੈਂਕ ਦੀਆਂ ਬਰਾਂਚਾਂ ਵਿਚ 4 ਮਈ ਸਵੇਰ ਤੱਕ ਪੰਜਾਬ ਸਰਕਾਰ ਦੇ ਸੇਵਾ ਮੁਕਤ ਮੁਲਾਜ਼ਮਾਂ ਵਿਚ ਪੈਨਸ਼ਨਾਂ ਲੇਟ ਹੋਣ ਕਾਰਨ ਰੋਸ ਪਾਇਆ ਜਾ ਰਿਹਾ ਸੀ, ਹੁਣ ਜਦਕਿ ਪੈਨਸ਼ਨਰਾਂ ਨੂੰ ਪੈਨਸ਼ਨਾਂ ਉਨ੍ਹਾਂ ਦੇ ਖਾਤਿਆਂ ਵਿਚ ਜਮਾਂ ਹੋਣ ਦੇ ਮੈਸੇਜ ਮਿਲ ਰਹੇ ਹਨ, ਉਥੇ ਹੀ ਪੈਨਸ਼ਨਾਂ ਦੇ ਪੈਸੇ ਪਿਛਲੇ ਮਹੀਨੇ ਦੀਆਂ ਪੈਨਸ਼ਨਾਂ ਤੋਂ ਘੱਟ ਮਿਲਣ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੈਂਕ ਵਿਚ ਆਏ ਪੈਨਸ਼ਨਰ ਜਗਦੀਸ਼ ਰਾਜ ਨੇ ਦੱਸਿਆ ਕਿ ਉਸ ਨੂੰ ਪਿਛਲੇ ਮਹੀਨੇ ਨਾਲੋਂ ਇਸ ਮਹੀਨੇ ਲਗਭਗ 2400 ਰੁਪਏ ਘੱਟ ਮਿਲ ਰਹੇ ਹਨ ਅਤੇ ਕਈ ਸੇਵਾ ਮੁਕਤ ਮੁਲਾਜ਼ਮਾਂ ਨੂੰ 2 ਹਜ਼ਾਰ ਤੋਂ 1800 ਰੁਪਏ ਘੱਟ ਪੈਨਸ਼ਨ ਮਿਲੀ ਹੈ। ਬੈਂਕ ਕਰਮਚਾਰੀਆਂ ਨੂੰ ਪੁੱਛਣ 'ਤੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲ ਰਿਹਾ। ਬੈਂਕ ਕਰਮਚਾਰੀਆਂ ਦਾ ਕਹਿਣਾ ਹੈ ਕਿ ਪੈਨਸ਼ਨ ਦੀ ਰਕਮ ਜਮਾਂ ਕਰਨਾ ਉਪਰ ਵਾਲੇ ਦਫ਼ਤਰਾਂ ਭਾਵ ਪਹਿਲਾਂ ਲੁਧਿਆਣਾ ਤੇ ਹੁਣ ਦਿੱਲੀ ਹੈੱਡ ਆਫਿਸ ਦੇ ਅਧੀਨ ਹੈ।

ਉਨ੍ਹਾਂ ਕਿਹਾ ਕਿ ਅਸੀਂ ਇਸ ਘੱਟ ਪੈਨਸ਼ਨ ਆਉਣ ਬਾਰੇ ਆਪਣੇ ਉਚ ਅਧਿਕਾਰੀਆਂ ਦੇ ਧਿਆਨ ਹੇਠ ਲਿਆਵਾਂਗੇ। ਸੁਣਨ ਵਿਚ ਆਇਆ ਹੈ ਕਿ ਪਹਿਲਾਂ ਪੈਨਸ਼ਨ ਦਾ ਹਿਸਾਬ ਲੁਧਿਆਣਾ ਪੱਧਰ 'ਤੇ ਹੁੰਦਾ ਸੀ ਜਦਕਿ ਇਸ ਮਹੀਨੇ ਤੋਂ ਇਸ ਦਾ ਹਿਸਾਬ-ਕਿਤਾਬ ਦਿਲੀ ਦਫ਼ਤਰ ਦੇ ਲੈਵਲ 'ਤੇ ਹੋਇਆ ਹੈ।

ਪੈਨਸ਼ਨ ਧਾਰਕਾਂ ਦੀ ਬੈਂਕ ਦੇ ਉਚ ਅਧਿਕਾਰੀਆਂ ਪਾਸੋਂ ਮੰਗ ਹੈ ਕਿ ਸਾਨੂੰ ਘੱਟ ਮਿਲੀ ਪੈਨਸ਼ਨ ਦਾ ਬਕਾਇਆ ਜਲਦ ਦਿੱਤਾ ਜਾਵੇ ਅਤੇ ਅਗਾਂਹ ਤੋਂ ਬਣਦੀ ਪੈਨਸ਼ਨ ਸਾਡੇ ਖਾਤਿਆਂ ਵਿਚ ਪਾਈ ਜਾਵੇ।

# ਸੜਕ ਕੰਢੇ ਟਰੱਕਾਂ ਦੀਆਂ ਲੰਮੀਆਂ ਕਤਾਰਾਂ ਰਾਹਗੀਰਾਂ ਲਈ ਬਣੀਆਂ ਪ੍ਰੇਸ਼ਾਨੀ ਦਾ ਸਬੱਬ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸੜਕਾਂ ਦੇ ਦੋਹੀ ਪਾਸੀਂ ਕਣਕ ਦੇ ਲੱਦੇ ਟਰੱਕਾਂ ਨਾਲ ਲੱਗਦੇ ਲੰਮੇ ਲੰਮੇ ਜਾਮ ਨਾਲ ਸਕੂਲੀ ਵਿਦਿਆਰਥੀਆਂ ਦੇ ਨਾਲ ਨਾਲ ਐਂਬੂਲੈਂਸ ਸਮੇਤ ਆਮ ਲੋਕਾਂ ਨੂੰ ਵੱਡੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਪੈ ਰਿਹਾ ਹੈ।

ਪੱਟੀ ਹਲਕੇ ਦੀਆਂ ਵੱਖ-ਵੱਖ ਅਨਾਜ ਮੰਡੀਆਂ ਵਿੱਚੋ ਅਨਾਜ ਲੱਦ ਕੇ ਗੁਦਾਮਾਂ 'ਚ ਲਗਾਉਣ ਲਈ ਜਾਂ ਇੱਕ ਗੁਦਾਮ 'ਚੋਂ ਚੁੱਕ ਕੇ ਦੂਜੇ ਗੁਦਾਮ 'ਚ ਅਨਾਜ ਲੈ ਕੇ ਜਾਣ ਵਾਲੇ ਟਰੱਕਾਂ ਨੂੰ ਭਾਵੇਂ ਪ੍ਰਸ਼ਾਸਨ ਵੱਲੋਂ ਕੁਝ ਹਦਾਇਤਾਂ ਕੀਤੀਆਂ ਹਨ।

ਬੀਤੇ ਕਈ ਦਿਨਾਂ ਤੋਂ ਪੱਟੀ ਮੋੜ ਨੇੜੇ ਪਿੰਡ ਚੂਸਲੇਵੜ ਸਥਿਤ ਗੁਦਾਮਾ ਦੇ ਬਾਹਰ ਟਰੱਕਾਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਤੋਂ ਇਲਾਕੇ ਦੇ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੇਜ਼ ਧੁੱਪ ਅਤੇ ਗਰਮੀ ਵਿਚ ਰਾਹਗੀਰਾਂ ਦੀਆਂ ਕਾਰਾਂ, ਮੋਟਰਸਾਈਕਲ, ਬੱਸਾਂ ਅਤੇ ਹੋਰ ਵਾਹਨ ਘੰਟਿਆਂ ਤੱਕ ਜਾਮ 'ਚ ਫਸੇ ਰਹਿੰਦੇ ਹਨ। ਇਸਦੇ ਨਾਲ ਹੀ ਬਾਬਾ ਬੁੱਢਾ ਸਾਹਿਬ, ਝਬਾਲ ਅਤੇ ਜਨਮ ਅਸਥਾਨ ਪਹੂਵਿੰਡ ਸਾਹਿਬ ਦਰਸ਼ਨਾਂ ਲਈ ਜਾਣ ਵਾਲੀਆਂ ਸੰਗਤਾਂ ਨੂੰ ਬਹੁਤ ਖੱਜਲ ਹੋਣਾ ਪੈ ਰਿਹਾ ਹੈ।

ਇਸ ਸਬੰਧੀ ਰਾਹਗੀਰਾਂ ਸੰਤੋਖ ਸਿੰਘ, ਹੀਰਾ ਸਿੰਘ, ਬਗੀਚਾ ਸਿੰਘ, ਬਲਬੀਰ ਸਿੰਘ, ਸੁਖਮਨ ਸਿੰਘ ਆਦਿ ਨੇ ਕਿਹਾ ਕਿ ਇਹ ਸਾਡਾ ਰੋਜ਼ਾਨਾ ਦਾ ਲਾਂਘਾ ਹੈ ਅਤੇ ਘਰੋਂ ਤੁਰਨ ਤੋਂ ਪਹਿਲਾਂ ਹੀ ਅਸੀਂ ਸੋਚਣ ਲੱਗ ਪੈਂਦੇ ਹਾਂ ਕਿ ਅੱਗੇ ਜਾ ਕੇ ਜਾਮ ਵਿੱਚ ਫਸਣ ਜਾਣ ਹੈ ਇਸ ਲਈ ਘਰੋਂ ਇੱਕ ਘੰਟਾ ਪਹਿਲਾਂ ਤੁਰਨਾ ਪੈਂਦਾ ਹੈ।

ਇਲਾਕੇ ਦੇ ਲੋਕਾਂ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਜ਼ਿਲਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਰਸਤੇ ਵਿਚ ਖੜ੍ਹੇ ਟਰੱਕਾਂ ਦਾ ਹੱਲ ਕਰਕੇ ਰਾਹਗੀਰਾਂ ਨੂੰ ਆ ਰਹੀ ਰੋਜ਼ਾਨਾ ਦੀ ਮੁਸ਼ਕਿਲ ਦਾ ਪੱਕਾ ਹੱਲ ਕੱਢਿਆ ਜਾਵੇ ।

# ਸੰਸਾਰ ਪ੍ਰਸਿੱਧ ਸ਼ਾਇਰ 'ਸੁਲੱਖਣ ਸਰਹੱਦੀ' ਦਾ ਸਨਮਾਨ ਅੱਜ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਾਹਿਤ ਕੇਂਦਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਦੇ ਸਹਿਯੋਗ ਨਾਲ ਰਾਮ ਸਿੰਘ ਦੱਤ ਯਾਦਗਾਰ ਹਾਲ ਗੁਰਦਾਸਪੁਰ ਵਿਖੇ ਅੱਜ 7 ਮਈ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਵਿਸ਼ੇਸ਼ ਸਾਹਿਤਕ ਸਮਾਰੋਹ ਵਿੱਚ ਸੰਸਾਰ ਪ੍ਰਸਿੱਧ ਉਸਤਾਦ ਸ਼ਾਇਰ 'ਸੁਲੱਖਣ ਸਰਹੱਦੀ' ਨੂੰ ਜੀਵਨ ਭਰ ਦੀਆਂ ਵਿਲੱਖਣ ਸਾਹਿਤਕ ਸੇਵਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਥੋਂ ਨਜ਼ਦੀਕ ਪਿੰਡ ਕੋਹਾੜ ਦੇ ਰਹਿਣ ਵਾਲੇ ਸੰਸਾਰ ਪ੍ਰਸਿੱਧ ਸ਼ਾਇਰ 'ਸੁਲੱਖਣ ਸਰਹੱਦੀ' ਨੇ ਕਾਵਿ-ਤਕਨੀਕ ਉੱਤੇ ਸਿਰਜੇ ਵੱਡ ਅਕਾਰੀ ਗ੍ਰੰਥ ਪਿੰਗਲ ਅਤੇ ਅਰੂਜ਼ ਸੰਦਰਭ ਕੋਸ਼, ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪਿਆ ਸੀ, ਸਮੇਤ 75 ਕਿਤਾਬਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪਾਈਆਂ।

ਇਨ੍ਹਾਂ ਕਿਤਾਬਾਂ ਵਿੱਚੋਂ ਤਿੰਨ ਕਿਤਾਬਾਂ ਉੱਤੇ ਪੰਜਾਬ ਸਰਕਾਰ ਵਲੋਂ ਸ਼ਾਇਰ ਸੁਲੱਖਣ ਸਰਹੱਦੀ ਨੂੰ ਐਵਾਰਡ ਮਿਲ ਚੁੱਕੇ ਹਨ। ਇਸ ਤੋਂ ਇਲਾਵਾ ਵੀ ਦੇਸ਼ ਅਤੇ ਵਿਦੇਸ਼ਾਂ ਵਿੱਚ ਸੈਂਕੜੇ ਸਨਮਾਨ ਪ੍ਰਾਪਤ ਹੋ ਚੁੱਕੇ ਹਨ, ਜੋ ਕਿ ਜ਼ਿਲ੍ਹਾ ਗੁਰਦਾਸਪੁਰ ਲਈ ਬੜੇ ਮਾਣ ਵਾਲੀ ਗੱਲ ਹੈ।

# ਪੰਜਾਬ ਸਰਕਾਰ ਦੇ ਅੜੀਅਲ ਰਵੱਈਏ ਦਾ ਅਧਿਆਪਕ ਦੇਣਗੇ ਡਟ ਕੇ ਜਵਾਬ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਡੇਰਾ ਬਾਬਾ ਨਾਨਕ-1 ਦੇ ਦਫਤਰ ਵਿਖੇ ਅੱਜ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਬਲਾਕ ਦੇ ਅਧਿਆਪਕਾਂ ਵੱਲੋਂ ਇੱਕ ਵੱਡੀ ਇਕੱਤਰਤਾ ਕੀਤੀ ਗਈ। ਇਸ ਮੌਕੇ ਬਲਾਕ ਡੇਰਾ ਬਾਬਾ ਨਾਨਕ -1 ਦੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਪੰਜਾਬ ਸਰਕਾਰ ਤੇ ਝੂਠੇ ਵਾਅਦੇ ਕਰਨ ਦੇ ਦੋਸ਼ ਲਾਏ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲੀ ਸੰਬੰਧੀ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਮੁਲਾਜ਼ਮਾਂ ਨਾਲ ਝੂਠੇ ਵਾਅਦੇ ਕਰਕੇ ਇਸ ਸਬੰਧੀ ਨੋਟੀਫਿਕੇਸ਼ਨ ਦੱਬ ਕੇ ਬੈਠੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁਲਾਜ਼ਮਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਅੱਗੇ ਕਿਹਾ ਕਿ ਪੰਜਾਬ ਦੇ ਨਾਲ ਲੱਗਦੇ ਸੂਬਿਆਂ ਦੀਆਂ ਸਰਕਾਰਾਂ ਨੇ ਪੰਜਾਬ ਸਰਕਾਰ ਤੋਂ ਮਗਰੋਂ ਐਲਾਨ ਕਰਕੇ ਜੀਪੀਐੱਫ ਕਟੌਤੀ ਸ਼ੁਰੂ ਕਰ ਕੇ ਚੰਗੀ ਪਹਿਲ ਕੀਤੀ, ਪਰ ਮੁਲਾਜ਼ਮ ਪੱਖੀ ਹੋਣ ਦੇ ਦਾਅਵੇ ਕਰਦੀ ਪੰਜਾਬ ਸਰਕਾਰ ਫਰੇਬੀ ਸਾਬਤ ਹੋਈ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਕੁਝ ਸਮਾਂ ਪਹਿਲਾ 6635 ਅਧਿਆਪਕ ਭਰਤੀ ਕੀਤੇ ਗਏ ਸਨ, ਉਨ੍ਹਾਂ ਵਿੱਚੋਂ ਰਹਿੰਦੇ ਬਾਕੀ ਇੱਕ ਹਜ਼ਾਰ ਦੇ ਕਰੀਬ ਉਡੀਕ ਸੂਚੀ ਵਾਲੇ ਅਧਿਆਪਕਾਂ ਨੂੰ ਅੱਜ ਤੱਕ ਨਿਯੁਕਤੀ ਪੱਤਰ ਵੀ ਨਹੀਂ ਦਿੱਤੇ ਗਏ ਅਤੇ ਨਾ ਹੀ ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਨੂੰ ਪੱਕੇ ਕਰਨ ਦੇ ਆਰਡਰ ਜਾਰੀ ਕੀਤੇ ਗਏ ਉਨ੍ਹਾਂ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਤਨਖਾਹਾਂ ਅਨਾਮਲੀਆਂ ਦੇ ਬਕਾਏ ਅਤੇ ਪੇ-ਕਮਿਸ਼ਨ ਦੇ ਬਕਾਏ ਪਾਏ ਜਾਣ। ਉਨ੍ਹਾਂ ਸਰਕਾਰ 'ਤੇ ਦੋਸ਼ ਲਾਏ ਕਿ ਪੰਜਾਬ ਸਰਕਾਰ ਮੁਲਾਜ਼ਮ ਵਿਰੋਧੀ ਸਾਬਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਵਿਰੋਧੀ ਵਿਹਾਰ ਦਾ ਅਧਿਆਪਕ ਡਟ ਕੇ ਵਿਰੋਧ ਦਰਜ ਕਰਾਉਣ ਲਈ ਭਰਵੀ ਗਿਣਤੀ ਵਿੱਚ 21 ਮਈ ਨੂੰ ਜ਼ਿਲਾ ਪੱਧਰੀ ਐਕਸ਼ਨਾਂ ਅਤੇ 28 ਮਈ ਨੂੰ ਧੂਰੀ ਮਹਾਂਰੈਲੀ 'ਚ ਸ਼ਾਮਲ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੀਰਾ ਸਿੰਘ ਭੱਟੀ, ਰਾਜਸੁਖਜਵਿੰਦਰ ਸਿੰਘ, ਸੁਖਬੀਰ ਕੌਰ, ਨਰਿੰਦਰ ਸਿੰਘ, ਰਕੇਸ਼ ਕੁਮਾਰ, ਨਮਨ ਸਲਾਰੀਆ, ਗੁਰਪਿੰਦਰ ਸਿੰਘ, ਸੁਖਜਿੰਦਰ ਸਿੰਘ, ਕੁਲਵਿੰਦਰ ਕੌਰ, ਜਸਬੀਰ ਸਿੰਘ, ਕੁਮਾਰੀ ਦੀਪਿਤਾ, ਮਨਦੀਪ ਸੋਢੀ ਅਤੇ ਗੁਰਮੁੱਖ ਸਿੰਘ ਹਾਜ਼ਰ ਸਨ।

# ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਰੇਖਾ ਮਹਾਜਨ ਨੇ ਸਰਹੱਦੀ ਸਕੂਲਾਂ ਦਾ ਕੀਤਾ ਅਚਨਚੇਤ ਦੌਰਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਰਹੱਦੀ ਤਹਿਸੀਲ ਅਜਨਾਲਾ ਦੇ ਵੱਖ-ਵੱਖ ਪਿੰਡਾਂ ਦੇ ਸਕੂਲਾਂ 'ਚ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਰੇਖਾ ਮਹਾਜਨ ਵੱਲੋਂ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸਰਹੱਦੀ ਪਿੰਡ ਬੱਲੜਵਾਲ ਦੇ ਸਕੂਲ ਵਿਖੇ ਮੁੱਖ ਅਧਿਆਪਕ ਪ੍ਰਮਬੀਰ ਸਿੰਘ ਰੋਖੇ ਤੇ ਸਟਾਫ ਦੀ ਹਾਜ਼ਰੀ 'ਚ ਵਿਦਿਆਰਥੀਆਂ ਵਲੋਂ ਸਿਲੇਬਸ 'ਚੋਂ ਕੀਤੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਸੁਣਨ ਉਪਰੰਤ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੁਪਹਿਰ ਦਾ ਖਾਣਾ, ਕਿਤਾਬਾਂ, ਵਰਦੀਆਂ, ਪ੍ਰੀ-ਪ੍ਰਾਇਮਰੀ ਕਲਾਸ, ਸਮਾਰਟ ਕਲਾਸ-ਰੂਮ ਆਦਿ ਦਾ ਜਾਇਜ਼ਾ ਲਿਆ। ਉਪਰੰਤ ਉਨ੍ਹਾਂ ਮਿਆਰੀ ਸਿੱਖਿਆ ਅਤੇ ਬੱਚੇ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾਣ ਵਾਲੇ ਕਾਰਜਾਂ ਲਈ ਨਵੇਂ-ਨਵੇਂ ਢੰਗ ਤਰੀਕੇ ਸਕੂਲ ਸਟਾਫ ਨਾਲ ਸਾਂਝੇ ਕਰਦਿਆਂ ਸਟਾਫ ਨੂੰ ਸਕੂਲ 'ਚ ਦਾਖਲਾ ਵਧਾਉਣ ਲਈ ਪ੍ਰੇਰਿਤ ਕੀਤਾ। ਇਥੇ ਦੱਸਣਯੋਗ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਬੱਲੜਵਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਉਨ੍ਹਾਂ 7 ਸਕੂਲ 'ਚੋਂ ਇੱਕ ਹੈ ਜਿਨ੍ਹਾਂ ਨੂੰ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਿੰਘਾਪੁਰ ਟ੍ਰੇਨਿੰਗ ਉਪਰੰਤ ਅਡਾਪਟ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਨਾਲਾ ਯੂਥ ਵੈੱਲਫੇਅਰ ਕਲੱਬ ਦੁਆਰਾ ਦਿੱਤੇ ਗਏ ਕਰੀਬ 50 ਸਪੋਰਟਸ ਤੇ ਸਕੇਟਿੰਗ ਦੇ ਬੂਟ ਵੀ ਵੰਡੇ। ਇਸ ਮੌਕੇ ਮੁੱਖ ਅਧਿਆਪਕ ਪ੍ਰਮਬੀਰ ਸਿੰਘ ਰੋਖੇ, ਕਲੱਬ ਦੇ ਆਗੂ ਐਡਵੋਕੇਟ ਸੰਦੀਪ ਕੌਸ਼ਲ, ਸਮਸੇਰ ਸਿੰਘ ਹੀਰਾ, ਜੋਜੀ ਸ਼ਰਮਾ, ਅਜੇ ਸ਼ਰਮਾ, ਐਡਵੋਕੇਟ ਅਜੇ ਹਨ, ਮੰਗਲ ਸਿੰਘ, ਸਰਬਜੀਤ ਸਿੰਘ, ਸ਼ੇਰ ਸਿੰਘ, ਪ੍ਰਮਿੰਦਰਪ੍ਰੀਤ ਕੌਰ, ਰੁਪਿੰਦਰ ਕੌਰ, ਕੰਵਲਜੀਤ ਕੌਰ, ਦੀਕਸ਼ਾ, ਪੱਲਵੀ ਸੰਧੂ, ਸੁਖਵੰਤ ਕੌਰ, ਪਰਾਂਚਲ, ਸਿਮਰਜੀਤ ਕੌਰ, ਲਖਵਿੰਦਰ ਸਿੰਘ, ਮਨਪ੍ਰੀਤ ਸਿੰਘ ਆਦਿ ਮੌਜੂਦ ਸਨ।

# ਕਾਲਜਦੇਖੋ ਵੱਲੋਂ ਕੈਰੀਅਰ ਕੰਪਾਸ ਦਾ ਸ਼ਾਨਦਾਰ ਆਗਾਜ਼

ਜਲੰਧਰ: ਭਾਰਤ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਭਰੋਸੇਮੰਦ ਉੱਚ ਸਿੱਖਿਆ ਦੇ ਸੰਸਥਾਨ, ਕਾਲਜਦੇਖੋ ਨੇ ਆਪਣੀ ਸਭ ਤੋਂ ਨਵੀਂ ਨਵੀਨਤਾਕਾਰੀ-ਕਰੀਅਰ ਕੰਪਾਸ ਨੂੰ ਪੇਸ਼ ਕੀਤਾ ਹੈ। ਕੰਪਨੀ ਦੇ ਵਿਦਿਆਰਥੀ ਸਭਤੋਂ ਪਹਿਲਾਂ ਦੇ ਨਜ਼ਰੀਏ ਦੇ ਅਨੁਸਾਰ, ਕਰੀਅਰ ਕੰਪਾਸ ਇੱਕ ਮੁਫਤ ਸਾਧਨ ਹੈ ਜੋ ਸ਼ਖ਼ਸੀਅਤ ਦੇ ਵਿਅਕਤੀਗਤ ਗੁਣਾਂ ਦੇ ਅਧਾਰ 'ਤੇ ਕਰੀਅਰ ਸਟ੍ਰੀਮ ਦਾ ਸੁਝਾਅ ਦੇ ਕੇ ਵਿਦਿਆਰਥੀਆਂ ਦੀ ਚਿੰਤਾ ਨੂੰ ਖਤਮ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਪੇਸ਼ਕਸ਼ ਵਿਸ਼ਵ ਪੱਧਰ 'ਤੇ ਪ੍ਰਵਾਨਿਤ ਹਾਲੈਂਡ ਪਰਸਨੈਲਿਟੀ ਟ੍ਰੇਟਸ ਟੈਸਟ ਦੇ ਅਧਾਰ 'ਤੇ ਇੱਕ ਮਨੋਵਿਗਿਆਨਕ ਟੈਸਟ 'ਤੇ ਆਧਾਰਤ ਹੈ, ਜੋ ਵਿਦਿਆਰਥੀਆਂ ਨੂੰ ਛੁਪੇ ਹੋਏ ਹੁਨਰਾਂ ਦਾ ਪਤਾ ਲਗਾਉਣ ਅਤੇ ਕਰੀਅਰ ਦੇ ਸੰਭਾਵੀ ਮਾਰਗਾਂ ਦੀ ਪਛਾਣ ਕਰਦੇ ਹੋਏ ਉਨਾਂ ਦੇ ਕਰੀਅਰ ਦੀਆਂ ਰੁਚੀਆਂ ਦੇ ਬਾਰੇ ਵਧੇਰੇ ਸਮਝ ਪ੍ਰਾਪਤ ਕਰਨ ਦੀ ਆਗਿਆ ਦਿੰਦੀ ਹੈ। ਕਾਲਜਦੇਖੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਸਹਿ-ਸੰਸਥਾਪਕ ਰੁਚਿਤ ਅਰੋੜਾ ਨੇ ਕਿਹਾ ਕਿ ਸਾਨੂੰ ਕਾਲਜਦੇਖੋ ਕਰੀਅਰ ਕੰਪਾਸ ਨੂੰ ਪੇਸ਼ ਕਰਨ 'ਤੇ ਮਾਣ ਹੈ, ਜਿਸ ਨੂੰ ਸਾਡੇ ਵਿਦਿਆਰਥੀਆਂ ਦੇ ਕਰੀਅਰ ਦੀ ਦਿਸ਼ਾ ਦਾ ਪਤਾ ਲਗਾਉਣ ਅਤੇ ਕਾਲਜ ਵਿੱਚ ਦਾਖਲਾ ਲੈਣ ਲਈ ਮੁਫਤ ਮਾਰਗਦਰਸ਼ਨ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

# ਭਾਰਤੀ ਸਟੇਟ ਬੈਂਕ ਪੰਡੋਰੀ ਮਹੰਤਾਂ ਵਿਖੇ ਸਰਕਾਰੀ ਸਕੀਮਾਂ ਬਾਰੇ ਕੀਤਾ ਜਾਗਰੂਕ



ਗੁਰਦਾਸਪੁਰ (ਜਨਕ ਮਹਾਜਨ)-ਭਾਰਤੀ ਸਟੇਟ ਬੈਂਕ ਪੰਡੋਰੀ ਮਹੰਤਾ ਦੇ ਬਰਾਂਚ ਮੈਨੇਜਰ ਵਲੋਂ ਇਲਾਕੇ ਦੇ ਪਿੰਡਾਂ ਅੰਦਰ ਭਾਰਤ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਵਾਸਤੇ ਜ਼ੀਰੋ ਬੈਲੇਂਸ ਖਾਤੇ ਖੋਲ੍ਹ ਕੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਰਾਂਚ ਮੈਨੇਜਰ ਰਵੀ ਕੁਮਾਰ ਨੇ ਦੱਸਿਆ ਕਿ ਇਸ ਕਾਰਜ ਵਿਚ ਸੀਐਸਟੀ ਗੌਰਵ ਕੁਮਾਰ ਦਾ ਸਹਿਯੋਗ ਲਿਆ ਜਾ ਰਿਹਾ ਹੈ ਅਤੇ ਲੋੜਵੰਦ ਲੋਕਾਂ ਦੇ ਜ਼ੀਰੋ ਬੈਲੇਂਸ ਵਾਲੇ 30 ਦੇ ਕਰੀਬ ਖ਼ਾਤੇ ਖੋਲ੍ਹੇ ਗਏ ਹਨ ਅਤੇ ਹੋਰ ਖਾਤੇ ਖੋਲ੍ਹਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਖਪਤਕਾਰਾਂ ਦੇ ਜ਼ੀਰੋ ਬੈਲੇਂਸ ਵਾਲੇ ਖਾਤੇ ਖੋਲ੍ਹੇ ਗਏ ਹਨ, ਉਨ੍ਹਾਂ ਦਾ 20 ਰੁਪਏ ਦਾ ਬੀਮਾ ਵੀ ਨਾਲ ਕੀਤਾ ਜਾ ਰਿਹਾ ਹੈ, ਖਪਤਕਾਰ ਨਾਲ ਅਣਸੁਖਾਵੀਂ ਘਟਨਾ ਵਾਪਰਨ 'ਤੇ ਉਸ ਨੂੰ 2 ਲੱਖ ਰੁਪਏ ਦੀ ਬੀਮੇ ਰਾਹੀਂ ਆਰਥਿਕ ਤੌਰ 'ਤੇ ਮਦਦ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਖ਼ਾਤੇ 18 ਤੋਂ 70 ਸਾਲ ਦੀ ਉਮਰ ਤੱਕ ਵਾਲੇ ਲੋਕਾਂ ਦੇ ਖੋਲ੍ਹੇ ਜਾ ਰਹੇ ਹਨ ਅਤੇ ਭਾਰਤ ਵਿਚ ਪਹਿਲੀ ਵਾਰ ਅਟੱਲ ਪੈਨਸ਼ਨ ਯੋਜਨਾ ਗ੍ਰਹਿਣੀ ਦਾ ਲੋਕਾਂ ਨੂੰ ਲਾਭ ਮਿਲੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਨ ਧਨ ਯੋਜਨਾ ਦਾ ਲੋਕਾਂ ਨੂੰ ਲਾਭ ਲੈਣ ਲਈ ਬੈਂਕ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਪਿੰਡ ਦੇ ਸਰਪੰਚ ਅਸ਼ੋਕ ਕੁਮਾਰ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ

# ਸੈਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਵਿਖੇ ਬਾਡੀ ਬਿਲਡਿੰਗ ਮੁਕਾਬਲੇ ਅੱਜ




ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਤੇ ਖੇਡਾਂ ਵੱਲ ਧਿਆਨ ਦੇਣ ਲਈ ਹਰ ਸਾਲ ਉਪਰਾਲਾ ਕਰਦੇ ਆ ਰਹੇ ਹਨ ਸਰਸਵਤੀ ਹੈਲਥ ਕਲੱਬ ਦੇ ਸੰਚਾਲਕ ਵਰਿੰਦਰ ਸੂਰੀ। ਇਸ ਮੌਕੇ ਵਰਿੰਦਰ ਸੂਰੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਐਤਵਾਰ ਨੂੰ ਸੈਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਵਿਖੇ ਨੌਜਵਾਨਾਂ ਵਿੱਚ ਬਾਡੀ ਬਿਲਡਿੰਗ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਵਿੱਚ ਮੁੱਖ ਮਹਿਮਾਨ ਜੰਡਿਆਲਾ ਗੁਰੂ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਅਤੇ ਹਲਕਾ ਬਾਬਾ ਬਾਕਲਾ ਵਿਧਾਇਕ ਦਲਬੀਰ ਸਿੰਘ ਟੌਂਗ ਤੇ ਸੈਂਟ ਸੋਲਜਰ ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਸੁਰਜੀਤ ਸਿੰਘ ਕੰਗ, ਵਰੁਣ ਸੋਨੀ, ਨਰਿੰਦਰ ਸੂਰੀ ਅਤੇ ਹੋਰ ਪਤਵੰਤੇ ਸੱਜਣ ਹੋਣਗੇ। ਇਸ ਮੁਕਾਬਲੇ ਵਿਚ ਵੱਖ-ਵੱਖ ਵਰਗਾਂ ਵਿਚ ਬਾਡੀ ਬਿਲਡਿੰਗ, ਬੈਂਚ ਪ੍ਰੈੱਸ ਡੈੱਡ ਲਿਫਟਿੰਗ ਤੋਂ ਇਲਾਵਾ ਕੁੜੀਆਂ ਦੇ ਬੈਂਚ ਪ੍ਰੈੱਸ ਅਤੇ ਡੈੱਡ ਲਿਫਟਿੰਗ ਮੁਕਾਬਲੇ ਵੱਖਰੀ ਖਿੱਚ ਦਾ ਕੇਂਦਰ ਹੋਣਗੇ। ਵਰਿੰਦਰ ਸੂਰੀ ਨੇ ਹੋਰ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਨੌਜਵਾਨਾਂ ਨੂੰ ਨਕਦ ਇਨਾਮ ਦੇ ਨਾਲ-ਨਾਲ ਟਰਾਫੀਆਂ ਅਤੇ ਸਰਟੀਫਿਕੇਟ ਵੀ ਦਿੱਤੇ ਜਾਣਗੇ। ਇਸ ਤੋਂ ਪਹਿਲਾਂ ਪੰਦਰਾਂ ਵਾਰ ਇਹੋ ਜਿਹੇ ਮੁਕਾਬਲੇ ਕਰਵਾਏ ਗਏ ਹਨ।

ਇਸ ਮੁਕਾਬਲੇ ਵਿੱਚ ਨੈਸ਼ਨਲ ਚੈਂਪੀਅਨ ਲਈ ਭਾਰਤ ਦੇ ਸਾਰੇ ਪ੍ਰਾਂਤਾਂ ਤੋਂ ਖਿਡਾਰੀ ਭਾਗ ਲੈਣ ਲਈ ਆ ਰਹੇ ਹਨ। ਇਸ ਮੁਕਾਬਲੇ ਨੂੰ ਲੈ ਕੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਇਨਵੈਸਟੀਚਰ ਸਮਾਰੋਹ ਕਰਵਾਇਆ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਅਸੈਂਬਲੀ ਹਾਲ ਵਿੱਚ ਇਨਵੈਸਟੀਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੌਰਾਨ ਸਕੂਲ ਦੇ ਅਧਿਆਪਕਾਂ ਨੇ ਪਹਿਲਾਂ ਚੁਣੇ ਹੋਏ ਵਿਦਿਆਰਥੀਆਂ ਵਿਚੋਂ ਕਿਸੇ ਇੱਕ ਨੂੰ ਆਪਣੀ ਵੋਟ ਦੇ ਕੇ ਚੁਣਿਆ ਅਤੇ ਬੱਚਿਆਂ ਨੇ ਪੜ੍ਹਾਈ, ਖੇਡਾਂ, ਅਨੁਸ਼ਾਸਨ ਦੇ ਅਧਾਰ ਤੇ ਬੱਚਿਆਂ ਨੂੰ ਚੁਣਨ ਦੀ ਅਪੀਲ ਕੀਤੀ ਅਤੇ ਨਾਲ ਹੀ ਸਕੂਲ ਪ੍ਰਤੀ ਆਪਣੇ ਏਜੰਡੇ ਨੂੰ ਦੱਸਿਆ। ਵੋਟਿੰਗ ਨਿਰਪੱਖ ਰੂਪ ਵਿੱਚ ਕੀਤੀ ਗਈ।

ਵੋਟਾਂ ਦੀ ਗਿਣਤੀ ਦੇ ਅਧਾਰ ਤੇ ਹੀ ਬੱਚਿਆਂ ਦੀ ਸਭਾ ਬਣਾਈ ਗਈ। ਸਭਾ ਵਿੱਚ ਓਦੇ ਸਿੰਘ (ਹੈੱਡ ਬੁਆਏ), ਪੁਨੀਤ ਕੌਰ (ਹੈੱਡ ਗਰਲ), ਅਭਿਰਾਜ ਸਿੰਘ, ਖੁਸ਼ਪ੍ਰੀਤ ਕੌਰ, ਰਣਦੀਪ ਸਿੰਘ, ਹਰਲੀਨ ਕੌਰ (ਹਾਊਸ ਕਪਤਾਨ), ਅਨਮੋਲਦੀਪ, ਹਰਨੂਰ ਦੀਪ, ਪ੍ਰਿੰਸਦੀਪ, ਅੰਸ਼ਦੀਪ ਕੌਰ ਨੂੰ (ਉਪ ਕਪਤਾਨ), ਅੰਮ੍ਰਿਤ ਕੂਲਰ (ਸਪੋਰਟਸ ਕਪਤਾਨ) ਮਹਿਕਦੀਪ ਕੌਰ (ਸਪੋਰਟਸ ਉਪ ਕਪਤਾਨ) ਬਣਾਇਆ ਗਿਆ।

ਇਸ ਮੌਕੇ ਸਕੂਲ ਦੇ ਚੇਅਰਮੈਨ ਗੁਰਵੰਤ ਸਿੰਘ, ਡਾਇਰੈਕਟਰ ਕੁਲਦੀਪ ਸਿੰਘ ਨੇ ਬੈਜ ਲਗਾ ਕੇ ਸਨਮਾਨ ਚਿੰਨ੍ਹਾਂ ਨਾਲ ਜੇਤੂਆਂ ਦਾ ਸਨਮਾਨ ਕੀਤਾ। ਇਸ ਤੋਂ ਬਾਅਦ ਕੌਂਸਲ ਦੇ ਮੈਂਬਰਾਂ ਨੇ ਸਹੁੰ-ਚੁੱਕ ਰਸਮ ਦੀ ਅਦਾਇਗੀ ਕੀਤੀ ਅਤੇ ਪੂਰੇ ਮਨ ਨਾਲ ਬੱਚਿਆਂ ਅਤੇ ਸਕੂਲ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਪ੍ਰਣ ਕੀਤਾ।

# ਸ਼ਰਨਜੀਤ ਸਿੰਘ ਭੋਜੀਆਂ ਨੂੰ ਸਰਬਸੰਮਤੀ ਨਾਲ ਆੜ੍ਹਤੀਆ ਐਸੋਸੀਏਸ਼ਨ ਝਬਾਲ ਦਾ ਪ੍ਰਧਾਨ ਚੁਣਿਆ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਦਾਣਾ ਮੰਡੀ ਝਬਾਲ ਵਿਖੇ ਆੜ੍ਹਤੀਆ ਐਸੋਸੀਏਸ਼ਨ ਅਨਾਜ ਮੰਡੀ ਝਬਾਲ ਦੇ ਪ੍ਰਧਾਨ ਤਸਬੀਰ ਸਿੰਘ ਔਲਖ ਠੱਠੀ ਦੀ ਪ੍ਰਧਾਨਗੀ ਹੇਠ ਸਮੂੰਹ ਆੜ੍ਹਤੀਆ ਵੀਰਾਂ ਦੀ ਅਹਿਮ ਮੀਟਿੰਗ ਹੋਈ ਜਿਸ ਵਿੱਚ ਪ੍ਰਧਾਨ ਤਸਬੀਰ ਸਿੰਘ ਤੇ ਸਮੂੰਹ ਆੜ੍ਹਤੀਆ ਵੀਰਾਂ ਦੀ ਸਰਬਸੰਮਤੀ ਨਾਲ ਨਾਮਵਰ ਤੇ ਪ੍ਰਸਿੱਧ ਉਦਯੋਗਪਤੀ ਆੜ੍ਹਤੀ ਸ਼ਰਨਜੀਤ ਸਿੰਘ ਭੋਜੀਆਂ ਨੂੰ ਆੜ੍ਹਤੀਆ ਐਸੋਸੀਏਸ਼ਨ ਮੰਡੀ ਝਬਾਲ ਦਾ ਪ੍ਰਧਾਨ ਚੁਣ ਲਿਆ ਗਿਆ ਜਦਕਿ ਵਾਇਸ ਪ੍ਰਧਾਨ ਤੇਜਿੰਦਰ ਸਿੰਘ ਵਿੱਕੀ ਕੋਟ ਸਿਵੀਆ (ਸਰਪੰਚ) ਤੇ ਸੈਕਟਰੀ ਗੁਰਸੇਵਕ ਸਿੰਘ ਦਿਉਲ ਕੋਟ ਸਿਵੀਆ, ਮੈਂਬਰ ਗੁਰਜੀਤ ਸਿੰਘ ਝਬਾਲ, ਸੁਖਰਾਜ ਸਿੰਘ ਝਬਾਲ, ਰਣਜੀਤ ਸਿੰਘ ਰਾਣਾ ਭੋਜੀਆਂ ਆਦਿ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਤਸਬੀਰ ਸਿੰਘ ਠੱਠੀ, ਸਾਬਕਾ ਮੀਤ ਪ੍ਰਧਾਨ ਬਲਕਾਰ ਸਿੰਘ ਸੰਧੂ ਬੁਰਜ, ਸਾਬਕਾ ਪ੍ਰਧਾਨ ਗੁਰਪ੍ਰੀਤ ਸਿੰਘ ਭੋਜੀਆਂ, ਸਵਰਨ ਸਿੰਘ ਬੀਐਸ ਰਾਈਸ ਮਿਲਜ਼, ਸੈਂਡੀ ਨਿਊ ਮਾਝਾ ਰਾਈਸ ਮਿਲਜ਼, ਹਰਜੀਤ ਸਿੰਘ ਮਿਰੋਆ ਰਾਈਸ ਮਿਲਜ਼, ਤਨਵੀਰਿੰਦਰ ਸਿੰਘ ਸੋਨੂੰ ਚਮਕੌਰ ਰਾਈਸ ਮਿਲਜ਼, ਮਿਲਖਾ ਸਿੰਘ ਮੱਝੂਪੁਰ ਸਰਪੰਚ, ਅੰਗਰੇਜ ਸਿੰਘ ਜਗਤਪੁਰਾ, ਸੁਖਵੰਤ ਸਿੰਘ ਸੁੱਖ ਠੱਠੀ, ਨਾਮੇ ਸ਼ਾਹ, ਸ਼ਾਮ ਸਿੰਘ ਕੋਟ ਸਾਬਕਾ ਸਰਪੰਚ, ਗੁਰਚਰਨ ਸਿੰਘ ਪੰਜਵੜ, ਬੂਟਾ ਸਿੰਘ ਪੰਜਵੜ,ਹਰਦੀਪ ਸਿੰਘ ਪੰਜਵੜ, ਸੁਖਦੇਵ ਸਿੰਘ ਸੋਹਲ,ਅਰਮਾਨ ਸਿੰਘ,ਲਖਬੀਰ ਸਿੰਘ ਬਿੱਟੂ ਭੋਜੀਆ,ਹਰੀਸ਼ ਕੁਮਾਰ ਲਾਲੀ ਨੰਦਾ, ਸੰਜੀਵ ਸੂਦ, ਗੁਰਦਿਆਲ ਸਿੰਘ, ਜਸਬੀਰ ਸਿੰਘ ਔਲਖ, ਕਰਨ ਠੱਠੀ, ਡਾ. ਨਰਿੰਦਰ ਸਿੰਘ ਠੱਠਗੜ੍ਹ, ਗੁਰਦੇਵ ਸਿੰਘ ਸੋਨਾ ਪੰਜਵੜ, ਦਿਲਬਾਗ ਸਿੰਘ ਬਾਗਾ ਚੱਕੀ ਵਾਲਾ, ਮੁਖਤਾਰ ਸਿੰਘ ਝਾਮਕਾ, ਟੋਨੀ ਸੋਹਲ, ਸਤਿੰਦਰਪਾਲ ਸਿੰਘ ਸੋਹਲ, ਸੁਖਰਾਜ ਸਿੰਘ ਬਘਿਆੜੀ, ਮਨਜੀਤ ਸਿੰਘ ਭੋਜੀਆਂ, ਪਾਇਲਟ ਪੰਡੋਰੀ ਅਤੇ ਅੰਗਰੇਜ਼ ਸਿੰਘ ਭੁੱਚਰ ਆਦਿ ਵੀ ਮੌਜੂਦ ਸਨ।

# ਡੀਏਵੀ ਸਕੂਲ 'ਚ ਮਨਾਇਆ ਬੁੱਧ ਪੂਰਨਿਮਾ ਦਾ ਤਿਉਹਾਰ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ 'ਬੁੱਧ ਪੂਰਨਿਮਾ' ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਾਤਮਾ ਬੁੱਧ ਦਾ ਜਨਮ ਲੁੰਬਣੀ (ਨੇਪਾਲ) ਵਿਖੇ ਹੋਇਆ। ਸ਼ੁਰੂ ਤੋਂ ਹੀ ਉਨ੍ਹਾਂ ਦਾ ਮਨ ਸੰਸਾਰਿਕ ਸੁੱਖਾਂ ਤੋਂ ਉਚਾਟ ਸੀ। ਜਨਮ, ਜਵਾਨੀ, ਬੁਢਾਪਾ, ਮੌਤ ਅਤੇ ਸੰਨਿਆਸ ਜਿਹੇ ਦ੍ਰਿਸ਼ ਦੇਖ ਕੇ ਉਹ ਸਾਰੇ ਸੁੱਖ ਤਿਆਗ ਕੇ ਗਿਆਨ ਦੀ ਪ੍ਰਾਪਤੀ ਲਈ ਨਿਕਲ ਪਏ। 6 ਸਾਲ ਦੀ ਕਠੋਰ ਤਪੱਸਿਆ ਤੋਂ ਬਾਅਦ ਬਿਹਾਰ ਦੇ ਗਯਾ ਸਥਾਨ 'ਤੇ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ ਤੇ ਉਹ ਸਿਧਾਰਥ ਤੋਂ ਮਹਾਤਮਾ ਬੁੱਧ ਦੇ ਨਾਂ ਨਾਲ ਪ੍ਰਸਿੱਧ ਹੋਏ। ਵਿਸਾਖ ਦੀ ਪੂਰਨਮਾਸ਼ੀ ਦਾ ਮਹਾਤਮਾ ਬੁੱਧ ਦੇ ਜੀਵਨ ਵਿੱਚ ਬਹੁਤ ਮਹੱਤਵ ਹੈ। ਉਨ੍ਹਾਂ ਦਾ ਜਨਮ, ਗਿਆਨ ਦੀ ਪ੍ਰਾਪਤੀ ਅਤੇ ਮੋਕਸ਼ ਵਿਸਾਖ ਦੀ ਪੂਰਨਮਾਸ਼ੀ ਨੂੰ ਹੀ ਮਿਲਿਆ ਸੀ। ਮਹਾਤਮਾ ਬੁੱਧ ਨੂੰ ਵਿਸ਼ਨੂੰ ਦੇ ਨੌਵੇਂ ਅਵਤਾਰ ਮੰਨਿਆ ਜਾਂਦਾ ਹੈ। ਇਸ ਲਈ ਹਿੰਦੂ ਧਰਮ ਵਿੱਚ ਵੀ ਇਹ ਦਿਨ ਖਾਸ ਮਹੱਤਵ ਰੱਖਦਾ ਹੈ। ਇਸ ਪਾਵਨ ਮੌਕੇ ਬੱਚਿਆਂ ਦੁਆਰਾ ਗੀਤ ਪੇਸ਼ ਕੀਤੇ ਗਏ। ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਮਹਾਤਮਾ ਬੁੱਧ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਬੱਚਿਆਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈਕੰ: ਪਬਲਿਕ ਸਕੂਲ, ਝਬਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਸ਼ੁੱਭ ਅਵਸਰ ਤੇ ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਕੇ ਹਰ-ਜਸ ਕੀਰਤਨ ਦਾ ਅਨੰਦ ਮਾਣਿਆ ਗਿਆ। ਇਸ ਮੌਕੇ ਮੈਡਮ ਅਮਨੀਤ ਕੌਰ ਨੇ ਬੱਚਿਆਂ ਨੂੰ ਗੁਰੂ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਗੁਣਾਂ ਤੋਂ ਜਾਣੂ ਕਰਵਾਉਂਦਿਆਂ ਉਨ੍ਹਾਂ ਦੁਆਰਾ ਪਾਏ ਗਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਲੱਖ-ਲੱਖ ਵਧਾਈ ਦਿੰਦਿਆਂ ਉਨ੍ਹਾਂ ਵੱਲੋਂ ਪਾਏ ਹੋਏ ਪੂਰਨਿਆਂ ਅਤੇ ਸਿੱਖਿਆਵਾਂ 'ਤੇ ਚਲਣ ਲਈ ਪ੍ਰੇਰਿਤ ਕੀਤਾ ।

# ਅਰਵਿੰਦਰਪਾਲ ਸਿੰਘ ਭਾਟੀਆ ਸੀ ਕੇ ਡੀ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਅਰਵਿੰਦਰਪਾਲ ਸਿੰਘ ਭਾਟੀਆ ਨੂੰ ਸੀਕੇਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ ਕੀਤਾ ਗਿਆ। ਗੁਰੂ ਘਰ ਨਾਲ ਜੁੜੇ ਅਤੇ ਉਸਾਰੂ ਪ੍ਰਬੰਧਕ ਨੀਤਿਆਂ ਦੇ ਮਾਲਕ ਅਰਵਿੰਦਰਪਾਲ ਸਿੰਘ ਭਾਟੀਆ ਲੋਕ ਸੇਵਾ ਦੇ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ ਅਤੇ ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਵੱਲੋਂ ਅਰਵਿੰਦਰਪਾਲ ਸਿੰਘ ਭਾਟੀਆ ਨੂੰ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਗੁਰੂ ਦੀ ਬਖ਼ਸ਼ਿਸ਼ ਸਿਰੋਪਾਓ ਪਾ ਕੇ ਕਾਲਜ ਦੇ ਮੈਂਬਰ ਇੰਚਾਰਜ ਵਜੋਂ ਸੇਵਾ ਸੌਂਪੀ ਗਈ ਅਤੇ ਆਸ ਪ੍ਰਗਟਾਈ ਗਈ ਕਿ ਅਰਵਿੰਦਰਪਾਲ ਸਿੰਘ ਭਾਟੀਆ ਆਪਣੇ ਸਹਿਯੋਗੀ ਕਾਲਜ ਮੈਂਬਰਜ਼ ਇੰਚਾਰਜ ਡਾ. ਤਰਵਿੰਦਰ ਸਿੰਘ ਚਾਹਲ, ਉਮਰਾਓ ਸਿੰਘ ਢਿੱਲੋਂ ਅਤੇ ਡਾ. ਸੁਖਬੀਰ ਕੌਰ ਮਾਹਲ ਦੇ ਮਿਲਵਰਤਨ ਅਤੇ ਸਹਿਯੋਗ ਨਾਲ ਪੂਰੀ ਇਮਾਨਦਾਰੀ ਅਤੇ ਸਮਰਪਣ ਭਾਵ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਇਸ ਮੌਕੇ ਕਾਲਜ ਪ੍ਰਿੰਸੀਪਲ ਰਾਜੀਵ ਮਹਾਜਨ ਅਤੇ ਕਾਲਜ ਸਟਾਫ ਵੱਲੋਂ ਨਵੇਂ ਮੈਂਬਰ ਇੰਚਾਰਜ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਡਾ. ਤਰਵਿੰਦਰ ਸਿੰਘ ਚਾਹਲ, ਡਾਇਰੈਕਟਰ ਓਪਰੇਸ਼ਨ ਡਾ. ਏ. ਪੀ. ਐਸ. ਚਾਵਲਾ, ਪ੍ਰਿੰ. ਰਾਜੀਵ ਮਹਾਜਨ ਅਤੇ ਸਮੂਹ ਕਾਲਜ ਸਟਾਫ਼ ਹਾਜ਼ਰ ਸੀ।

# ਚੇਅਰਮੈਨ ਬਹਿਲ ਨੇ ਅਰਬਨ ਕਮਿਊਨਿਟੀ ਹੈਲਥ ਸੈਂਟਰ ਗੁਰਦਾਸਪੁਰ ਦਾ ਰੱਖਿਆ ਨੀਂਹ ਪੱਥਰ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਗੁਰਦਾਸਪੁਰ ਵਾਸੀਆਂ ਦੀ ਅਹਿਮ ਮੰਗ ਨੂੰ ਪੂਰਾ ਕਰਦੇ ਹੋਏ ਅੱਜ ਪੁਰਾਣੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ 30 ਬਿਸਤਰਿਆਂ ਦੇ ਅਰਬਨ ਕਮਿਊਨਿਟੀ ਸੈਂਟਰ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਸ ਪ੍ਰੋਜੈਕਟ ਉਪਰ ਪੰਜਾਬ ਸਰਕਾਰ ਵੱਲੋਂ 2.38 ਕਰੋੜ ਰੁਪਏ ਖਰਚ ਕੀਤੇ ਜਾਣਗੇ। ਨੀਂਹ ਪੱਥਰ ਰੱਖਣ ਮੌਕੇ ਚੇਅਰਮੈਨ ਬਹਿਲ ਨੇ ਕਿਹਾ ਕਿ ਇਸ ਹਸਪਤਾਲ ਨੂੰ 30 ਬੈਡੱਡ ਅਰਬਨ ਕਮਿਊਨਿਟੀ ਹੈਲਥ ਸੈਂਟਰ ਦੇ ਸ਼ੁਰੂ ਹੋਣ ਨਾਲ ਏਥੇ 24 ਘੰਟੇ ਐਮਰਜੈਂਸੀ ਸੇਵਾਵਾਂ ਮਿਲਣਗੀਆਂ ਅਤੇ ਇਥੇ ਗਾਇਨੀ ਸਮੇਤ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਤਾਇਨਾਤ ਕੀਤੇ ਜਾਣਗੇ। ਬਹਿਲ ਨੇ ਮੁੱਖ ਮੰਤਰੀ ਮਾਨ, ਸਿਹਤ ਮੰਤਰੀ ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਗੁਰਦਾਸਪੁਰ ਵਾਸੀਆਂ ਦੀ ਇਸ ਜਾਇਜ਼ ਮੰਗ ਨੂੰ ਪੂਰਾ ਕਰਕੇ ਵੱਡੀ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਗੁਰਦਾਸਪੁਰ ਵਾਸੀਆਂ ਨੂੰ ਪੁਰਾਣੇ ਹਸਪਤਾਲ ਤੋਂ ਫਿਰ ਤੋਂ ਸਿਹਤ ਸਹੂਲਤਾਂ ਮਿਲਣੀਆਂ ਸ਼ੁਰੂ ਹੋ ਜਾਣਗੀਆਂ। ਇਸ ਮੌਕੇ ਸਿਵਲ ਸਰਜਨ ਡਾ. ਹਰਭਜਨ ਰਾਮ, ਡਾ. ਤਜਿੰਦਰ ਕੌਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਪ੍ਰਭਜੋਤ ਕੌਰ ਕਲਸੀ, ਡਾ. ਭਾਰਤ ਭੂਸ਼ਨ, ਡਾ. ਅਰਵਿੰਦ ਕੁਮਾਰ, ਡਾ. ਰੋਮੀ ਰਾਜਾ, ਡਾ. ਅੰਕੁਰ ਕੌਸ਼ਲ, ਨੀਰਜ ਸਲੋਹਤਰਾ ਤੋਂ ਇਲਾਵਾ ਹੋਰ ਮੋਹਤਬਰ ਵੀ ਹਾਜ਼ਰ ਸਨ।

# ਲੱਖਾਂ ਦੀ ਸਕਰੈਪ ਚੋਰੀ, ਦੋ ਸ਼ੱਕੀ ਪੁਲਸ ਹਿਰਾਸਤ 'ਚ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਬੀਤੀ ਰਾਤ ਚੋਰਾਂ ਨੇ ਪਿੱਤਲ ਅਤੇ ਤਾਂਬੇ ਦੇ ਸਕਰੈਪ ਦੀ ਦੁਕਾਨ ਦੇ ਤਾਲੇ ਤੋੜ ਕੇ ਲੱਖਾਂ ਰੁਪਏ ਦੀ ਸਕਰੈਪ ਚੋਰੀ ਕਰ ਲਈ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਪ੍ਰੀਤ ਸਿੰਘ ਪੁੱਤਰ ਝਿਰਮਲ ਸਿੰਘ ਵਾਸੀ ਗਲੀ ਕਸ਼ਮੀਰੀਆਂ ਜੰਡਿਆਲਾ ਗੁਰੂ ਨੇ ਦੱਸਿਆ ਕਿ ਵੀਰਵਾਰ ਨੂੰ ਉਹ ਪਿੱਤਲ ਅਤੇ ਤਾਂਬੇ ਦੀ ਕਬਾੜ (ਸਕਰੈਪ) ਦੁਕਾਨ 'ਤੇ ਛੱਡ ਕੇ ਘਰ ਚਲਾ ਗਿਆ। ਕੱਲ੍ਹ ਸਵੇਰੇ ਕਰੀਬ ਸਾਢੇ 10 ਵਜੇ ਜਦੋਂ ਉਸ ਨੇ ਦੁਕਾਨ ਖੋਲ੍ਹੀ ਤਾਂ ਸਾਰੀ ਦੁਕਾਨ ਵਿੱਚ ਹਫੜਾ-ਦਫੜੀ ਮੱਚੀ ਹੋਈ ਸੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਦੁਕਾਨ 'ਚੋਂ ਕਰੀਬ 400 ਕਿਲੋ ਪਿੱਤਲ ਅਤੇ ਤਾਂਬੇ ਦਾ ਚੂਰਾ ਗਾਇਬ ਸੀ ਜਿਸ ਦੀ ਕੀਮਤ ਕਰੀਬ ਢਾਈ ਲੱਖ ਰੁਪਏ ਹੈ। ਗੁਰਪ੍ਰੀਤ ਸਿੰਘ ਵੱਲੋਂ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਦੁਕਾਨ ਦੇ ਨੇੜੇ ਰਹਿੰਦੇ ਗੋਪੀ ਪੁੱਤਰ ਮੇਜਰ ਸਿੰਘ ਅਤੇ ਆਸ਼ੂ ਪੁੱਤਰ ਮੇਜਰ ਸਿੰਘ 'ਤੇ ਪਹਿਲਾਂ ਵੀ ਚੋਰੀ ਦੀਆਂ ਵਾਰਦਾਤਾਂ ਕਰਨ ਦੇ ਦੋਸ਼ ਲਾਏ ਹਨ। ਪੁਲਸ ਥਾਣਾ ਜੰਡਿਆਲਾ ਗੁਰੂ ਨੇ ਸ਼ਿਕਾਇਤ ਦੇ ਆਧਾਰ 'ਤੇ ਦੋ ਸ਼ੱਕੀ ਲੜਕਿਆਂ ਨੂੰ ਕਾਬੂ ਕੀਤਾ ਹੈ ਜਿਨ੍ਹਾਂ ਨੇ ਜੁਰਮ ਕਬੂਲ ਕਰ ਲਿਆ ਹੈ। ਥਾਣਾ ਜੰਡਿਆਲਾ ਗੁਰੂ ਦੇ ਮੁੱਖ ਅਫਸਰ ਨੇ ਦੱਸਿਆ ਕਿ ਅਜੇ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਚੋਰਾਂ ਕੋਲੋਂ ਸਕਰੈਪ ਬਰਾਮਦਗੀ ਸਬੰਧੀ ਪੁੱਛਗਿੱਛ ਜਾਰੀ ਹੈ ਜਿਸ ਤੋਂ ਬਾਅਦ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪਿਛਲੇ ਸਾਲ ਦੇ ਮੁਕਾਬਲੇ ਕਣਕ ਦੇ ਝਾੜ 'ਚ 7 ਫੀਸਦੀ ਵਾਧਾ ਦਰਜ: ਡਾ. ਗਿੱਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕਣਕ ਦਾ ਸੀਜ਼ਨ ਲਗਭਗ ਖਤਮ ਹੋਣ ਕਿਨਾਰੇ ਹੈ ਅਤੇ ਇਸ ਵਾਰ ਕਣਕ ਦੇ ਝਾੜ ਵਿਚ ਵੀ ਵੱਡਾ ਵਾਧਾ ਹੋਣ ਕਾਰਨ ਕਿਸਾਨਾਂ ਦੇ ਚਿਹਰੇ ਉਤੇ ਰੌਣਕ ਪਰਤੀ ਹੈ। ਮੁੱਖ ਖੇਤੀਬਾੜੀ ਅਧਿਕਾਰੀ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਕੀਤੇ ਗਏ ਨਵੇਂ ਤਜਰਬਿਆਂ ਸਦਕਾ ਇਸ ਵਾਰ ਕਣਕ ਦੇ ਝਾੜ ਵਿਚ 7 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ ਬੜੇ ਲੰਮੇ ਅਰਸੇ ਬਾਅਦ ਅਜਿਹਾ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਸਾਲ 2022 ਦੌਰਾਨ ਕਣਕ ਦਾ ਔਸਤ ਝਾੜ 44.74 ਕੁਇੰਟਲ ਪ੍ਰਤੀ ਹੈਕਟਰ ਰਿਹਾ ਸੀ, ਜਦਕਿ ਇਸ ਵਾਰ 47.78 ਕੁਇੰਟਲ ਝਾੜ ਔਸਤਨ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਵੱਡਾ ਕਾਰਨ ਕਣਕ ਬੀਜਣ ਤੋਂ ਪਹਿਲਾਂ ਪਰਾਲੀ ਨੂੰ ਅੱਗ ਨਾ ਲਗਾਉਣਾ ਵੀ ਹੈ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਅਸੀਂ ਕਿਸਾਨਾਂ ਨੂੰ ਨਵੇਂ ਖੇਤੀ ਸੰਦ ਬਹੁਤ ਵੱਡੀ ਸਬਸਿਡੀ ਉਤੇ ਦੇ ਕੇ ਪਰਾਲੀ ਨੂੰ ਖੇਤ ਵਿਚ ਵਾਹੁਣ ਲਈ ਕਾਮਯਾਬ ਹੋ ਸਕੇ।


G20 | ਉੱਤਰ ਰੇਲਵੇ | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਟੈਂਡਰ ਸੂਚਨਾ**

ਉਪ ਮੁੱਖ ਇੰਜੀਨੀਅਰ/ਨਿਰਮਾਣ-ਦੂਸਰੀ/ ਉੱਤਰ ਰੇਲਵੇ ਬਨਿਹਾਲ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਵਨ-ਪੈਕੇਟ ਪ੍ਰਣਾਲੀ ਦੇ ਤਹਿਤ ਖੁਲੀ ਈ-ਟੈਂਡਰਾਂ ਮੰਗ ਕਰਦੇ ਹਨ:-

| 1 | ਕੰਮ ਦਾ ਨਾਮ | ਅਨੁਮਾਨਿਤ ਲਾਗਤ | ਬਿਆਨਾ ਰਾਸ਼ੀ | ਕੰਮ ਦੀ ਸਮਾਨ ਪ੍ਰਕ੍ਰਿਤੀ / ਪੂਰਾ ਹੋਣ ਦਾ ਸਮਾਂ |
|---|---|---|---|---|
| | ਬਾਰਾਮੂਲਾ-ਬਨਿਹਾਲ ਖੰਡ (135.5 ਕਿਮੀ) ਦੇ ਦੋਹਰੀ-ਕਰਣ ਦੇ ਲਈ ਆਖਰੀ ਜਗ੍ਹਾਂ ਸਰਵੇਖਣ (ਐਫਐਲਐਸ) | ₹ 3,22,46,352/- | ₹ 3,11,300/- | ਏਰਿਯਲ ਸਰਵੇ (ਏਰਿਯਲ ਫੋਟੋਗ੍ਰਾਮਮੇਟ੍ਰਿਕ ਸਰਵੇ ਜਾਂ ਏਰਿਯਲ ਲਿਡਾਰ) ਅਤੇ ਡੀਜੀਪੀਐਸ (ਡਿਫਰੇਂਸ਼ਿਯਲ ਗਲੋਬਲ ਪੋਜਿਸ਼ਨਿੰਗ ਸਿਸਟਮ) ਜੈਸੀ ਆਧੁਨਿਕ ਸਰਵੇਖਸ਼ਣ ਤਕਨੀਕਾਂ ਦਾ ਉਪਯੋਗ ਕਰ ਕੇ ਰੇਲਵੇ ਲਾਇਨ / ਸੜਕ ਦਾ ਇੰਜੀਨੀਅਰਿੰਗ ਸਰਵੇਖਸ਼ਣ ਕੰਮ ਲੇਵਲਿੰਗ ਅਤੇ ਡੀਈਐਮ ਦਾ ਨਿਰਮਾਣ / 03 (ਤਿੰਨ) ਮਹੀਨੇ। |
| | ਟੈਂਡਰ ਦਸਤਾਵੇਜ ਦੀ ਲਾਗਤ (ਈ-ਟੈਂਡਰ ਦੇ ਮਾਮਲੇ ਵਿਚ ਸਿਫ਼ਰ | | | ਸਿਫ਼ਰ |
| 2 | ਟੈਂਡਰ ਅਪਲੋਡ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 11.30 ਵਜੇ ਤਕ 01.06.2023 ਨੂੰ | | |
| 3 | ਟੈਂਡਰ ਖੁਲਣ ਦੀ ਮਿਤੀ | 11.30 ਵਜੇ 01.06.2023 ਨੂੰ | | |
| 4 | ਆਫਰ ਦੀ ਵੈਧਤਾ | ਟੈਂਡਰ ਖੁਲਣ ਦੀ ਮਿਤੀ ਤੋਂ 60 ਦਿਨ | | |
| 5 | ਪ੍ਰਸਤਾਵ ਪੇਸ਼ ਕਰਨ ਦੇ ਲਈ ਰੇਲਵੇ ਦੀ ਵੇਬਸਾਈਟ ਉਤੇ ਟੈਂਡਰ ਦਸਤਾਵੇਜ ਦੀ ਉਪਲਬਧਤਾ | 17.05.2023 ਤੋਂ 01.06.2023 ਤਕ ਟੈਂਡਰ ਦਸਤਾਵੇਜ ਆਈਆਰਈਪੀਐਸ www.ireps.gov.in ਉਤੇ ਉਪਲਬਧ ਹੋਣਗੇ। | | |

ਈ-ਟੈਂਡਰ ਸੂਚਨਾ / ਟੈਂਡਰ ਦਸਤਾਵੇਜ www.ireps.gov.in ਟੈਂਡਰ ਪੱਤਰਾਂ ਦੀ ਵਿਕਰੀ ਦੀ ਮਿਤੀ ਤੋਂ ਉਤੇ ਉਪਲਬਧ ਹੋਵੇਗਾ।

ਟੈਂਡਰ ਸੂਚਨਾ ਲੜੀ DCE/C-II/BAHL/W-1/ ਦੋਹਰੀਕਰਣ Dt.06.05.2023 1378/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਦੇ ਸਮਾਗਮ ਪੰਥਕ ਜਾਹੋ-ਜਲਾਲ ਨਾਲ ਸੰਪੰਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅਠਾਰ੍ਹਵੀਂ ਸਦੀ ਦੇ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਇਹ ਸਮਾਗਮ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਇਆ, ਜਿਸ ਵਿਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਭਰਵੀਂ ਗਿਣਤੀ 'ਚ ਸੰਗਤ ਨੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਪੰਥ ਦੇ ਵੱਡੇ ਨਾਇਕ ਸਨ, ਜਿਨ੍ਹਾਂ ਨੇ ਪੰਥ ਪ੍ਰਤੀ ਸਮਰਪਣ ਦੀ ਮਿਸਾਲ ਕਾਇਮ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਹਮੇਸ਼ਾ ਹੀ ਹੱਕ, ਸੱਚ ਦੀ ਪਹਿਰੇਦਾਰ ਰਹੀ ਹੈ ਅਤੇ ਪੁਰਾਤਨ ਸਿੱਖ ਯੋਧਿਆਂ ਦਾ ਜੀਵਨ ਅਗਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਵੀ ਹੈ। ਉਨ੍ਹਾਂ ਜਿਥੇ ਸਮਾਗਮ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ, ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਦੀ ਸਮੁੱਚੇ ਖਾਲਸਾ ਪੰਥ ਨੂੰ ਵਧਾਈ ਵੀ ਦਿੱਤੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੰਬੋਧਨ ਕਿਹਾ ਕਿ ਅੱਜ ਕਈ ਤਾਕਤਾਂ ਸਿੱਖ ਸ਼ਕਤੀ ਨੂੰ ਵੰਡਣ ਲਈ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦਾ ਟਾਕਰਾ ਕਰਨ ਲਈ ਪੰਥ ਦੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਸਮੇਂ ਦੀ ਵੱਡੀ ਲੋੜ ਹੈ।

ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ, ਤਰਨ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਤੇ ਮਨਜੀਤ ਸਿੰਘ ਜੀਕੇ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਢਾਡੀ, ਕਵੀਸ਼ਰ ਜਥਿਆਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਣ ਨੂੰ ਵਾਰਾਂ ਰਾਹੀਂ ਪੇਸ਼ ਕੀਤਾ।

ਸਵੇਰੇ ਬੁੰਗਾ ਰਾਮਗੜ੍ਹੀਆ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਬੁੰਗੇ ਦੀ ਲੋੜੀਂਦੀ ਸਾਂਭ-ਸੰਭਾਲ ਅਤੇ ਨਵੀਨੀਕਰਨ ਦੀ ਸੇਵਾ ਉਪਰੰਤ ਇਸ ਦਾ ਰਸਮੀ ਤੌਰ 'ਤੇ ਉਦਘਾਟਨ ਵੀ ਕੀਤਾ ਗਿਆ। ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਬਹੁਭਾਸ਼ਾਈ ਕਿਤਾਬਚੇ ਵੀ ਜਾਰੀ ਕੀਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਬੁੰਗਾ ਰਾਮਗੜ੍ਹੀਆ ਵਿਖੇ ਲਗਾਈ ਗਈ ਚਿੱਤਰ ਪ੍ਰਦਰਸ਼ਨੀ ਵੀ ਸੰਗਤ ਲਈ ਖਿੱਚ ਦਾ ਕੇਂਦਰ ਰਹੀ। ਸਮਾਗਮਾਂ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਬਾਬਾ ਸੁਖਦੇਵ ਸਿੰਘ, ਸੀਨੀਅਰ ਅਕਾਲੀ ਆਗੂ ਜਥੇਦਾਰ ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖਾਲਸਾ, ਸ਼ੇਰ ਸਿੰਘ ਮੰਡਵਾਲਾ, ਮਲਕੀਤ ਸਿੰਘ ਚੰਗਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਕੇਵਲ ਸਿੰਘ ਬਾਦਲ, ਗੁਰਬਖ਼ਸ਼ ਸਿੰਘ ਖਾਲਸਾ, ਸਰਵਣ ਸਿੰਘ ਕੁਲਾਰ, ਸਤਪਾਲ ਸਿੰਘ ਤਲਵੰਡੀ ਭਾਈ, ਗੁਰਿੰਦਰ ਸਿੰਘ ਮਠਾਰੂ, ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਕਰਨੈਲ ਸਿੰਘ ਪੀਰਮੁਹੰਮਦ, ਬੀਬੀ ਜੋਗਿੰਦਰ ਕੌਰ, ਬੀਬੀ ਰਣਜੀਤ ਕੌਰ ਦਿੱਲੀ, ਸਤਨਾਮ ਸਿੰਘ ਖੀਵਾ, ਆਲ ਇੰਡੀਆ ਫੈਡਰੇਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਰਿਆੜ, ਦਲ ਬਿਧੀਚੰਦ ਸੁਰਸਿੰਘ ਵੱਲੋਂ ਬਾਬਾ ਪ੍ਰੇਮ ਸਿੰਘ, ਬਾਬਾ ਜੋਗਾ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀਵਾਲੇ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਤਰਲੋਕ ਸਿੰਘ ਖਿਆਲੇ ਵਾਲੇ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ, ਬਾਬਾ ਬਲਵਿੰਦਰ ਸਿੰਘ ਚੌਂਕ ਮਹਿਤਾ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਸੁਖਪਾਲ ਸਿੰਘ ਮਾਲਵਾ, ਬਾਬਾ ਹਰਜਿੰਦਰ ਸਿੰਘ ਮੁਕਤਸਰ ਵਾਲੇ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਜੱਸਾ ਸਿੰਘ, ਬਾਬਾ ਰਘਬੀਰ ਸਿੰਘ, ਬਾਬਾ ਹਰਦੇਵ ਸਿੰਘ, ਬਾਬਾ ਤੇਜਾ ਸਿੰਘ ਐਮਏ, ਬਾਬਾ ਰਾਮ ਸਿੰਘ ਰਸ਼ੀਆਨਾਪੁਰ, ਸਿੱਖ ਵਿਦਵਾਨ ਸ. ਤਲਵਿੰਦਰ ਸਿੰਘ ਬੁੱਟਰ, ਕਿਰਪਾਲ ਸਿੰਘ ਮਰਵਾਹਾ, ਜਸਵਿੰਦਰ ਸਿੰਘ ਨਾਗੀ, ਸੋਹਣ ਸਿੰਘ ਸ਼ੀਤਾ, ਕੁਲਵੰਤ ਸਿੰਘ ਬੱਲ, ਬਲਜੀਤ ਸਿੰਘ ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਡਾ. ਜਗਦੀਪ ਕੌਰ, ਜਸਵਿੰਦਰ ਸਿੰਘ ਰਿਆਤ ਪ੍ਰਧਾਨ ਸਿੱਖ ਬੰਧੂ ਵੈਲਫੇਅਰ ਟਰੱਸਟ ਦਿੱਲੀ, ਮਲਕੀਤ ਸਿੰਘ ਦਿੱਲੀ, ਅਮਰਜੀਤ ਸਿੰਘ ਕਿਸ਼ਨਪੁਰਾ, ਸਤਨਾਮ ਸਿੰਘ ਵਿਰਦੀ, ਮਾਸਟਰ ਪ੍ਰਵੀਨ ਸਿੰਘ ਬਟਾਲਾ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ. ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਸ. ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਸਿਮਰਜੀਤ ਸਿੰਘ, ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ, ਗੁਰਦਿਆਲ ਸਿੰਘ, ਗੁਰਚਰਨ ਸਿੰਘ ਕੁਹਾਲਾ, ਕੁਲਦੀਪ ਸਿੰਘ ਰੋਡੇ, ਪ੍ਰੋ. ਸੁਖਦੇਵ ਸਿੰਘ, ਜਸਵਿੰਦਰ ਸਿੰਘ ਜੱਸੀ, ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ, ਬਲਵਿੰਦਰ ਸਿੰਘ ਜੌੜਾਸਿੰਘਾ, ਜਗਜੀਤ ਸਿੰਘ ਜੱਗੀ, ਓਐਸਡੀ ਜਤਿੰਦਰਪਾਲ ਸਿੰਘ, ਸੁਖਜਿੰਦਰ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਰਾਜਿੰਦਰ ਸਿੰਘ ਰੂਬੀ ਅਟਾਰੀ, ਮੈਨੇਜਰ ਸੁਖਰਾਜ ਸਿੰਘ, ਬਘੇਲ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

# ਨਿਰਵਾਣੂ ਕੁਟੀਆ ਵਿਖੇ ਬੁੱਧ ਜੈਅੰਤੀ ਮੌਕੇ ਧਾਰਮਕ ਸਮਾਗਮ ਕਰਵਾਇਆ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**- ਨਿਰਵਾਣੂ ਕੁਟੀਆ ਮਾਹਿਲਪੁਰ ਵਿਖੇ ਬੁੱਧ ਜੈਅੰਤੀ ਦੇ ਸਬੰਧ ਵਿੱਚ ਧਾਰਮਿਕ ਸਮਾਗਮ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾ ਬੁੱਧ ਵੰਦਨਾ ਅਤੇ ਸਮੂਹਕ ਤੌਰ 'ਤੇ ਧਿਆਨ ਸਾਧਨਾ ਕਰਕੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਇਸ ਤੋਂ ਬਾਅਦ ਸੰਤ ਬਾਬਾ ਪਵਨ ਕੁਮਾਰ ਤਾਜੇਵਾਲ ਵੱਲੋਂ ਕਥਾ ਕੀਰਤਨ ਕਰਦਿਆਂ ਤਥਾਗਤ ਭਗਵਾਨ ਬੁੱਧ ਅਤੇ ਹੋਰ ਬੁੱਧ ਮਹਾਂਪੁਰਸ਼ਾਂ ਦਾ ਸੰਦੇਸ਼ ਸੰਗਤਾਂ ਨਾਲ ਸਾਂਝਾ ਕੀਤਾ ਗਿਆ ਤੇ ਭਗਵਾਨ ਬੁੱਧ ਦੇ ਜਨਮ ਦਿਨ ਦਾ ਕੇਕ ਕੱਟਿਆ ਗਿਆ। ਇਸ ਮੌਕੇ ਸੰਤ ਬਾਬਾ ਜਗਦੀਸਵਰਾਂ ਨੰਦ ਲਲਵਾਣ, ਸੰਤ ਬਲਵੀਰ ਸਿੰਘ ਲੰਗੇਰੀ ਪ੍ਰਧਾਨ ਸੰਤ ਬਾਬਾ ਜਵਾਲਾ ਸਿੰਘ ਚੈਰੀਟੇਬਲ ਸੁਸਾਇਟੀ, ਸੰਤ ਹਰਮੇਲ ਹੁਸ਼ਿਆਰਪੁਰ, ਥਾਣੇਦਾਰ ਸੁਖਦੇਵ ਸਿੰਘ ,ਕਮਲਜੀਤ ਕੌਰ ਇੰਗਲੈਂਡ ਸਾਬਕਾ ਸਰਪੰਚ ਮਹਿੰਮਦੋਵਾਲ, ਤਲਵਿੰਦਰ ਸਿੰਘ ਨੰਗਲ ਖਿਡਾਰੀਆਂ ਕਿਸਾਨ ਆਗੂ, ਸੋਮਨਾਥ ਬੰਗੜ ਸੀਨੀਅਰ ਆਗੂ ਆਮ ਆਦਮੀ ਪਾਰਟੀ, ਸੋਹਣ ਲਾਲ ਸੂੰਨੀ ਬਸਪਾ ਆਗੂ ਅਤੇ ਅੰਬੇਡਕਰ ਵਿਚਾਰਧਾਰਾ ਦੇ ਵਿਦਵਾਨ, ਕਾਮਰੇਡ ਸਾਧੂ ਸਿੰਘ ਪੱਟੀ ਤਹਿਸੀਲ ਸਕੱਤਰ ਸੀ. ਪੀ. ਆਈ., ਕਾਮਰੇਡ ਬਲਜੀਤ ਕੁਮਾਰ, ਮਹਾਤਮਾ ਮਨਦੀਪ, ਸੁਆਮੀ ਰਾਜਿੰਦਰ ਰਾਣਾ, ਤਰਸੇਮ ਕੌਰ, ਬਲਵਿੰਦਰ ਕੌਰ, ਫੂਲਾ ਸਿੰਘ ਬੀਰਮਪੁਰ ਮੁੱਖ ਸੰਪਾਦਕ ਅਦਾਰਾ ਸ਼ਿਵਾਲਿਕ ਨਿਊਜ਼, ਪ੍ਰਿੰਸੀਪਲ ਸਰਬਜੀਤ ਸਿੰਘ, ਸੌਰਵ ਜੱਸਲ, ਪ੍ਰੋਫੈਸਰ ਨਵਪ੍ਰੀਤ ਕੌਰ, ਜਸਵਿੰਦਰ ਹਕੂਮਤਪੁਰ, ਅੰਮ੍ਰਿਤਪਾਲ ਸਿੰਘ ਲੰਗੇਰੀ, ਗੁਰਮੇਲ ਸਿੰਘ ਮੁੱਗੋਵਾਲ, ਪ੍ਰੀਤਮ ਕੌਰ, ਸੁਨੀਤਾ, ਜੈਸਮੀਨ,ਦੀਆ, ਧਰਮ ਸਿੰਘ ਪਰਧਾਨ ਡਾਕਟਰ ਅੰਬੇਡਕਰ ਵੈਲਫੇਅਰ ਸੁਸਾਇਟੀ, ਮਦਨ ਸਿੰਘ, ਮਹਿੰਦਰ ਕੌਰ ਪੰਚ, ਜਸਵਿੰਦਰ ਕੌਰ ਦੋਹਲਰੋ, ਹਰਦੀਪ ਕੌਰ ਦੀਪੀ, ਅਦਾਰਾ ਸ਼ਿਵਾਲਿਕ ਨਿਊਜ਼ ਦੇ ਸਮੂੰਹ ਪੱਤਰਕਾਰ ਅਤੇ ਸਨਮਾਨ ਯੋਗ ਸ਼ਖਸੀਅਤਾਂ ਹਾਜਰ ਸਨ। ਇਸ ਮੌਕੇ 108 ਸੰਤ ਬਾਬਾ ਜਵਾਲਾ ਸਿੰਘ ਚੈਰੀਟੇਬਲ ਸੁਸਾਇਟੀ ਵੱਲੋਂ ਹੁਸ਼ਿਆਰਪੁਰ ਅਤੇ ਹੋਰ ਬੱਚਿਆਂ ਨੂੰ ਵਰਦੀਆਂ ਅਤੇ ਸਟੇਸ਼ਨਰੀ ਦਾ ਸਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਦੀਪ ਕੁਮਾਰ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਤਥਾਗਤ ਭਗਵਾਨ ਬੁੱਧ ਵੱਲੋਂ ਦਰਸਾਏ ਮਾਰਗ ਤੇ ਚਲਦੇ ਹੋਏ ਸਭਨਾਂ ਨਾਲ ਪ੍ਰੇਮ ਪਿਆਰ ਕਰਨਾ ਚਾਹੀਦਾ ਹੈ ਅਤੇ ਪ੍ਰਕਿਰਤੀ ਦੇ ਸੱਚ ਨੂੰ ਜਾਨਣ ਲਈ ਰੋਜਾਨਾ ਧਿਆਨ ਸਾਧਨਾ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਮਹਾਨ ਫਿਲਾਸਫਰ ਕਾਰਲ ਮਾਰਕਸ ਅਤੇ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲੀਏ ਦੀ ਸਮਾਜ ਨੂੰ ਦਿੱਤੀ ਦੇਣ ਤੇ ਵੀ ਵਿਚਾਰ ਚਰਚਾ ਕੀਤੀ ਗਈ।

## ਅੱਜ ਜਲੰਧਰ 'ਚ ਕੀਤੇ ਜਾ ਰਹੇ ਝੰਡਾ ਮਾਰਚ 'ਚ ਗੌਰਮਿੰਟ ਟੀਚਰਜ਼ ਯੂਨੀਅਨ ਕਰੇਗੀ ਭਰਵੀਂ ਸ਼ਮੂਲੀਅਤ

**ਫਿਲੌਰ (ਬੀ ਐਸ ਕੈਨੇਡੀ)**-ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਜਲੰਧਰ ਲੋਕ ਸਭਾ ਹਲਕੇ ਦੀ ਹੋ ਰਹੀ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੋਧੀ ਚਿਹਰਾ ਨੰਗਾ ਕਰਨ ਲਈ 23 ਅਪ੍ਰੈਲ ਨੂੰ ਆਦਮਪੁਰ, 30 ਅਪ੍ਰੈਲ ਨੂੰ ਨਕੋਦਰ ਵਿੱਚ ਝੰਡਾ ਮਾਰਚ ਕੀਤਾ ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕਣ ਕਰਕੇ ਤੇ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਾਉਣ ਲਈ 7 ਮਈ ਨੂੰ ਜਲੰਧਰ ਸ਼ਹਿਰ ਦੇ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਕੀਤੇ ਜਾ ਰਹੇ ਵਿਸ਼ਾਲ ਝੰਡਾ ਮਾਰਚ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਭਰਵੀਂ ਸਮੂਲੀਅਤ ਕਰੇਗੀ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸੰਬੰਧੀ ਧਾਰੀ ਚੁੱਪੀ ਨੂੰ ਤੋੜਨ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿਰੋਧੀ ਨੀਤੀਆਂ ਨੂੰ ਲੋਕਾਂ ਵਿੱਚ ਲਿਜਾਣ ਲਈ ਜਲੰਧਰ ਲੋਕ ਸਭਾ ਚੋਣ ਨੂੰ ਮੁੱਖ ਰੱਖ ਕੇ ਜਲੰਧਰ ਲੋਕ ਸਭਾ ਹਲਕੇ ਵਿੱਚ ਸੱਤ ਮਈ ਨੂੰ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਝੰਡਾ ਮਾਰਚ ਕੀਤਾ ਜਾ ਰਿਹਾ ਹੈ। ਆਗੂਆਂ ਨੇ ਅੱਗੇ ਕਿਹਾ ਕਿ ਮੌਜੂਦਾ ਲੋਕ ਹਿਤੈਸ਼ੀ ਕਹਾਉਣ ਵਾਲੀ ਰਾਜ ਕਰ ਰਹੀ ਸਰਕਾਰ ਦਾ ਕੰਮ ਕਰਨ ਦਾ ਢੰਗ ਤਰੀਕਾ ਵੀ ਦੂਜੀਆਂ ਸਰਕਾਰਾਂ ਵਾਂਗ ਹੀ ਹੈ। ਮੁੱਖ ਮੰਤਰੀ ਜਥੇਬੰਦੀਆਂ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਗੱਲਬਾਤ ਕਰਨ ਤੋਂ ਲਗਾਤਾਰ ਭੱਜ ਰਿਹਾ ਹੈ। ਸਰਕਾਰ ਬਣਨ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣ, ਬੰਦ ਕੀਤੇ ਭੱਤਿਆਂ ਨੂੰ ਬਹਾਲ ਕਰਵਾਉਣ, ਪੇਅ ਕਮਿਸ਼ਨ ਵਿੱਚ ਪੈਨਸ਼ਨਰ ਅਤੇ ਮੁਲਾਜ਼ਮ ਪੱਖੀ ਸੋਧਾਂ ਕਰਵਾਉਣ ਆਦਿ ਮੰਗਾਂ ਜਿਉਂ ਦੀ ਤਿਉਂ ਖੜ੍ਹੀਆਂ ਹਨ। ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਗਤਕੇ ਦੀ ਦਿੱਤੀ ਜਾ ਰਹੀ ਹੈ ਮੁਫਤ ਸਿਖਲਾਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੁੱਖਲਿਆਣਾ ਵਿਖੇ ਸੰਤ ਬਾਬਾ ਵੀਰ ਸਿੰਘ ਨੌਰੰਗਾਬਾਦ ਗੱਤਕਾ ਅਖਾੜਾ ਮੁੱਖਲਿਆਣਾ ਵੱਲੋਂ ਹਰ ਰੋਜ ਬੱਚਿਆਂ ਨੂੰ ਮੁਫਤ ਗੱਤਕਾ ਦੀ ਸਿਖਲਾਈ ਕੋਚ ਤਲਵਿੰਦਰ ਕੌਰ ਦਿੱਤੀ ਜਾ ਰਹੀ ਹੈ। ਜਥੇਦਾਰ ਬਾਬਾ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਆਪਣੀ ਰੱਖਿਆ ਲਈ ਸ਼ਸ਼ਤਰ ਵਿਦਿਆ ਲੈਣੀ ਅਤੀ ਜਰੂਰੀ ਹੈ। ਇਥੇ ਪਿਛਲੇ ਕਾਫੀ ਸਾਲਾਂ ਤੋਂ ਹਰ ਰੋਜ ਬੱਚਿਆਂ ਨੂੰ ਮੁਫਤ ਗਤਕਾ ਸਿਖਲਾਈ ਦਿੱਤੀ ਜਾਂਦੀ ਹੈ। ਇਸ ਮੌਕੇ ਕੋਚ ਤਲਵਿੰਦਰ ਕੌਰ, ਜਗਦੀਪ ਸਿੰਘ ਕੋਚ, ਅਮੋਲਪ੍ਰੀਤ ਸਿੰਘ ਕੋਚ, ਹਰਮਨਪ੍ਰੀਤ ਸਿੰਘ, ਹਰਜੋਤ ਸਿੰਘ, ਅਰਜਨ ਸਿੰਘ ਮਨਵੀ, ਜਸਕਰਨ ਸਿੰਘ ਪੰਡੋਰੀ ਕੱਦ, ਅਕਾਸ਼ਦੀਪ ਸਿੰਘ ਪੰਡੋਰੀ ਕੱਦ, ਗਰਨੀਲ ਕੌਰ ਪੰਡੋਰੀ ਕੱਦ , ਮਨਦੀਪ ਸਿੰਘ ਪੰਡੋਰੀ ਕੱਦ, ਰਾਜਦੀਪ ਕੌਰ ਪੰਡੋਰੀ ਕੱਦ, ਜਸਪ੍ਰੀਤ ਕੌਰ, ਅਮਨਪ੍ਰੀਤ ਕੌਰ ਮੁੱਖਲਿਆਣਾ, ਗੁਰਵੀਰ ਸਿੰਘ ਆਦਿ ਹਾਜਰ ਸਨ।

## ਸੁਸ਼ੀਲ ਰਿੰਕੂ ਨੇ ਜਲੰਧਰ ਦੇ 'ਇੰਡੀਆ ਸਪੋਰਟਸ ਗੁਡਜ਼ ਐਕਸਪੋ' 'ਚ ਲਿਆ ਹਿੱਸਾ



**ਜਲੰਧਰ**, -ਜਲੰਧਰ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਸ਼ੁੱਕਰਵਾਰ ਨੂੰ ਜਲੰਧਰ ਵਿਖੇ 'ਇੰਡੀਆ ਸਪੋਰਟਸ ਗੁਡਜ਼ ਐਕਸਪੋ' ਦੇ ਦੂਜੇ ਦਿਨ ਪ੍ਰਦਰਸ਼ਨੀ 'ਚ ਹਿੱਸਾ ਲਿਆ ਅਤੇ ਸਪੋਰਟਸ ਗੁਡਜ਼ ਦੇ ਕਾਰੋਬਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾ ਇਸ ਸਮਾਗਮ ਲਈ ਜਲੰਧਰ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਤੋਂ ਆਏ ਸਪੋਰਟਸ ਗੁਡਜ਼ ਦੇ ਕਾਰੋਬਾਰੀਆਂ ਅਤੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਹਾਡੇ ਉਪਰਾਲੇ ਬੇਮਿਸਾਲ ਹਨ। ਅਜਿਹੇ ਯਤਨਾਂ ਨਾਲ ਪੰਜਾਬ ਦੇ ਖਿਡਾਰੀਆਂ ਦਾ ਹੌਸਲਾ ਉੱਚਾ ਹੋਵੇਗਾ ਅਤੇ ਸਪੋਰਟਸ ਗੁਡਜ਼ ਇੰਡਸਟਰੀ ਨੂੰ ਵੀ ਬਹੁਤ ਲਾਭ ਹੋਵੇਗਾ। ਪ੍ਰਦਰਸ਼ਨੀ ਵਿੱਚ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਸੁਸ਼ੀਲ ਰਿੰਕੂ ਨੇ ਕਿਹਾ ਕਿ ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ 'ਇੰਡੀਆ ਸਪੋਰਟਸ ਗੁਡਜ਼ ਐਕਸਪੋ' ਆਉਣ ਦਾ ਮੌਕਾ ਮਿਲਿਆ। ਉਨ੍ਹਾ ਆਪਣੇ ਖੇਡਣ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ "ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਮੁੜ ਖੇਡਣ ਲਈ ਪ੍ਰੇਰਿਤ ਕੀਤਾ"। ਰਿੰਕੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਖਿਡਾਰੀਆਂ ਦੇ ਹਿੱਤ ਵਿੱਚ ਲਗਾਤਾਰ ਇਤਿਹਾਸਕ ਫੈਸਲੇ ਲੈ ਰਹੇ ਹਨ। ਮੈਨੂੰ ਪੂਰਾ ਭਰੋਸਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇਸ਼ ਦੀ ਸਪੋਰਟਸ ਕੈਪੀਟਲ ਬਣੇਗਾ ਅਤੇ ਜਲੰਧਰ ਦੇਸ਼ ਦੀ ਸਪੋਰਟਸ ਗੁਡਜ਼ ਕੈਪੀਟਲ ਬਣੇਗਾ।

# ਬਹੁਜਨ ਦ੍ਰਾਵਿੜ ਪਾਰਟੀ ਦੇ ਕੌਮੀ ਪ੍ਰਧਾਨ ਨੇ ਤੀਰਥ ਸਿੰਘ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਮਹਿਤਪੁਰ (ਰਾਜਾ)** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਬਹੁਜਨ ਦ੍ਰਾਵਿੜ ਪਾਰਟੀ ਨੇ ਤੀਰਥ ਸਿੰਘ ਨੂੰ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਐਲਾਨਿਆ ਹੈ ਜਿਸ ਤਹਿਤ ਬਹੁਜਨ ਦ੍ਰਾਵਿੜ ਪਾਰਟੀ ਦੇ ਕੌਮੀ ਪ੍ਰਧਾਨ ਐਡਵੋਕੇਟ ਜੀਵਨ ਸਿੰਘ ਨੇ ਮਹਿਤਪੁਰ ਵਿੱਚ ਉਮੀਦਵਾਰ ਤੀਰਥ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਮੌਕੇ ਉਨ੍ਹਾ ਕਿਹਾ ਕਿ ਸਾਡੀ ਪਾਰਟੀ ਨੇ ਤੀਰਥ ਸਿੰਘ ਨੂੰ ਟਿਕਟ ਦੇ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਵਿੱਚ ਨਿਵਾਜਿਆ ਹੈ ਜੋ ਲੰਮਾ ਸਮਾਂ ਸਾਹਿਬ ਕਾਂਸ਼ੀ ਰਾਮ ਨਾਲ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠਾ ਕੰਮ ਵੀ ਕੀਤਾ ਹੈ। ਉਨ੍ਹਾ ਇਹ ਵੀ ਕਿਹਾ ਕਿ ਸੋਚੀ ਸਮਝੀ ਸਾਜਿਸ਼ ਤਹਿਤ ਪੰਜਾਬ ਦੇ ਭਵਿੱਖ ਯਾਨੀ ਨੌਜਵਾਨ ਪੀੜ੍ਹੀ ਨੂੰ ਅੱਜ ਮਾਰੂ ਨਸ਼ਿਆ ਵੱਲ ਧੱਕਿਆ ਜਾ ਰਿਹਾ ਹੈ । ਜਿਹੜੇ ਬੱਚੇ ਸ਼ਾਸਕਾਂ ਦੀਆਂ ਮਾਰੂ ਨੀਤੀਆਂ ਖਿਲਾਫ ਸੰਘਰਸ਼ ਕਰਦੇ ਹਨ ਉਨ੍ਹਾਂ ਨੂੰ ਮਾਰਿਆ ਕੁੱਟਿਆ ਜਾਦਾ ਹੈ ਅਤੇ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਦੇ ਭਵਿਖ ਨਾਲ ਖਿਲਵਾੜ ਕੀਤਾ ਜਾਦਾ ਹੈ । ਪੰਜਾਬ ਨੂੰ ਫਿਰ 1984 ਵਰਗੀ ਨਸਲਕੁਸੀ ਜਿਹਾ ਮਹੌਲ ਵੱਲ ਧੱਕਿਆ ਜਾ ਰਿਹਾ ਹੈ । ਦੂਸਰੇ ਪਾਸੇ ਬਹੁਜਨ ਦ੍ਰਾਵਿੜ ਪਾਰਟੀ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਸੰਘਰਸ਼ ਕਰਕੇ ਗੁਰੂਆਂ, ਮਹਾਪੁਰਖਾਂ ਦੀ ਸੋਚ ਦਾ ਦੇਸ਼ ਵਿੱਚ ਬੇਗਮਪੁਰਾ ਰਾਜ ਦੀ ਸਥਾਪਨਾ ਕਰਨ ਲਈ ਆਸਵੰਦ ਹੈ । ਉਨ੍ਹਾਂ ਜਲੰਧਰ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ 10 ਮਈ ਨੂੰ ਚੋਣ ਨਿਸ਼ਾਨ ਜੁੱਤਾ ਨੂੰ ਵੋਟ ਪਾ ਕੇ ਤੀਰਥ ਸਿੰਘ ਨੂੰ ਕਾਮਯਾਬ ਬਣਾਉ ਅਤੇ ਗੁਰੂਆਂ-ਭਗਤਾਂ ਅਤੇ ਮਹਾਪੁਰਖਾਂ ਦੇ ਬੇਗਮਪੁਰਾ ਭਾਰਤ ਮਿਸ਼ਨ ਵਿੱਚ ਸਹਿਯੋਗ ਪਾਓ ।

## ਅਮਰੀਕਾ 'ਚ ਇੱਕ ਹੋਰ ਪੰਜਾਬੀ ਨੌਜਵਾਨ ਦਾ ਗੋਲੀ ਮਾਰ ਕੇ ਕਤਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਪਿੰਡ ਜਲਾਲ ਭੁਲਾਣਾ ਦੇ ਇਕ ਨੌਜਵਾਨ ਦੀ ਅਮਰੀਕਾ 'ਚ ਗੈਸ ਸਟੇਸ਼ਨ ਦੇ ਸਟੋਰ 'ਤੇ ਕੰਮ ਕਰਦੇ ਸਮੇਂ ਲੁਟੇਰਿਆਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਤੋਂ ਬਾਅਦ ਪੂਰੇ ਪਿੰਡ ਦੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਪਰਵਾਰ ਅਨੁਸਾਰ 30 ਸਾਲਾਂ ਦਾ ਨਵਜੋਤ ਸਿੰਘ ਅਜੇ ਕੁਆਰਾ ਸੀ ਅਤੇ ਲੰਬੇ ਸਮੇਂ ਤੋਂ ਵਿਦੇਸ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਪਿਛਲੇ ਸਾਲ ਹੀ ਉਹ ਅਮਰੀਕਾ ਪੁੱਜਾ ਸੀ। ਉਹ ਵਾਸ਼ਿੰਗਟਨ ਸਟੇਟ ਦੇ ਵੈਨਕੂਵਰ ਸ਼ਹਿਰ 'ਚ ਇਕ ਗੈਸ ਸਟੇਸ਼ਨ ਦੇ ਸਟੋਰ 'ਤੇ ਕੰਮ ਕਰ ਰਿਹਾ ਸੀ। ਲੁਟੇਰਿਆਂ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੰਦਿਆਂ ਉਸ ਨੂੰ ਗੋਲੀ ਮਾਰ ਦਿੱਤੀ। ਪੀੜਤ ਪਰਵਾਰ ਵੱਲੋਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਦੇ ਨਾਲ ਮੁਲਾਕਾਤ ਕਰਕੇ ਡੈੱਡ ਬੋਡੀ ਨੂੰ ਭਾਰਤ ਵਾਪਸ ਮੰਗਵਾਉਣ ਵਿੱਚ ਉਨ੍ਹਾਂ ਸਹਾਇਤਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਕੱਟੂ ਦੀ ਜਿੱਤ ਲਈ ਸਾਂਸਦ ਮਾਨ ਨੇ ਪਾਰਟੀ ਆਗੂਆਂ ਨਾਲ ਕੀਤੀਆਂ ਮੀਟਿੰਗਾਂ



**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਹਲਕਾ ਜਲੰਧਰ ਤੋਂ ਪਾਰਟੀ ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਆਦਮਪੁਰ ਹਲਕੇ ਅਧੀਨ ਆਉਂਦੇ ਵੱਖ-ਵੱਖ ਇਲਾਕਿਆਂ ਵਿੱਚ ਪਾਰਟੀ ਆਗੂਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਮੀਟਿੰਗ ਦੌਰਾਨ ਮਾਸਟਰ ਕੁਲਦੀਪ ਸਿੰਘ ਮਸੀਤੀ ਨੇ ਕਿਹਾ ਕਿ ਕਾਂਗਰਸ ਦੀਆਂ ਨੀਤੀਆਂ ਤੋਂ ਅੱਕੇ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ 'ਚ ਆਪਣਾ ਭਰੋਸਾ ਦਿਖਾਇਆ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਭਰੋਸੇ ਨੂੰ ਬਰਕਰਾਰ ਰੱਖਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਸੀ ਐੱਮ ਭਗਵੰਤ ਸਿੰਘ ਮਾਨ ਲੋਕਾਂ ਨਾਲ ਕੀਤੇ ਵਾਅਦੇ ਭੁੱਲ ਕੇ ਆਪਣੇ ਦਿੱਲੀ ਵਾਲੇ ਸਿਆਸੀ ਆਕਾਵਾਂ ਦੀ ਇੱਛਾ ਪੂਰਨ ਤੱਕ ਹੀ ਸੀਮਤ ਰਹਿ ਗਏ ਹਨ। ਵੋਟਾਂ ਤੋਂ ਪਹਿਲਾਂ ਹੋਰਨਾਂ ਪਾਰਟੀਆਂ ਦੇ ਕਾਰਜਕਾਲ ਦੌਰਾਨ ਲੱਗਣ ਵਾਲੇ ਧਰਨਿਆਂ 'ਤੇ ਤਿੱਖੇ ਵਿਅੰਗ ਕਰਕੇ ਲੋਕਾਂ ਦੀ ਵਾਹ-ਵਾਹੀ ਤੇ ਸਮਰਥਨ ਹਾਸਲ ਕਰਨ ਵਾਲੇ ਸੀ ਐੱਮ ਭਗਵੰਤ ਮਾਨ ਆਪਣੀ ਰਿਹਾਇਸ਼ ਅੱਗਿਓਂ ਧਰਨੇ ਖਤਮ ਕਰਨ ਵਿੱਚ ਅਸਮਰੱਥ ਹਨ। ਧਰਨਿਆ ਦੌਰਾਨ ਲਾਠੀਚਾਰਜਾਂ 'ਤੇ ਤੰਜ ਕੱਸਣ ਵਾਲੇ ਭਗਵੰਤ ਮਾਨ ਅੱਜ ਖੁਦ ਧਰਨਾਕਾਰੀਆਂ ਦੀ ਆਵਾਜ ਨੂੰ ਦਬਾਉਣ ਲਈ ਸਰਕਾਰੀ ਡੰਡੇ ਦਾ ਸਹਾਰਾ ਲੈ ਰਹੇ ਹਨ, ਜਦੋਂ ਕਿ ਕੋਈ ਵੀ ਵਾਅਦਾ ਪੂਰਾ ਹੁੰਦਾ ਨਾ ਦੇਖ ਪੰਜਾਬ ਦੇ ਲੋਕ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਵੱਖ-ਵੱਖ ਵਰਗਾਂ ਖਾਸ ਕਰਕੇ ਸਿੱਖ ਕੌਮ ਨਾਲ ਹੋਣ ਵਾਲੇ ਵਿਤਕਰੇ ਦੇ ਖਾਤਮੇ, ਹਲਕੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੀ ਜਿੱਤ ਯਕੀਨੀ ਬਣਾਈ ਜਾਵੇ ਤਾਂ ਜੋ ਵਾਅਦੇ ਕਰਕੇ ਮੁੱਕਰਨ ਵਾਲੀਆਂ ਬਾਦਲ ਦਲ, ਕਾਂਗਰਸ, 'ਆਪ' ਤੇ ਭਾਜਪਾ ਵਰਗੀਆਂ ਸਿਆਸੀ ਪਾਰਟੀਆਂ ਨੂੰ ਸਬਕ ਸਿਖਾਇਆ ਜਾ ਸਕੇ।

## ਸੀਨੀਅਰ ਮੈਡੀਕਲ ਅਫਸਰ ਨੇ ਮੀਟਿੰਗ ਦੌਰਾਨ ਹਾਈਪਰਟੈਨਸ਼ਨ, ਸ਼ੂਗਰ ਅਤੇ ਕੈਂਸਰ ਸਕਰੀਨਿੰਗ ਰਿਪੋਰਟਾਂ ਦੀ ਸਮੀਖਿਆ ਕੀਤੀ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਦੇ ਸਮੂਹ ਕਮਿਊਨਿਟੀ ਹੈਲਥ ਅਫਸਰਾਂ ਦੀ ਮੀਟਿੰਗ ਹੋਈ। ਇਸ ਮੌਕੇ ਡਾ.ਗੋਬਿੰਦ ਟੰਡਨ ਨੇ ਹਾਈਪਰਟੈਨਸ਼ਨ, ਸ਼ੂਗਰ ਅਤੇ ਕੈਂਸਰ ਸਕਰੀਨਿੰਗ ਰਿਪੋਰਟਾਂ ਦੀ ਸਮੀਖਿਆ ਕੀਤੀ। ਉਨ੍ਹਾ ਕਿਹਾ ਕਿ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਹਰ ਮਹੀਨੇ ਰਿਪੋਰਟਿੰਗ ਨਵੇਂ ਪ੍ਰਫਾਰਮੇ 'ਤੇ ਭੇਜਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਦਵਿੰਦਰ ਕੌਰ ਆਈ.ਸੀ.ਐਮ.ਆਰ ਰੂਪਨਗਰ ਵੱਲੋਂ ਰਾਜ ਪੱਧਰ ਤੋਂ ਪ੍ਰਾਪਤ ਨਵੇਂ ਰਿਪੋਰਟਿੰਗ ਪ੍ਰਫਾਰਮੇ ਸੰਬੰਧੀ ਟ੍ਰੇਨਿੰਗ ਦਿੱਤੀ ਗਈ। ਉਨ੍ਹਾ ਕਿਹਾ ਕਿ ਹਰ ਮਹੀਨੇ ਬਲਾਕ ਪੱਧਰ ਤੋਂ ਰਿਪੋਰਟ ਪਹਿਲੀ ਤਰੀਕ ਨੂੰ ਭੇਜੀ ਜਾਵੇ। ਉਨ੍ਹਾ ਸਮੂਹ ਸੀ.ਐਚ.ਓਜ਼ ਨੂੰ ਕਿਹਾ ਕਿ ਆਨਲਾਈਨ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਇੰਸੈਂਟਿਵ ਮਿਲ ਸਕੇ। ਇਸ ਮੌਕੇ ਅਮਰਜੀਤ ਸਿੰਘ ਅਕਾਊਂਟੈਂਟ ਹਰਵਿੰਦਰ ਸਿੰਘ ਬੀ.ਈ.ਈ, ਹਰਨਰਾਇਣ ਸਿੰਘ ਓਪਥੈਲਮਿਕ ਅਫਸਰ, ਅਵਤਾਰ ਸਿੰਘ ਫਾਰਮੇਸੀ ਅਫਸਰ, ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ, ਮੰਜੂ ਬੀ.ਐਸ.ਏ ਅਤੇ ਸਮੂਹ ਸੀ.ਐਚ.ਓਜ਼ ਹਾਜ਼ਰ ਸਨ।

## ਗੜ੍ਹੀ ਨੇ ਸੁੱਖੀ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )** -ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਪਿੰਡ ਭੁੰਦਿਆ,ਭੋਗਪੁਰ ਲਵਪ੍ਰੀਤ ਸਿੰਘ ਦੇ ਘਰ ਪੁੱਜੇ। ਉਨ੍ਹਾਂ ਨਾਲ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਨੇਤਾ ਗੁਰਲਾਲ ਸੈਲਾ, ਇੰਜੀਨੀਅਰ ਜਸਵੰਤ ਲਾਲ ,ਸੀਨੀਅਰ ਬਸਪਾ ਆਗੂ ਮਾਸਟਰ ਰਾਮ ਲੁਭਾਇਆ, ਸੀਨੀਅਰ ਨੇਤਾ ਸੁਖਦੇਵ ਬਿੱਟਾ,ਸੋਨੂੰ ਪ੍ਰਧਾਨ ਕੀਂਗਰਾ,ਕੁਲਵਿੰਦਰ ਸਿੰਘਪੁਰ,ਹਰਜਿੰਦਰ ਗੇਹਲਾਰਾਂ,ਅਨੂਪ ਕੁਮਾਰ,ਸਾਹਿਲ ਭੁੱਟਾ ਪੁੱਜੇ। ਪਿੰਡ ਭੁੰਦੀਆਂ ਦੀ ਗ੍ਰਾਮ ਪੰਚਾਇਤ ਸਰਪੰਚ ਰਾਕੇਸ਼ ਭੱਲਾ,ਪੰਚ ਸੁਰਿੰਦਰ ਕੌਰ, ਸੀਤਲ ਸਿੰਘ ,ਨੰਬਰਦਾਰ ਹਰਿੰਦਰ ਸਿੰਘ,ਲੱਡੂ ਚੌਕੀਦਾਰ,ਨਰਿੰਦਰ ਸਿੰਘ,ਡਾਕਟਰ ਦੀਪੂ ਅਤੇ ਹੋਰ ਸਮੂਹ ਨਗਰ ਨਿਵਾਸੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਗੜ੍ਹੀ ਨੇ ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਸੁੱਖੀ ਨੂੰ ਲੋਕ ਸਭਾ ਜਲੰਧਰ ਦੀ ਜ਼ਿਮਨੀ ਚੋਣ ਵਿਚ ਕਾਮਯਾਬ ਕਰਨ ਦੀ ਅਪੀਲ ਕੀਤੀ।



## ਜ਼ਿਮਨੀ ਚੋਣ 'ਚ ਨੋਟ ਕਿਸੇ ਪਾਰਟੀ ਨੂੰ ਵੀ ਪਾਓ, ਪਰ 'ਆਪ' ਨੂੰ ਸਬਕ ਸਿਖਾਓ : ਬਲਕੌਰ ਸਿੰਘ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਲੋਕ ਸਭਾ ਹਲਕਾ ਜਲੰਧਰ ਦੀ ਹੋ ਰਹੀ ਜਿਮਨੀ ਚੋਣ ਦੌਰਾਨ ਸਵ: ਪੰਜਾਬੀ ਗਾਇਕ ਸ਼ੁਭਦੀਪ ਸਿੰਘ 'ਸਿੱਧੂ ਮੂਸੇਵਾਲਾ' ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਮਾਤਾ ਚਰਨ ਕੌਰ ਨੇ ਲੋਹੀਆਂ ਖਾਸ ਦੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਵੱਡੀ ਗਿਣਤੀ ਵਿਚ ਇਕੱਠੇ ਹੋਏ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਕਮ ਧਿਰ ਵੱਲੋਂ ਸਕਿਓਰਟੀ ਲਿਸਟ ਲੀਕ ਕਰਨ ਦੀ ਅਣਗਹਿਲੀ ਕਾਰਨ ਉਨ੍ਹਾਂ ਨੂੰ ਆਪਣਾ ਪੁੱਤ ਗੁਆਉਣਾ ਪਿਆ ਹੈ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਵਿਚ ਵੋਟ ਕਿਸੇ ਪਾਰਟੀ ਨੂੰ ਵੀ ਪਾਓ, ਪਰ 'ਆਪ' ਨੂੰ ਸਬਕ ਸਿਖਾਓ। ਉਨ੍ਹਾਂ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਮੇਰੇ ਪੁੱਤਰ ਦੀ ਬਰਸੀ ਦਾ ਲਾਈਵ ਬੰਦ ਕੀਤਾ ਗਿਆ ਹੈ ਜਦਕਿ ਜੇਲ੍ਹਾਂ ਵਿਚ ਬੰਦ ਗੈਂਗਸਟਰਾਂ ਦੀਆਂ ਇੰਟਰਵਿਊ ਹੋ ਰਹੀਆਂ ਹਨ। ਉਨ੍ਹਾਂ ਨੇ ਪੰਜਾਬ ਦੇ ਕਈ ਮੰਤਰੀ 'ਤੇ ਦੋਸ਼ ਲਾਏ ਕਿ ਉਹ ਤਾਂ ਉਨ੍ਹਾਂ ਦੇ ਪੁੱਤਰ ਦੀ ਮੌਤ 'ਤੇ ਪ੍ਰੈੱਸ ਕਾਨਫਰੰਸਾਂ ਕਰਕੇ ਹਾਸੋਹੀਣੀਆਂ ਗੱਲਾਂ ਕਰਦੇ ਰਹੇ, ਜਿਨ੍ਹਾਂ ਨੂੰ ਸ਼ਾਇਦ ਪੁੱਤਰ ਦੀ ਅਰਥੀ ਨੂੰ ਮੋਢੇ 'ਤੇ ਢੋਹਣ ਦਾ ਦੁੱਖ ਨਹੀਂ ਪਤਾ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਲੋਹੀਆਂ ਦੀ ਕਮੇਟੀ ਤਰਫ਼ੋਂ ਡਾ. ਸਤਨਾਮ ਸਿੰਘ ਨੇ ਬਲਕੌਰ ਸਿੰਘ ਸਿੱਧੂ ਨੂੰ ਸਿਰੋਪਾਓ ਭੇਂਟ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ, ਜੋ 'ਆਪ ਸਰਕਾਰ' ਮੁਰਦਾਬਾਦ ਅਤੇ 'ਸਿੱਧੂ ਮੂਸੇਵਾਲਾ' ਅਮਰ ਰਹੇ ਦੇ ਨਾਹਰੇ ਲਗਾ ਰਹੇ ਸਨ।

## ਲੋਕ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰਾਂ ਦੇ ਹੱਕ ਵਿੱਚ ਫੈਸਲਾ ਦੇਣਗੇ : ਲੱਖੀ ਗਿਲਜੀਆਂ



**ਟਾਂਡਾ ਉੜਮੁੜ, ( ਉਂਕਾਰ ਸਿੰਘ ਜਸਵਿੰਦਰ ਸੰਧੂ )**- ਲੋਕ ਸਭਾ ਹਲਕਾ ਜਲੰਧਰ ਦੀ ਉੱਪ ਚੋਣ ਦੌਰਾਨ ਇਸ ਵਾਰ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਵਿਧਾਇਕ ਡਾ.ਸੁਖਵਿੰਦਰ ਕੁਮਾਰ ਸੁੱਖੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਕਮਿਸ਼ਨਰ ਲਖਵਿੰਦਰ ਸਿੰਘ ਲੱਖੀ ਨੇ ਚੋਣ ਪ੍ਰਚਾਰ ਗੱਲਬਾਤ ਦੌਰਾਨ ਕੀਤਾ। ਲੱਖੀ ਗਿਲਜੀਆਂ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਆਏ ਲੋਕ ਬਸਪਾ ਉਮੀਦਵਾਰ ਦੇ ਹੱਕ ਵਿੱਚ ਆਪਣਾ ਫੈਸਲਾ ਦੇਣਗੇ। ਇਸ ਮੌਕੇ ਉਨ੍ਹਾ ਹੋਰ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਜਿਥੇ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਲੜਖੜਾਈ ਹੋਈ ਹੈ ਉੱਥੇ ਹੀ ਸਰੇਆਮ ਹੋ ਰਹੀ ਕਤਲੋਗਾਰਤ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਉਨ੍ਹਾ ਹੋਰ ਕਿਹਾ ਕਿ ਅਕਾਲੀ ਬਸਪਾ ਉਮੀਦਵਾਰ ਦੇ ਹੱਕ ਵਿੱਚ ਹੋ ਰਹੀਆਂ ਮੀਟਿੰਗਾਂ ਅਤੇ ਰੈਲੀਆਂ ਇਸ ਗੱਲ ਦਾ ਸਬੂਤ ਹਨ ਕਿ ਲੋਕ ਇਸ ਵਾਰ ਡਾਕਟਰ ਸੁੱਖੀ ਨੂੰ ਵੱਡੇ ਫਰਕ ਨਾਲ ਜਿਤਾ ਕੇ ਮੈਂਬਰ ਪਾਰਲੀਮੈਂਟ ਬਣਾਉਣਗੇ। ਇਸ ਮੌਕੇ ਉਨ੍ਹਾ ਨਾਲ ਯੂਥ ਆਗੂ ਸਰਬਜੀਤ ਸਿੰਘ ਮੋਮੀ, ਲਖਵਿੰਦਰ ਸਿੰਘ ਰਿਆੜ,ਕੁਲਦੀਪ ਸਿੰਘ ਲਾਡੀ ਬੁੱਟਰ, ਗੁਪਤਾ ਇੱਟਾਂ ਵਾਲਾ, ਗੁਰਵਿੰਦਰ ਸਿੰਘ, ਰਵਿੰਦਰ ਸਿੰਘ ਕਠਾਣਾ, ਹਰਜੀਤ ਸਿੰਘ ਟਾਂਡਾ, ਰਾਮ ਸਰੂਪ ਆਦਿ ਵੀ ਮੌਜੂਦ ਸਨ।

## ਚੋਣ ਜ਼ਾਬਤਾ ਖਤਮ ਹੋਣ ਤੋਂ ਤੁਰੰਤ ਬਾਅਦ ਸ਼ੁਰੂ ਹੋਵੇਗਾ ਜਲੰਧਰ-ਹੁਸ਼ਿਆਰਪੁਰ-ਚਿੰਤਪੁਰਨੀ ਸੜਕ ਦਾ ਨਿਰਮਾਣ ਕਾਰਜ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਦੇ ਮਾਲ ਮੰਤਰੀ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਜਲੰਧਰ-ਹੁਸ਼ਿਆਰਪੁਰ-ਚਿੰਤਪੁਰਨੀ ਸੜਕ ਦਾ ਕੰਮ ਜਲੰਧਰ ਲੋਕ ਸਭਾ ਦੀ ਉਪ ਚੋਣ ਦੇ ਚਲਦਿਆਂ ਚੋਣ ਜ਼ਾਬਤੇ ਕਾਰਨ ਰੁਕਿਆ ਹੋਇਆ ਹੈ। ਉਨ੍ਹਾ ਕਿਹਾ ਕਿ ਜਿਵੇਂ ਹੀ ਚੋਣ ਜ਼ਾਬਤਾ ਖਤਮ ਹੋਵੇਗਾ, ਸੜਕ ਦਾ ਨਿਰਮਾਣ ਸ਼ੁਰੂ ਕਰਵਾ ਦਿੱਤਾ ਜਾਵੇਗਾ, ਕਿਉਂਕਿ ਸੜਕ ਨਿਰਮਾਣ ਸੰਬੰਧੀ ਪਹਿਲਾਂ ਹੀ ਟੈਂਡਰ ਲੱਗ ਚੁੱਕੇ ਹਨ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਦੀ ਰੋਕ ਕਾਰਨ ਸੜਕ ਦਾ ਨਿਰਮਾਣ ਕਾਰਜ ਰੋਕਿਆ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਸੜਕ ਨਿਰਮਾਣ ਕਾਰਜ ਸ਼ੁਰੂ ਕਰਨ ਸੰਬੰਧੀ ਆਗਿਆ ਮੰਗੀ ਗਈ ਸੀ, ਪਰੰਤੂ ਕਮਿਸ਼ਨ ਵੱਲੋਂ ਨਿਰਮਾਣ ਕਾਰਜ ਨੂੰ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਹੀ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਸੜਕ ਦੇ ਨਿਰਮਾਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ 39 ਕਿਲੋਮੀਟਰ ਲੰਬੀ ਇਸ ਸੜਕ ਦੇ ਨਿਰਮਾਣ ਲਈ 13.74 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਸੜਕ ਦਾ ਕਰੀਬ 14 ਕਿਲੋਮੀਟਰ ਦਾ ਇਲਾਕਾ ਜਲੰਧਰ ਜ਼ਿਲ੍ਹੇ ਵਿਚ ਅਤੇ 25 ਕਿਲੋਮੀਟਰ ਦਾ ਇਲਾਕਾ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਆਉਂਦਾ ਹੈ। ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਹ ਸੜਕ ਕਾਫ਼ੀ ਅਹਿਮ ਹੈ, ਕਿਉਂਕਿ ਇਸ ਸੜਕ ਦੁਆਰਾ ਬਹੁਤ ਸਾਰੇ ਸ਼ਰਧਾਲੂ ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ, ਮਾਤਾ ਕਾਂਗੜਾ ਦੇਵੀ ਜੀ, ਮਾਤਾ ਚਮੁੰਡਾ ਦੇਵੀ ਜੀ, ਮਾਤਾ ਬਗਲਾਮੁਖੀ ਜੀ ਅਤੇ ਬਾਬਾ ਬਾਲਕ ਨਾਥ ਜੀ ਵਰਗੇ ਅਤਿ ਮਹੱਤਵਪੂਰਨ ਧਾਰਮਕ ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹਨ। ਇਸ ਲਈ ਇਸ ਸੜਕ ਦੀ ਮਹੱਤਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਇਸ ਸੜਕ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ।

## ਸੀ ਪੀ ਆਈ (ਐੱਮ) ਨੇ ਕਾਰਲ ਮਾਰਕਸ ਦਾ 205 ਵਾਂ ਜਨਮ ਦਿਨ ਮਨਾਇਆ



**ਨਵਾਂਸ਼ਹਿਰ (ਮਨੋਜ ਲਾਡੀ)**- ਅੱਜ ਇੱਥੇ ਪਾਰਟੀ ਦੇ ਸੂਬਾ ਹੈੱਡ ਕੁਆਰਟਰ 'ਤੇ ਦੁਨੀਆ ਦੇ ਮਹਾਨ ਫਿਲਾਸਫਰ ਤੇ ਮਜ਼ਦੂਰ ਜਮਾਤ ਲਈ ਆਪਣੇ ਵਡਮੁੱਲੇ ਵਿਚਾਰ ਦੇਣ ਵਾਲੇ ਪ੍ਰਸਿੱਧ ਬੁੱਧੀਜੀਵੀ ਸਾਥੀ ਕਾਰਲ ਮਾਰਕਸ ਦਾ 205 ਵਾਂ ਜਨਮ ਦਿਨ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਾਥੀ ਮੂਲ ਚੰਦ ਸਰਹਾਲੀ ਨੇ ਕੀਤੀ। ਇਸ ਮੌਕੇ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕਾਰਲ ਮਾਰਕਸ ਦੇ ਵਿਚਾਰ ਅਗਲੇ 350 ਸਾਲਾਂ ਤੱਕ ਵੀ ਸਾਰਥਕ ਹਨ। ਉਨ੍ਹਾ ਕਿਹਾ ਕਿ ਕਾਰਲ ਮਾਰਕਸ ਵੱਲੋਂ ਲਿਖਿਆ ਗਿਆ ਫਲਸਫਾ ਮਜ਼ਦੂਰ ਜਮਾਤ ਦੇ ਹੱਕਾਂ ਦੀ ਤਰਜਮਾਨੀ ਕਰਦਾ ਹੈ। ਉਨ੍ਹਾ ਭਾਰਤ ਦੇ ਫਿਰਕੂ, ਫਾਸ਼ੀਵਾਦੀ ਤੇ ਕਾਰਪੋਰੇਟ ਗੱਠਜੋੜ ਬਾਰੇ ਦੱਸਦਿਆਂ ਕਿਹਾ ਕਿ ਇਹ ਦੇਸ਼ ਲਈ ਬਹੁਤ ਹੀ ਘਾਤਕ ਹੈ ਕਿਉਂਕਿ ਇਹ ਲੋਕਾਂ ਨੂੰ ਲੁੱਟਣ ਤੇ ਕੁੱਟਣ, ਆਪਸੀ ਵੰਡਪਾਊ ਅਤੇ ਕਿਰਤੀਆਂ ਦੀ ਲੁੱਟ ਤੋਂ ਇਲਾਵਾ ਹੋਰ ਕੋਈ ਸੁਨੇਹਾ ਨਹੀਂ ਦਿੰਦਾ। ਇਸ ਲਈ ਦੇਸ਼ ਅੰਦਰ ਇਸ ਨੂੰ ਹਰਾਉਣਾ ਅਤਿ ਜ਼ਰੂਰੀ ਹੈ ਤਾਂ ਕਿ ਭਾਰਤ ਦੇ ਲੋਕਤੰਤਰ, ਜਮਹੂਰੀਅਤ ਅਤੇ ਧਰਮਨਿਰਪੱਖ ਸੰਵਿਧਾਨ ਦੀ ਰਾਖੀ ਕੀਤੀ ਜਾ ਸਕੇ। ਜਲੰਧਰ ਦੀ ਜ਼ਿਮਨੀ ਚੋਣ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਸੀ ਪੀ ਆਈ ਐਮ ਫਿਰਕੂ, ਫਾਸ਼ੀਵਾਦੀ ਗੱਠਜੋੜ ਨੂੰ ਹਰਾਏਗੀ ਅਤੇ ਪੰਜਾਬ ਦੀ ਮੌਕਾਪ੍ਰਸਤ ਸਰਕਾਰ ਨੂੰ ਸੰਸਦ ਦੇ ਨੇੜੇ ਵੀ ਫੜਕਣ ਨਹੀਂ ਦੇਵੇਗੀ ਅਤੇ ਇਮਾਨਦਾਰ ਤੇ ਪੜ੍ਹੇ-ਲਿਖੇ ਕਾਂਗਰਸ ਦੇ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਨੂੰ ਵੋਟਾਂ ਪਾ ਕੇ ਕਾਮਯਾਬ ਕਰੇਗੀ। ਇਸ ਮੌਕੇ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ, ਸਾਥੀ ਗੁਰਨੇਕ ਸਿੰਘ ਭੱਜਲ ਸੂਬਾ ਕਮੇਟੀ ਮੈਂਬਰ ਮਾ. ਪਰਸ਼ੋਤਮ ਲਾਲ ਬਿਲਗਾ, ਵਰਿੰਦਰ ਕੁਮਾਰ ਕਾਲਾ, ਪ੍ਰਕਾਸ਼ ਕਲੇਰ, ਮਹਿੰਦਰ ਰਾਮ ਫੁਗਲਾਣਾ, ਕੁਲਦੀਪ ਝਿੰਗੜ, ਹਰਭਜਨ ਸਿੰਘ ਅਟਵਾਲ, ਆਸਾ ਨੰਦ ਕਾਲੂਚਾਂਗ, ਕਮਲਜੀਤ ਸਿੰਘ, ਰਜਿੰਦਰ ਕੌਰ ਚੋਹਕਾ, ਜਗਦੀਸ਼ ਸਿੰਘ ਚੋਹਕਾ ਆਦਿ ਸਾਥੀ ਹਾਜ਼ਰ ਸਨ।

## ਵਿਧਾਇਕ ਵੱਲੋਂ ਲਾਂਡਰਾਂ ਵਿਖੇ ਸਥਾਪਤ ਆਮ ਆਦਮੀ ਕਲੀਨਿਕ ਲੋਕ ਅਰਪਣ

**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**-ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਤਹਿਤ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕਰ ਕੇ ਇਤਿਹਾਸ ਸਿਰਜ ਦਿੱਤਾ ਗਿਆ ਹੈ ਇਹ ਕਲੀਨਿਕਸ ਸਿਹਤ ਖੇਤਰ ਵਿਚਲੀ ਕ੍ਰਾਂਤੀ ਹਨ। ਇਹ ਗੱਲ ਹਲਕਾ ਐੱਸ.ਏ.ਐੱਸ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਨੇ ਲਾਂਡਰਾਂ ਵਿਖੇ ਸਥਾਪਤ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕਰਨ ਮੌਕੇ ਆਖੀ। ਜ਼ਿਲ੍ਹੇ ਵਿਚ ਫੇਜ 07 ਮੋਹਾਲੀ, ਬਸੌਲੀ, ਖਿਜਰਗੜ, ਮਜਾਤ, ਸਮੇਤ 06 ਅਜਿਹੇ ਕਲੀਨਿਕ ਖੋਲ੍ਹੇ ਗਏ ਹਨ। ਹਲਕਾ ਵਿਧਾਇਕ ਨੇ ਦੱਸਿਆ ਕਿ ਸੂਬੇ ਵਿੱਚ ਤਕਰੀਬਨ 580 ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜਸ਼ੀਲ ਹੋ ਗਏ ਹਨ। ਜ਼ਿਕਰਯੋਗ ਹੈ ਕਿ ਪਹਿਲੇ ਪੜਾਅ ਵਿੱਚ 100 ਕਲੀਨਿਕ ਸਮਰਪਿਤ ਕੀਤੇ ਗਏ ਸਨ ਅਤੇ ਦੂਜੇ ਪੜਾਅ ਵਿੱਚ 404 ਅਤੇ ਹੁਣ 80 ਕਲੀਨਿਕ ਸੂਬੇ ਦੀ ਸੇਵਾ ਵਿੱਚ ਸਮਰਪਿਤ ਕੀਤੇ ਗਏ ਹਨ। ਜ਼ਿਲ੍ਹਾ ਐੱਸ ਏ ਐੱਸ ਨਗਰ ਵਿਚ ਕੁੱਲ 34 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਇਹਨਾਂ ਕਲੀਨਿਕਸ ਦੇ ਰੂਪ ਵਿਚ ਲੋਕਾਂ ਨੂੰ ਸਿਹਤ ਸਹੂਲਤਾਂ ਉਹਨਾਂ ਦੇ ਘਰਾਂ ਨੇੜੇ ਹੀ ਮਿਲ ਰਹੀਆਂ ਹਨ। ਉਹਨਾਂ ਕਿਹਾ ਕਿ ਇਹ ਕਲੀਨਿਕਸ ਆਧੁਨਿਕ ਸਹੂਲਤਾਂ ਨਾਲ ਲੈਸ ਹਨ ਤੇ ਲੋਕਾਂ ਨੂੰ ਕਿਸੇ ਕਿਸਮ ਦੀ ਮੁ ਕਲ ਨਹੀਂ ਆਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀਮਤੀ ਅਮਨਿੰਦਰ ਕੌਰ ਬਰਾੜ, ਐੱਸ. ਡੀ. ਐੱਮ. ਮੋਹਾਲੀ ਸਰਬਜੀਤ ਕੌਰ, ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਤਵੰਤੇ ਹਾਜਰ ਸਨ।

## ਸਿੱਖਿਆ ਮੰਤਰੀ ਬੈਂਸ ਨੇ ਕਲਮੋਟ ਸਕੂਲ 'ਚ ਸਾਇੰਸ ਗਰੁੱਪ ਕਰਵਾਇਆ ਸ਼ੁਰੂ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਦੂਰ ਦਰਾਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇ ਕੇ ਸੰਸਾਰ ਭਰ ਵਿੱਚ ਚੱਲ ਰਹੇ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵਿਸ਼ੇਸ਼ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਪੇਂਡੂ ਇਲਾਕੇ ਵਿੱਚ ਚੱਲ ਰਹੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਦੇ ਵਿਦਿਆਰਥੀਆਂ ਨੂੰ ਵਿੱਦਿਅਕ ਸੈਸ਼ਨ 2023-24 ਤੋਂ ਸਾਇੰਸ ਗਰੁੱਪ ਦੀ ਪੜ੍ਹਾਈ ਮਿਲਣੀ ਆਰੰਭ ਹੋ ਗਈ ਹੈ ਜਿਸ ਦੀ ਇਲਾਕਾ ਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਸਰਕਾਰੀ ਸਕੂਲ 'ਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਲਈ ਸਾਇੰਸ ਗਰੁੱਪ ਦੇ ਦਾਖਲੇ ਸ਼ੁਰੂ ਹੋ ਗਏ ਹਨ। ਪ੍ਰੇਮ ਕੁਮਾਰ ਧੀਮਾਨ ਇੰਚਾਰਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਸ ਇਲਾਕੇ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਸਾਇੰਸ ਵਿਸ਼ੇ ਦੀ ਸਿੱਖਿਆ ਹਾਸਲ ਕਰਨ ਲਈ ਕਾਨਪੁਰ ਖੂਹੀ ਅਤੇ ਸੁਖਸਾਲ ਦੇ ਸਰਕਾਰੀ ਸਕੂਲਾਂ ਵਿੱਚ ਲੰਮਾ ਪੈਂਡਾ ਤੈਅ ਕਰਕੇ ਜਾਂਦੇ ਸਨ। ਬਹੁਤ ਪਰਵਾਰਾਂ ਦੀਆਂ ਬੱਚੀਆਂ ਇਹ ਸਿੱਖਿਆ ਹਾਸਲ ਕਰਨ ਤੋਂ ਵਾਂਝੀਆਂ ਰਹਿ ਜਾਂਦੀਆਂ ਸਨ। ਸਿੱਖਿਆ ਮੰਤਰੀ ਨੇ ਇਹ ਉਪਰਾਲਾ ਕਰਕੇ ਆਲੇ ਦੁਆਲੇ ਦੇ 6-7 ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਸਿੱਖਿਆ ਮੰਤਰੀ ਦੇ ਇਸ ਫੈਸਲੇ ਨਾਲ ਇਸ ਇਲਾਕੇ ਦੇ ਲੋਕਾਂ ਅਤੇ ਵਿਦਿਆਰਥੀਆਂ ਵਿੱਚ ਭਾਰੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਮੁਖਤਿਆਰ ਮੁਹੰਮਦ, ਨਰੇਸ਼ ਧੀਮਾਨ, ਮੰਗਤ ਰਾਮ, ਮੰਗਲ ਸਿੰਘ, ਰਾਮ ਸਰੂਪ, ਸੁਨੀਤਾ ਦੇਵੀ, ਚਰਨਜੀਤ ਕੌਰ ਨੇ ਸਿੱਖਿਆ ਮੰਤਰੀ ਦਾ ਇਸ ਫੈਸਲੇ ਲਈ ਵਿਸ਼ੇਸ਼ ਧੰਨਵਾਦ ਕੀਤਾ ਹੈ।


### ਜਨਮ ਦਿਨ ਮੁਬਾਰਕ



ਜਸਕੀਰਤ ਸਿੰਘ ਰੈਤ
(ਫਿਲੌਰ)

### ਵਰ੍ਹੇਗੰਢ ਮੁਬਾਰਕ



ਬਲਵੀਰ ਸਿੰਘ ਸੈਣੀ ਤੇ ਸ੍ਰੀਮਤੀ ਨਿਰਮਲ ਕੌਰ ਨੇ ਵਿਆਹ ਦੀ 41ਵੀਂ ਵਰ੍ਹੇਗੰਢ ਮਨਾਈ।


## ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮਿਲਣੀਆਂ ਸ਼ੁਰੂ : ਸਰਹਾਲ



**ਬਹਿਰਾਮ (ਅਵਤਾਰ ਕਲੇਰ)** ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚੋਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਭਵਿੱਖ ਵਿੱਚ ਵੀ ਸਿਹਤ ਤੇ ਸਿੱਖਿਆ ਦੇ ਖੇਤਰ ਨੂੰ ਬਿਹਤਰ ਕਰਨ ਲਈ ਹੋਰ ਕਦਮ ਚੁੱਕੇ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਜੀਤ ਸਿੰਘ ਸਰਹਾਲ ਵੱਲੋਂ ਪਿੰਡ ਫਰਾਲਾ ਵਿਖੇ ਆਮ ਆਦਮੀ ਕਲੀਨਿਕ ਦਾ ਲੋਕ ਅਰਪਣ ਕਰਨ ਵੇਲੇ ਕੀਤਾ ਗਿਆ। ਇਸ ਮੌਕੇ ਐਸ ਐਮ ਓ ਡਾ. ਨਿਰੰਜਣ ਪਾਲ ਤੋਂ ਇਲਾਵਾ ਪਿੰਡ ਦੇ ਪਤਵੰਤੇ ਵੀ ਵੱਡੀ ਗਿਣਤੀ 'ਚ ਮੌਜੂਦ ਸਨ। ਸਰਹਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਹਤ ਖੇਤਰ ਵਿੱਚ ਇਹ ਪੰਜਾਬ ਸਰਕਾਰ ਦਾ ਇੱਕ ਬਹੁਤ ਵੱਡਾ ਉਪਰਾਲਾ ਹੈ, ਜਿਸ ਅਧੀਨ ਆਮ ਆਦਮੀ ਕਲੀਨਿਕ ਖੋਲ੍ਹਣ ਨਾਲ ਲੋਕਾਂ ਨੂੰ ਯੋਗ ਮੈਡੀਕਲ ਅਫ਼ਸਰ ਵੱਲੋਂ ਮੁਆਇਨਾ ਕਰਕੇ ਲੋੜੀਂਦੇ ਟੈਸਟ ਅਤੇ ਦਵਾਈਆਂ ਮੁਫ਼ਤ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਦਾ ਨਾਲ ਲੱਗਦੇ ਕਈ ਪਿੰਡਾਂ ਦੇ ਲੋਕਾਂ ਨੂੰ ਲਾਭ ਹੋ ਰਿਹਾ ਹੈ। ਸੀਨੀਅਰ ਮੈਡੀਕਲ ਅਫਸਰ ਡਾ. ਨਿਰੰਜਨ ਪਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਕਲੀਨਿਕਾਂ ਰਾਹੀਂ ਇਲਾਜ ਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਆਮ ਆਦਮੀ ਕਲੀਨਿਕਾਂ ਖੁੱਲਣ ਦਾ ਸਮਾਂ ਸਰਦੀਆਂ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਤੇ ਗਰਮੀਆਂ ਵਿਚ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਵਿਵੇਕ, ਬੀ ਈ ਈ ਰਾਜ ਕੁਮਾਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

## ਦੁੱਧ ਦੀ ਸਮਰੱਥਾ ਵਧਾਉਣ ਲਈ ਫੀਲਡ ਸਟਾਫ ਨਾਲ ਕੀਤੀ ਮੀਟਿੰਗ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਗਰਮੀਆਂ ਦੇ ਮੌਸਮ ਵਿੱਚ ਦੁੱਧ ਦੀ ਸਮਰੱਥਾ ਘਟਣ ਤੇ ਵੇਰਕਾ ਮਿਲਕ ਪਲਾਂਟ ਦੇ ਉੱਚ ਅਧਿਕਾਰੀਆਂ ਵਲੋਂ ਫੀਲਡ ਵਿੱਚ ਕੰਮ ਕਰਨ ਵਾਲੇ ਮੁਲਾਜਮਾਂ ਨੂੰ ਵੱਖ- ਵੱਖ ਪਿੰਡਾਂ ਵਿੱਚ ਜਾ ਕੇ ਦੁੱਧ ਉਤਪਾਦਕਾਂ ਨੂੰ ਦੁੱਧ ਦੀ ਸਮਰੱਥਾ ਵਧਾਉਣ ਲਈ ਮੀਟਿੰਗਾਂ ਕਰਨ ਦਾ ਸਿਲਸਿਲਾ ਜਾਰੀ ਹੈ ਜਿਸ ਦੇ ਚਲਦਿਅ ਵੇਰਕਾ ਮਿਲਕ ਪਲਾਂਟ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਵਲੋਂ ਪਿੰਡ ਨਲਹੋਟੀ ਵਿਖੇ ਵੱਖ-ਵੱਖ ਪਿੰਡਾਂ ਵਿੱਚ ਫੀਲਡ ਵਰਕ ਕਰ ਰਹੇ ਮੁਲਾਜਮਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਕਾਹਲੋਂ ਨੇ ਕਿਹਾ ਕਿ ਗਰਮੀਆਂ ਦੇ ਮੌਸਮ ਵਿੱਚ ਅਕਸਰ ਦੁੱਧ ਦੀ ਸਮਰੱਥਾ ਘੱਟ ਹੀ ਜਾਦੀ ਹੈ ਪਰ ਪਸ਼ੂਆ ਨੂੰ ਗਰਮੀਆਂ ਤੋਂ ਬਚਾਉਣ ਲਈ ਉਨਾ ਨੂੰ ਦਿਨ ਵਿੱਚ ਦੋ-ਤਿੰਨ ਵਾਰ ਨੁਹਾਉਣਾ ਚਾਹੀਦਾ ਹੈ ਅਤੇ ਦਰੱਖਤਾਂ ਦੀ ਠੰਡੀ ਛਾਂ ਹੇਠ ਬੰਨਣਾ ਚਾਹੀਦਾ ਹੈ, ਹੋ ਸਕੇ ਤਾਂ ਪੱਖੇ ਜਾਂ ਕੂਲਰ ਵੀ ਲਗਾ ਦੇਣਾ ਚਾਹੀਦਾ ਹੈ, ਅਤੇ ਉਨਾਂ ਨੂੰ ਹਰਾ ਚਾਰਾ ਪਾਉਣਾ ਚਾਹੀਦਾ ਹੈ,ਜਿਸ ਨਾਲ ਪਸ਼ੂਆ ਦੀ ਘੱਟ ਰਹੀ ਸਮਰੱਥਾ ਪੂਰੀ ਹੋ ਸਕੇ ।

ਇਸ ਮੌਕੇ ਡਿਪਟੀ ਮੈਨੇਜਰ ਤਜਿੰਦਰ ਸਿੰਘ, ਏਰੀਆ ਇੰਚਾਰਜ ਸੰਦੀਪ, ਐਮ ਪੀ ਏ ਗੁਰਵੀਰ ਸਿੰਘ, ਜਗਦੀਪ ਸਿੰਘ, ਅਮਰਜੀਤ ਸਿੰਘ, ਹਰਜਿੰਦਰ ਸਿੰਘ, ਸੁਖਦੇਵ ਸਿੰਘ, ਵਿਕਾਸ, ਗਗਨਦੀਪ ਸਿੰਘ ਆਦਿ ਹਾਜਰ ਸਨ।



## ਸੇਵਾ ਮੁਕਤੀ 'ਤੇ ਸਵਰਨ ਸਿੰਘ ਭੋਜੇਮਾਜਰਾ ਦਾ ਸਨਮਾਨ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਇਕ ਵਿਅਕਤੀ ਲਈ ਤੰਦਰੁਸਤੀ ਭਰੀ ਸੇਵਾ ਮੁਕਤੀ ਉਸ ਦੇ ਸੇਵਾ ਦੌਰਾਨ ਕੀਤੇ ਗਏ ਚੰਗੇ ਕੰਮਾਂ ਦਾ ਫਲ ਹੁੰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਸਟਰ ਕੇਡਰ ਯੂਨੀਅਨ ਦੇ ਬਲਾਕ ਰੋਪੜ 1 ਦੇ ਪ੍ਰਧਾਨ ਸਵਰਨ ਸਿੰਘ ਭੋਜੇਮਾਜਰਾ ਦੀ ਸੇਵਾ ਮੁਕਤੀ 'ਤੇ ਸੂਬਾ ਕਮੇਟੀ ਮੈਂਬਰ ਵਾਸ਼ਿਗਟਨ ਸਿੰਘ ਸਮੀਰੋਵਾਲ ਨੇ ਕੀਤਾ। ਸਿੱਖਿਆ ਵਿਭਾਗ ਪੰਜਾਬ ਵਿੱਚ 25 ਸਾਲ ਦੀਆਂ ਬੇਦਾਗ ਸੇਵਾਵਾਂ ਨਿਭਾਉਣ ਉਪਰੰਤ ਸਰਕਾਰੀ ਸੀਨੀ: ਸੈ: ਸਕੂਲ, ਭੱਕੂਮਾਜਰਾ ਤੋਂ ਸੇਵਾ ਮੁਕਤ ਹੋਏ ਸਵਰਨ ਸਿੰਘ ਭੋਜੇਮਾਜਰਾ ਦੀ ਰਿਟਾਇਰਮੈਂਟ ਪਾਰਟੀ ਤੇ ਮਾਸਟਰ ਕੇਡਰ ਯੂਨੀਅਨ ਅਤੇ ਹੋਰ ਅਧਿਆਪਕ ਯੂਨੀਅਨਾਂ ਵੱਲੋਂ ਸਵਰਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੂੰ ਯਾਦਗਾਰੀ ਚਿੰਨ੍ਹ, ਸ਼ਾਲ, ਲੋਈ, ਮੋਮੈਂਟੋ ਅਤੇ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸੇਵਾ ਮੁਕਤ ਸਾਥੀ ਦੇ ਸੇਵਾ ਮੁਕਤੀ ਤੇ ਉਨ੍ਹਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਅਧਿਐਪਨ ਕਾਰਜਾਂ, ਸਮਾਜ ਸੇਵਾ ਅਤੇ ਸਕੂਲ ਦੀ ਬੇਹਤਰੀ ਲਈ ਕੀਤੇ ਗਏ ਅਣਥੱਕ ਯਤਨਾਂ ਦੀ ਅਧਿਆਪਕ ਆਗੂਆਂ ਵੱਲੋਂ ਸ਼ਲਾਘਾ ਕੀਤੀ ਗਈ। ਬੁਲਾਰਿਆਂ ਨੇ ਦੱਸਿਆ ਕਿ ਸੇਵਾ ਮੁਕਤ ਸਾਥੀ ਵਲੋਂ ਸਿਰਮੌਰ ਜਥੇਬੰਦੀ ਮਾਸਟਰ ਕੇਡਰ ਯੂਨੀਅਨ ਦੇ ਲਈ ਕੀਤੇ ਗਏ ਅਣਥੱਕ ਯਤਨਾਂ ਸਦਕਾ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਸ਼ੁੱਭ ਕਾਮਨਾ ਭੇਟ ਕੀਤੀਆਂ ਗਈਆਂ ਅਤੇ ਉਨ੍ਹਾਂ ਦੀ ਸਿਹਤਯਾਬੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ। ਆਗੂਆਂ ਨੇ ਉਨ੍ਹਾਂ ਦੇ ਨਾਲ ਸੰਘਰਸ਼ੀ ਜੀਵਨ ਦੇ ਤਜਰਬਿਆਂ ਨੂੰ ਵੀ ਸਾਂਝਾ ਕੀਤਾ। ਇਸ ਮੌਕੇ ਸਵਰਨ ਸਿੰਘ ਵੱਲੋਂ ਮਾਂ ਜਥੇਬੰਦੀ ਮਾਸਟਰ ਕੇਡਰ ਯੂਨੀਅਨ ਲਈ 5100ਰੁਪਏ ਦੀ ਰਾਸ਼ੀ ਭੇਟ ਕੀਤੀ । ਇਸ ਮੌਕੇ ਮਾਸਟਰ ਕੇਡਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਬਲਜਿੰਦਰ ਸਿੰਘ ਸ਼ਾਂਤਪੁਰੀ, ਕਮਲਜੀਤ ਸਮੀਰੋਵਾਲ, ਗੁਰਜਤਿੰਦਰਪਾਲ ਸਿੰਘ, ਭਵਨ ਸੈਣੀ, ਅਵਤਾਰ ਧਨੋਆ, ਪ੍ਰਧਾਨ ਲੈਕਚਰਾਰ ਯੂਨੀਅਨ ਰੋਪੜ, ਕਮਲਜੀਤ ਸ਼ਰਮਾ, ਬਲਵੰਤ ਸਿੰਘ ਕੋਟਲੀ, ਜਤਿੰਦਰ ਕੁਮਾਰ, ਗੁਰਪ੍ਰੀਤ ਕੈਂਥੋ, ਜਗਤਾਰ ਸਿੰਘ ਮੀਆਂਪੁਰ, ਸੁਰਿੰਦਰਪਾਲ, ਰਣਜੀਤ ਸਿੰਘ ਕਲੋੜ, ਹਰਵਿੰਦਰ ਸਿੰਘ ਲੱਖਾ, ਮਹਿੰਦਰਪਾਲ ਸਿੰਘ ਖੇੜੀ, ਗੁਰਿੰਦਰਪਾਲ ਸਿੰਘ ਖੇੜੀ, ਜਸਵਿੰਦਰ ਸਿੰਘ, ਉਂਕਾਰ ਸਿੰਘ, ਸੰਜੇ ਗੋਇਦਿਆਲ, ਰਵਿੰਦਰ ਰਵੀ, ਦਰਸ਼ਨ ਸਿੰਘ ਭੂਰੜੇ, ਭਾਗ ਸਿੰਘ ਲੈਕਚਰਾਰ ਅਤੇ ਭੱਕੂਮਾਜਰਾ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

7-May-Sunday.qxd 5/6/2023 10:02 PM Page 3





ਜਸਲੀਨ ਕੌਰ ਪੰਜਾਬੀ ਕਾਵਿ ਸੰਸਾਰ ਵਿੱਚ ਆਪਣਾ ਵਿਲੱਖਣ ਮੁਕਾਮ ਸਥਾਪਤ ਕਰ ਰਹੀ ਹੈ। ਅੱਜ ਤੋਂ ਲੱਗਭੱਗ ਡੇਢ ਦਹਾਕਾ ਪਹਿਲਾਂ ਉਹ ਪੰਜਾਬੀ ਪਾਠਕਾਂ ਦੇ ਰੂਬਰੂ ਆਪਣੀ ਕਵਿਤਾ ਦੇ ਮਾਧਿਅਮ ਨਾਲ ਹੋਈ ਸੀ। ਉਸ ਦੀ ਪਹਿਲੀ ਕਾਵਿ ਪੁਸਤਕ 'ਮੰਥਨ' ਅਤੇ ਦੂਜੀ 'ਮਨ ਦੀ ਓਜ਼ੋਨ' ਵਿੱਚ ਉਹ ਆਪਣੇ ਆਪੇ ਨਾਲ ਸੰਵਾਦ ਰਚਾਉਂਦੀ ਹੈ, ਇਹ ਦੌਰ ਆਤਮ ਮੰਥਨ ਦਾ ਵੀ ਕਿਹਾ ਜਾ ਸਕਦਾ ਹੈ। ਬਹੁਤੀ ਵਾਰ ਕਾਵਿ-ਸਿਰਜਣਾ ਦੇ ਆਰੰਭਲੇ ਦੌਰ ਵਿੱਚ ਅਜਿਹਾ ਵਾਪਰਦਾ ਹੈ, ਪਰ ਲੱਗਦਾ ਹੈ ਕਿ ਹੁਣ ਉਹ ਉਸ ਆਤਮ ਮੰਥਨ ਦੇ ਦੌਰ ਤੋਂ ਅੱਗੇ ਵਧ ਰਹੀ ਹੈ। ਮੀਰਾ-ਅਹੱਲਿਆ, ਜਨਮ ਅਸ਼ਟਮੀ, ਫੁੱਟਪਾਥ ਤੇ ਜ਼ਿੰਦਗੀ, ਆਜ਼ਾਦੀ ਆਦਿ ਕਵਿਤਾਵਾਂ ਵਿੱਚ ਉਹ ਸਵਾਲ ਵੀ ਖੜੇ ਕਰਦੀ ਹੈ ਅਤੇ ਉਹਨਾ ਵਿਚਲੀ ਵੰਗਾਰ ਸਾਹਮਣੇ ਬੇਚਾਰਗੀ ਤੋਂ ਮੁਕਤ ਵੀ ਨਜ਼ਰ ਆਉਂਦੀ ਹੈ, 'ਪਾਸ਼ ਨੂੰ ਯਾਦ ਕਰਦਿਆਂ' ਵੀ ਉਸ ਦੀ ਮਾਅਰਕੇ ਦੀ ਕਵਿਤਾ ਹੈ। ਲੰਮੇ ਅਰਸੇ ਬਾਅਦ ਐਤਵਾਰਤਾ ਦੇ ਪਾਠਕਾਂ ਲਈ ਉਸ ਦੀਆਂ ਕੁਝ ਚੋਣਵੀਆਂ ਕਾਵਿ ਰਚਨਾਵਾਂ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। **-ਸੰਪਾਦਕ**

# ਜਸਲੀਨ ਕੌਰ ਦੀਆਂ ਨਵੀਆਂ ਕਾਵਿ ਵੰਨਗੀਆਂ

## ਮੀਰਾ-ਅਹਿੱਲਿਆ

ਅਗਨੀ ਜਲ 'ਚ ਪਰਿਵਰਤਿਤ ਹੋ
ਉਡੀਕਦੀ ਹੈ ਸਮੁੰਦਰ ਦੀਆਂ ਲਹਿਰਾਂ ਵਾਂਗ
ਬੱਚਿਆਂ ਦਾ ਰੋਟੀ ਨੂੰ
ਤੋਤੇ ਮੋਰ ਬਣਾ ਖਾਣਾ
ਕਿੰਨਾ ਚੰਗਾ ਲਗਦਾ ਹੈ
ਨਿ-ਸਤੇ ਮੌਸਮ 'ਚ ਤੇਰਾ ਸਾਥ
ਸਾਹ ਸਤ ਵਰਗਾ ਹੈ
ਇੱਕ ਪਾਸੇ ਕਿਸਾਨ ਨੇ
ਇੱਕ ਪਾਸੇ ਯੂਨੀਵਰਸਿਟੀਆਂ ਦੇ ਵਿਦਿਆਰਥੀ
ਅਨੰਤ ਆਵਾਜ਼ਾਂ 'ਚ
ਸਫੈਦ ਵਸਤਰ ਵਾਲਾ ਸ਼ਵੇਤਾਂਬਰ
ਆਪਣੀ ਧੁਨੀ ਉਚਾਰ ਰਿਹਾ ਹੈ
ਮੈਂ ਬਹੁਤ ਸੋਚਣ ਬਾਅਦ
ਕਵਿਤਾ ਦਾ ਸਹਾਰਾ ਲੈ
ਚੁੱਪ ਕਰ ਜਾਂਦੀ ਹਾਂ
ਪਰਿਵਰਤਿਤ ਅਨੰਤ ਅਡੋਲ ਅਵਸਥਾ 'ਚ
ਮੀਰਾ, ਅਹਿੱਲਿਆ ਬਣ ਗਈ ਹੈ
ਨਾ ਤੇਰੇ ਸਿਰ 'ਤੇ ਜੂੰ ਰੇਂਗੀ
ਨਾ ਨਿਜ਼ਾਮ ਬਦਲਿਆ

## ਅਪਵਿੱਤਰ

ਉਹ ਤਾਂ ਮੁੰਡਿਆਂ ਨਾਲ ਖੇਡਦੀ
ਤੇ ਜਿੱਤ ਜਾਣ ਉਪਰੰਤ
ਉਹਨਾ ਵਰਗੇ ਹੀ 'ਚਲ ਚੱਕ' ਵਰਗੇ
ਡਾਇਲਾਗ ਬੋਲਦੀ ਹੈ
ਇਸ ਕਰਕੇ ਤੇਰੀਆਂ ਨਜ਼ਰਾਂ 'ਚ ਉਹ ਮਾਸੂਮ ਨਹੀਂ
ਮਾਸੂਮੀਅਤ ਤਾਂ ਮਟਕੀ ਭੰਨ
ਮੱਖਣ ਖਾਣ ਵਾਲੇ ਦੇ ਨਾਂਅ
ਰਿਜ਼ਰਵ ਕਰ ਦਿੱਤੀ ਜਾਂਦੀ ਹੈ
ਚਲ ਚੱਕ, ਉੱਚੀ ਨਿੱਛ ਮਾਰਨਾ, ਡਕਾਰ ਮਾਰਨਾ
ਸੋਭਾ ਨਹੀਂ ਦਿੰਦਾ
ਤੋਰ ਤਾਂ ਆਪਣੇ ਆਪ ਬਦਲ ਜਾਂਦੀ ਹੈ
ਜਦ ਉਹ ਤੇਰ੍ਹਾਂ ਵਰ੍ਹਿਆਂ ਦੀ ਕੰਜਕ ਨਾ ਰਹਿ
ਅਪਵਿੱਤਰ ਬਣ ਜਾਂਦੀ ਹੈ
ਸ੍ਰਿਸ਼ਟੀ ਦੀ ਸਿਰਜਣਾ ਦਾ ਆਧਾਰ
ਰਕਤ ਬੂੰਦ
ਅਪਵਿੱਤਰ ਕਿਵੇਂ ਹੋ ਗਈ
ਇਹੀ ਪ੍ਰਸ਼ਨ
ਬਹੁਤ ਰੜਕਦਾ ਹੈ ਮੈਨੂੰ

## ਜਨਮ ਅਸ਼ਟਮੀ

ਕਿੰਨਾ ਉਦਾਸ ਸੀ ਉਹ
ਖਿਡੌਣਿਆਂ ਦੀ ਫੜ੍ਹੀ 'ਤੇ
ਖਿਡੌਣਿਆਂ ਦੇ ਢੇਰ 'ਚ
ਕਿੰਨੀ ਦੇਰ ਵਿਲਕਦਾ ਰਿਹਾ
ਪਿਓ ਨੇ ਜੁੱਤੀ ਚੁੱਕ ਲਈ
ਅਬ ਚਾਏ ਪਿਲਾ ਤੋ ਦੀ ਹੈ
ਕ੍ਰਿਸ਼ਨਾ ਮੰਦਰ ਦੇ ਬਾਹਰ ਖੜਿਆਂ
ਸਭ ਤੋਂ ਉਦਾਸ ਮੇਲਾ ਸੀ ਉਹ
ਭੁੱਖੇ ਬਾਲਾਂ ਨੂੰ ਵਿਲਕਦਿਆਂ ਵੇਖਣਾ
ਮੇਰੇ ਹੱਥ ਕੁੜਤੇ ਦੀ ਜੇਬ 'ਚ ਜਾਂਦੇ
ਲੱਭਦੇ ਟੁੱਟ ਭੱਜ
ਦੇਣੋਂ ਰੁਕਦੇ ਤਾਂ ਨਹੀਂ
ਪਰ ਪਤੈ ਮੈਨੂੰ
ਇਹਨਾਂ ਵਿਲਕਣੀਆਂ ਨੂੰ ਉਮਰ ਭਰ ਲਈ
ਸ਼ਾਂਤ ਨਹੀਂ ਕਰ ਸਕਦੇ।

## ਪੈੜ

ਕਵਿਤਾ ਅੱਗੇ ਤਾਂ ਸੱਚੀ-ਸੁੱਚੀ ਨਿਰਛਲ ਸੀ
ਦਸਤਕ ਸੀ ਉਡੀਕ ਦੇ ਬੂਹੇ 'ਤੇ
ਹੁਣ ਕਵਿਤਾ
ਰੂਪ ਬਦਲ
ਸੱਚ ਲੁਕੋ
ਦਿੰਦੀ ਹੈ ਸਮਾਜ ਦੇ ਬੂਹੇ 'ਤੇ ਦਸਤਕ
ਫਿਰ ਅੱਜਕੱਲ੍ਹ ਇਹ ਵੀ ਸੋਚਦੀ ਹਾਂ
ਚਲੰਤ ਮਸਲੇ 'ਤੇ ਨਾ ਲਿਖਿਆ
ਤਾਂ ਕਿਤੇ ਠੱਪਾ ਨਾ ਲਵਾ ਬਹੇ
ਮੁਹੱਬਤ ਕਵਿਤਾ ਦਾ
ਫਿਰ ਮੇਰੀ ਕਵਿਤਾ ਦੀ ਚਾਰ-ਫਾੜ ਸਮੇਂ
ਲੱਭੇ ਜਾਣਗੇ ਪਾਤਰ
ਤੇ ਜੇ ਕਿਤੇ ਤੇਰੀ ਪੈੜ ਵੀ ਲੱਭ ਗਈ ਉਹਨਾ ਨੂੰ
ਤਾਂ ਉੱਜੜ ਜਾਏਗਾ ਮੇਰਾ ਵਸਦਾ ਸੰਸਾਰ
ਤੇ ਮੈਂ ਲੁਕਾਉਣਾ ਸ਼ੁਰੂ ਕਰਦੀ ਹਾਂ
ਮੁਹੱਬਤ ਦੇ ਸਫਰ ਦੀ ਹਰ ਇੱਕ ਪੈੜ

## ਉਧੇੜ ਬੁਣ

ਇੱਕ ਕਵਿਤਾ ਦੀ ਉਧੇੜ ਬੁਣ ਚੱਲ ਰਹੀ ਹੈ
ਪਰ ਹੱਥ 'ਚ ਨਹੀਂ ਆਉਂਦੀਆਂ ਸਤਰਾਂ
ਕਿ ਅੱਜ ਮੈਂ ਬਹੁਤ ਉਦਾਸ ਹਾਂ
ਕਵਿਤਾ
ਤੂੰ ਹਮੇਸ਼ਾ ਉਦਾਸ ਪਲਾਂ ਦੀ ਸਾਥੀ ਰਹੀ ਹੈਂ
ਤੇਰੀ ਯਾਦ
ਤੇਰੇ ਤੋਂ ਦੂਰ ਹੋਣ ਦਾ ਖਿਆਲ
ਖਾ ਜਾਂਦਾ ਹੈ ਹੱਡਾਂ ਨੂੰ
ਸਰੀਰ ਨਿਸਤਾ
ਅਧੂਰੀ ਨਜ਼ਮ
ਅਧੂਰੀ ਜ਼ਿੰਦਗੀ ਵਾਂਗ
ਘਰ ਕਿਲਕਾਰੀਆਂ ਮਾਰਦਾ ਬਾਲ ਹੈ
ਕਿਲਕਾਰੀ ਸੁਣਦਿਆਂ ਇਕਦਮ ਪਰਿਵਰਤਿਤ ਹੋ ਜਾਂਦਾ ਹੈ ਮਨ
ਮਮਤਾ ਉਮੜ ਪੈਂਦੀ ਹੈ
ਪਰ ਫਿਰ ਪਲ ਭਰ ਵਿੱਚ ਸਭ ਗਾਇਬ
ਉਹੀ ਉਦਾਸੀ
ਉਹੀ ਬੇਚੈਨੀ
ਮਾਂ ਕਹਿੰਦੀ ਹੈ ਉਦਾਸ ਕਿਉਂ ਹੋਣਾ
ਮਾਵਾਂ ਨੂੰ ਤਾਂ ਪਤਾ ਨਹੀਂ ਲੱਗਦਾ
ਕਦ ਦਿਨ ਚੜ੍ਹਦਾ
ਕਦ ਪੈਂਦੀ ਹੈ ਰਾਤ
ਪਰ ਇੱਥੇ ਤਾਂ ਦਿਨ
ਸਾਲਾਂ ਵਾਂਗ ਬੀਤਦੇ
ਦੱਬੀਆਂ ਭਾਵਨਾਵਾਂ
ਲੱਗੇ ਬੰਧਨ
ਲਗਦਾ ਇੱਕ ਵਾਰ ਫਿਰ ਜੁਆਲਾਮੁਖੀ ਬਣ ਕੇ ਫਟਣਗੇ
ਤੈਨੂੰ ਮਿਲਣਾ ਟੈਬੂ ਨੂੰ ਤੋੜਨਾ ਹੈ
ਮਿਲਣ ਤੋਂ ਬਾਅਦ ਚਿੱਤ ਸ਼ਾਂਤ ਹੋ ਜਾਂਦੈ
ਪਰ ਅਸ਼ਾਂਤੀ ਜਿਹਾ
ਫਿਰ ਨਾ ਮਿਲ ਸਕਣ ਦਾ ਖਿਆਲ ਤੂਫਾਨ ਵਾਂਗ ਹੈ
ਮਿਲਣਾ, ਫਿਰ ਵਿਛੜਣ ਦਾ ਗਮ
ਹਰ ਵਕਤ ਤੇਰੇ ਨਾਲ ਹੋਣਾ ਲੋਚਦਾ ਮਨ
ਪਲ ਪਲ ਖਿਣ ਖਿਣ
ਤੇਰੇ ਨਾਲ ਬਿਤਾਉਣ ਦੀ ਇੱਛਾ

## ਫੁੱਟਪਾਥ 'ਤੇ ਜ਼ਿੰਦਗੀ

ਫੁੱਟਪਾਥ 'ਤੇ ਜ਼ਿੰਦਗੀ ਬਿਤਾਉਣ ਵਾਲੇ
ਤੇ ਚੁਰਸਤੇ 'ਚ ਕੁੱਤਾ
ਕਿੰਨੀ ਦੇਰ ਆਪਣੇ ਆਪ ਨੂੰ ਵਾਹਨਾਂ ਤੋਂ ਬਚਾ ਲੈਣਗੇ
ਮੁਰਗੇ ਦੀਆਂ ਅੰਤੜੀਆਂ ਕੰਨ 'ਤੇ ਲਾ
ਉਹ ਸੱਤ ਸਾਲਾਂ ਦਾ ਬੱਚਾ
ਕੰਨ ਪੱਕਣ ਦਾ ਢੌਂਗ ਕਰ
ਭੀਖ ਲੈਂਦਾ ਰਿਹਾ
ਕਿਹੜਾ ਮਾਰਕਸ
ਹੁਣ ਧਰਤੀ 'ਤੇ ਉਤਰੇਗਾ
ਪ੍ਰੋਲਤਾਰੀਆਂ 'ਚ ਜਾਗਰੂਕਤਾ ਲਿਆਉਣ ਲਈ
ਫੁੱਟਪਾਥ 'ਤੇ ਸਹਿਕਦੀ ਜ਼ਿੰਦਗੀ

ਹਰ ਰੋਜ਼ ਸਕੂਟਰ 'ਤੇ ਘਰੋਂ ਕਾਲਜ ਆਉਂਦਿਆਂ
ਫੁੱਟਪਾਥ ਦੀ ਸਵੇਰ ਚੜ੍ਹਦੀ ਹੈ
ਸੜਕ 'ਤੇ ਭੱਜੇ ਜਾਂਦੇ ਵਾਹਨਾਂ ਵਾਂਗ ਤੇਜ਼ ਨਹੀਂ
ਸਗੋਂ ਗੰਡੋਇਆਂ ਵਾਂਗ ਰੀਂਗਦੀ ਜ਼ਿੰਦਗੀ
ਸਾਹ ਲੈਂਦੀ ਹੈ ਫੁੱਟਪਾਥ 'ਤੇ

ਕਾਲੇ ਹੱਥ
ਫਟੇ ਪੁਰਾਣੇ ਕੱਪੜੇ
ਚੁੱਲ੍ਹਿਆਂ 'ਤੇ ਤਵੇ
ਤੇ ਤਵੇ 'ਤੇ ਗੋਲ ਰੋਟੀ
ਸੁੱਕੀ ਰੋਟੀ ਨੂੰ ਟੁੱਟ ਕੇ ਪੈਂਦਾ ਬਾਲ
ਕਿਹੋ ਜਿਹੀ ਜ਼ਿੰਦਗੀ ਹੈ
ਫੁੱਟਪਾਥ ਦੀ

ਗੁਬਾਰੇ ਖੇਡਣ ਦੀ ਉਮਰੇ
ਗੁਬਾਰੇ ਵੇਚਣ ਵਾਲੇ ਬਾਲ
ਕਾਰਾਂ ਦੇ ਸ਼ੀਸ਼ਿਆਂ ਥਾਣ
ਏ ਸੀ 'ਚ ਬੈਠੇ ਬੱਚੇ ਤੱਕ ਮਿੰਨਤਾਂ ਪਾਉਂਦੇ ਨੇ
ਸਾਹਿਬ ਏਕ ਗੁਬਾਰਾ ਲੇ ਲੋ

ਮੈਂ ਕਦੇ ਗੁਬਾਰਾ ਵੇਚਣ ਵਾਲੇ ਬਾਲ ਨੂੰ
ਗੁਬਾਰਿਆਂ ਦੇ ਖੂਬਸੂਰਤ ਰੰਗ ਤੱਕ
ਉਹਨਾ 'ਚ ਗੁਆਚਦਿਆਂ ਨਹੀਂ ਵੇਖਿਆ।

## ਤੇਰੇ ਨਾਲ ਗੱਲਾਂ ਕਰਨਾ

ਤੇਰੇ ਨਾਲ ਗੱਲਾਂ ਕਰਨਾ
ਆਪਣੇ ਜ਼ਖਮ ਕੁਰੇਦਣ ਬਰਾਬਰ ਹੈ
ਗੱਲ ਕਰਨ ਤੋਂ ਬਾਅਦ ਮੈਂ
ਜੋਗੀਆਂ ਵਾਂਗ ਜਾਗਦੀ ਹਾਂ
ਡਰ ਨਾਲ
ਕਿਤੇ ਸਤ ਭੰਗ ਨਾ ਹੋ ਜਾਏ
ਉਹ ਆਖਦੈ
ਮਰਦ ਤੇ ਔਰਤ ਦਾ ਰਿਸ਼ਤਾ
ਇੱਕ ਵਾਰ ਦੋਸਤੀ ਦਾ ਹੋ ਸਕਦਾ ਹੈ
ਪਰ ਇੱਕ ਪੜਾਅ 'ਤੇ ਪਹੁੰਚ ਕੇ ਖਿੱਚ
ਕੁਦਰਤੀ ਹੈ
ਕੁਦਰਤੀ ਤਾਂ ਹੈ ਪਰ ਸਹਿਜ ਕਿਤੇ ਨਹੀਂ
ਤੇ ਮੈਨੂੰ
ਸਹਿਜਤਾ ਤੋਂ ਦੂਰ ਹੋਣਾ ਜ਼ਿੰਦਗੀ ਲੱਗਦੀ ਹੈ

## ਹੇ ਸਖੀ

ਹੇ ਸਖੀ
ਤੂੰ ਉਦਾਸ ਨਾ ਹੋਵੀਂ
ਜਦ ਵੀ ਹਨੇਰਾ ਦਸਤਕ ਦੇਣ ਲੱਗੇ
ਚਿੱਤ ਚੇਤਿਆਂ 'ਚ ਵਸੀ ਮਾਂ ਨੂੰ ਚੇਤੇ ਕਰ ਲਵੀਂ
ਮਾਂ ਗਲ ਲੱਗ ਖੂਬ ਰੋਈਂ
ਸੁਰਖ਼ਰੂ ਰਹੀਂ
ਪਰ ਉਦਾਸ ਨਾ ਹੋਵੀਂ

ਤੂੰ ਅਡੋਲ ਰਵੀਂ
ਚਿਤ ਪਾਰਬ੍ਰਹਮ ਨੂੰ ਚੇਤੇ ਕਰ ਲਵੀਂ
ਜਦ ਵੀ ਹਨੇਰਾ ਦਸਤਕ ਦੇਣ ਲੱਗੇ
ਸਮਾਧੀ 'ਚ ਵਿਲੀਨ ਹੋ ਅੱਖਾਂ ਬੰਦ ਕਰ
ਧਿਆਨ ਧਰ ਲਵੀਂ
ਧਿਆਨ ਧਰ ਲਵੀਂ
ਸੁਰਖ਼ਰੂ ਰਹੀਂ
ਪਰ ਉਦਾਸ ਨਾ ਹੋਵੀਂ

ਤੂੰ ਚੜ੍ਹਦੀ ਕਲਾ 'ਚ ਰਹੀਂ
ਜਦ ਵੀ ਹਨੇਰਾ ਦਸਤਕ ਦੇਣ ਲੱਗੇ
ਪੁੱਤ ਨੂੰ ਬਾਹਾਂ 'ਚ ਘੁੱਟ
ਚੀਰ ਦੇਵੀਂ ਹਨੇਰੇ ਦੇ ਹਰ ਕਣ ਨੂੰ
ਮਮਤਾ 'ਚ ਤਾਕਤ ਹੈ ਬਹੁਤ
ਸੁਰਖ਼ਰੂ ਰਹੀਂ
ਪਰ ਉਦਾਸ ਨਾ ਹੋਵੀਂ

ਸੈੱਲਾਂ ਦੀ ਵਾਧ ਘਾਟ ਤਾਂ ਵਕਤੀ ਜਿਹਾ ਮਸਲਾ ਹੈ
ਬਸ ਇਕਾਗਰ ਰਹੀਂ
ਸੁਰਖ਼ਰੂ ਰਹੀਂ
ਹੇ ਸਖੀ
ਤੂੰ ਉਦਾਸ ਨਾ ਹੋਵੀਂ

## ਆਜ਼ਾਦੀ

ਅੱਜ ਗੱਲਾਂ ਕਰਨ ਨੂੰ ਜੀ ਕਰਦੈ
ਮੇਰੇ ਸੁਪਨਿਆਂ ਦੇ ਭਾਰਤ ਮਹਾਨ ਨਾਲ
ਸੋਨੇ ਦੀ ਚਿੜੀ
ਵਿਦਵਤਾ ਦੀ ਖਾਨ ਨਾਲ
ਤੇਰੇ ਆਉਣ ਦੀ ਉਮੀਦ 'ਚ ਜੋ ਸੁੱਖੇ
ਉਸ ਰਮਜ਼ਾਨ ਨਾਲ
ਨਫਰਤ ਦੇ ਹੜ੍ਹ 'ਚ ਰੁੜ੍ਹ ਜੋ ਮਮਤਾ ਭੁੱਲ ਗਿਆ
ਉਸ ਭਾਈ ਜਾਨ ਨਾਲ
ਮੇਰਾ ਮਾਹੀ, ਜੋ ਅਜੇ ਵੀ ਭਟਕਦਾ ਹੈ ਜੰਗ ਵਿੱਚ
ਅੱਜ ਦੇ ਜਾ ਉਸ ਨੂੰ ਤੂੰ ਦਿਲਾਸਾ ਸੁਫਨਿਆਂ ਦੀ ਉਡਾਨ ਨਾਲ

ਮੈਂ ਤਾਂ ਕਦੇ ਨਹੀਂ ਸੀ ਚਾਹਿਆ
ਕਿ ਦੋ ਫਾੜ ਹੋ ਜਾਈਏ
ਵੰਡਿਆਂ ਵੀ ਵਸਦੇ ਨੇ ਵਾਂਗ ਭਾਈ ਭਾਈ
ਲੜ ਵੀ ਪੈਂਦੇ ਨੇ
ਤੇ ਕਰ ਲੈਂਦੇ ਨੇ ਬਗਾਵਤ
ਸ਼ਾਹੀ ਹੁਕਮਰਾਨ ਨਾਲ

ਅੱਜ ਗੱਲਾਂ ਕਰਨ ਨੂੰ ਜੀ ਕਰਦੈ
ਮੇਰੇ ਸੁਪਨਿਆਂ ਦੇ ਭਾਰਤ ਮਹਾਨ ਨਾਲ
ਸੋਨੇ ਦੀ ਚਿੜੀ
ਵਿਦਵਤਾ ਦੀ ਖਾਨ ਨਾਲ

## ਪਾਸ਼ ਨੂੰ ਯਾਦ ਕਰਦਿਆਂ

ਅਹਿਸਾਸ ਕਰਾਓ ਆਪਣੀ ਹੋਂਦ ਦਾ
ਦੱਸੋ ਕਿ ਤਾਕਤਾਂ ਦੇ ਸਾਨ੍ਹ 'ਤੇ ਬਹਿ ਕੇ ਵੀ
ਕਲਮ ਦੀ ਆਵਾਜ਼ ਨੂੰ ਨਹੀਂ ਕੁਚਲ ਸਕਣਗੇ

ਦੱਸੋ ਕਿ ਰਗਾਂ 'ਚ ਵਹਿੰਦੇ
ਇਸ ਜੁਆਨ ਖੂਨ 'ਤੇ ਮਾਣ ਹੈ ਮੈਨੂੰ

ਦੱਸੋ ਕਿ ਮੈਂ ਕਿਸੇ ਹੀਣਤਾ 'ਚ ਨਹੀਂ
ਮੈਂ ਆਪਣੀਆਂ ਚੂੜੀਆਂ ਲੁਹਾ ਕੇ ਮਰਦ ਦੇ ਨਹੀਂ ਪੁਆਣੀਆਂ

ਦੱਸੋ ਕਿ ਨਹੀਂ ਜਰਨੀ ਮੈਂ ਕੰਮਾਂ ਦੀ ਕਾਣੀ ਵੰਡ

ਦੱਸੋ ਕਿ ਕਾਮ ਤੇ ਅਰਥ ਮੇਰਾ ਹੱਕ ਹੈ
ਤੇ ਮੈਂ ਜਗ ਭਾਉਂਦਾ ਖਾ ਕੇ ਮਨ ਭਾਉਂਦਾ ਹੈ ਪਾਉਣਾ

ਦੱਸੋ ਕਿ ਵਕਤ ਬਦਲਣਾ ਹੈ
ਹਾਲਾਤ ਸਦਾ ਇੱਕੋ ਜਿਹੇ ਨਹੀਂ ਰਹਿਣੇ

ਦੱਸੋ ਕਿ ਪਰਾਏ ਘਰਾਂ 'ਚ ਆਈ
ਇਹਨਾਂ ਦੀ ਫੁੱਟ ਪਾਓ ਦੀ ਰਾਜਨੀਤੀ
ਤੋਂ ਵਾਕਿਫ ਹੈ ਉਹ

ਦੱਸੋ ਕਿ ਬੰਦੇ ਕੀੜੇ ਮਕੌੜੇ ਨਹੀਂ ਹੁੰਦੇ
ਮੈਨੂੰ ਪੈਸੇ ਲੈ ਕੇ ਕੂੜਾ ਚੁੱਕਣ ਵਾਲੇ ਨਾਲੋਂ
ਘਰ ਕੂੜਾ ਚੁੱਕਣ ਵਾਲੀਆਂ 'ਤੇ ਤਰਸ ਆਉਂਦੈ

ਦੱਸੋ ਕਿ ਸੇਵਾ ਸੰਗਤ ਦੀ ਹੁੰਦੀ ਹੈ
ਘਰਾਂ 'ਚ ਜੂਠੇ ਭਾਂਡਿਆਂ ਦੀ ਨਹੀਂ
ਪਿਤਾ-ਪੁਰਖੀ ਸੱਤਾ ਅੱਜ ਵੀ ਧਰਮ ਤੋਂ ਤੋੜ
ਗੁਰੂ ਘਰ ਦੀ ਸੇਵਾ ਦੀ ਥਾਂ ਆਪਣੀ ਸੇਵਾ ਹੈ ਮੰਗਦੀ

ਦੱਸੋ ਕਿ ਘਰ 'ਚ ਜਦੋਂ ਸ਼ੀਤ ਯੁੱਧ ਛਿੜਦੈ
ਤੇ ਮਾਂ ਪੁੱਤ ਸਵਾ ਲੱਖ
ਤੇ ਇਹ ਸਿਰਫ ਤਿੰਨ ਹੁੰਦੇ ਨੇ

ਦੱਸੋ ਕਿ ਕਚਹਿਰੀਆਂ ਦੇ ਦਰਵਾਜ਼ੇ ਹੁਣ
ਔਰਤ ਲਈ ਬੰਦ ਨਹੀਂ।

## ਸਫ਼ਾ 1 ਦੀ ਬਾਕੀ

## ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ...

ਕਿਰਤ ਦੀ ਲੁੱਟ ਦਾ ਸੋਮਾ "ਕਿਰਤ ਦਿਨ"

(Labour Day) ਵਿਚ "ਜ਼ਰੂਰੀ ਕਿਰਤ ਸਮੇਂ" ਨੂੰ

ਛੋਟਾ ਕਰਦੇ ਜਾਣ ਵਿਚ ਹੈ, ਜਿਸ ਨਾਲ "ਵਾਧੂ ਕਿਰਤ ਸਮਾਂ" ਵੱਡਾ ਹੁੰਦਾ ਜਾਂਦਾ ਹੈ, ਮੁਨਾਫਾ ਘਟਦੀ ਦਰ ਨਾਲ, ਪਰ ਵਧਦਾ ਜਾਂਦਾ ਹੈ।

# ਸਰਮਾਏ ਦਾ ਇਕੱਤਰੀਕਰਨ ਅਤੇ ਕੇਂਦਰੀਕਰਨ ਵੀ ਮੁਨਾਫੇ ਵਧਾਉਂਦਾ ਹੈ। (ਯਾਦ ਰਹੇ ਇਹ ਮੁੱਢਲਾ

ਇਕੱਤਰੀਕਰਨ ਨਹੀਂ)

# ਵਿਗਿਆਨਕ ਤਕਨੀਕੀ ਕ੍ਰਾਂਤੀ (STR) ਨੇ ਉਤਪਾਦਨ ਦਾ ਰੂਪ ਵੀ ਬਦਲ ਦਿੱਤਾ ਹੈ ਅਤੇ ਸੁਪਰ-ਮੁਨਾਫੇ ਦੇ ਹਾਲਾਤ ਸਿਰਜ ਦਿੱਤੇ ਹਨ। ਪੁਰਾਣੇ ਕਾਰੋਬਾਰਾਂ ਨੂੰ ਨਵਿਆਉਣ ਨਾਲ ਪੁਰਾਣੇ ਕਿਰਤੀ ਛਾਂਟੀ ਕਰ ਦਿੱਤੇ ਹਨ।

# ਹੁਣ (19) ਆਰਟੀਫਿਸ਼ਲ ਇੰਟੈਲੀਜੈਂਸ ਨੇ ਕਿਰਤੀ ਦੀ ਲੋੜ ਨੂੰ (Infinitesimal) ਮੁੱਕਣ-ਮੁਕਾਮ 'ਤੇ ਕਰ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ।

ਸਹੀ ਅਰਥਾਂ ਵਿਚ "ਉਤਪਾਦਕ ਸ਼ਕਤੀਆਂ" ਮਾਰਕਸ ਵੱਲੋਂ ਚਿਤਵੇ "ਵਿਗਿਆਨਕ ਸਾਂਝੀਵਾਲ" ਸਮਾਜ ਦੇ ਪੱਧਰ ਤੱਕ ਪੁੱਜ ਗਈਆਂ ਹਨ। ਜਿੱਥੇ "ਹਰ ਇਕ ਤੋਂ ਯੋਗਤਾ ਅਨੁਸਾਰ ਅਤੇ ਹਰ ਲੋੜ ਦੀ ਪੂਰਤੀ" ਸੰਭਵ ਹੈ।

ਪ੍ਰੰਤੂ "ਗੈਰ-ਸਿਧਾਂਤਕੀ ਕਾਰਨ", ਇਹ ਹਕੀਕਤ ਤੋਂ ਦੂਰ, ਅਦਰਸ਼ਵਾਦ ਅਤੇ ਯੂਟੋਪੀਆ ਪ੍ਰਤੀਤ ਹੁੰਦਾ ਹੈ, ਕਿਉਂਕਿ ਵਿਗਿਆਨਕ ਸਮਾਜਵਾਦ/ਸਾਮਵਾਦ ਉਸਾਰੀ ਦੀ ਵਿਚਾਰਧਾਰਕ ਲੜੀ ਦੇਰ ਦੀ ਛੁੱਟੀ ਹੈ।

ਵਿਗਿਆਨਕ-ਸਾਮਵਾਦ (ਸਮਾਜਵਾਦ), ਸਰਮਾਏਦਾਰੀ ਸਮਾਜ ਤੋਂ ਉਚੇਰੀ ਸਮਾਜਿਕ ਪੱਧਰ ਹੈ। ਜਿਸ ਦਾ ਵਿਗਿਆਨਕ ਆਧਾਰ, "ਛੁਟੇਰੀ ਕੰਮ ਦਿਹਾੜੀ" ਦੇ ਸਿਧਾਂਤਕ ਸੂਤਰ ਵਿਚ ਲਿਪਤ ਹੈ।

ਇਹੀ ਸਰਮਾਏਦਾਰਾ ਸਮਾਜਿਕ ਪ੍ਰਬੰਧ ਤੋਂ 'ਸਾਂਝੀਵਾਲ ਸਮਾਜਿਕ ਪ੍ਰਬੰਧ' ਵਿਚ ਜਾਣ ਦਾ ਰਾਹ ਹੈ।

ਜਦੋਂ ਕਿਰਤ ਉਤਪਾਦਕਤਾ ਵਧਦੀ ਹੈ ਤਾਂ ਦੋ-ਰਾਹ ਹਨ। ਮੁਨਾਫੇ ਲਈ, "ਜ਼ਰੂਰੀ ਕਿਰਤ ਸਮਾਂ" ਘਟਾਉਣਾ ਹੈ, ਕਿਰਤੀ ਬੇਰੁਜ਼ਗਾਰ ਕਰਨੇ ਹਨ।

[ਇਹ ਸਰਮਾਏ ਦਾ ਰਾਹ ਹੈ]

ਦੂਜਾ : ਕਿਰਤ ਉਤਪਾਦਕਤਾ ਵਧਾਉਣ ਨਾਲ ਸਮਾਜਿਕ ਸੁੱਖ ਪੈਦਾ ਕਰਨ ਲਈ, "ਕਿਰਤ ਦਿਨ" ਦੀ ਕਾਨੂੰਨੀ ਸਮਾਂ, ਸੀਮਾ ਘਟਾ ਦਿਓ ਕਿਰਤੀ ਦੀ ਅਨੁਪਾਤਕ ਉਜਰਤ ਅਤੇ ਵਿਹਲਾ ਸਮਾਂ (Free time) ਵਧ ਜਾਵੇਗਾ। ਰੁਜ਼ਗਾਰ ਵਧੇਗਾ, ਜਿਸ ਨਾਲ ਨਵੇਂ ਮੁੱਲ ਦੀ ਸਿਰਜਨਾ ਨਾਲ ਸਮਾਜ ਅਮੀਰ ਹੋਵੇਗਾ। ਅੱਜ ਦੇ ਉਤਪਾਦਕ ਸਾਧਨਾਂ ਨਾਲ ਚਮਤਕਾਰ ਸੰਭਵ ਹਨ।

ਇਸੇ ਲਈ "ਪੂੰਜੀ" ਵਿਚ "ਕੰਮ ਦਿਨ" ਪਾਠ ਦੇ ਅੰਤਮ ਸ਼ਬਦ, ਮਾਰਕਸ ਨਵੇਂ ਬੈਨਰ ਉਤੇ ਸੁਝਾਉਂਦਾ ਹੈ : ਕਿਰਤੀ ਦਾ, "ਵੇਚਿਆ ਸਮਾਂ ਕਦੋਂ ਮੁੱਕਦਾ ਹੈ ਅਤੇ ਉਸ ਦਾ ਆਪਣਾ ਸਮਾਂ ਕਦੋਂ ਸ਼ੁਰੂ ਹੁੰਦਾ ਹੈ।"

ਕਿਰਤ ਉਤਪਾਦਕਤਾ ਦਾ ਵਾਧਾ ਉਸ ਦਾ ਆਪਣਾ ਸਮਾਂ (Free time) ਵਧਾਉਂਦਾ ਹੈ।

"Free time mode of production & distribution"=" Scientific communism."

ਇਸ ਵਿਚਾਰ ਨੂੰ ਜਨ ਮਾਨਸ ਦੀ ਸੂਝ ਦਾ ਅੰਗ ਬਣਾਉਣਾ ਅਤੇ ਅਮਲ 'ਚ ਲਾਗੂ ਕਰਨਾ, "ਵਿਚਾਰਧਾਰਕ-ਗਤੀ" ਹੈ।

ਭਾਰਤ ਦੀ "ਕਿਰਤ ਸ਼ਕਤੀ" ਦਾ 40% ਬੇਰੁਜ਼ਗਾਰ ਅਤੇ ਕੰਮ ਦੇ ਬੋਝ ਹੇਠ ਨਪੀੜੇ ਕਿਰਤੀ ਇਸ ਦੀ ਪਦਾਰਥਕ ਤਾਕਤ ਹਨ। ਇਸ ਸਮਾਜਿਕ ਵਿਰੋਧਵਿਕਾਸ ਦੇ ਚਮਤਕਾਰ ਬਾਰੇ ਇਕ ਖਤ ਵਿਚ ਮਾਰਕਸ ਨੇ ਲਿਖਿਆ ਸੀ :

"ਇਹੋ ਜਿਹੇ ਪੈਮਾਨੇ ਦੀਆਂ ਘਟਨਾਵਾਂ ਵਿਚ ਵੀਹ ਸਾਲ ਇਕ ਦਿਨ ਨਾਲੋਂ ਜ਼ਿਆਦਾ ਨਹੀਂ ਹੁੰਦੇ।"

ਲੈਨਿਨ ਨੇ ਮਾਰਕਸ ਦੀ ਪਰੋਲਤਾਰੀਆਂ ਨੂੰ ਮਹਾਨ ਦੇਣ : "ਦਾਸ ਕੈਪੀਟਲ" ਦਾ ਸਾਰ ਪੇਸ਼ ਕਰਦਿਆਂ ਲਿਖਿਆ : "ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂਧਾਰ ਐਲਾਨਾਂ ਦੀ ਉਸ ਸਾਦੇ, ਨਿਰਮਾਣ, ਅਮਲੀ ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿਚ ਇਸ ਸਵਾਲ ਨੂੰ ਪਰੋਲਤਾਰੀਆਂ ਨੇ ਪੇਸ਼ ਕੀਤਾ ਹੈ——ਛੁਟੇਰੀ ਕੰਮ ਦਿਹਾੜੀ ਨੂੰ ਸਿਧਾਂਤਕ ਰੂਪ ਵਿੱਚ ਕਾਨੂੰਨ ਬਣਾਉਣਾ ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ।"

ਮਨੁੱਖਤਾ ਅੱਗੇ "ਦੋ ਰਾਹਾਂ ਚੋਂ" ਇਕ ਦੀ ਚੋਣ ਹੈ :

"ਪੂੰਜੀਵਾਦੀ ਬਰਬਰਤਾ" ਜਾਂ

"ਸੁਨਹਿਰੀ ਸਾਂਝੀਵਾਲਤਾ"।।

ਫਾਸ਼ੀਵਾਦ; ਪੂੰਜੀਵਾਦੀ ਬਰਬਰਤਾ ਦਾ ਰਾਹ ਹੈ, ਜਿਸ ਨੂੰ ਰੱਦ ਕਰਨਾ, ਹਰਾਉਣਾ ਲਾਜ਼ਮੀ ਹੈ ਅਤੇ ਸੈਕੂਲਰ-ਡੈਮੋਕਰੇਟਕ : (ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ) ਸੁਨਹਿਰੀ-ਸਾਂਝੀਵਾਲਤਾ ਦਾ ਪਰੋਲਤਾਰੀ ਰਾਹ! ਜਿਸ ਦਾ ਕੋਈ ਬਦਲ ਨਹੀਂ, ਜਿਸ ਦਾ ਅਪਣਾਉਣਾ ਮਨੁੱਖੀ ਲੋੜ ਹੈ।

* * * * *

9+) "ਵਿਚਾਰਧਾਰਕ-ਗਤੀ"

ਉਹ ਜੋ ਵਿਚਾਰਧਾਰਕ ਗਤੀ ਬਾਰੇ ਦੁਚਿੱਤੀ ਵਿਚ ਹਨ, ਉਹ ਵਿਚਾਰ ਦੀ ਅਹਿਮੀਅਤ ਨਹੀਂ ਸਮਝਦੇ।

ਉਹ ਦਰਸ਼ਨ ਦੇ "ਪਦਾਰਥਵਾਦ-ਗੈਰ-ਵਿਰੋਧਵਿਕਾਸੀ" ਦੇ ਪੜਾਅ ਉਪਰ ਰੁਕੇ ਹੋਏ ਹਨ। ਜਿਸ ਵਿਚ ਵਿਚਾਰ ਪਦਾਰਥਕ ਹਾਲਤਾਂ ਦੀ ਉਪਜ ਤਾਂ ਹੈ, ਪਰ ਉਸ ਦੇ ਮੋੜਵੇਂ ਪ੍ਰਭਾਵ ਦੀ ਅਹਿਮੀਅਤ ਨਹੀਂ ਹੈ। ਉਹ ਵਿਚਾਰ ਤੋਂ "ਵਿਚਾਰਵਾਦ" (ਵਿਚਾਰਵਾਦੀ ਦਰਸ਼ਨ) ਵੱਲ ਤਿਲਕ ਜਾਣ ਦਾ ਡਰ ਆਪਣੇ ਮਨ ਵਿਚ ਪਾਲਦੇ, ਸਾਂਭੀ ਬੈਠੇ ਹਨ।

"ਪਦਾਰਥਵਾਦ-ਵਿਰੋਧਵਿਕਾਸੀ" ਵਿਚਾਰ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਇਸ ਅਨੁਸਾਰ ਪਦਾਰਥ, ਵਿਚਾਰ ਦਾ ਨਿਰਧਾਰਕ ਹੈ ਅਤੇ ਵਿਚਾਰ ਪਦਾਰਥ ਨੂੰ ਪ੍ਰਭਾਵਤ ਕਰਦਾ ਹੈ।

(Matter determines idea, and idea influences matter) ਇਹਨਾਂ ਵਿਚ ਦਵੰਦਵਾਦੀ ਰਿਸ਼ਤਾ ਹੈ। ਇਸ ਬਗੈਰ ਵਿਕਾਸ ਦੀ ਪਹਿਚਾਣ ਅਤੇ ਸੇਧ ਸੰਭਵ ਨਹੀਂ ਹੈ।

ਵਿਚਾਰ ਪਦਾਰਥਕ ਹਾਲਤਾਂ (ਪਦਾਰਥਕ ਗਤੀ) ਦੀ ਉਪਜ ਹੈ। ਇਹ ਅਮੂਰਤ ਹੈ, ਪਰ ਜਿਉਂ ਹੀ ਇਹ ਮਨੁੱਖੀ ਮਨਾਂ ਨੂੰ ਆਪਣੀ ਪਕੜ ਵਿਚ ਲੈ ਲੈਂਦਾ ਹੈ ਤਾਂ ਪਦਾਰਥਕ ਸ਼ਕਤੀ ਦਾ ਰੂਪ ਧਾਰ ਜਾਂਦਾ ਹੈ। ਬਦਲਾਅ ਦੀ ਠੋਸ ਸ਼ਕਤੀ, ਨਵੇਂ ਦਾ ਸਿਰਜਕ ਬਣ ਜਾਂਦਾ ਹੈ। ਇਹ ਵਿਚਾਰ ਦਾ "ਵਿਚਾਰਧਾਰਾ"

(ਪਦਾਰਥਕ ਵਹਾਓ) ਵਿਚ ਬਦਲਾਅ ਹੈ।

ਸਮਾਜ ਵਿਚ ਜਦੋਂ ਇਕ ਵਿਚਾਰ ਲੋਕਾਂ ਦੇ ਮਨਾਂ 'ਤੇ ਚੜ੍ਹ ਜਾਂਦਾ ਹੈ ਤਾਂ ਉਹ ਸਮਾਜਿਕ ਬਦਲਾਅ ਦੀ ਲਹਿਰ ਬਣਦਾ ਹੈ। ਇਸ ਨੂੰ "ਵਿਚਾਰਧਾਰਕ-ਗਤੀ" ਸੱਦਿਆ ਜਾਂਦਾ ਹੈ। ਵਿਚਾਰਧਾਰਕ ਸੰਘਰਸ਼, ਦੋ-ਵਿਚਾਰਧਾਰਾਵਾਂ ਦਾ ਸਮਾਜ ਵਿਚ ਇਕ-ਦੂਜੇ ਉਪਰ ਭਾਰੂ ਹੋਣ ਦਾ ਸੰਘਰਸ਼ ਹੈ।

ਇਹ "ਚੇਤਨ-ਵਿਰੋਧਵਿਕਾਸ" ਹੈ, ਜੋ ਕਰਮ ਲਈ ਸੰਜੀਵ ਰਾਹ ਦਸੇਰਾ (Living guide to action) ਹੈ।

ਦਰਸ਼ਨ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ, "ਇਕੋ ਗੱਲ ਹੈ" ਦੇ ਗੁੰਮਰਾਹਕੁਨ ਪ੍ਰਚਾਰ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਇਹ ਇਕੋ ਨਹੀਂ।

ਦਰਸ਼ਨ, (ਦੋਵਾਂ) ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ

ਦਾ ਨਿਰਧਾਰਕ ਹੈ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ

ਦੀ ਦਰੁਸਤੀ ਦੀ ਪਰਖ, ਪੜਤਾਲ ਤੇ ਪੁਸ਼ਟੀ ਲਈ ਮੁੜ ਦਰਸ਼ਨ (ਸੂਝ ਦੀ ਸਿਖਰ) ਵੱਲ ਮੁੜਨਾ ਪੈਂਦਾ ਹੈ। ਅਜਿਹਾ ਕਿਉਂ ਹੈ?

ਕਿਉਂਕਿ ਦਰਸ਼ਨ ਦੇ ਬਦਲਣ ਨਾਲ ਦੋਵੇਂ (ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ) ਵੀ ਬਦਲ ਜਾਂਦੇ ਹਨ। ਦੋ ਮੁੱਖ ਵਿਚਾਰਧਾਰਾਵਾਂ ਵਿਚਕਾਰ, ਅੰਸ਼ਕ-ਵਿਚਾਰਧਾਰਾਵਾਂ ਵੀ ਪਨਪਦੀਆਂ ਹਨ। ਉਹ ਦਵੱਲਾ ਖਾਸਾ ਰੱਖਦੀਆਂ ਹਨ। ਉਹ ਮੁੱਖ ਧਾਰਾ ਦੇ ਵਹਾਅ ਨੂੰ ਨੁਕਸਾਨ ਵਜੋਂ, 'ਵਿਰੋਧੀ ਵਿਚਾਰਧਾਰਾ' ਵੱਲੋਂ ਵੀ ਵਰਤ ਹੁੰਦੀਆਂ ਹਨ ਅਤੇ ਮੁੱਖ ਧਾਰਾ ਦੀ ਚੇਤਨ ਸਮਝਦਾਰੀ ਉਹਨਾਂ ਨੂੰ ਮੁੱਖ ਧਾਰਾ ਲਈ ਸਹਿਯੋਗੀ ਵੀ ਬਣਾ ਸਕਦੀਆਂ ਹਨ। ਇਹ ਦਵੰਦ ਬਹੁਤ ਨਾਜ਼ੁਕ, ਸੰਵੇਦਨਸ਼ੀਲ ਹੁੰਦਾ ਹੈ। ਇਹ ਸਮਾਜਿਕ ਦਵੰਦਵਾਦ ਦੀ ਸਿਖਰ ਹੁੰਦਾ ਹੈ, ਜਿਸ ਵਿੱਚੋਂ ਲੰਘੇ ਬਗੈਰ ਮੰਜ਼ਲ ਦੂਰ ਬਣੀ ਰਹਿੰਦੀ ਹੈ। ਇਸ ਸਥਿਤੀ ਤੋਂ ਪਾਸਾ ਵੱਟ ਕੇ ਲੰਘਣ ਦੀ ਗੁੰਜਾਇਸ਼ ਨਹੀਂ ਹੁੰਦੀ। ਇੱਥੇ ਅਗਵਾਈ ਦੇ ਦਾਅਪੇਚ ਪ੍ਰਗਟ ਹੁੰਦੇ ਹਨ, ਜੋ ਆਗੂ ਦੀ ਮਹਾਨਤਾ ਵਜੋਂ ਯਾਦ ਕੀਤੇ ਜਾਂਦੇ ਹਨ।

ਜਮਾਤੀ ਹਿੱਤਾਂ ਦੀ ਸਮੁੱਚਤਾ ਵਿਚ ਅੰਦਰੂਨੀ ਅੰਸ਼ਕ ਹਿੱਤਾਂ ਦੀ ਪੂਰਤੀ ਨੂੰ, ਇਸ ਤਰ੍ਹਾਂ ਸਮੇਟਣਾ ਹੁੰਦਾ ਹੈ, ਜਿਵੇਂ ਮਜ਼ਬੂਤ ਰੱਸਾ ਵੱਟਣ ਵਾਲੇ ਹਰ 'ਧਾਈ' ਨੂੰ ਉਸ ਦਾ ਅੰਗ ਬਣਾ ਲੈਂਦੇ ਹਨ।

ਜਮਾਤੀ ਸੰਗਰਾਮ ਸਮੁੱਚਤਾ ਵਿਚ ਹੁੰਦਾ ਹੈ, ਪਰ ਸਮੁੱਚੀ ਜਮਾਤ ਦੇ ਅੰਸ਼, ਆਪਣਾ ਵੱਖਰਾ "ਦਬਾਅ ਗਰੁੱਪ" (pressure group) ਬਣਾ ਕੇ ਆਪਣੇ ਲਈ ਰਿਆਇਤ ਹਾਸਲ ਕਰਦੇ ਹਨ, ਜਮਾਤੀ ਘੋਲ ਦਾ ਸਿਧਾਂਤ, ਉਸ ਦੀ ਸੇਧ, ਇਹਨਾਂ ਦਾ ਵਿਰੋਧ ਕਦੇ ਨਹੀਂ ਕਰਦੀ, ਸਗੋਂ ਜਮਾਤੀ-ਘੋਲ ਦੀ ਸਮੁੱਚਤਾ, ਸਫਲਤਾ ਨਾਲ ਉਸ ਦੇ ਅੰਸ਼ਕ ਘੋਲ ਦੀ ਪ੍ਰਾਪਤੀ ਦੇ ਠੋਸ ਹੱਲ ਦੀ ਚੇਤਨਾ ਨਾਲ, ਸਮੁੱਚਤਾ ਨਾਲ ਜੋੜਦੀ ਹੈ। ਵਿਚਾਰਧਾਰਕ-ਗਤੀ (ਅਮੂਰਤ ਤੋਂ) ਪਦਾਰਥਕ-ਗਤੀ (ਠੋਸ) ਰੂਪ ਧਾਰਨਾ ਹੈ।

"ਠੋਸ ਤੋਂ ਅਮੂਰਤ ਅਤੇ ਅਮੂਰਤ ਤੋਂ ਠੋਸ",

"ਹਾਲਾਤਾਂ ਤੋਂ ਵਿਚਾਰ ਅਤੇ ਵਿਚਾਰ ਤੋਂ ਨਵੇਂ ਹਾਲਾਤ", ਸਮਾਜਿਕ ਹਾਲਾਤਾਂ ਤੋਂ ਵਿਚਾਰਧਾਰਕ-ਗਤੀ ਅਤੇ ਵਿਚਾਰਧਾਰਕ-ਗਤੀ ਨਾਲ ਨਵੇਂ ਸਮਾਜ ਦੀ ਸਿਰਜਨਾ। ਇਹ ਹੈ ਪਦਾਰਥਵਾਦ- ਵਿਰੋਧਵਿਕਾਸੀ ਅਮਲ, ਜਿਸ ਵਿਚ ਵਿਚਾਰਧਾਰਕ-ਗਤੀ ਰੂਪ ਸਰਵਉੱਚ ਹੈ।

**(ਸਮਾਪਤ)**

# ਮਰ ਗਿਆ ਰਫੀ!

ਸਾਰੇ ਉਸ ਨੂੰ ਕਾਲੀ ਕਹਿੰਦੇ ਸਨ, ਕਿਉਂਕਿ ਉਹਦਾ ਰੰਗ ਪੱਕਾ ਸੀ, ਨੈਣ-ਨਕਸ਼ ਸਧਾਰਨ । ਕੱਦ ਵੀ ਥੋੜ੍ਹਾ ਜਿਹਾ ਛੋਟਾ ਹੀ ਸੀ, ਪਰ ਅਸੀਂ ਦੋਸਤਾਂ ਨੇ ਉਹਦਾ ਨਾਂਅ ਰਫੀ ਪਾ ਦਿੱਤਾ ਸੀ।

ਪਿੰਡ ਦੀ ਸੱਥ 'ਚ ਛੋਟੇ ਜਿਹੇ ਚੌਕ 'ਚ ਸਥਿਤ ਉਸ ਦੀ ਨਿੱਕੀ ਜਿਹੀ ਕੋਠੜੀ ਦੇ ਬਾਹਰ ਟੰਗੇ ਉਸ ਦੇ ਰੇਡੀਓ 'ਤੇ ਗਾਣੇ ਚਲਦੇ ਹੀ ਰਹਿੰਦੇ ਸਨ। ਸ਼ਾਮ ਨੂੰ ਜਦੋਂ ਉਹ ਪੀ ਲੈਂਦਾ, ਅਸੀਂ ਉਸ ਨੂੰ ਦੇਖਣ ਲਈ ਆਪਣੀ ਲੁਕਣਮਿਚੀ ਬੰਦ ਕਰ ਦਿੰਦੇ। ਗਾਣਿਆਂ ਦੇ ਹਿਸਾਬ ਨਾਲ ਬਦਲਦੀ ਉਸ ਦੀ ਪ੍ਰਤੀਕਿਰਿਆ ਸਾਨੂੰ ਮਨੋਰੰਜਕ ਲਗਦੀ।

ਕਿਸੇ-ਕਿਸੇ ਗਾਣੇ 'ਤੇ ਉਹ ਉਚੀ-ਉਚੀ ਰੋਂਦਾ ਤੇ ਕਿਸੇ-ਕਿਸੇ ਗਾਣੇ 'ਤੇ ਉਹ ਝੂਮਦਾ, ਨੱਚਦਾ, ਗਾਉਂਦਾ। ਉਹ ਯਤੀਮ ਤਾਂ ਹੀ ਸੀ, ਛੜਾ ਵੀ ਸੀ, ਹੁਣ ਇਕੱਲਾ ਵੀ ਸੀ। ਅਸੀਂ ਛੋਟੇ ਸੀ, ਉਸ ਦੇ ਦੁੱਖ-ਦਰਦ ਤੋਂ ਬੇਖਬਰ ਸੀ, ਪਰ ਮੈਂ ਏਨਾ ਜ਼ਰੂਰ ਸਮਝਦਾ ਸੀ ਕਿ ਉਹ ਖੁਸ਼ ਨਹੀਂ ਸੀ, ਨਾਰਾਜ਼ ਸੀ, ਪਰ ਇਹ ਨਹੀਂ ਸਮਝ ਸਕਿਆ ਸੀ ਕਿ ਕਿਸ ਨਾਲ ਨਾਰਾਜ਼ ਸੀ।

ਲਛਮੀ ਭੂਆ ਨੂੰ ਉਹ ਤੀਰਥ 'ਤੇ ਗਈ ਨੂੰ ਮਿਲਿਆ ਸੀ। ਉਹ ਲੈ ਤਾਂ ਆਈ ਸੀ, ਕੁਝ ਸਾਲ ਲੰਘੇ ਵੀ ਸਨ, ਪਰ ਉਹਦੇ ਆਪਣੇ ਬੱਚੇ ਇਹਨੂੰ ਘਰੇ ਨਹੀ ਰੱਖਣਾ ਚਾਹੁੰਦੇ ਸਨ। ਉਹ ਅਣਚਾਹਿਆ ਸੀ ਉਸ ਘਰ 'ਚ, ਵਾਧੂ ਦਾ ਬੋਝ।

ਅਖੀਰ ਉਹ ਸੜਕ 'ਤੇ ਆ ਗਿਆ, ਰੋਜ਼ ਦੇ ਕਲੇਸ਼ ਦਾ ਇਹੀ ਨਤੀਜਾ ਨਿਕਲਣਾ ਸੀ। ਪਿੰਡ ਵਾਲਿਆਂ ਨੇ ਹਮਦਰਦੀ ਕੀਤੀ , ਪਿੰਡ ਦੀ ਸੱਥ 'ਚ ਥੋੜ੍ਹੀ ਜਿਹੀ ਜਗ੍ਹਾ ਦੇ ਦਿੱਤੀ ਸੀ, ਜਿੱਥੇ ਉਸ ਨੇ ਇਕ ਛੋਟੀ ਜਿਹੀ ਕੋਠੜੀ ਪਾ ਲਈ ਸੀ, ਜਿਸ ਦੀ ਛੱਤ ਕਾਨਿਆਂ ਦੇ ਬੋਝ 'ਤੇ ਖੜੀ ਸੀ। ਉਹ ਸਾਇਕਲ 'ਤੇ ਸਬਜ਼ੀ ਵੇਚਣ ਵੀ ਲੱਗ ਪਿਆ ਸੀ। ਜਦੋਂ ਕੋਠੜੀ ਪਾ ਲਈ ਤਾਂ ਸਾਹਮਣੀ ਕੰਧ ਇਕ ਕਿੱਲੀ ਵੀ ਗੱਡ ਦਿੱਤੀ ਸੀ, ਜਿਥੇ ਉਸ ਦਾ ਰੇਡੀਓ ਹਮੇਸ਼ਾ ਚਲਦਾ ਰਹਿੰਦਾ। ਅਸੀਂ ਸਾਰੇ ਦੋਸਤ ਅਕਸਰ ਸ਼ਾਮ ਨੂੰ ਲੁਕਣਮੀਟੀ ਖੇਡਦੇ ਉਸ ਨੂੰ ਤੱਕਦੇ, ਰੇਡੀਓ ਦੇ ਗਾਣੇ ਸੁਣਦੇ।

ਸਮਾਂ ਬੀਤਿਆ ਤਾਂ ਉਹ ਜਿਵੇਂ ਸਿਮਟਦਾ ਗਿਆ, ਉਹ ਕਿਸੇ ਨਾਲ ਘੱਟ ਹੀ ਬੋਲਦਾ, ਸਾਨੂੰ ਵੀ ਝਿੜਕਦਾ ਰਹਿੰਦਾ ਸੀ। ਰੇਡੀਓ ਹੀ ਉਸ ਦਾ ਸਾਥੀ ਸੀ। ਉਹ ਰੋਂਦਾ ਵੀ ਉਸੇ ਨਾਲ, ਹੱਸਦਾ ਵੀ ਉਸੇ ਨਾਲ। ਦੇਰ ਰਾਤ ਤੱਕ ਉਸ ਦਾ ਰੇਡੀਓ ਵੱਜਦਾ ਰਹਿੰਦਾ। ਅੱਤਵਾਦ ਦਾ ਸਮਾ ਸੀ, ਲੋਕ ਡਰਦੇ ਘਰਾਂ 'ਚ ਵੜ ਜਾਂਦੇ, ਪਰ ਉਹ ਸੀ ਕਿ ਕਿਸੇ ਤੋਂ ਡਰਦਾ ਨਹੀਂ ਸੀ, ਦੇਰ ਰਾਤ ਤੱਕ ਉਸ ਦੇ ਰੇਡੀਓ 'ਤੇ ਰਫੀ ਦੇ ਗੀਤ ਚਲਦੇ ਰਹਿੰਦੇ।

ਮੈਂ ਛੋਟਾ ਸੀ, ਬੱਚਾ ਸੀ, ਪਰ ਏਨਾ ਕੁ ਉਦੋਂ ਵੀ ਸੋਚਦਾ ਕਿ ਉਹ ਸ਼ਾਇਦ ਜਿਉਣਾ ਚਾਹੁੰਦਾ ਵੀ ਨਹੀਂ ਸੀ, ਤਦੇ ਉਹ ਡਰਦਾ ਨਹੀਂ। ਫਿਰ ਰਾਤ ਨੂੰ ਵੱਜਦਾ ਰੇਡੀਓ, ਰਫੀ ਦੇ ਉਦਾਸ ਗੀਤਾਂ 'ਤੇ ਪੈਂਦੇ ਉਸ ਦੇ ਵੈਣ, ਕਿਸ਼ੋਰ ਦੇ ਗੀਤਾਂ ਦੇ ਉਸ ਦੀ ਖੁਸ਼ੀ ਦੇ ਰੌਲੇ-ਰੱਪੇ ਲੋਕਾਂ ਨੂੰ ਚੁਭਣ ਲੱਗ ਪਏ ਸਨ।

ਇਕ ਰਾਤ ਲੱਛਮੀ ਭੂਆ ਦੇ ਮੁੰਡੇ ਨੂੰ ਹੀ ਰਫੀ 'ਤੇ ਖੁੰਦਕ ਚੜ੍ਹੀ। ਉਹ ਵੈਸੇ ਵੀ ਉਹਨੂੰ ਨਫਰਤ ਕਰਦਾ ਸੀ, ਉਤੋਂ ਉਹ ਉਸ ਦਿਨ ਪੀਤੀ ਵੀ ਹੋਈ ਸੀ। ਉਸ ਤੋਂ ਜਦੋਂ ਬਰਦਾਸ਼ਤ ਨਾ ਹੋਇਆ, ਉਹ ਚੌਕ 'ਚ ਆ ਖੜਾ ਸੀ। ਰਫੀ ਵਾਸਤੇ ਉਸ ਦੇ ਦਿਲ 'ਚ ਪਹਿਲਾਂ ਹੀ ਬਹੁਤ ਨਫਰਤ ਸੀ। ਉਸ ਦਾ ਸੋਚਣਾ ਸੀ ਕਿ ਨਾਲੇ ਤਾਂ ਅਸੀਂ ਇਸ ਨੂੰ ਕਈ ਸਾਲ ਪਾਲਿਆ, ਨਾਲੇ ਲੋਕਾਂ ਤੋਂ ਗੱਲਾਂ ਸੁਣੀਆਂ। ਰਫੀ ਦਾ ਵੀ ਸ਼ਾਇਦ ਆਪਣਾ ਦਰਦ ਸੀ, ਉਹ ਅਕਸਰ ਕਹਿੰਦਾ, ਇਸ ਤੋਂ ਚੰਗਾ ਤਾਂ ਮੈਨੂੰ ਯਤੀਮ ਹੀ ਰਹਿਣ ਦਿੰਦੇ। ਇਹ ਸ਼ਾਇਦ ਆਪਣੇਪਣ ਦੀ ਤਲਾਸ਼ 'ਚੋਂ ਨਿਕਲੀ ਉਸ ਦੀ ਪੀੜ ਸੀ, ਜੋ ਉਸ ਨੂੰ ਮਿਲਦਾ -ਮਿਲਦਾ ਰਹਿ ਗਿਆ ਸੀ। ਇਕ ਖਲਾਅ ਤੇ ਉਸ ਦੇ ਦਰਦ ਦੀ ਚੀਸ।

ਲਛਮੀ ਦਾ ਮੁੰਡਾ ਕਿਸ ਰੌਂਅ 'ਚ ਖੜਾ ਹੈ, ਰਫੀ ਨੂੰ ਇਸ ਦਾ ਇਲਮ ਨਹੀਂ ਸੀ। ਉਹ ਰਫੀ ਦੇ ਉਦਾਸ ਗਾਣੇ 'ਤੇ ਉਚੀ-ਉਚੀ ਰੋ ਰਿਹਾ ਸੀ। ਉਹ ਪਹਿਲਾਂ ਵੀ ਲੜਦੇ ਰਹਿੰਦੇ ਸਨ, ਪਰ ਅੱਜ ਹਾਲਾਤ ਜ਼ਿਆਦਾ ਗੰਭੀਰ ਸਨ। ਤਮਾਸ਼ਾਈ ਵੀ ਇਕੱਠੇ ਹੋ ਗਏ ਸਨ। ਉਹਨਾਂ ਵਿਚ ਉਹ ਵੀ ਸਨ, ਜੋ ਰਫੀ ਅਤੇ ਉਸ ਦੇ ਰੇਡੀਓ ਤੋਂ ਪਰੇਸ਼ਾਨ ਸਨ। ਅੰਦਰ ਚੱਲ ਰਹੀ ਨਫਰਤ ਨੇ ਜ਼ੋਰ ਮਾਰਿਆ ਤਾਂ ਸੰਤੂ ਨੇ ਕਿੱਲੀ 'ਤੇ ਟੰਗੇ ਰੇਡੀਓ ਨੂੰ ਜ਼ੋਰ ਨਾਲ ਧਰਤੀ 'ਤੇ ਮਾਰ ਦਿੱਤਾ ਸੀ। ਉਸ ਨੂੰ ਰੇਡੀਓ ਨਾਲ ਰਫੀ ਤੋਂ ਵੀ ਵਧੇਰੇ ਨਫਰਤ ਸੀ, ਇਸ 'ਤੇ ਚਲਦੇ ਗਾਣੇ ਉਸ ਨੂੰ ਬੇਚੈਨ ਕਰਦੇ ਰਹਿੰਦੇ। ਉਸ ਨੂੰ ਰਫੀ ਦੀ ਹੋਂਦ ਦਾ ਅਹਿਸਾਸ ਹੁੰਦਾ ਤੇ ਇਹੀ ਅਹਿਸਾਸ ਉਸ ਨੂੰ ਬੇਚੈਨ ਕਰ ਦਿੰਦਾ ਸੀ।

ਰੇਡੀਓ ਦੇ ਧਰਤੀ ਨਾਲ ਟਕਰਾਉਣ 'ਤੇ ਥੋੜ੍ਹੀ ਜਿਹੀ ਆਵਾਜ਼ ਹੋਈ।

ਰੇਡੀਓ 'ਤੇ ਚਲਦਾ ਉਦਾਸ ਗੀਤ ਬੰਦ ਹੋ ਗਿਆ।

ਰੇਡੀਓ ਟੁੱਟ ਗਿਆ ਸੀ, ਪਰ ਸੰਤੂ ਦੀ ਨਫਰਤ ਨੂੰ ਹਾਲੇ ਹੋਰ ਵੀ ਕੁਝ ਚਾਹੀਦਾ ਸੀ। ਚੁੱਲ੍ਹੇ ਦੇ ਕੋਲ ਬੈਠੇ ਰਫੀ ਨੂੰ ਵੀ ਉਸ ਨੇ ਧੱਕਾ ਦੇ ਦਿੱਤਾ ਸੀ, ਪਰ ਅੱਜ ਉਸ ਨੇ ਕੋਈ ਪ੍ਰਤੀਕਰਮ ਨਹੀਂ ਸੀ ਕੀਤਾ, ਉਹ ਬੱਸ ਟੁੱਟੇ ਹੋਏ ਰੇਡੀਓ ਦੇ ਟੁਕੜਿਆਂ ਵੱਲ ਦੇਖ ਰਿਹਾ ਸੀ। ਉਸ ਦੀ ਝਾਕਣੀ 'ਚ ਉਦਾਸੀ ਸੀ, ਦੁੱਖ ਸੀ, ਜਿਵੇਂ ਕੋਈ ਆਪਣਾ ਮਰ ਮੁੱਕ ਗਿਆ ਹੋਵੇ।

ਹੌਲੀ-ਹੌਲੀ ਲੋਕ ਘਰਾਂ ਨੂੰ ਚਲੇ ਗਏ ਸਨ। ਕਹਿੰਦੇ ਨੇ ਉਸ ਰਾਤ ਰਫੀ ਦੇ ਕਮਰੇ ਤੋਂ ਕੋਈ ਆਵਾਜ਼ ਨਹੀਂ ਸੀ ਆਈ। ਨਾ ਰੋਣ ਦੀ, ਨਾ ਕਮਲੇ ਹਾਸੇ ਦੀ। ਰੇਡੀਓ ਤਾਂ ਟੁੱਟ ਹੀ ਚੁੱਕਿਆ ਸੀ। ਪਿੰਡ 'ਚ ਉਹ ਰਾਤ ਹੋਰਨਾਂ ਰਾਤਾਂ ਨਾਲੋ ਸ਼ਾਂਤ ਸੀ , ਕੁਝ ਅਲਹਿਦਾ।

ਇਸ ਵੱਖਰੀ ਰਾਤ ਦੀ ਸੁਬਾਹ ਵੀ ਬਹੁਤ ਅਲਹਿਦਾ ਤੇ ਉਦਾਸ ਸੀ।

ਰਾਤ ਨੂੰ ਰਫੀ ਮਰ ਗਿਆ ਸੀ।

ਪਿੰਡ 'ਚ ਜਿਵੇਂ ਇੱਕੋ ਫਿਕਰਾ ਗੂੰਜ ਰਿਹਾ ਸੀ,

ਮਰ ਗਿਆ ਰਫੀ!

**- ਤਰਸੇਮ ਬਸਰ**

ਸੰਪਰਕ 98141-63071

## ਆਖਰੀ ਸਫ਼ਾ ਦੀ ਬਾਕੀ

## ਬਾਰੂਦ ਨੂੰ ਤੀਲ੍ਹੀ ਕੌਣ ਲਾਉਂਦਾ ਹੈ?...

ਅਦਾਲਤ ਵਿੱਚ ਪੇਸ਼ ਹੋਣ ਅਤੇ ਉਸ ਦੇ ਅਪਰਾਧਾਂ ਦੀ ਗਵਾਹੀ ਦੇਣ ਲਈ ਤਿਆਰ ਸਨ ਅਤੇ ਅਸੀਂ ਦਸਤਾਵੇਜ਼ ਅਤੇ ਆਡੀਓ ਬਰਾਮਦ ਕੀਤੇ, ਜੋ ਕੇਸ ਦਾ ਸਮਰਥਨ ਕਰਦੇ ਸਨ।

ਬਰਗਨ : "20 ਸਾਲਾਂ ਬਾਅਦ ਵੱਡਾ ਸਵਾਲ ਇਹ ਹੈ, ਕੀ ਇਹ ਸਭ ਜ਼ਰੂਰੀ ਸੀ ਤੇ ਹੋਣਾ ਹੀ ਸੀ?"

ਤੁਸੀਂ ਇਰਾਕ ਨੂੰ ਦੇਖੋ, ਉੱਥੇ ਘਰੇਲੂ ਯੁੱਧ ਦੌਰਾਨ ਸੈਂਕੜੇ ਹਜ਼ਾਰਾਂ ਲੋਕ ਮਾਰੇ ਗਏ ਸਨ। ਸੱਦਾਮ ਦੇ ਅਧੀਨ ਇਰਾਕ ਵਿੱਚ ਅਲਕਾਇਦਾ ਦੀ ਕੋਈ ਮੌਜੂਦਗੀ ਨਹੀਂ ਸੀ, ਪਰ ਅਮਰੀਕੀ ਹਮਲੇ ਤੋਂ ਬਾਅਦ ਇਰਾਕ ਵਿੱਚ ਅਲਕਾਇਦਾ ਵਜੋਂ ਜਾਣੀ ਜਾਂਦੀ ਇੱਕ ਸ਼ਕਤੀਸ਼ਾਲੀ ਅਲਕਾਇਦਾ ਸ਼ਾਖਾ ਫੈਲ ਗਈ, ਜੋ ਆਖ਼ਰਕਾਰ ਆਈ ਐੱਸ ਆਈ ਐੱਸ ਵਿੱਚ ਬਦਲ ਗਈ।

ਸੱਦਾਮ ਇੱਕ ਭਿਆਨਕ ਇਨਸਾਨ ਸੀ। ਉਹ 20ਵੀਂ ਸਦੀ ਦੇ ਅਖੀਰਲੇ ਸਭ ਤੋਂ ਖ਼ਤਰਨਾਕ ਕਾਤਲ ਆਦਮੀਆਂ ਵਿੱਚੋਂ ਇੱਕ ਹੈ। ਫਿਰ ਵੀ ਉਸੇ ਸਮੇਂ ਉਸ ਨੇ ਇਰਾਕ ਦੀਆਂ ਬੁਨਿਆਦੀ ਦਹਿਲੀਜ਼ਾਂ 'ਤੇ ਇੱਕ ਢੱਕਣ ਰੱਖੀ ਰੱਖਿਆ, ਜਿਸ ਵਿੱਚ ਇੱਕ ਕਾਰਜਸ਼ੀਲ ਸਿੱਖਿਆ ਪ੍ਰਣਾਲੀ ਅਤੇ ਮੁਕਾਬਲਤਨ ਪੜ੍ਹੀ-ਲਿਖੀ ਆਬਾਦੀ ਸੀ ਅਤੇ ਇਹ ਸਭ ਅਮਰੀਕੀ ਹਮਲੇ ਕਾਰਨ ਉੱਡ ਗਿਆ। ਤੁਸੀਂ ਇਸ ਸਭ ਬਾਰੇ ਕਿਵੇਂ ਸੋਚਦੇ ਹੋ?

ਪੀਰੋ : ਇਹ ਬਹੁਤ ਔਖਾ ਸਵਾਲ ਹੈ। ਸੱਦਾਮ ਸਾਡੇ ਸਮੇਂ ਦੇ ਸਭ ਤੋਂ ਬੇਰਹਿਮ ਤਾਨਾਸ਼ਾਹਾਂ ਵਿੱਚੋਂ ਇੱਕ ਹੈ ਅਤੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਅੱਤਿਆਚਾਰਾਂ ਲਈ ਜ਼ਿੰਮੇਵਾਰ ਸੀ, ਪਰ ਦੂਜੇ ਪਾਸੇ ਉਸ ਨੇ ਮੈਨੂੰ ਦੱਸਿਆ ਕਿ ਸਾਨੂੰ ਨਹੀਂ ਪਤਾ ਕਿ ਇਰਾਕ 'ਤੇ ਰਾਜ ਕਰਨਾ ਕਿੰਨਾ ਮੁਸ਼ਕਲ ਸੀ।

ਬਰਗਨ ਦਾ ਪੀਰੋ ਨੂੰ ਕੀਤਾ ਸੁਆਲ ਅਸਲ ਵਿੱਚ ਬਹੁਤ ਮਾਇਨੇ ਰੱਖਦਾ ਹੈ, ਕੀ ਇੰਜ ਕਰਨਾ ਮਾਨਵਤਾ ਦੇ ਹਿੱਤ ਵਿੱਚ ਹੈ?"

ਮੈਂ ਇਸ ਬਾਰੇ ਸੋਚਣ ਜਾਂ ਇਸ ਉੱਤੇ ਧਿਆਨ ਕੇਂਦਰਿਤ ਕਰਨ ਦੀ ਸਥਿਤੀ ਵਿੱਚ ਨਹੀਂ ਸੀ; ਮੇਰਾ ਕੰਮ ਪੁੱਛਗਿੱਛ ਕਰਨਾ ਸੀ।

ਦੂਜੇ ਪਾਸੇ, ਜੋ ਚੀਜ਼ ਮੈਨੂੰ ਵਧੇਰੇ ਨਿਰਾਸ਼ ਕਰਦੀ ਹੈ, ਉਹ ਇਹ ਹੈ ਕਿ ਯੁੱਧ ਦੀ ਸ਼ੁਰੂਆਤ ਵਿੱਚ ਮੁੱਖ ਮੌਕੇ ਸਨ ਅਤੇ ਸਾਡੇ ਹਿੱਸੇ ਮਹੱਤਵਪੂਰਨ ਅਸਫਲਤਾਵਾਂ ਆਈਆਂ। ਜੇ ਇੰਜ ਨਾ ਹੁੰਦਾ ਤਾਂ ਅੱਜ ਇਰਾਕ ਕਿੰਨਾ ਵੱਖਰਾ ਦਿਖਾਈ ਦਿੰਦਾ।

ਬਰਗਨ : ਅਤੇ ਉਹ ਅਸਫਲਤਾਵਾਂ ਕੀ ਹਨ?

ਪੀਰੋ : ਮੇਰੇ ਲਈ, ਸਭ ਤੋਂ ਵੱਡੀ ਗੱਲ ਅਮਰੀਕਾ ਦੁਆਰਾ ਇਰਾਕੀ ਫ਼ੌਜ ਨੂੰ ਖ਼ਤਮ ਕਰਨਾ ਸੀ।

ਬਰਗਨ : ਕਿਉਂ?

ਪੀਰੋ : 2003 ਵਿੱਚ ਇਰਾਕ ਵਿੱਚ ਸਭ ਤੋਂ ਵੱਡਾ ਰੁਜ਼ਗਾਰ ਦਾਤਾ ਇਰਾਕੀ ਫ਼ੌਜ ਸੀ। ਇਸ ਲਈ ਅਸੀਂ ਅੰਦਰ ਆਉਂਦੇ ਹਾਂ ਅਤੇ ਅਸੀਂ ਪੂਰੀ ਤਰ੍ਹਾਂ ਮਿਲਟਰੀ ਨੂੰ ਖ਼ਤਮ ਕਰ ਦਿੰਦੇ ਹਾਂ, ਜਿਵੇਂ ਕਿ ਕਿਸੇ ਵੀ ਦੇਸ਼ ਵਿੱਚ, ਇੱਕ ਸਿਪਾਹੀ ਜਿਉਂਦੇ ਰਹਿਣ ਲਈ ਆਪਣੀ ਤਨਖ਼ਾਹ ਅਤੇ ਲਾਭਾਂ 'ਤੇ ਨਿਰਭਰ ਕਰਦਾ ਹੈ।

ਪਰਵਾਰ ਅਤੇ ਜ਼ਿੰਮੇਵਾਰੀਆਂ ਕਿਸੇ ਵੀ ਸਿਪਾਹੀ ਨੂੰ ਡਸਿਪਲਿਨ ਵਿੱਚ ਰੱਖਦੀ ਹੈ।

ਸਾਨੂੰ ਇਸ ਦੇ ਪ੍ਰਭਾਵ ਦਾ ਅਹਿਸਾਸ ਨਹੀਂ ਹੋਇਆ ਅਤੇ ਅਸੀਂ ਸਾਰਿਆਂ ਨੂੰ ਬਰਖ਼ਾਸਤ ਕਰ ਦਿੱਤਾ। ਅਸੀਂ ਇਸ ਬਾਰੇ ਨਹੀਂ ਸੋਚਿਆ ਕਿ ਇਹ ਵਰਤਾਰਾ ਇਰਾਕ ਦੀ ਸਥਿਤੀ ਨੂੰ ਕਿਵੇਂ ਪ੍ਰਭਾਵਤ ਕਰਨ ਜਾ ਰਿਹਾ ਹੈ। ਨਤੀਜੇ ਵਜੋਂ ਉਹ ਅਸੰਤੁਸ਼ਟ ਅਤੇ ਨਾਰਾਜ਼ ਹੋ ਗਏ ਅਤੇ ਇਹੀ ਸ਼ੁਰੂਆਤੀ ਦੌਰ ਵਿੱਚ ਬਗ਼ਾਵਤ ਦਾ ਆਧਾਰ ਸੀ, ਜਿਸ ਦਾ ਅਸੀਂ 2003 ਅਤੇ 2004 ਵਿੱਚ ਸਾਹਮਣਾ ਕੀਤਾ ਸੀ।

ਸਾਡੇ ਕੋਲ ਸੱਦਾਮ ਨੂੰ ਹਟਾਉਣ ਦਾ ਅਸਲ ਲਾਭ ਲੈਣ ਲਈ ਬਹੁਤ ਘੱਟ ਸਮਾਂ ਸੀ, ਇਸ ਤੋਂ ਪਹਿਲਾਂ ਕਿ ਇਰਾਕੀ ਲੋਕਾਂ ਨੇ ਸਾਨੂੰ ਇੱਕ ਕਬਜ਼ਾ ਕਰਨ ਵਾਲੀ ਤਾਕਤ ਵਜੋਂ ਦੇਖਿਆ। ਮੇਰਾ ਮੰਨਣਾ ਹੈ ਕਿ ਸਾਡੇ ਕੋਲ ਸਿਰਫ਼ ਛੇ ਮਹੀਨਿਆਂ ਦਾ ਸਮਾਂ ਸੀ ਅਤੇ ਅਸੀਂ ਵੱਡੀਆਂ ਗਲਤੀਆਂ ਕੀਤੀਆਂ।

ਬਰਗਨ : ਹੁਣ ਜਦੋਂ ਤੁਸੀਂ ਰਿਟਾਇਰ ਹੋ ਤੇ ਇੱਕ ਨਿੱਜੀ ਨਾਗਰਿਕ ਹੋ : ਕੀ ਤੁਹਾਡੇ ਕੋਲ ਇਸ ਗੱਲ ਦਾ ਪ੍ਰਤੀਬਿੰਬ ਹੈ ਕਿ ਇਰਾਕ ਹੁਣ ਕਿੱਥੇ ਹੈ ਅਤੇ ਭਵਿੱਖ ਵਿੱਚ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ?

ਪੀਰੋ : ਮੈਂ ਇਰਾਕ ਦੇ ਭਵਿੱਖ ਬਾਰੇ ਬਹੁਤ ਜ਼ਿਆਦਾ ਆਸ਼ਾਵਾਦੀ ਨਹੀਂ ਹਾਂ, ਮੁੱਖ ਤੌਰ 'ਤੇ ਕਿਉਂਕਿ ਇਰਾਕ ਨੂੰ ਇੱਕ ਅਜਿਹਾ ਨੇਤਾ ਚਾਹੀਦਾ ਹੈ, ਜੋ ਇਰਾਕ ਨੂੰ ਪਹਿਲ ਦੇਵੇ। ਇਹ ਇੱਕ ਕੰਮ ਸੀ, ਜੋ ਸੱਦਾਮ ਨੇ ਕੀਤਾ-ਉਸ ਨੇ ਇਰਾਕ ਨੂੰ ਪਹਿਲ ਦਿੱਤੀ ਅਤੇ ਸਾਰਿਆਂ ਨੂੰ ਇਕੱਠੇ ਕੀਤਾ। ਐਸੀ ਨੁਮਾਇੰਦਗੀ ਜੋ ਇਰਾਕ ਨੂੰ ਇੱਕ ਦੇਸ਼ ਵਾਂਗ ਇਕੱਠਾ ਕਰੇ ਤੇ ਲੋਕ ਵੀ ਨਾਲ ਹੋਣ, ਉਹ ਧਾਰਮਿਕ ਜਾਂ ਨਸਲੀ ਪਿਛੋਕੜ ਦੀ ਪਰਵਾਹ ਨਾ ਕਰੇ ਤੇ ਇਰਾਕ ਨੂੰ ਇੱਕ ਦੇਸ਼ ਵਜੋਂ ਸੋਚੇ, ਇਸ ਦਾ ਭਵਿੱਖ ਇੱਕ ਚੁਨੌਤੀਪੂਰਨ ਹੀ ਰਹੇਗਾ।

ਬਰਗਨ : ਆਖ਼ਰਕਾਰ, ਦਸੰਬਰ 2006 ਵਿੱਚ ਸ਼ੀਆ-ਪ੍ਰਭਾਵੀ ਇਰਾਕੀ ਸਰਕਾਰ ਦੁਆਰਾ ਸੱਦਾਮ ਨੂੰ ਫਾਂਸੀ ਦੇ ਦਿੱਤੀ ਗਈ।

ਸਰਕਾਰੀ ਟੈਲੀਵਿਜ਼ਨ 'ਤੇ ਇੱਕ ਵੀਡੀਓ ਪ੍ਰਸਾਰਿਤ ਕੀਤਾ ਗਿਆ ਸੀ, ਜਿਸ ਵਿੱਚ ਦਿਖਾਇਆ ਗਿਆ ਸੀ ਕਿ ਸੱਦਾਮ ਨੂੰ ਫਾਂਸੀ ਦਿੱਤੇ ਜਾਣ ਤੋਂ ਕੁੱਝ ਪਲ ਪਹਿਲਾਂ, ਉਸ ਨੂੰ ਫਾਂਸੀ ਦੇ ਚੈਂਬਰ ਵਿੱਚ ਲਿਆਉਣ ਵਾਲੇ ਗਾਰਡਾਂ ਨੇ ਉਸ ਦਾ ਮਜ਼ਾਕ ਉਡਾਇਆ, ਇਸ ਬਾਰੇ ਤੁਹਾਡੀ ਪ੍ਰਤੀਕਿਰਿਆ ਕੀ ਸੀ?

ਪੀਰੋ : ਹਾਂ। ਮੈਂ ਇਹ ਦੇਖਿਆ, ਇਹ ਦੁਨੀਆ ਭਰ ਦੇ ਹਰ ਨਿਊਜ਼ ਚੈਨਲ 'ਤੇ ਪ੍ਰਸਾਰਿਤ ਕੀਤਾ ਗਿਆ ਸੀ ਅਤੇ ਮੈਂ ਤੁਹਾਨੂੰ ਦੱਸਣ ਲੱਗਿਆਂ ਇਮਾਨਦਾਰ ਹੋਵਾਂਗਾ, ਮੈਨੂੰ ਇਹ ਚੰਗਾ ਨਹੀਂ ਲੱਗਾ। ਇਹ ਠੀਕ ਨਹੀਂ ਸੀ। ਸੱਦਾਮ ਨੂੰ ਇਰਾਕੀ ਲੋਕਾਂ ਦੇ ਵਿਰੁੱਧ ਕੀਤੇ ਗਏ ਅਪਰਾਧਾਂ ਲਈ ਸਜ਼ਾ ਦੇ ਆਧਾਰ 'ਤੇ ਫਾਂਸੀ ਦਿੱਤੀ ਗਈ ਸੀ।

ਸੁਆਲ ਇਹ ਹੈ ਕਿ ਜਿਵੇਂ ਫਾਂਸੀ ਦਿੱਤੀ ਗਈ : ਇਹ ਬਦਲਾ ਲੈਣ ਵਾਂਗ ਦਿਖਾਈ ਦਿੰਦਾ ਸੀ।

ਪੀਰੋ : ਮੈਂ ਸੱਦਾਮ ਨਾਲ ਉਸ ਦੀ ਆਉਣ ਵਾਲੀ ਫਾਂਸੀ ਬਾਰੇ ਗੱਲ ਕੀਤੀ, ਕਿਉਂਕਿ ਉਹ ਜਾਣਦਾ ਸੀ ਕਿ ਉਸ ਨੂੰ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਸ ਨੂੰ ਫਾਂਸੀ ਦਿੱਤੀ ਜਾ ਰਹੀ ਹੈ।

ਮੈਂ ਜਦੋਂ ਇਹ ਰਿਪੋਰਟ ਪੜ੍ਹ ਰਿਹਾ ਸੀ ਤਾਂ ਇੰਜ ਲੱਗਾ ਕਿ ਅੱਜ ਵੀ ਉਹੋ ਕੁੱਝ ਹੋ ਰਿਹਾ ਹੈ ਤੇ ਅੱਗੇ ਵੀ ਇੰਜ ਹੀ ਹੋਵੇਗਾ।

7-May-Sunday.qxd 5/6/2023 10:01 PM Page 2



ਇਤਿਹਾਸ ਦਾ ਪੰਨਾ

# ਬਾਰੂਦ ਨੂੰ ਤੀਲ੍ਹੀ ਕੌਣ ਲਾਉਂਦਾ ਹੈ?

ਕੁਲਜੀਤ ਮਾਨ

ਅੱਜ ਦੁਨੀਆ ਬਾਰੂਦ ਦੇ ਢੇਰ 'ਤੇ ਬੈਠੀ ਹੈ। ਕੋਈ ਪਤਾ ਨਹੀਂ ਕਦੋਂ ਕੋਈ ਤੀਲ੍ਹੀ ਬਲ ਉੱਠੇ ਤੇ ਤਬਾਹੀ ਦੀ ਸੁਨਾਮੀ ਆ ਜਾਵੇ। ਇੰਟਰਨੈਸ਼ਨਲ ਕਾਨੂੰਨ ਦੀਆਂ ਚੋਰ-ਮੋਰੀਆਂ ਰਾਹੀਂ ਵੱਡੇ ਦੇਸ਼ ਆਪੋ ਆਪਣੀ ਸੀਮਾ ਪਾਰ ਕਰ ਰਹੇ ਹਨ। ਡੈਮੋਕਰੇਸੀ ਦੀ ਗੱਲ ਕਰਨ ਵਾਲੇ ਸਿਰਫ਼ ਆਪਣੇ ਹਿੱਤ ਵੇਖਦੇ ਹਨ। ਸੀ.ਐੱਨ.ਐੱਨ ਦੀ ਇੱਕ ਰਿਪੋਰਟ, ਕਰਿਸ ਹੈਂਡਰਸ ਰਾਹੀਂ ਰਿਉਟਰਸ ਵੱਲੋਂ ਛਾਪੀ ਗਈ ਹੈ। ਦਿਲਚਸਪ ਲੱਗੀ। ਇਸ ਰਿਪੋਰਟ ਵਿੱਚ ਕੁੱਝ ਇਹੋ ਜਿਹੇ ਤੱਤ ਹਨ, ਜਿਨ੍ਹਾਂ ਤੋਂ ਅੱਜ ਦੇ ਹਾਲਾਤ ਦੀ ਵੀ ਟੋਹ ਮਿਲਦੀ ਹੈ। ਜਾਰਜ ਬੁਸ਼ ਵੱਲੋਂ ਇਰਾਕ ਦੇ ਸੱਦਾਮ ਨਾਲ ਜੋ ਕੀਤਾ ਗਿਆ, ਉਸ ਦਾ ਜ਼ਿਕਰ ਇਸ ਰਿਪੋਰਟ ਵਿੱਚ ਹੈ।

ਪੀਟਰ ਬਰਗਨ ਸੀ ਐੱਨ ਐੱਨ ਦਾ ਨੈਸ਼ਨਲ ਸੁਰੱਖਿਆ ਵਿਸ਼ਲੇਸ਼ਕ ਹੈ, ਨਿਊ ਅਮਰੀਕਾ ਦਾ ਵਾਇਸ ਪ੍ਰੈਜ਼ੀਡੈਂਟ ਅਤੇ ਅਰੀਜੋਨਾ ਸਟੇਟ ਯੂਨੀਵਰਸਿਟੀ ਦਾ ਪ੍ਰੋਫੈਸਰ ਹੈ।

ਉਹ ਇਸ ਦਾ ਲੇਖਕ ਹੈ। ਸੀ ਐੱਨ ਐੱਨ ਦੇ ਸੰਪਾਦਕ ਨੇ ਪੱਲਾ ਝਾੜਦਿਆਂ ਲਿਖਿਆ ਹੈ ਕਿ ਇਸ ਕਮੈਂਟਰੀ ਬਾਰੇ ਵਿਚਾਰ ਉਸ ਦੇ ਆਪਣੇ ਹਨ।

ਦੋ ਦਹਾਕੇ ਪਹਿਲਾਂ 19 ਮਾਰਚ 2003 ਨੂੰ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਇਰਾਕ ਉੱਤੇ ਅਮਰੀਕੀ ਹਮਲੇ ਦਾ ਹੁਕਮ ਦਿੱਤਾ ਸੀ। ਬੁਸ਼ ਅਤੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਅਮਰੀਕੀਆਂ ਨੂੰ ਵਾਰ-ਵਾਰ ਦੱਸਿਆ ਸੀ ਕਿ ਇਰਾਕੀ ਤਾਨਾਸ਼ਾਹ ਸੱਦਾਮ ਹੁਸੈਨ ਸਮੂਹਿਕ ਵਿਨਾਸ਼ ਦੇ ਹਥਿਆਰਾਂ ਨਾਲ ਲੈਸ ਸੀ ਅਤੇ ਉਹ ਅਲਕਾਇਦਾ ਨਾਲ ਵੀ ਸੰਬੰਧਤ ਸੀ।

ਇਹਨਾਂ ਦਾਅਵਿਆਂ ਦੇ ਨਤੀਜੇ ਵਜੋਂ ਬਹੁਤੇ ਅਮਰੀਕੀ ਇਹ ਮੰਨਦੇ ਸਨ ਕਿ ਸੱਦਾਮ 11 ਸਤੰਬਰ 2001 ਦੇ ਹਮਲਿਆਂ ਵਿੱਚ ਸ਼ਾਮਲ ਸੀ। 9/11 ਦੇ ਇੱਕ ਸਾਲ ਬਾਅਦ ਪਿਊ ਰਿਸਰਚ ਸੈਂਟਰ ਪੋਲਿੰਗ ਦੇ ਅਨੁਸਾਰ ਦੋ-ਤਿਹਾਈ ਅਮਰੀਕੀਆਂ ਦਾ ਮੰਨਣਾ ਸੀ ਕਿ ਇਰਾਕੀ ਨੇਤਾ ਨੇ ਅੱਤਵਾਦੀਆਂ ਦੀ ਮਦਦ ਕੀਤੀ ਸੀ, ਹਾਲਾਂਕਿ ਇਸ ਦੇ ਲਈ ਕੋਈ ਠੋਸ ਸਬੂਤ ਨਹੀਂ ਸੀ। ਨਾ ਹੀ ਉਸ ਕੋਲ ਅਮਰੀਕੀ ਅਧਿਕਾਰੀਆਂ ਦੁਆਰਾ ਕਥਿਤ ਤੌਰ 'ਤੇ ਕਹੇ ਜਾ ਰਹੇ ਕੈਮੀਕਲ ਦਾ ਭੰਡਾਰ ਸੀ।

ਯੂ ਐੱਸ ਅਤੇ ਯੂ ਕੇ ਦੀਆਂ ਫੌਜਾਂ ਨੇ ਕੁੱਝ ਹਫਤਿਆਂ ਦੇ ਅੰਦਰ ਸੱਦਾਮ ਦੀਆਂ ਫੌਜਾਂ ਨੂੰ ਹਰਾਇਆ, ਪਰ ਹਮਲਾਵਰਾਂ ਦੇ ਵਿਰੁੱਧ ਇੱਕ ਵਿਆਪਕ ਰੋਹ ਫੈਲ ਗਿਆ, ਜੋ ਸਾਲਾਂ ਤੱਕ ਜਾਰੀ ਰਿਹਾ। 13 ਦਸੰਬਰ, 2003 ਨੂੰ, ਯੂ ਐੱਸ ਸਪੈਸ਼ਲ ਓਪਰੇਸ਼ਨ ਬਲਾਂ ਨੇ ਸੱਦਾਮ ਨੂੰ ਉੱਤਰੀ ਇਰਾਕ ਵਿੱਚ ਇੱਕ ਬਹੁਤ ਛੋਟੀ ਬਣੀ ਗੁਫ਼ਾ ਵਿੱਚੋਂ ਫੜ ਲਿਆ, ਜਿਸ ਵਿੱਚ ਮੁਸ਼ਕਲ ਨਾਲ ਇੱਕ ਬੰਦਾ ਹੀ ਲੁਕ ਸਕਦਾ ਸੀ।

ਸੱਦਾਮ ਨੂੰ ਫੜ ਤੇ ਲਿਆ ਗਿਆ, ਪਰ ਉਸ ਦੀ ਪੁੱਛਗਿੱਛ ਕੌਣ ਕਰੇ, ਇਹ ਵੱਡਾ ਮਸਲਾ ਐੱਫ.ਬੀ.ਆਈ ਦੇ ਸਾਹਮਣੇ ਸੀ। ਅਮਰੀਕਾ ਦੇ ਸਾਹਮਣੇ ਇਹ ਵੀ ਮਸਲਾ ਸੀ ਕਿ ਉਹ ਆਪਣੇ-ਆਪ ਨੂੰ ਸਹੀ ਕਿਵੇਂ ਠਹਿਰਾਏ? ਸਾਰਾ ਕੰਮ ਕਰਨ ਵਾਲਾ ਪਿਆ ਸੀ।

ਸੋਚ-ਵਿਚਾਰ ਤੋਂ ਬਾਅਦ ਜਿਹੜਾ ਨਾਂਅ ਸਾਹਮਣੇ ਆਇਆ, ਉਹ ਜਾਰਜ ਪੀਰੋ ਸੀ। ਜਾਰਜ ਪੀਰੋ ਇੱਕ ਅਮਰੀਕੀ ਵਿਸ਼ੇਸ਼ ਏਜੰਟ, ਸੱਦਾਮ ਤੋਂ ਪੁੱਛਗਿੱਛ ਕਰਨ ਲਈ ਸਹੀ ਵਿਅਕਤੀ ਸੀ। ਪੀਰੋ ਵਧੀਆ ਅਰਬੀ ਬੋਲ ਲੈਂਦਾ ਸੀ। ਸੱਦਾਮ ਤੋਂ ਪੁੱਛਗਿੱਛ ਨੈਤਿਕ ਲੱਗਣੀ ਚਾਹੀਦੀ ਹੈ, ਇਸ ਲਈ ਪੀਰੋ ਹੀ ਸਹੀ ਵਿਅਕਤੀ ਸੀ।

ਐੱਫ ਬੀ ਆਈ ਨੇ ਫ਼ੈਸਲਾ ਕਰ ਲਿਆ ਕਿ ਜਾਰਜ ਪੀਰੋ ਹੀ ਸੱਦਾਮ ਦੀ ਪੁੱਛਗਿੱਛ ਕਰੇਗਾ ਤੇ ਕੁੱਝ ਇਹੋ ਜਿਹਾ ਉਗਲਵਾ ਲਵੇਗਾ, ਜਿਸ ਨਾਲ ਬੁਸ਼ ਦੀ ਕਾਰਵਾਈ ਠੀਕ ਲੱਗੇ।

ਸੱਦਾਮ ਤੋਂ ਇਰਾਕ ਦੇ ਸਮੂਹਿਕ ਵਿਨਾਸ਼ ਦੇ ਹਥਿਆਰਾਂ ਅਤੇ ਅਲਕਾਇਦਾ ਨਾਲ ਕਥਿਤ ਸੰਬੰਧਾਂ ਬਾਰੇ ਸਚਾਈ ਜਾਨਣ ਲਈ ਬਹੁਤ ਦਬਾਅ ਸੀ। ਸੀ ਆਈ ਏ ਦੇ ਡਾਇਰੈਕਟਰ ਜਾਰਜ ਟੇਨੇਟ ਨੇ ਬੁਸ਼ ਨੂੰ ਦੱਸ ਦਿੱਤਾ ਸੀ ਕਿ ਸੱਦਾਮ 'ਤੇ ਕੈਮੀਕਲ ਹਥਿਆਰ ਰੱਖਣ ਦਾ ਦੋਸ਼ ਦਾ ਕੋਈ ਆਧਾਰ ਨਹੀਂ ਹੈ ਤੇ ਇਹ ਬੇਬੁਨਿਆਦ ਹੈ।

ਇਰਾਕ ਯੁੱਧ ਅਮਰੀਕੀਆਂ ਨੂੰ "ਕੇਕ ਵਾਕ" ਵਜੋਂ ਵੇਚਿਆ ਗਿਆ ਸੀ। ਇਹ ਵੀ ਸੱਚ ਹੈ ਕਿ ਸੱਦਾਮ ਦੀ ਗ੍ਰਿਫਤਾਰੀ ਦੇ ਸਮੇਂ ਤੱਕ ਸੈਂਕੜੇ ਅਮਰੀਕੀ ਸੈਨਿਕ ਇਰਾਕ ਵਿੱਚ ਮਾਰੇ ਜਾ ਚੁੱਕੇ ਸਨ।

ਸਭ ਤੋਂ ਪਹਿਲਾਂ ਸੱਦਾਮ ਤੋਂ ਸੀ ਆਈ ਏ ਨੇ ਪੁੱਛਗਿੱਛ ਕੀਤੀ ਤੇ ਫਿਰ ਜਾਰਜ ਪੀਰੋ ਦੀ ਵਾਰੀ ਆਈ।

ਸੱਤ ਮਹੀਨਿਆਂ ਦੇ ਅਰਸੇ ਦੌਰਾਨ ਪੀਰੋ ਉਸ ਨਾਲ ਦਿਨ ਵਿੱਚ ਕਈ ਘੰਟੇ ਗੱਲ ਕਰਦਾ ਸੀ, ਕਿਸੇ ਹੋਰ ਨੂੰ ਪੁੱਛ-ਪੜਤਾਲ ਵਾਲੇ ਕਮਰੇ ਵਿੱਚ ਜਾਣ ਦੀ ਇਜਾਜ਼ਤ ਨਹੀਂ ਸੀ। ਉਸ ਨੇ ਇਰਾਕੀ ਤਾਨਾਸ਼ਾਹ ਤੋਂ ਪਤਾ ਲਗਾਇਆ ਕਿ ਇਰਾਕ ਵਿੱਚ ਕੋਈ ਵੀ ਕੈਮੀਕਲ ਹਥਿਆਰ ਮੌਜੂਦ ਨਹੀਂ। ਸੱਦਾਮ ਤੇ ਸਗੋਂ ਅਲਕਾਇਦਾ ਦੇ ਨੇਤਾ ਓਸਾਮਾ ਬਿਨ ਲਾਦੇਨ ਨਾਲ ਨਫਰਤ ਕਰਦਾ ਸੀ।

ਪੀਰੋ ਨਾਲ ਤਾਨਾਸ਼ਾਹ ਦੇ ਵਿਚਾਰ-ਵਟਾਂਦਰੇ ਨੇ ਪੁਸ਼ਟੀ ਕੀਤੀ ਕਿ 21ਵੀਂ ਸਦੀ ਦੀ ਸ਼ੁਰੂਆਤ ਦੌਰਾਨ ਇਰਾਕ ਯੁੱਧ ਅਮਰੀਕਾ ਦੀ ਘੋਰ ਗ਼ਲਤੀ ਤੇ ਨਿਰਾਸ਼ਾ ਸੀ ਤੇ ਲੜਾਈ ਗ਼ਲਤ ਧਾਰਨਾਵਾਂ ਦੇ ਤਹਿਤ ਲੜੀ ਗਈ। ਇੱਕ ਸੰਘਰਸ਼ ਜਿਸ ਵਿੱਚ ਹਜ਼ਾਰਾਂ ਅਮਰੀਕੀ ਸੈਨਿਕ ਅਤੇ ਲੱਖਾਂ ਇਰਾਕੀ ਮਾਰੇ ਗਏ।

ਇਰਾਕ ਯੁੱਧ ਨੇ ਦੁਨੀਆ ਵਿੱਚ ਅਮਰੀਕਾ ਦੀ ਸਥਿਤੀ ਅਤੇ ਇਸ ਦੇ ਨਾਗਰਿਕਾਂ ਵਿੱਚ ਅਮਰੀਕੀ ਸਰਕਾਰ ਦੀ ਭਰੋਸੇਯੋਗਤਾ ਨੂੰ ਵੀ ਨੁਕਸਾਨ ਪਹੁੰਚਾਇਆ। ਇੱਥੋਂ ਤੱਕ ਕਿ ਇਰਾਕ ਦੇ ਅਧਿਕਾਰਤ ਅਮਰੀਕੀ ਫ਼ੌਜ ਦੇ ਇਤਿਹਾਸ ਨੇ ਇਹ ਸਿੱਟਾ ਕੱਢਿਆ ਹੈ ਕਿ ਇਰਾਕ ਵਿੱਚ ਯੁੱਧ ਦਾ ਅਸਲ ਜੇਤੂ ਅਮਰੀਕਾ ਨਹੀਂ ਸੀ। ਇਹ ਈਰਾਨ ਸੀ।

ਜੁਲਾਈ ਵਿੱਚ ਐੱਫ ਬੀ ਆਈ ਤੋਂ ਸੇਵਾਮੁਕਤ ਹੋਏ ਜਾਰਜ ਪੀਰੋ, ਇਰਾਕੀ ਤਾਨਾਸ਼ਾਹ ਤੋਂ ਪੁੱਛਗਿੱਛ ਬਾਰੇ ਇੱਕ ਕਿਤਾਬ ਲਿਖ ਰਹੇ ਹਨ।

ਸੱਦਾਮ ਤੋਂ ਪੁੱਛ-ਪੜਤਾਲ ਕਰਨ ਤੋਂ ਬਾਅਦ ਪੀਰੋ ਐੱਫ ਬੀ ਆਈ ਵਿੱਚ ਉੱਚ ਪੱਧਰੀ ਅਹੁਦਿਆਂ 'ਤੇ ਪਹੁੰਚ ਗਿਆ, ਜੁਲਾਈ ਵਿੱਚ ਮਿਆਮੀ ਫ਼ੀਲਡ ਦਫ਼ਤਰ ਦੇ ਇੰਚਾਰਜ ਵਜੋਂ ਸੇਵਾਮੁਕਤ ਹੋਇਆ। ਹੁਣ ਉਹ ਸਾਈਮਨ ਐਂਡ ਸੂਸਟਰ ਲਈ ਇਰਾਕੀ ਤਾਨਾਸ਼ਾਹ ਦੀ ਲੰਮੀ ਪੁੱਛਗਿੱਛ ਬਾਰੇ ਇੱਕ ਕਿਤਾਬ ਲਿਖ ਰਿਹਾ ਹੈ।

ਜਿਵੇਂ ਕਿ ਇਰਾਕ ਯੁੱਧ ਦੀ ਸ਼ੁਰੂਆਤ ਦੀ 20ਵੀਂ ਵਰ੍ਹੇਗੰਢ ਨੇੜੇ ਆ ਰਹੀ ਹੈ, ਪੀਟਰ ਬਰਗਨ ਨੇ (ਸੀ ਐੱਨ ਐੱਨ ਦੀ ਰਿਪੋਰਟ ਦਾ ਲੇਖਕ) ਪੀਰੋ ਨਾਲ ਇਸ ਬਾਰੇ ਗੱਲ ਕੀਤੀ। ਕੁੱਝ ਲੋਕ ਸਮਝਦੇ ਹਨ ਕਿ ਐੱਫ ਬੀ ਆਈ ਦੇ ਇਤਿਹਾਸ ਵਿੱਚ ਜਾਰਜ ਪੀਰੋ ਦੀ ਸੱਦਾਮ ਤੋਂ ਕੀਤੀ ਪੁੱਛਗਿੱਛ ਸਭ ਤੋਂ ਵੱਧ ਸਫਲ ਰਹੀ। ਅਮਰੀਕੀ ਹਮਲੇ ਤੋਂ ਬਾਅਦ ਜੋ ਝਟਕੇ ਅਮਰੀਕਾ ਨੂੰ ਲੱਗੇ, ਲੋਕ ਅਜੇ ਵੀ ਮਹਿਸੂਸ ਕਰਦੇ ਹਨ।

ਪੀਟਰ ਬਰਗਨ ਅਨੁਸਾਰ, ਪੀਰੋ ਦੀ ਗੱਲਬਾਤ ਨੂੰ ਹਲਕਾ ਜਿਹਾ ਸੰਪਾਦਿਤ ਵੀ ਕੀਤਾ ਗਿਆ ਤਾਂ ਕਿ ਆਫੀਸ਼ਲ ਰਿਪੋਰਟ ਵਿੱਚ ਸਪੱਸ਼ਟਤਾ ਆ ਸਕੇ।

ਪੀਟਰ ਬਰਗਨ ਨੇ ਜਾਰਜ ਪੀਰੋ ਨੂੰ ਸੁਆਲ ਕੀਤਾ ਕਿ ਮੈਨੂੰ ਦੱਸੋ ਕਿ ਇਹ ਸਭ ਕਿਵੇਂ ਸ਼ੁਰੂ ਹੋਇਆ।

ਜਾਰਜ ਪੀਰੋ ਨੇ ਜੁਆਬ ਦਿੱਤਾ, "ਮੈਨੂੰ ਕ੍ਰਿਸਮਸ ਈਵ ਦੀ ਸ਼ਾਮ ਨੂੰ, ਲੱਗਭੱਗ 5 ਵਜੇ, ਅੱਤਵਾਦ ਵਿਰੋਧੀ ਡਵੀਜ਼ਨ ਦੇ ਇੱਕ ਸੀਨੀਅਰ ਕਾਰਜਕਾਰੀ ਤੋਂ ਇੱਕ ਕਾਲ ਆਈ। ਉਸ ਨੇ ਮੈਨੂੰ ਸੂਚਿਤ ਕੀਤਾ ਕਿ ਮੈਨੂੰ ਹੁਣੇ ਹੀ ਦੀ ਤਰਫੋਂ ਸੱਦਾਮ ਹੁਸੈਨ ਤੋਂ ਪੁੱਛਗਿੱਛ ਕਰਨ ਲਈ ਚੁਣਿਆ ਗਿਆ ਹੈ।"

ਬਰਗਨ : ਤੁਹਾਡੀ ਪ੍ਰਤੀਕਿਰਿਆ ਕੀ ਸੀ?

ਪੀਰੋ : "ਸ਼ੁਰੂ ਵਿੱਚ ਮੈਂ ਘਬਰਾਹਟ ਮਹਿਸੂਸ ਕੀਤੀ, ਪਰ ਮੈਂ ਸੋਚ ਲਿਆ ਸੀ ਕਿ ਮੈਂ ਇਮਾਨਦਾਰ ਰਹਾਂਗਾ।"

ਜਾਰਜ ਪੀਰੋ ਦੱਸਦਾ ਹੈ ਕਿ ਇਹ ਜਾਣ ਕੇ ਹੀ ਡਰਾਉਣਾ ਸੀ ਕਿ ਹੁਣ ਮੈਂ ਕਿਸੇ ਅਜਿਹੇ ਵਿਅਕਤੀ ਤੋਂ ਪੁੱਛਗਿੱਛ ਕਰਨ ਜਾ ਰਿਹਾ ਸੀ, ਜੋ ਇੰਨੇ ਸਾਲਾਂ ਤੋਂ ਵਿਸ਼ਵ ਪੱਧਰ 'ਤੇ ਵਿਚਰ ਰਿਹਾ ਸੀ। ਇਹ ਐੱਫ ਬੀ ਆਈ ਦੀ ਤਰਫੋਂ ਅਜਿਹੀ ਮਹੱਤਵਪੂਰਨ ਜ਼ਿੰਮੇਵਾਰੀ ਜਾਪਦੀ ਸੀ। ਮੈਂ ਬਾਰਨਸ ਐਂਡ ਨੋਬਲ ਗਿਆ ਅਤੇ ਸੱਦਾਮ ਹੁਸੈਨ 'ਤੇ ਲਿਖੀਆਂ ਦੋ ਕਿਤਾਬਾਂ ਖ਼ਰੀਦੀਆਂ ਤਾਂ ਜੋ ਮੈਂ ਆਪਣੀ ਸਮਝ ਨੂੰ ਸਾਵਾਂ ਕਰ ਸਕਾਂ। ਉਹ ਸਾਰੀਆਂ ਗੱਲਾਂ ਦਾ ਸੰਦਰਭ ਕੀ ਹੋਣ ਵਾਲਾ ਸੀ, ਜੋ ਪੁੱਛ-ਗਿੱਛ ਦੀ ਰਣਨੀਤੀ ਵਿਕਸਿਤ ਕਰਨ ਲਈ ਮਹੱਤਵਪੂਰਨ ਹੋਣ ਵਾਲੀਆਂ ਸਨ।

ਮੈਂ ਪਹਿਲਾਂ ਵੀ ਇੱਕ ਵਾਰ ਇਰਾਕ ਗਿਆ ਸੀ। ਇਰਾਕੀ ਸੱਭਿਆਚਾਰ ਨਾਲ, ਸੱਦਾਮ ਦੀ ਬਾਥ ਪਾਰਟੀ ਦੀ ਕਾਰਜ-ਸ਼ੀਲਤਾ ਨਾਲ ਕਿਹੋ ਜਿਹੇ ਮਾਹੌਲ ਉੱਸਰੇ ਸਨ, ਉਦੋਂ ਤੋਂ ਹੀ ਆਪਣੀ ਸਮਝ ਨੂੰ ਵਿਕਸਿਤ ਕਰਨਾ ਸ਼ੁਰੂ ਕਰ ਦਿੱਤਾ ਸੀ।

ਸੱਦਾਮ ਦਾ ਜਨਮ 28 ਅਪ੍ਰੈਲ, 1937 ਨੂੰ ਅਲ-ਅਜਵਾ (ਟਿਕਰਿਤ ਦੇ ਨੇੜੇ) ਨਾਮਕ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਉਸ ਦਾ ਬਚਪਨ ਬਹੁਤ ਔਖਾ ਸੀ, ਕਿਉਂਕਿ ਉਸ ਦਾ ਪਿਤਾ ਨਹੀਂ ਸੀ, ਅਤੇ ਉਸ ਦੀ ਮਾਂ ਨੇ ਉਸ ਦੇ ਚਾਚੇ ਨਾਲ ਵਿਆਹ ਕਰਵਾ ਲਿਆ, ਜੋ ਉਸ ਦਾ ਮਤਰੇਆ ਪਿਤਾ ਬਣ ਗਿਆ। ਸੱਦਾਮ ਅਤੇ ਉਸ ਦਾ ਪਰਵਾਰ ਬਹੁਤ ਗ਼ਰੀਬ ਸੀ ਅਤੇ ਸ਼ੁਰੂ ਵਿੱਚ, ਉਹ ਸਕੂਲ ਜਾਣ ਤੋਂ ਵੀ ਅਸਮਰੱਥ ਸੀ, ਪਰ ਉਨ੍ਹਾਂ ਬਚਪਨੀ ਮੁਸ਼ਕਲਾਂ ਨਾਲ ਹੀ ਸੱਦਾਮ ਵੱਡਾ ਹੋਇਆ।

ਉਸ ਦੇ ਬਚਪਨ ਨੇ ਉਸ ਵਿੱਚ ਇੱਕ ਡੂੰਘੀ ਇੱਛਾ ਪੈਦਾ ਕੀਤੀ ਕਿ ਆਪਣੇ ਬਾਰੇ ਹਰ ਕਿਸੇ ਨੂੰ ਗ਼ਲਤ ਸਾਬਤ ਕਰੇ ਅਤੇ ਕਿਸੇ 'ਤੇ ਭਰੋਸਾ ਨਾ ਕਰੇ।

ਮਾਹੌਲ ਦੀ ਤਲਖ਼ੀ ਨੇ ਇਹ ਸਿਖਾ ਦਿੱਤਾ ਕਿ ਜੋ ਉਹ ਸੋਚਦਾ ਹੈ ਉਹ ਹੀ ਅੰਤਿਮ ਸੱਚ ਹੈ। ਹੋਰ ਕਿਸੇ 'ਤੇ ਭਰੋਸਾ ਕਰਨ ਦਾ ਤੇ ਸੁਆਲ ਹੀ ਪੈਦਾ ਨਹੀਂ ਹੁੰਦਾ।

ਇੱਕ ਨੌਜਵਾਨ ਹੋਣ ਦੇ ਨਾਤੇ, ਉਹ ਬਾਥ ਪਾਰਟੀ ਵਿੱਚ ਸ਼ਾਮਲ ਹੋ ਗਿਆ ਅਤੇ ਉਸ ਦੇ ਸ਼ੁਰੂਆਤੀ ਕਾਰਜਾਂ ਵਿੱਚੋਂ ਇੱਕ ਉਸ ਸਮੇਂ ਦੇ ਪ੍ਰਧਾਨ ਮੰਤਰੀ ਦੀ ਹੱਤਿਆ ਕਰਨਾ ਸੀ। ਹੱਤਿਆ ਦੀ ਕੋਸ਼ਿਸ਼ ਅਸਫਲ ਹੋ ਗਈ ਅਤੇ ਸੱਦਾਮ ਨੂੰ ਇਰਾਕ ਤੋਂ ਭੱਜਣ ਲਈ ਮਜਬੂਰ ਹੋਣਾ ਪਿਆ। ਜਲਾਵਤਨੀ ਤੋਂ ਬਾਅਦ ਵਾਪਸੀ 'ਤੇ ਉਸ ਨੂੰ ਇੱਕ ਸਖ਼ਤ ਵਿਅਕਤੀ ਵਜੋਂ ਦੇਖਿਆ ਗਿਆ। ਆਪਣੇ ਇਸ ਸਖ਼ਤ ਪ੍ਰਤੀਬਿੰਬ ਨੂੰ ਉਸ ਨੇ ਸਾਰੀ ਉਮਰ ਬਰਕਰਾਰ ਰੱਖਿਆ।

ਜਾਰਜ ਪੀਰੋ ਅੱਗੇ ਦੱਸਦਾ ਹੈ ਕਿ ਸੱਦਾਮ ਨਾਲ ਮੇਰੀ ਪਹਿਲੀ ਮੁਲਾਕਾਤ ਸਿਰਫ਼ 30 ਸਕਿੰਟਾਂ ਦੀ ਸੀ ਤੇ ਉਹ ਮੇਰੇ ਬਾਰੇ ਦੋ ਗੱਲਾਂ ਬਾਰੇ ਜਾਣੂ ਹੋ ਗਿਆ।

ਮੈਂ ਉਸ ਨੂੰ ਦੱਸਿਆ ਕਿ ਮੇਰਾ ਨਾਂਅ ਜਾਰਜ ਪੀਰੋ ਹੈ ਅਤੇ ਮੈਂ ਇੰਚਾਰਜ ਹਾਂ, ਅਤੇ ਉਸ ਨੇ ਤੁਰੰਤ ਕਿਹਾ, "ਤੁਸੀਂ ਲੇਬਨਾਨੀ ਹੋ।" ਮੈਂ ਉਸ ਨੂੰ ਦੱਸਿਆ ਕਿ ਮੇਰੇ ਮਾਤਾ-ਪਿਤਾ ਲੇਬਨਾਨੀ ਸਨ ਅਤੇ ਫਿਰ ਉਸ ਨੇ ਕਿਹਾ, "ਤੁਸੀਂ ਈਸਾਈ ਹੋ।" ਮੈਂ ਉਸ ਨੂੰ ਪੁੱਛਿਆ ਕਿ ਕੀ ਇਹ ਕੋਈ ਸਮੱਸਿਆ ਹੈ, ਪਰ ਉਸ ਨੇ ਕਿਹਾ ਬਿਲਕੁਲ ਨਹੀਂ। ਉਹ ਲੇਬਨਾਨੀ ਲੋਕਾਂ ਨੂੰ ਪਿਆਰ ਕਰਦਾ ਸੀ। ਲੇਬਨਾਨੀ ਲੋਕ ਉਸ ਨੂੰ ਪਿਆਰ ਕਰਦੇ ਸਨ। ਤੁਸੀਂ ਵੀ ਲੇਬਨਾਨੀ ਹੋ, ਵਧੀਆ ਰਹੇਗਾ। ਅਸੀਂ ਵਧੀਆ ਤਰੀਕੇ ਨਾਲ ਸਮਾਂ ਬਿਤਾਵਾਂਗੇ।

ਸੱਦਾਮ ਇੱਕ ਸੁੰਨੀ ਮੁਸਲਮਾਨ ਸੀ, ਜਦੋਂ ਕਿ ਜ਼ਿਆਦਾਤਰ ਇਰਾਕੀ ਸ਼ੀਆ ਮੁਸਲਮਾਨ ਹਨ।

ਸੀ ਐੱਨ ਐੱਨ ਦੇ ਬਰਗਨ ਨੇ ਜਾਰਜ ਪੀਰੋ ਨੂੰ ਪੁੱਛਿਆ, "ਤੁਸੀਂ ਸੱਦਾਮ ਦੇ ਨਾਲ ਕਿੰਨਾ ਸਮਾਂ ਗੁਜ਼ਾਰਿਆ? ਕੀ ਤੁਸੀਂ ਉਸ ਨਾਲ ਅਰਬੀ ਵਿੱਚ ਹੀ ਗੱਲਬਾਤ ਕੀਤੀ?"

ਜਾਰਜ ਪੀਰੋ ਨੇ ਦੱਸਿਆ ਕਿ ਉਹ ਤਕਰੀਬਨ ਸੱਤ ਮਹੀਨੇ ਸੱਦਾਮ ਨਾਲ ਰਿਹਾ ਹੈ ਤੇ ਅਰਬੀ ਵਿੱਚ ਹੀ ਗੱਲ ਕੀਤੀ। ਸ਼ੁਰੂ ਵਿੱਚ ਮੈਂ ਉਸ ਨਾਲ ਸਵੇਰ ਦੇ ਸਮੇਂ ਹੀ ਗੱਲ ਕਰਦਾ ਸੀ। ਮੈਂ ਉਸ ਦੇ ਮੈਡੀਕਲ ਸਟਾਫ਼ ਦੀਆਂ ਰਿਪੋਰਟਾਂ ਦਾ ਅਨੁਵਾਦ ਕੀਤਾ। ਹਫਤੇ ਵਿੱਚ ਇੱਕ ਜਾਂ ਦੋ ਵਾਰ, ਘੰਟਿਆਂਬੱਧੀ ਪੁੱਛਗਿੱਛ ਹੁੰਦੀ। ਸਮਾਂ ਬੀਤਣ ਨਾਲ ਮੈਂ ਉਸ ਨਾਲ ਇਕੱਲੇ, ਵਧੇਰੇ ਸਮਾਂ ਬਿਤਾਉਣ ਲੱਗਾ।



ਮੈਂ ਉਸ ਨਾਲ ਸਿੱਧਾ ਅਤੇ ਬਹੁਤ ਸੌਖੇ ਤਰੀਕੇ ਨਾਲ ਗੱਲਬਾਤ ਕਰ ਸਕਦਾ ਸੀ। ਹਰ ਇੱਕ ਦਿਨ ਲੱਗਭੱਗ ਪੰਜ ਤੋਂ ਸੱਤ ਘੰਟਿਆਂ ਤੱਕ ਇਹ ਸਿਲਸਿਲਾ ਚਲਦਾ।

ਅਸੀਂ ਤਕਰੀਬਨ ਹਰ ਵਿਸ਼ੇ ਬਾਰੇ ਗੱਲ ਕੀਤੀ। ਇਸ ਲਈ ਖ਼ਾਸ ਤੌਰ 'ਤੇ ਪਹਿਲੇ ਦੋ ਮਹੀਨਿਆਂ ਵਿੱਚ, ਮੇਰਾ ਟੀਚਾ ਸਿਰਫ਼ ਉਸ ਨੂੰ ਗੱਲ ਕਰਨ ਲਈ ਪ੍ਰੇਰਿਤ ਕਰਨਾ ਸੀ। ਮੈਂ ਜਾਣਨਾ ਚਾਹੁੰਦਾ ਸੀ ਕਿ ਜ਼ਿੰਦਗੀ ਬਾਰੇ ਉਸ ਦੀ ਪਹੁੰਚ ਕੀ ਹੈ, ਮਨੁੱਖੀ ਕਦਰਾਂ-ਕੀਮਤਾਂ ਬਾਰੇ ਉਹ ਕਿਵੇਂ ਸੋਚਦਾ ਹੈ? ਉਸ ਦੀ ਪਸੰਦ, ਨਾਪਸੰਦ ਅਤੇ ਵਿਚਾਰ ਪ੍ਰਕਿਰਿਆਵਾਂ ਕੀ ਸਨ। ਇਸ ਲਈ ਅਸੀਂ ਇਤਿਹਾਸ, ਕਲਾ, ਖੇਡਾਂ ਤੋਂ ਲੈ ਕੇ ਰਾਜਨੀਤੀ ਤੱਕ ਹਰ ਚੀਜ਼ ਬਾਰੇ ਗੱਲ ਕੀਤੀ। ਉਹ ਕਿਸੇ ਵੀ ਵਿਸ਼ੇ 'ਤੇ ਗੱਲ ਕਰਨ ਲਈ ਝਿਜਕਦਾ ਨਹੀਂ ਸੀ।

ਮੈਂ ਉਸ ਦੇ ਪ੍ਰਕਾਸ਼ਿਤ ਨਾਵਲ ਬਾਰੇ ਗੱਲ ਕੀਤੀ, ਕਿਉਂਕਿ ਮੈਨੂੰ ਪਤਾ ਸੀ ਕਿ ਉਹ ਇਸ ਬਾਰੇ ਝੂਠ ਨਹੀਂ ਬੋਲੇਗਾ। ਮੈਂ ਕਿਤਾਬ ਦੀ ਖੋਜ ਅਤੇ ਅਧਿਐਨ ਕੀਤਾ ਸੀ।

ਬਰਗਨ : ਕੀ ਇਹ ਇੱਕ ਚੰਗਾ ਨਾਵਲ ਸੀ?

ਪੀਰੋ : ਨਹੀਂ, ਇਹ ਇੱਕ ਭਿਆਨਕ ਨਾਵਲ ਸੀ।

ਬਰਗਨ : ਨਾਵਲ ਦਾ ਪਲਾਟ ਕੀ ਹੈ?

ਪੀਰੋ : ਜਬੀਬਾ ਇੱਕ ਸੁੰਦਰ ਅਰਬ ਔਰਤ ਸੀ ਅਤੇ ਉਸ ਦਾ ਵਿਆਹ ਇੱਕ ਵਿਗੜੈਲ ਬੁੱਢੇ ਆਦਮੀ ਨਾਲ ਹੋ ਗਿਆ। ਬੇਸ਼ੱਕ ਜਬੀਬਾ ਦੇ ਰੂਪ ਵਿੱਚ ਉਹ ਇਰਾਕ ਦੀ ਗੱਲ ਕਰਦਾ ਹੈ ਤੇ ਬਜ਼ੁਰਗ ਆਦਮੀ ਅਮਰੀਕਾ ਦੀ ਨੁਮਾਇੰਦਗੀ ਕਰਦਾ ਸੀ। ਬਾਦਸ਼ਾਹ ਨੇ ਸੁੰਦਰ ਅਤੇ ਹੁਸ਼ਿਆਰ, ਜਬੀਬਾ ਨੂੰ ਉਸ ਦੇ ਦੁੱਖਾਂ ਤੋਂ ਬਚਾਇਆ ਅਤੇ ਉਹ ਹਮੇਸ਼ਾ ਖ਼ੁਸ਼ਹਾਲ ਰਹਿਣ ਲੱਗੇ। ਬੇਸ਼ੱਕ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਰਾਜਾ ਕੌਣ ਸੀ।

ਇੱਕ ਮੁੱਖ ਚੀਜ਼ ਜੋ ਪੁੱਛ-ਗਿੱਛ ਦੇ ਨਤੀਜੇ ਨੂੰ ਵਧੇਰੇ ਸਾਰਥਿਕ ਬਣਾ ਸਕਦੀ ਹੈ, ਉਹ ਹੈ ਵਿਸ਼ੇ ਦੀ ਮੁਹਾਰਤ।

ਵਿਸ਼ਾ-ਵਸਤੂ ਦੇ ਮਾਹਿਰ ਨਾਲ ਝੂਠ ਬੋਲਣਾ ਬਹੁਤ ਮੁਸ਼ਕਲ ਹੈ। ਹੁਣ ਜਦੋਂ ਤੁਸੀਂ ਇੱਕ ਚੰਗੀ ਪੁੱਛਗਿੱਛ ਕਰਨੀ ਹੋਵੇ ਤਾਂ ਰਣਨੀਤੀ ਦੀ ਪਹੁੰਚ ਬਹੁਤ ਮਾਇਨੇ ਰੱਖਦੀ ਹੈ। ਚੰਗੀ ਪਹੁੰਚ ਨਾਲ ਹੀ ਸਫਲਤਾ ਦੀ ਸੰਭਾਵਨਾ ਨੂੰ ਵਧਾਇਆ ਜਾ ਸਕਦਾ ਹੈ। ਇੱਕ ਏਜੰਟ ਦੇ ਤੌਰ 'ਤੇ ਅਤੇ ਖ਼ਾਸ ਤੌਰ 'ਤੇ ਇੱਕ ਪੁੱਛਗਿੱਛ ਕਰਨ ਵਾਲੇ ਦੇ ਰੂਪ ਵਿੱਚ, ਮੈਂ ਜਾਣਦਾ ਸੀ ਕਿ ਮੈਂ ਸੱਦਾਮ ਬਾਰੇ ਸਭ ਕੁੱਝ ਜਾਣਨਾ ਚਾਹੁੰਦਾ ਸੀ।

ਕਿਸੇ ਕਿਸਮ ਦੇ ਧੋਖੇ ਨਾਲ ਜਾਂ ਧੋਖੇ ਦੇ ਸੰਕੇਤ ਨਾਲ ਵੀ ਚੰਗੇ ਨਤੀਜੇ ਨਿਕਲਣ ਦੀ ਸੰਭਾਵਨਾ ਹੀ ਨਹੀਂ ਸੀ।

ਮੈਂ ਸੱਦਾਮ ਨੂੰ ਸਮਝਣਾ ਅਤੇ ਜਾਣਨਾ ਚਾਹੁੰਦਾ ਸੀ, ਜਿਵੇਂ ਉਹ ਆਪਣੇ ਆਪ ਨੂੰ ਜਾਣਦਾ ਸੀ।

ਤੁਹਾਨੂੰ ਇੱਕ ਉਦਾਹਰਣ ਦਿੰਦਾ ਹਾਂ।

1990 ਵਿੱਚ ਸੱਦਾਮ ਨੇ ਕੁਵੈਤ ਉੱਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਮੈਂ ਜਾਣਦਾ ਸੀ ਕਿ ਕਾਨਫ਼ਰੰਸ ਰੂਮ ਵਿੱਚ ਹਰ ਕੋਈ ਕਿੱਥੇ ਬੈਠਾ ਸੀ।

ਇਸ ਲਈ, ਜਦੋਂ ਮੈਂ ਉਸ ਨਾਲ ਗੱਲ ਕਰ ਰਿਹਾ ਸੀ, ਮੈਂ ਉਨ੍ਹਾਂ ਛੋਟੇ ਵੇਰਵਿਆਂ ਨੂੰ ਵੀ ਨਾਪ-ਤੋਲ ਰਿਹਾ ਸੀ। ਸੱਦਾਮ ਨੂੰ ਤੱਥਾਂ ਬਾਰੇ ਗ਼ਲਤ ਜਾਣਕਾਰੀ ਦੇਣਾ ਜਾਂ ਝੂਠ ਬੋਲਣਾ ਬਹੁਤ ਮੁਸ਼ਕਲ ਸੀ ਤੇ ਇਸ ਪ੍ਰਭਾਵ ਨਾਲ ਹੀ ਉਹ ਵੀ ਗ਼ਲਤ ਜਾਣਕਾਰੀ ਜਾਂ ਝੂਠ ਬੋਲਣ ਤੋਂ ਗੁਰੇਜ਼ ਕਰ ਰਿਹਾ ਸੀ। ਅਸਲ ਵਿੱਚ ਉਸ ਨੇ ਕੁੱਝ ਵੀ ਝੂਠ ਬੋਲਿਆ ਹੀ ਨਹੀਂ ਸੀ।

ਇੱਕ ਨਜ਼ਰਬੰਦ ਵਿਅਕਤੀ 'ਤੇ ਬਹੁਤ ਜ਼ਿਆਦਾ ਤਣਾਅ ਹੁੰਦਾ ਹੈ ਜਦੋਂ ਉਹ ਕਿਸੇ ਵਿਸ਼ੇ ਦੇ ਮਾਹਿਰ ਦਾ ਸਾਹਮਣਾ ਕਰ ਰਿਹਾ ਹੁੰਦਾ ਹੈ। ਕਿਸੇ ਵੀ ਕਿਸਮ ਦੇ ਝੂਠ ਨੂੰ ਵਿਕਸਿਤ ਕਰਨ ਲਈ ਇੰਨਾ ਸਖ਼ਤ ਸੋਚਣਾ ਚਾਹੀਦਾ ਹੈ ਕਿ ਝੂਠ ਤੁਹਾਡੀਆਂ ਉਮੀਦਾਂ 'ਤੇ ਪਾਣੀ ਹੀ ਨਾ ਫੇਰ ਦੇਵੇ। ਸਫਲ ਹੋਣ ਦੀ ਸੰਭਾਵਨਾ ਨੂੰ ਬਣਾਏ ਰੱਖਣਾ ਬਹੁਤ ਜ਼ਰੂਰੀ ਹੈ।

ਬਰਗਨ ਦਾ ਸੁਆਲ-ਉਸ ਸਮੇਂ, ਸੀ ਆਈ ਏ ਆਪਣਾ "ਜ਼ਬਰਦਸਤੀ ਪੁੱਛਗਿੱਛ ਪ੍ਰੋਗਰਾਮ" ਚਲਾ ਰਹੀ ਸੀ। ਕੀ ਤੁਸੀਂ ਇਸ ਸਮਾਨੰਤਰ ਪੁੱਛਗਿੱਛ ਪ੍ਰੋਗਰਾਮ ਤੋਂ ਜਾਣੂ ਸੀ, ਜਾਂ ਤੁਹਾਨੂੰ ਇਸ ਬਾਰੇ ਬਾਅਦ ਵਿੱਚ ਪਤਾ ਲੱਗਾ? ਤੁਸੀਂ ਇਸ ਬਾਰੇ ਕੀ ਸੋਚਿਆ ਸੀ?

ਪੀਰੋ : ਮੈਨੂੰ ਇਸ ਬਾਰੇ ਬਾਅਦ ਵਿੱਚ ਪਤਾ ਲੱਗਾ। ਮੈਂ ਕਦੇ ਵੀ ਪੁੱਛਗਿੱਛ ਤਕਨੀਕਾਂ ਦੀ ਵਰਤੋਂ ਨਹੀਂ ਕੀਤੀ। ਇਹ ਤਕਨੀਕਾਂ, ਯੂ ਐੱਸ ਦੇ ਸੰਵਿਧਾਨ ਦੇ ਵਿਰੁੱਧ ਹਨ, ਐੱਫ ਬੀ ਆਈ ਨੀਤੀ ਦੇ ਵਿਰੁੱਧ ਹਨ ਅਤੇ ਇਹ ਅਸਲ ਵਿੱਚ ਐੱਫ ਬੀ ਆਈ ਦੇ ਮੂਲ ਮੁੱਲਾਂ ਦੇ ਵਿਰੁੱਧ ਹੈ।

ਮੈਂ ਇਨ੍ਹਾਂ ਤਕਨੀਕਾਂ ਨੂੰ ਕਦੇ ਨਹੀਂ ਵਰਤਿਆ, ਮੇਰੇ ਲਈ ਇਹ ਕੋਈ ਵਿਕਲਪ ਹੀ ਨਹੀਂ ਹੈ। ਮੈਂ ਉਨ੍ਹਾਂ ਨੂੰ ਕਦੇ ਨਹੀਂ ਵਰਤਿਆ, ਨਹੀਂ ਜਾਣਦਾ ਕਿ ਉਨ੍ਹਾਂ ਨੂੰ ਕਿਵੇਂ ਵਰਤਣਾ ਹੈ, ਅਤੇ ਨਾ ਹੀ ਮੈਂ ਕਦੇ ਤਕਨੀਕਾਂ ਦਾ ਅਨੁਸਾਰੀ ਰਿਹਾ ਹਾਂ। ਇਹ ਮੇਰੇ ਦੇਸ਼ ਦੀ ਨੈਤਿਕ ਭਾਵਨਾ ਦੇ ਹੀ ਵਿਰੁੱਧ ਹੈ।

ਮੈਨੂੰ ਐੱਫ ਬੀ ਆਈ ਦੇ ਅਸਿਸਟੈਂਟ ਡਾਇਰੈਕਟਰ, ਕਾਊਂਟਰ ਟੈਰੋਰਿਜਮ ਡਵੀਜ਼ਨ ਨੇ ਕਿਹਾ, "ਸੱਦਾਮ ਹੁਸੈਨ ਨਾਲ ਇੱਕ ਸਾਲ ਬਿਤਾਉਣ ਲਈ ਤਿਆਰ ਰਹੋ।" ਇਸ ਲਈ ਮੈਨੂੰ ਪ੍ਰਕਿਰਿਆ ਵਿੱਚ ਜਲਦਬਾਜ਼ੀ ਕਰਨ ਦੀ ਲੋੜ ਨਹੀਂ ਸੀ। ਸੱਦਾਮ ਤੋਂ ਜੋ ਜਾਣਕਾਰੀ ਅਸੀਂ ਚਾਹੁੰਦੇ ਸੀ, ਉਹ ਸਾਨੂੰ ਮਿਲ ਗਈ।

ਜੋ ਅਸੀਂ ਜਾਣਨਾ ਚਾਹੁੰਦੇ ਸੀ, ਉਹ ਸੱਦਾਮ ਦੇ ਸਿਰ ਵਿੱਚ ਦੱਬਿਆ ਹੋਇਆ ਸੀ, ਇਸ ਲਈ ਇੱਕ ਪ੍ਰਭਾਵਸ਼ਾਲੀ ਲੰਬੀ ਮਿਆਦ ਦੀ ਪੁੱਛਗਿੱਛ ਨਾਲ ਰਣਨੀਤੀ ਵਿਕਸਿਤ ਕਰਨਾ ਹੀ ਅਸਲ ਮੁੱਦਾ ਸੀ।

ਬਰਗਨ : 9/11 ਤੋਂ ਬਾਅਦ ਬਹੁਤ ਸਾਰੇ ਅਮਰੀਕੀਆਂ ਦਾ ਮੰਨਣਾ ਸੀ ਕਿ ਸੱਦਾਮ ਨਿੱਜੀ ਤੌਰ 'ਤੇ 9/11 ਵਿੱਚ ਸ਼ਾਮਲ ਸੀ। ਕੀ ਉਸ ਨੇ ਇਸ ਬਾਰੇ ਗੱਲ ਕੀਤੀ?

ਪੀਰੋ : ਤੁਹਾਨੂੰ ਯਾਦ ਹੋਵੇਗਾ, ਇਰਾਕ 'ਤੇ ਹਮਲੇ ਤੋਂ ਪਹਿਲਾਂ, ਰੱਖਿਆ ਵਿਭਾਗ ਦੇ ਅੰਦਰ ਕੁੱਝ ਅਧਿਕਾਰੀ ਸਨ, ਜਿਨ੍ਹਾ ਨੇ ਦਾਅਵਾ ਕੀਤਾ ਸੀ ਕਿ ਇਰਾਕ 9/11 ਵਿੱਚ ਸੰਚਾਲਿਤ ਤੌਰ 'ਤੇ ਸ਼ਾਮਲ ਸੀ, ਅਤੇ ਸਾਨੂੰ ਇਹ ਨਿਰਧਾਰਿਤ ਕਰਨਾ ਪਿਆ ਸੀ ਕਿ ਕੀ ਇਹ ਤੱਥ ਹੈ ਜਾਂ ਨਹੀਂ। ਇਹ ਸਾਡੀ ਦੂਜੀ ਸਭ ਤੋਂ ਵੱਡੀ ਤਰਜੀਹ ਸੀ। ਸਾਡਾ ਪਹਿਲਾ ਇਰਾਕ ਦਾ ਪ੍ਰੋਗਰਾਮ ਸੀ। ਦੂਜਾ ਅਲਕਾਇਦਾ ਅਤੇ ਇਰਾਕ ਵਿਚਕਾਰ ਸੰਬੰਧਾਂ ਦੀ ਕੀ ਸਚਾਈ ਸੀ।

ਸੱਦਾਮ ਨੇ ਮੈਨੂੰ ਦੱਸਿਆ ਕਿ ਉਹ ਓਸਾਮਾ ਬਿਨ ਲਾਦੇਨ ਨੂੰ ਪਸੰਦ ਨਹੀਂ ਕਰਦਾ ਅਤੇ ਉਹ ਅਲਕਾਇਦਾ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਨਹੀਂ ਕਰਦਾ, ਕਿਉਂਕਿ ਇਸ ਦਾ ਉਦੇਸ਼ ਪੂਰੇ ਅਰਬ ਸੰਸਾਰ ਵਿੱਚ ਇੱਕ ਇਸਲਾਮੀ ਰਾਜ ਬਣਾਉਣਾ ਸੀ। ਦੂਜੇ ਇਰਾਕੀ ਨਜ਼ਰਬੰਦਾਂ ਨੇ ਪੁਸ਼ਟੀ ਕੀਤੀ ਕਿ ਅਲਕਾਇਦਾ ਨਾਲ ਕੋਈ ਸੰਚਾਲਨ ਸੰਬੰਧ ਨਹੀਂ ਸੀ।

ਬਰਗਨ : ਕੀ ਇਹ ਠੀਕ ਹੈ ਕਿ ਸੱਦਾਮ ਇੱਕ ਸੈਕੂਲਰ ਸੋਚ ਵਾਲਾ ਸੀ?

ਪੀਰੋ : ਸੱਦਾਮ ਇਤਿਹਾਸ ਵਿੱਚ ਸਭ ਤੋਂ ਮਹਾਨ ਅਰਬ ਮੁਸਲਿਮ ਨੇਤਾਵਾਂ ਵਿੱਚੋਂ ਇੱਕ ਮੰਨਿਆ ਜਾਣਾ ਚਾਹੁੰਦਾ ਸੀ। ਉਹ ਸਮਝਦਾ ਸੀ ਕਿ ਉਹ ਅਰਬ ਮੁਸਲਿਮ ਇਤਿਹਾਸ ਵਿੱਚ ਤੀਜਾ ਮਹਾਨ ਯੋਧਾ ਸੀ।

ਬਰਗਨ : ਕੀ ਸਲਾਦੀਨ ਨੂੰ ਇਸ ਸ਼੍ਰੇਣੀ ਵਿੱਚ ਸਮਝਦਾ ਸੀ?

ਪੀਰੋ : ਹਾਂ, ਪਹਿਲਾ ਪੈਗ਼ੰਬਰ ਮੁਹੰਮਦ ਸੀ; ਨੰਬਰ 2, ਸਲਾਦੀਨ; ਅਤੇ ਫਿਰ ਉਹ ਨੰਬਰ 3 ਹੈ। ਇਸ ਲਈ ਸੱਦਾਮ ਨੂੰ ਉਸ ਕਿਸਮ ਦੇ ਮਹਾਨ ਨੇਤਾ ਅਤੇ ਯੋਧੇ ਵਜੋਂ ਮਾਨਤਾ ਪ੍ਰਾਪਤ ਕਰਨ ਲਈ, ਉਸ ਨੂੰ ਧਾਰਮਿਕ ਵਜੋਂ ਦੇਖਿਆ ਜਾਣਾ ਚਾਹੀਦਾ ਸੀ, ਪਰ ਉਹ ਅਸਲ ਵਿੱਚ ਬਹੁਤ ਧਰਮ ਨਿਰਪੱਖ ਸੀ। ਉਸ ਨੇ ਅਰਬ ਰਾਸ਼ਟਰਵਾਦ ਬਨਾਮ ਇਸਲਾਮਵਾਦੀ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਇਆ। ਉਹ ਇਰਾਕ ਦੇ ਅਰਬੀ ਪਹਿਲੂ ਬਨਾਮ ਇਰਾਕ ਦੇ ਇਸਲਾਮੀ ਪਹਿਲੂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰਦਾ ਸੀ।

ਬਰਗਨ : ਤਾਰਿਕ ਅਜੀਜ, ਉਸ ਦਾ ਵਿਦੇਸ਼ ਮੰਤਰੀ, ਇੱਕ ਈਸਾਈ ਸੀ, ਠੀਕ ਹੈ?

ਪੀਰੋ : ਹਾਂ। ਤਾਰਿਕ ਅਜੀਜ ਉਸ ਦਾ ਉਪ ਪ੍ਰਧਾਨ ਮੰਤਰੀ ਸੀ, ਉਸ ਦੇ ਵਿਦੇਸ਼ ਮਾਮਲਿਆਂ ਦਾ ਮੰਤਰੀ। ਉਹ ਕੈਲਡੀਅਨ ਸੀ, ਜੋ ਕਿ ਕੈਥੋਲਿਕ ਹੈ, ਅਤੇ ਸੱਦਾਮ ਨੇ ਕਦੇ ਵੀ ਉਸ ਨੂੰ ਧਰਮ ਪਰਿਵਰਤਨ ਜਾਂ ਇਸ ਤਰ੍ਹਾਂ ਦੀ ਕਿਸੇ ਗੱਲ ਲਈ ਮਜਬੂਰ ਨਹੀਂ ਕੀਤਾ। ਉਸ ਦੇ ਮਹਿਲਾਂ ਅਤੇ ਪਰੀਜ਼ੀਡੀਅਨ ਦੇ ਸਥਾਨਾਂ ਵਿੱਚ ਉਸ ਦਾ ਜ਼ਿਆਦਾਤਰ ਸਟਾਫ਼ ਈਸਾਈ ਸੀ।

ਬਰਗਨ : ਵਿਆਪਕ ਤਬਾਹੀ ਵਾਲੇ ਹਥਿਆਰਾਂ ਬਾਰੇ ਸੋਚ ਕਿਵੇਂ ਪ੍ਰਬਲ ਹੋਈ ਅਤੇ ਉਸ ਨੇ ਕੀ ਕਿਹਾ?

ਪੀਰੋ : ਜਦੋਂ ਮੈਨੂੰ ਸੱਦਾਮ ਤੋਂ ਪੁੱਛਗਿੱਛ ਕਰਨ ਲਈ ਚੁਣਿਆ ਗਿਆ, ਮੈਂ ਲੈਂਗਲੇ (ਵਰਜੀਨੀਆ) ਵਿਖੇ ਸੀ ਆਈ ਏ ਕੋਲ ਗਿਆ। ਮੈਂ ਏਜੰਸੀ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਖ਼ਾਸ ਤੌਰ 'ਤੇ ਜਿਹੜੇ ਇਰਾਕ ਅਤੇ ਸੱਦਾਮ 'ਤੇ ਕੇਂਦਰਿਤ ਸਨ। ਮੈਨੂੰ ਸੱਦਾਮ ਦੀ ਸੀ ਆਈ ਏ ਡੀਬ੍ਰੀਫਿੰਗ ਦੀਆਂ ਪਿਛਲੀਆਂ ਰਿਪੋਰਟਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਸ਼ੁਰੂਆਤੀ ਦੌਰ ਦੌਰਾਨ ਸੱਦਾਮ ਅਤੇ ਅਲਕਾਇਦਾ ਬਾਰੇ ਗੱਲ ਕਰਨ ਤੋਂ ਬਹੁਤ ਝਿਜਕਦਾ ਸੀ। ਮੈਂ ਵੀ ਇਸ ਗੱਲ 'ਤੇ ਬਹੁਤਾ ਜ਼ੋਰ ਦੇਣਾ ਮੁਨਾਸਬ ਨਹੀਂ ਸਮਝਿਆ। ਜਦ ਮੈਂ ਮਹਿਸੂਸ ਕਰ ਲਿਆ ਕਿ ਸੱਦਾਮ ਇਮਾਨਦਾਰ ਹੈ ਤੇ ਵਿਸ਼ੇ 'ਤੇ ਚਰਚਾ ਕਰਨ ਲਈ ਤਿਆਰ ਹੋ ਸਕਦਾ ਹੈ। ਉਸ ਤੋਂ ਬਾਅਦ ਹੀ ਮੈਂ ਇਨ੍ਹਾਂ ਵਿਸ਼ਿਆਂ ਨੂੰ ਅੱਗੇ ਤੋਰਿਆ।

ਉਸ ਦੇ 67ਵੇਂ ਜਨਮ ਦਿਨ 'ਤੇ, ਜਦੋਂ ਉਹ ਜੇਲ੍ਹ ਵਿੱਚ ਸੀ ਅਤੇ ਮੈਂ ਉਸ ਤੋਂ ਪੁੱਛਗਿੱਛ ਕਰ ਰਿਹਾ ਸੀ, ਉਦੋਂ ਹੀ ਇਰਾਕੀ ਲੋਕਾਂ ਦੀ ਸਮੂਹਿਕ ਸੋਚ ਸਾਹਮਣੇ ਆਈ। ਇਰਾਕੀ ਉਸ ਵੇਲੇ ਸੱਦਾਮ ਨੂੰ ਬਹੁਤ ਨਫਰਤ ਕਰਦੇ ਸਨ।

ਸੱਦਾਮ ਦਾ ਜਨਮ ਦਿਨ ਮਨਾਉਣ ਲਈ ਮਜਬੂਰ ਨਾ ਕੀਤੇ ਜਾਣ 'ਤੇ ਇਰਾਕੀ ਜਸ਼ਨ ਮਨਾ ਰਹੇ ਸਨ ਅਤੇ ਉਸ ਦਿਨ ਸੱਦਾਮ ਨੇ ਟੀ ਵੀ 'ਤੇ ਦੇਖਿਆ। ਲੋਕਾਂ ਦੀ ਖ਼ੁਸ਼ੀ ਵੇਖ ਕੇ ਉਹ ਜਜ਼ਬਾਤੀ ਹੋ ਗਿਆ ਤੇ ਸਾਰਾ ਦਿਨ ਹੀ ਉਦਾਸ ਰਿਹਾ।

ਮੇਰੀ ਮੌਮ ਨੇ ਘਰੇ ਹੋਮ ਮੇਡ ਕੂਕੀਜ਼ ਬਣਾਈਆਂ ਸਨ, ਮੈਂ ਉਹ ਲੈ ਆਇਆ ਤੇ ਫੇਰ ਅਸੀਂ ਇਕੱਠਿਆਂ ਚਾਹ ਪੀਤੀ। ਇਸ ਵਿਹਾਰ ਨਾਲ ਉਹ ਕੁੱਝ ਚੰਗਾ ਮਹਿਸੂਸ ਕਰਨ ਲੱਗਾ।

ਇਸ ਤਾਲਮੇਲ ਨੂੰ ਬਿਹਤਰ ਬਣਾਉਣ ਲਈ ਮੈਂ ਵੱਖੋ-ਵੱਖਰੇ ਤਰੀਕੇ ਵਰਤ ਰਿਹਾ ਸੀ। ਇੱਕ ਸਮਾਂ ਇਹੋ ਜਿਹਾ ਵੀ ਆਇਆ, ਜਦੋਂ ਉਸ ਨੇ ਕਿਹਾ, "ਮੈਂ ਕਿਸੇ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੁੰਦਾ", ਉਹ ਚਲਾ ਗਿਆ, ਤੇ ਫਿਰ ਮੁੜ ਆਇਆ ਤੇ ਬੋਲਿਆ, "ਪਰ ਮੈਂ ਫਿਰ ਵੀ ਤੁਹਾਡੇ ਨਾਲ ਗੱਲ ਕਰਨਾ ਚਾਹੁੰਦਾ ਹਾਂ।" ਮੇਰੀਆਂ ਕੋਸ਼ਿਸ਼ਾਂ ਸਦਕਾ ਸੱਦਾਮ ਉਸ ਬਿੰਦੂ 'ਤੇ ਪਹੁੰਚ ਗਿਆ, ਜਿੱਥੇ ਮੈਂ ਉਸ ਨੂੰ ਲਿਜਾਣਾ ਚਾਹੁੰਦਾ ਸੀ। ਸੱਦਾਮ ਦਾ ਨਰਮ ਗੋਸ਼ਾ ਕਹਿੰਦਾ ਹੈ, "ਸੁਣੋ, ਜੇ ਤੁਸੀਂ ਮੈਨੂੰ ਕੁੱਝ ਨਹੀਂ ਕਹਿਣਾ ਚਾਹੁੰਦੇ, ਤਾਂ ਕੋਈ ਗੱਲ ਨਹੀਂ, ਪਰ ਮੇਰੇ ਨਾਲ ਝੂਠ ਨਾ ਬੋਲੋ। ਇਹ ਅਪਮਾਨਜਨਕ ਹੈ।"

ਲਗਾਤਾਰ ਪੰਜ ਮਹੀਨਿਆਂ ਦੀ ਪੁੱਛ-ਪੜਤਾਲ ਤੋਂ ਬਾਅਦ ਮੈਂ ਮਹਿਸੂਸ ਕੀਤਾ ਕਿ ਹੁਣ ਸਹੀ ਸਮਾਂ ਹੈ ਜਦੋਂ ਮੈਂ ਇਸ ਨੂੰ ਕੈਮੀਕਲ ਹਥਿਆਰਾਂ ਦੀ ਗੱਲ ਪੁੱਛ ਸਕਦਾ ਹਾਂ।

ਬਰਗਨ : ਅਤੇ ਉਸ ਨੇ ਤੁਹਾਨੂੰ ਕੀ ਦੱਸਿਆ?

ਉਸ ਨੇ ਮੈਨੂੰ ਦੱਸਿਆ ਕਿ ਇਰਾਕ ਕੋਲ ਕੋਈ ਕੈਮੀਕਲ ਹਥਿਆਰ ਨਹੀਂ ਸੀ। ਜਿਸ ਬਾਰੇ ਸਾਨੂੰ ਸ਼ੱਕ ਸੀ ਕਿ ਉਸ ਕੋਲ ਸਨ। ਸੱਦਾਮ ਨੇ ਜੂਨ 2000 ਵਿੱਚ ਇੱਕ ਆਲੋਚਨਾਤਮਿਕ ਭਾਸ਼ਣ ਦਿੱਤਾ ਸੀ, ਜਿੱਥੇ ਉਸ ਨੇ ਕਿਹਾ ਸੀ ਕਿ ਇਰਾਕ ਵਿੱਚ ਸੀ ਅਤੇ ਬਹੁਤ ਸਾਰੇ ਲੋਕ ਜਾਣਨਾ ਚਾਹੁੰਦੇ ਸਨ ਕਿ ਕਿਉਂ ਤੇ ਕਿੱਥੇ ਸਨ ਇਹ ਹਥਿਆਰ?

-ਜੇਕਰ ਉਸ ਦੇ ਕੋਲ ਨਹੀਂ ਸੀ, ਤਾਂ ਉਸ ਨੇ ਉਹ ਭਾਸ਼ਣ ਕਿਉਂ ਦਿੱਤਾ? ਇਸ ਲਈ ਸਭ ਚਾਹੁੰਦੇ ਸਨ ਕਿ ਮੈਂ ਉਸ ਤੋਂ ਭਾਸ਼ਣ ਬਾਰੇ ਪੁੱਛਾਂ। ਇਹ ਇਤਨਾ ਸਰਲ ਨਹੀਂ ਸੀ, ਮੈਂ ਮੌਕੇ ਦੀ ਤਲਾਸ਼ ਵਿੱਚ ਸਾਂ ਕਦੋਂ ਭਾਸ਼ਣ ਬਾਰੇ ਉਸ ਨਾਲ ਸਪੱਸ਼ਟ ਗੱਲਬਾਤ ਕਰ ਸਕਾਂ, ਬਿਨਾਂ ਉਸ ਨੂੰ ਇਹ ਅਹਿਸਾਸ ਹੋਏ ਕਿ ਮੈਂ ਇਸ ਬਾਰੇ ਉਸ ਤੋਂ ਪੁੱਛਗਿੱਛ ਕਰ ਰਿਹਾ ਸੀ।

ਜਦੋਂ ਉਸ ਨੇ ਮੈਨੂੰ ਉਸ ਭਾਸ਼ਣ ਬਾਰੇ ਦੱਸਿਆ, ਤਾਂ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਅਮਰੀਕਾ ਜਾਂ ਇਜ਼ਰਾਈਲ ਨਹੀਂ ਸੀ। ਉਸ ਦਾ ਸਭ ਤੋਂ ਵੱਡਾ ਦੁਸ਼ਮਣ ਈਰਾਨ ਸੀ ਅਤੇ ਉਸ ਨੇ ਮੈਨੂੰ ਦੱਸਿਆ ਕਿ ਉਹ ਲਗਾਤਾਰ ਈਰਾਨ ਨਾਲ ਸੰਤੁਲਨ ਜਾਂ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਸੱਦਾਮ ਦਾ ਸਭ ਤੋਂ ਵੱਡਾ ਡਰ ਇਹ ਸੀ ਕਿ ਜੇ ਈਰਾਨ ਨੂੰ ਪਤਾ ਲੱਗ ਗਿਆ ਕਿ ਇਰਾਕ ਕਿੰਨਾ ਕਮਜ਼ੋਰ ਹੋ ਗਿਆ ਹੈ ਤਾਂ ਉਨ੍ਹਾਂ ਨੂੰ ਦੱਖਣੀ ਇਰਾਕ 'ਤੇ ਹਮਲਾ ਕਰਨ ਤੋਂ ਕੋਈ ਨਹੀਂ ਰੋਕ ਸਕੇਗਾ। ਸੋ ਇਸ ਭਾਸ਼ਣ ਦਾ ਟੀਚਾ ਈਰਾਨ ਨੂੰ ਦੂਰ ਰੱਖਣਾ ਸੀ।

ਬਰਗਨ : ਯੂ ਐੱਸ ਦੇ ਹਮਲੇ ਤੋਂ ਪਹਿਲਾਂ ਦੇ ਸਮੇਂ ਵਿੱਚ ਉਹ ਇਹ ਦਾਅਵਾ ਕਰ ਰਿਹਾ ਸੀ ਕਿ ਉਸ ਕੋਲ ਕੈਮੀਕਲ ਹਥਿਆਰ ਹਨ, ਉਹ ਸਿਰਫ਼ ਈਰਾਨੀਆਂ ਨੂੰ ਇਰਾਕ ਉੱਤੇ ਹਮਲਾ ਕਰਨ ਤੋਂ ਰੋਕਣ ਲਈ ਹੀ ਇਹੋ ਜਿਹੀ ਗੱਲ ਉਡਾ ਰਿਹਾ ਸੀ, ਕੀ ਇਹ ਤੁਸੀਂ ਕਹਿ ਰਹੇ ਹੋ?

ਪੀਰੋ : ਬਿਲਕੁਲ, ਕਿਉਂਕਿ ਇਹ ਉਸ ਦੀ ਸਭ ਤੋਂ ਵੱਡੀ ਧਮਕੀ, ਅਮਰੀਕਾ ਵਾਸਤੇ ਨਹੀਂ, ਸਗੋਂ ਈਰਾਨ ਬਾਰੇ ਸੀ। ਉਹ ਜਾਣਬੁੱਝ ਕੇ ਇਸ ਬਾਰੇ ਗੁੰਮਰਾਹਕੁਨ ਪ੍ਰਚਾਰ ਕਰ ਰਿਹਾ ਸੀ।

ਬਰਗਨ-1980 ਦੇ ਦਹਾਕੇ ਦੌਰਾਨ ਇਰਾਕ ਅਤੇ ਈਰਾਨ ਨੇ ਲੱਗਭੱਗ 8 ਸਾਲਾਂ ਤੱਕ ਲੜਾਈ ਲੜੀ ਸੀ, ਜਿਸ ਵਿੱਚ ਦੋਵਾਂ ਪਾਸਿਆਂ ਤੋਂ ਲੱਖਾਂ ਲੋਕ ਮਾਰੇ ਗਏ ਸਨ। ਇਹੋ ਗੱਲ ਉਸ ਨੂੰ ਬੇਚੈਨ ਕਰ ਰਹੀ ਸੀ। ਜੰਗ ਦੇ ਸ਼ੁਰੂਆਤੀ ਦੌਰ ਵਿੱਚ ਈਰਾਨੀਆਂ ਨੂੰ ਇਸ ਦਾ ਫ਼ਾਇਦਾ ਹੋ ਰਿਹਾ ਸੀ। ਯੁੱਧ ਦੇ ਪਹਿਲੇ ਪੜਾਅ ਦੌਰਾਨ ਸ਼ੁਰੂ ਵਿੱਚ ਕੁੱਝ ਇਰਾਕੀ ਜ਼ਮੀਨ ਉੱਤੇ ਕਬਜ਼ਾ ਕਰਨ ਦੇ ਯੋਗ ਹੋ ਗਏ ਸਨ ਅਤੇ ਫਿਰ ਇੱਕ ਖੜੋਤ ਪੈਦਾ ਹੋ ਗਈ ਸੀ। ਮੋੜਾ 1987 ਵਿੱਚ ਪਿਆ, ਜਦੋਂ ਇਰਾਕ ਤਹਿਰਾਨ ਵਿੱਚ ਡੂੰਘੀ ਗੋਲੀਬਾਰੀ ਅਤੇ ਹਮਲਾ ਕਰਨ ਦੇ ਯੋਗ ਹੋ ਗਿਆ। ਈਰਾਨੀ ਜਵਾਬ ਨਹੀਂ ਦੇ ਸਕੇ, ਕਿਉਂਕਿ ਉਨ੍ਹਾਂ ਕੋਲ ਇਰਾਕ ਵਰਗੇ ਹਥਿਆਰਾਂ ਦੀ ਸਮਰੱਥਾ ਨਹੀਂ ਸੀ। ਇਸ ਲਈ ਉਹ ਉਸੇ ਕਿਸਮ ਦਾ ਜਵਾਬ ਨਹੀਂ ਦੇ ਸਕੇ ਅਤੇ ਇਹੀ ਕਾਰਨ ਹੈ ਜਿਸ ਨੇ ਤਹਿਰਾਨ ਦੀਆਂ ਗੋਡੀਆਂ ਲਵਾਈਆਂ ਅਤੇ ਅਯਾਤੁੱਲਾ ਖੋਮੇਨੀ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜਬੂਰ ਕੀਤਾ।

ਸੱਦਾਮ ਈਰਾਨੀਆਂ ਨੂੰ ਇਹ ਅਹਿਸਾਸ ਨਹੀਂ ਕਰਵਾਉਣਾ ਚਾਹੁੰਦਾ ਸੀ ਕਿ ਅਮਰੀਕੀ ਪਾਬੰਦੀਆਂ ਕਾਰਨ ਉਹ ਆਪਣੀ ਸਮਰੱਥਾ ਗਵਾ ਬੈਠਾ ਹੈ। ਆਪਣੇ ਸਭ ਤੋਂ ਵੱਡੇ ਦੁਸ਼ਮਣ ਨੂੰ ਬੁੱਧੂ ਬਣਾ ਰਿਹਾ ਸੀ ਕਿ ਉਹ ਅਜੇ ਵੀ ਓਨਾ ਹੀ ਸ਼ਕਤੀਸ਼ਾਲੀ ਅਤੇ ਖ਼ਤਰਨਾਕ ਸੀ, ਜਿੰਨਾ ਉਹ 1987-88 ਦੇ ਸਮੇਂ ਦੌਰਾਨ ਸੀ।

ਮੈਂ ਸੱਦਾਮ ਨੂੰ ਪੁੱਛਿਆ, "ਜਦੋਂ ਪਾਬੰਦੀਆਂ ਹਟ ਗਈਆਂ, ਤੁਸੀਂ ਕੀ ਕਰਨ ਜਾ ਰਹੇ ਸੀ?" ਉਸ ਨੇ ਕਿਹਾ, "ਅਸੀਂ ਉਹ ਕਰਨ ਜਾ ਰਹੇ ਸੀ ਜੋ ਸਾਨੂੰ ਕਰਨ ਦੀ ਲੋੜ ਸੀ ਜਾਂ ਸਾਨੂੰ ਆਪਣੀ ਰੱਖਿਆ ਲਈ ਕਰਨਾ ਚਾਹੀਦਾ ਸੀ।" ਇਹ ਦੱਸਣ ਦਾ ਉਸ ਦਾ ਤਰੀਕਾ ਸੀ ਕਿ ਉਸ ਨੇ ਆਪਣੇ ਪੂਰੇ ਪ੍ਰੋਗਰਾਮ ਦਾ ਪੁਨਰਗਠਨ ਕਰ ਲਿਆ ਹੋਵੇਗਾ।

ਬਰਗਨ : ਕੀ ਉਹ ਅਮਰੀਕਾ ਦੇ ਹਮਲੇ ਤੋਂ ਹੈਰਾਨ ਸੀ?

ਪੀਰੋ : ਨਹੀਂ, ਜਦੋਂ ਇਹ ਹੋਇਆ ਤਾਂ ਉਹ ਹੈਰਾਨ ਨਹੀਂ ਹੋਇਆ। ਸ਼ੁਰੂ ਵਿੱਚ, ਉਸ ਨੇ ਇਹ ਨਹੀਂ ਸੋਚਿਆ ਸੀ ਕਿ ਅਸੀਂ ਹਮਲਾ ਕਰਾਂਗੇ। ਜੇ ਤੁਸੀਂ 2002 ਦੀ ਬਹੁਗਿਣਤੀ 'ਤੇ ਨਜ਼ਰ ਮਾਰੋ, ਤਾਂ ਉਹ ਇਸ ਪ੍ਰਭਾਵ ਹੇਠ ਸੀ ਕਿ ਅਸੀਂ ਹਵਾਈ ਹਮਲੇ ਕਰਨ ਜਾ ਰਹੇ ਸੀ, ਜਿਵੇਂ ਕਿ ਅਸੀਂ 1998 ਵਿਚ ਕੀਤਾ ਸੀ, ਅਮਰੀਕੀ ਬੰਬਾਰੀ ਮੁਹਿੰਮ ਜਿਸ ਨੂੰ ਡੇਜ਼ਰਟ ਫੌਕਸ ਕਿਹਾ ਜਾਂਦਾ ਸੀ, ਜੋ ਚਾਰ ਦਿਨਾਂ ਦੇ ਹਵਾਈ ਹਮਲੇ ਸਨ ਅਤੇ ਸੱਦਾਮ ਸਮਝਦਾ ਸੀ ਕਿ ਉਹ ਬਚਣ ਦੇ ਯੋਗ ਸੀ।

ਇਸ ਲਈ ਉਹ ਸਤੰਬਰ 2002 ਤੱਕ ਅਪਮਾਨਿਤ ਰਿਹਾ, ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਰਾਸ਼ਟਰਪਤੀ ਬੁਸ਼ ਇਰਾਕ 'ਤੇ ਹਮਲਾ ਕਰਨ ਦਾ ਇਰਾਦਾ ਰੱਖਦੇ ਹਨ। ਇਸ ਲਈ ਉਸ ਨੇ ਆਪਣੀ ਸਥਿਤੀ ਦਾ ਮੁਹਾਂਦਰਾ ਬਦਲਿਆ ਅਤੇ ਹਥਿਆਰਾਂ ਦੇ ਇੰਸਪੈਕਟਰਾਂ ਨੂੰ ਇਰਾਕ ਵਿੱਚ ਆ ਕੇ ਚੈੱਕ ਕਰਨ ਦੀ ਇਜਾਜ਼ਤ ਦਿੱਤੀ। ਉਸ ਨੇ ਮੈਨੂੰ ਦੱਸਿਆ ਕਿ ਸ਼ਾਇਦ ਅਕਤੂਬਰ ਜਾਂ ਨਵੰਬਰ 2002 ਤੱਕ ਉਸ ਨੇ ਮਹਿਸੂਸ ਕੀਤਾ ਕਿ ਯੁੱਧ ਅਟੱਲ ਹੈ ਅਤੇ ਫਿਰ ਆਪਣੇ-ਆਪ ਨੂੰ ਅਤੇ ਆਪਣੀ ਲੀਡਰਸ਼ਿਪ ਅਤੇ ਫ਼ੌਜ ਨੂੰ ਯੁੱਧ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ।

ਬਰਗਨ : ਕੀ ਤੁਸੀਂ ਸੋਚਦੇ ਹੋ ਕਿ ਉਹ ਹੈਰਾਨ ਸੀ ਕਿ ਅਮਰੀਕਾ ਨੇ ਉਸ ਦੇ ਸ਼ਾਸਨ ਨੂੰ ਕਿੰਨੀ ਤੇਜ਼ੀ ਨਾਲ ਡੇਗ ਦਿੱਤਾ?

ਪੀਰੋ : ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਆਪਣੇ ਫ਼ੌਜੀ ਕਮਾਂਡਰਾਂ ਨੂੰ ਦੋ ਹਫਤਿਆਂ ਦੀ ਰਵਾਇਤੀ ਜੰਗ ਲਈ ਤਿਆਰੀ ਕਰਨ ਲਈ ਕਿਹਾ ਅਤੇ ਫਿਰ ਉਸ ਸਮੇਂ ਉਸ ਨੇ ਆਸ ਕੀਤੀ ਅਤੇ ਅੰਦਾਜ਼ਾ ਲਗਾਇਆ ਕਿ ਗੈਰ-ਰਵਾਇਤੀ ਯੁੱਧ ਜਾਂ ਬਗ਼ਾਵਤ ਸ਼ੁਰੂ ਹੋ ਜਾਵੇਗੀ ਅਤੇ ਇਹ ਇੱਕ ਬਹੁਤ ਜ਼ਿਆਦਾ ਚੁਣੌਤੀਪੂਰਨ ਹੋਵੇਗਾ ਤੇ ਉਹ ਸ਼ਾਇਦ ਕਾਇਮ ਨਹੀਂ ਰਹਿ ਸਕੇਗਾ।

ਬਰਗਨ : ਠੀਕ ਹੈ, ਸੱਦਾਮ ਦਾ ਇਹ ਅੰਦਾਜ਼ਾ ਬਿਲਕੁਲ ਸਹੀ ਨਿਕਲਿਆ। ਤੁਹਾਡੀ ਪੁੱਛਗਿੱਛ ਦਾ ਇੱਕ ਚੰਗਾ ਹਿੱਸਾ ਸੱਦਾਮ ਦੇ ਮੁਕੱਦਮੇ ਦਾ ਆਧਾਰ ਬਣ ਗਿਆ, ਠੀਕ ਹੈ? ਤੁਸੀਂ ਉਸ ਦੇ ਲੋਕਾਂ ਦੇ ਵਿਰੁੱਧ ਉਸ ਦੇ ਜੁਰਮਾਂ ਦੀ ਖੋਜ ਕੀਤੀ ਅਤੇ ਉਹ ਸਬੂਤ ਆਖ਼ਰਕਾਰ ਉਸ ਦੇ ਵਿਰੁੱਧ ਅਦਾਲਤ ਵਿੱਚ ਵਰਤੇ ਗਏ ਅਤੇ ਅੰਤ ਵਿੱਚ ਉਸ ਨੂੰ ਫਾਂਸੀ ਦੀ ਸਜ਼ਾ ਹੋ ਗਈ।

ਇਸ ਲਈ ਅਸੀਂ ਇਤਿਹਾਸਕ ਘਟਨਾਵਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ : ਅਸੀਂ ਕੁਵੈਤ ਦੇ ਹਮਲੇ ਅਤੇ ਕੁਰਦਾਂ ਦੇ ਗੈਸਿੰਗ ਬਾਰੇ ਗੱਲ ਕੀਤੀ। ਸੱਦਾਮ ਨੇ ਕੁੱਝ ਦਲੀਲਾਂ ਦੇ ਕੇ ਮੰਨਿਆ ਕਿ ਹਾਂ ਐਸਾ ਹੋਇਆ ਹੈ।

ਸੱਦਾਮ ਹੀ ਨਹੀਂ, ਬਲਕਿ ਉਸ ਦੇ ਹੋਰ ਸਾਰੇ ਅਧੀਨ-ਨੇਤਾਵਾਂ ਨੇ ਵੀ ਅਜਿਹਾ ਕੀਤਾ।

ਇਸ ਲਈ ਅਸੀਂ ਉਸ ਕਿਸਮ ਦੇ ਸਾਰੇ ਸਬੂਤ ਇਕੱਠੇ ਕਰਨ ਅਤੇ ਇੱਕ ਸੂਤਰ ਵਿੱਚ ਪਰੋਣ ਦੇ ਯੋਗ ਸੀ ਅਤੇ ਮੈਂ ਖ਼ੁਸ਼ਕਿਸਮਤ ਸੀ ਕਿ ਮੈਂ ਉਸ ਰਿਪੋਰਟ ਨੂੰ ਇਕੱਠਾ ਕਰਨ ਵਿੱਚ ਕਾਮਯਾਬ ਰਿਹਾ। ਸੱਦਾਮ ਦੇ ਮੁਕੱਦਮੇ ਦਾ ਆਧਾਰ ਹੁਣ ਤਿਆਰ ਸੀ। ਅਸੀਂ ਉਨ੍ਹਾਂ ਹਮਲਿਆਂ ਤੋਂ ਬਚੇ ਹੋਏ ਗਵਾਹਾਂ ਨੂੰ ਲੱਭਿਆ ਅਤੇ ਪਛਾਣਿਆ, ਜੋ ਸੱਦਾਮ ਦੇ ਸਾਹਮਣੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ

### ਸਕੂਲ ਜਾਓ

ਬੱਚਿਓ ਪਿਆਰਿਓ, ਸਕੂਲ ਜਾਓ ਜੀ।
ਸਿੱਖ ਚੰਗਾ ਢੰਗ, ਘਰ ਵੱਲ ਆਓ ਜੀ।
ਦੁਨੀਆ ਨੂੰ ਦੱਸੋ, ਉੱਤੇ ਪਹੁੰਚ ਚੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਪੜ੍ਹੀਏ ਜੀ ਪਹਿਲਾਂ, ਫਿਰ ਕੰਮ ਸਿੱਖਣਾ।
ਨਕਲ ਨੀਂ ਮਾਰਨੀ, ਤੇ ਆਪ ਲਿਖਣਾ।
ਲਿਖੋ ਸਦਾ ਸੱਚ, ਲਿਖੀਏ ਨਾ ਮੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਸਿੱਖਦੇ ਸਿਖਾਉਂਦੇ, ਰਹੋ ਸਦਾ ਤੁਰਦੇ।
ਦੀਪ ਸਿੱਖਿਆ ਦੇ, ਕਦੇ ਵੀ ਨਾ ਖੁਰਦੇ।
ਵੰਡੀ ਦਾ ਗਿਆਨ, ਕਰੀਏ ਨਾ ਬੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਹਰ ਕੰਮ ਮੰਗੇ, ਸਮਾਂ ਤੇ ਧਿਆਨ ਜੀ।
ਗੁਰੂ ਬਿਨਾਂ ਕਦੇ,ਹੋਵੇ ਨਾ ਗਿਆਨ ਜੀ।
ਚੰਗਾ ਸਿੱਖ ਹੁੰਦਾ, ਗੁਰੂ ਦੀ ਪਸੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਵਿੱਦਿਆ ਦੇ ਮੰਦਰ, ਗਿਆਨ ਮੰਗਣਾ।
ਉਸਤਾਦਾਂ ਕੋਲੋਂ, ਕਦੇ ਵੀ ਨਾ ਸੰਗਣਾ।
ਪੁੱਛ ਲਈਏ ਗੱਲ, ਬਣ ਕੇ ਮੁਕੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਵਿਦਿਆਰਥੀ ਉਹ, ਜੋ ਰਹੇ ਸਿੱਖਦਾ।
ਮੰਜ਼ਲ ਹੈ ਮਿਲੇ, ਜਦ ਰਾਹ ਦਿਖਦਾ।
ਰੁਕੀਏ ਨਾ ਕਦੇ, ਔਖਾ ਵੇਖ ਪੰਧ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਰੁੱਖਾਂ ਨੂੰ ਜੇ ਲਾਈਏ, ਰੱਖੀ ਦਾ ਖਿਆਲ ਜੀ।
ਸਾਹ ਸਾਡੇ ਚੱਲਦੇ, ਰੁੱਖਾਂ ਦੇ ਨਾਲ ਜੀ।
ਮਿਲੇ ਠੰਢੀ ਹਵਾ, ਆਵਦਾ ਆਨੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

ਰਹੀ ਤੂੰ ਹਮੇਸ਼ਾ, ਗਿੱਲ ਸੱਚ ਵੱਲ ਦਾ।
ਗੁੱਸਾ ਨੀਂ ਕਰੀਦਾ, ਗੁਰੂ ਜੀ ਦੀ ਗੱਲ ਦਾ।
ਗੁਰੂ ਚੰਗਾ ਦੇਵੇ, ਬੰਦੇ ਤਾਈਂ ਰੰਦ ਜੀ।
ਟੁੱਟੇ ਨਾ ਪੜ੍ਹਾਈ ਨਾਲੋਂ ਕਦੇ ਤੰਦ ਜੀ।

— ਜਸਵੰਤ ਗਿੱਲ ਸਮਾਲਸਰ




ਮਨਪ੍ਰੀਤ ਕੌਰ, ਅੱਠਵੀਂ ਸ. ਮਿ. ਸਕੂਲ, ਮੱਟਰਾਂ (ਸੰਗਰੂਰ)

### ਜੀਵਨ ਵਿੱਚ ਕਿਤਾਬਾਂ ਦੀ ਭੂਮਿਕਾ

ਅਕਸਰ ਮਨੁੱਖ ਆਪਣੇ ਸਰਬਪੱਖੀ ਵਿਕਾਸ ਲਈ ਤਤਪਰ ਰਹਿੰਦਾ ਹੈ। ਗਿਆਨ ਮਨੁੱਖੀ ਜ਼ਿੰਦਗੀ ਦਾ ਅੰਤਮ ਹਿੱਸਾ ਹੈ। ਸਮਾਜ ਵਿੱਚ ਵਿਚਰਦੇ ਹੋਏ ਮਨੁੱਖੀ ਸਮਝ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਮਨੁੱਖੀ ਸਮਝ ਕਿਤਾਬਾਂ ਦੇ ਪੜ੍ਹਨ ਦੁਆਰਾ ਹੀ ਸੰਭਵ ਹੋ ਸਕਦੀ ਹੈ। ਕਿਤਾਬਾਂ ਵਿਦਿਆਰਥੀ ਜੀਵਨ ਤੋਂ ਲੈ ਕੇ ਮਰਨ ਤੱਕ ਜਿੰਦਗੀ ਦਾ ਮਹੱਤਵਪੂਰਨ ਹਿੱਸਾ ਹੁੰਦੀਆ ਹਨ। ਜੇਕਰ 'ਪੂਰਾ ਕਰਨਾ ਖੁਆਬਾਂ ਨੂੰ ਖੋਲ੍ਹੋ ਅਤੇ ਖੁਲ੍ਹਵਾਓ ਕਿਤਾਬਾਂ ਨੂੰ' ਅਧਿਆਪਨ ਦੇ ਖੇਤਰ ਲਈ ਉਕਤ ਪੰਕਤੀਆਂ ਪੂਰਨ ਰੂਪ ਵਿੱਚ ਸਹੀ ਢੁੱਕਦੀਆਂ ਹਨ, ਭਾਵ ਵਿਦਿਆਰਥੀ ਨੂੰ ਕਿਤਾਬਾਂ ਚਾਹੇ ਉਹ ਪਾਠਕ੍ਰਮ ਦਾ ਹਿੱਸਾ ਹੋਣ ਜਾਂ ਸਾਹਿਤ, ਖੇਡ, ਸਮਾਜ, ਕਿਸੇ ਵੀ ਰੂਪ ਵਿੱਚ ਹੋਣ, ਪਠਨ ਜ਼ਰੂਰ ਕਰਨਾ ਚਾਹੀਦਾ ਹੈ। ਜੇਕਰ ਕਿਤਾਬਾਂ ਜੋ ਪਾਠਕ੍ਰਮ ਦੇ ਰੂਪ ਵਿੱਚ ਹਨ, ਪੜ੍ਹੀਆਂ ਗਈਆਂ ਹੋਣ ਤਾਂ ਉਹ ਮੈਲੀਆਂ-ਫਟੀਆਂ ਹੋ ਸਕਦੀਆਂ ਹਨ, ਕਿਉਂਕਿ ਉਹਨਾਂ ਦੀ ਵਰਤੋਂ ਹੋ ਰਹੀ ਹੈ, ਕਿਸੇ ਵੀ ਸਿੱਖਿਆ ਸੰਸਥਾ ਦਾ ਵਿੱਦਿਅਕ ਪੱਧਰ ਵੇਖਣਾ ਹੋਵੇ ਤਾਂ ਵਿਦਿਆਰਥੀ ਦੀਆਂ ਕਿਤਾਬਾਂ ਦੇਖੋ। ਅੱਜ ਦੇ ਤਕਨੀਕੀ ਯੁੱਗ ਵਿੱਚ ਭਾਵੇਂ ਪ੍ਰੋਜੈਕਟਰ, ਸੋਸ਼ਲ ਮੀਡੀਆ ਗਰੁੱਪ ਕਿੰਨੇ ਵੀ ਮਹੱਤਵਪੂਰਨ ਹੋਣ, ਪਰ ਕਿਤਾਬਾਂ ਦਾ ਸਥਾਨ ਨਹੀਂ ਲੈ ਸਕਦੇ, ਵਧੀਆ ਅਧਿਆਪਕ ਉਸ ਨੂੰ ਹੀ ਮੰਨਿਆ ਜਾਂਦਾ ਹੈ, ਜੋ ਕਿਤਾਬਾਂ ਦੀ ਵਰਤੋਂ ਰਾਹੀਂ ਪੜ੍ਹਾਈ ਕਰਵਾਉਂਦਾ ਹੈ।

ਕਿਤਾਬਾਂ ਸਾਡੀਆਂ ਦੋਸਤ ਹੁੰਦੀਆਂ ਹਨ, ਕਿਤਾਬਾਂ ਸ਼ਬਦਾਂ ਰਾਹੀਂ ਕਲਪਨਾਸ਼ੀਲ ਅਤੇ ਮਾਰਗ-ਦਰਸ਼ਕ ਬਣਦੀਆਂ ਹਨ, ਕਿਤਾਬਾਂ ਉਹ ਹਥਿਆਰ ਹਨ, ਜਿਨ੍ਹਾਂ ਇਤਿਹਾਸ ਦੇ ਪੰਨਿਆਂ 'ਤੇ ਆਪਣੀ ਛਾਪ ਛੱਡੀ ਹੈ। ਆਤਮਿਕ ਗਿਆਨ ਅਤੇ ਮਨੋਬਲ ਦਾ ਸਾਧਨ ਵੀ ਕਿਤਾਬਾਂ ਹਨ, ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਣ 'ਤੇ ਹਰ ਆਮ ਇਨਸਾਨ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਬਣ ਜਾਂਦਾ ਹੈ। ਕਿਤਾਬਾਂ ਹੀ ਵਿਦਿਆਰਥੀ ਅਤੇ ਅਧਿਆਪਕ ਵਿੱਚ ਸਾਂਝਾ ਕੇਂਦਰ ਹੁੰਦੀਆਂ ਹਨ, ਜੇਕਰ ਕਿਤਾਬਾਂ ਵਿਸਰ ਹੋ ਜਾਣ ਤਾਂ ਸਮਝੋ ਅਧਿਆਪਕ ਅਧਿਆਪਨ ਨਾਲ ਇਨਸਾਫ ਨਹੀਂ ਕਰ ਰਿਹਾ।

ਕਿਤਾਬਾਂ ਉਸ ਚੰਗੇ ਦੋਸਤ ਦੀ ਤਰ੍ਹਾਂ ਹੁੰਦੀਆਂ ਹਨ, ਜੋ ਕਦੇ ਵੀ ਇਕੱਲਾਪਣ ਨਹੀਂ ਮਹਿਸੂਸ ਹੋਣ ਦਿੰਦੀਆਂ, ਸਗੋਂ ਸਮੇਂ-ਸਮੇਂ ਅਨੁਸਾਰ ਸਿੱਖਿਆ, ਚੇਤਨਾ, ਸੂਝਬੂਝ ਅਤੇ ਸਮਝ ਪੈਦਾ ਕਰਦੀਆਂ ਹਨ। ਕਿਤਾਬਾਂ ਸਮਾਜਕ, ਆਰਥਕ, ਰਾਜਨੀਤਕ, ਸੰਸਕ੍ਰਿਤਕ, ਸੱਭਿਆਚਾਰਕ, ਭੂਗੋਲਿਕ ਖੇਤਰ ਦੀ ਸਮਝ ਪੈਦਾ ਕਰਦੀਆਂ ਹਨ। ਅਜੋਕੇ ਸਮੇਂ ਕਿਤਾਬਾਂ ਉਸ ਸਮੁੰਦਰ ਵਾਂਗ ਹਨ, ਜੋ ਗਿਆਨ ਦਾ ਅਥਾਹ ਭੰਡਾਰ ਹਨ। ਜਿਸ ਰਾਹੀਂ ਮਨੁੱਖ ਸੰਸਾਰ ਸਾਗਰ ਪਾਰ ਕਰ ਸਰਦਾ ਹੈ। ਕਿਤਾਬਾਂ ਘਰ, ਸਕੂਲ ਦਾ ਜ਼ਰੂਰੀ ਹਿੱਸਾ ਹਨ। ਬਿਨਾਂ ਕਿਤਾਬਾਂ ਤੋਂ ਮਨੁੱਖ ਉਸ ਮਨੁੱਖ ਦੇ ਸਮਾਨ ਹੁੰਦਾ ਹੈ, ਜਿਸ ਨੂੰ ਮਿਠਾਸ, ਖ਼ੁਸ਼ੀ, ਗਮੀ ਦੀ ਕੋਈ ਜਾਣਕਾਰੀ ਨਹੀਂ ਹੁੰਦੀ। ਕਿਤਾਬਾਂ ਸਾਨੂੰ ਜੀਵਨ ਦਾਨ ਪ੍ਰਦਾਨ ਕਰਦੀਆਂ ਹਨ, ਕਿਤਾਬਾਂ ਰਾਹੀਂ ਮਨੁੱਖ ਦਾ ਵਿਕਾਸ ਸੰਭਵ ਹੈ, ਇਸ ਲਈ ਕਿਹਾ ਜਾਂਦਾ ਹੈ—

'ਜੇਕਰ ਪੂਰਾ ਕਰਨਾ ਖੁਆਬਾਂ ਨੂੰ,
ਖੋਲ੍ਹੋ ਤੇ ਖੁਲ੍ਹਵਾਓ ਕਿਤਾਬਾਂ ਨੂੰ।'

—ਅਵਨੀਸ਼ ਕੁਮਾਰ ਲੌਂਗੋਵਾਲ,